Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587





Nineteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 06, February 10, 2018
20451 N. Plum Grove Rd., Palatine, IL 60074
Ph:847-359-0746, Fax:847-705-9388

## ਸਿੱਖ ਕਤਲੇਆਮ: ਟਾਈਟਲਰ ਨੂੰ ਪਿਆ ਚੁਫੇਰਿਉਂ ਘੇਰਾ

### ਵੀਡੀਓ ਨੇ ਮਚਾਇਆ ਸਿਆਸੀ ਘਮਾਸਾਣ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਕਾਂਗਰਸ ਆਗੂ ਜਗਦੀਸ਼ ਟਾਈਟਲਰ ਦੀ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਭੂਮਿਕਾ ਦਾ ਮਾਮਲਾ ਮੁੜ ਭਖ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਵੀਡੀਓ ਵਿਚ ਟਾਈਟਲਰ 100 ਸਿੱਖਾਂ ਨੂੰ ਮਾਰਨ ਦੀ ਗੱਲ ਕਰ ਰਿਹਾ ਹੈ। ਦੱਸ ਦਈਏ ਕਿ ਇਸ ਤੋਂ



ਪਹਿਲਾਂ ਜਗਦੀਸ਼ ਟਾਈਟਲਰ ਦਾ ਇਕ ਬਿਆਨ ਆਇਆ ਸੀ ਕਿ ਸਿੱਖ ਕਤਲੇਆਮ ਸਮੇਂ ਉਸ ਨੇ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਗੱਡੀ ਵਿਚ ਬੈਠ ਕੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਸੀ। ਇਸ ਖੁਲਾਸੇ ਪਿੱਛੋਂ ਦਿੱਲੀ ਕਮੇਟੀ ਨੇ ਵੱਖ-ਵੱਖ ਜਾਂਚ ਏਜੰਸੀਆਂ ਅਤੇ ਸੁਪਰੀਮ ਕੋਰਟ ਤੇ ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਕਾਰਵਾਈ ਲਈ ਪੱਤਰ ਵੀ ਲਿਖ ਦਿੱਤੇ ਹਨ।

ਸਿੱਖ ਜਥੇਬੰਦੀਆਂ ਅਤੇ ਸਿਆਸੀ ਧਿਰਾਂ ਇਸ ਵੀਡੀਓ ਨੂੰ ਆਧਾਰ ਬਣਾ ਕੇ ਟਾਈਟਲਰ ਦੀ ਗ੍ਰਿਫਤਾਰੀ ਉਤੇ ਅੜ ਗਈਆਂ ਹਨ। ਦਿੱਲੀ ਕਮੇਟੀ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਟਾਈਟਲਰ ਦੀਆਂ ਪੰਜ ਵੀਡੀਓ ਕਲਿਪਾਂ ਦਿਖਾਈਆਂ ਗਈਆਂ ਜੋ 8 ਦਸੰਬਰ 2011 ਦੀਆਂ ਜਾਪਦੀਆਂ ਹਨ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦਾ ਦਾਅਵਾ ਹੈ ਕਿ ਕੋਈ ਅਣਪਛਾਤਾ ਬੰਦਾ ਉਨ੍ਹਾਂ ਨੂੰ ਬੰਦ ਲਿਫਾਫਾ, 3 ਫਰਵਰੀ ਨੂੰ ਦੁਪਹਿਰ ਸਮੇਂ ਗ੍ਰੇਟਰ ਕੈਲਾਸ਼ ਵਾਲੇ ਘਰ ਵਿਚ ਦੇ ਗਿਆ ਸੀ। ਵੀਡੀਓ ਵਿਚ ਹਾਲਾਂਕਿ ਕਈ ਥਾਂ 'ਤੇ ਆਵਾਜ਼ ਪੂਰੀ ਤਰ੍ਹਾਂ ਸਪਸ਼ਟ ਨਹੀਂ, ਪਰ ਇਕ ਮਿੰਟ ਵੀਹ ਸੈਕਿੰਡ ਦੀ 3 ਨੰਬਰ ਵਾਲੀ ਵੀਡੀਓ ਦੇ ਸ਼ੁਰੂ 'ਚ ਸੁਣਾਈ ਦੇ ਰਿਹਾ ਹੈ ਕਿ ਟਾਈਟਲਰ ਆਖ ਰਿਹਾ ਹੈ- 'ਮੈਨੇ 100 ਸਰਦਾਰ ਮਾਰੇ, ਕਤਲ ਕਰ ਦੀਏ'। ਵੀਡੀਓ ਕਲਿਪ ਨੰਬਰ 4 (35 ਸੈਕਿੰਡ) ਵਿਚ ਟਾਈਟਲਰ ਤਤਕਾਲੀ ਚੀਫ ਜਸਟਿਸ ਨਾਲ ਗੱਲ ਕਰ ਕੇ ਕਿਸੇ ਮਿਸਟਰ ਅਤੇ ਮਿਸਜ਼ ਪਾਠਕ ਨੂੰ ਦਿੱਲੀ ਹਾਈ ਕੋਰਟ ਵਿਚ ਨਿਯੁਕਤ ਕਰਨ ਦੀ ਗੱਲ ਆਖ ਰਿਹਾ ਹੈ।

ਇਨ੍ਹਾਂ ਖੁਲਾਸਿਆਂ ਪਿੱਛੋਂ ਸਿਆਸੀ ਧਿਰਾਂ ਨੇ ਵੀ ਕਾਂਗਰਸ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਜਰਨੈਲ ਸਿੰਘ ਨੇ ਟਾਈਟਲਰ

(ਬਾਕੀ ਸਫਾ 6 ਉਤੇ)

## ਪਰਵਾਸ ਦੇ ਨਾਂ ਹੇਠ ਟਰੈਵਲ ਏਜੰਟਾਂ ਦੀ ਖੂਨੀ ਖੇਡ

**ਚੰਡੀਗੜ੍ਹ:** ਟਾਂਡਾ ਦੇ ਪਿੰਡ ਕਲਿਆਣਪੁਰ ਦਾ ਨੌਜਵਾਨ ਸੁਰਿੰਦਰਪਾਲ ਸਿੰਘ ਪਾਲੀ ਕੈਨੇਡਾ ਜਾਣ ਦੇ ਸੁਪਨੇ ਲੈ ਕੇ ਘਰੋਂ ਤੁਰਿਆ ਸੀ ਪਰ ਟਰੈਵਲ ਏਜੰਟਾਂ ਨੇ ਬੰਗਲੌਰ ਵਿਚ ਇਸ ਨੌਜਵਾਨ ਦਾ ਕਤਲ ਕਰ ਦਿੱਤਾ। ਇਸ ਤੋਂ ਵੀ ਦਰਦਨਾਕ ਘਟਨਾ ਇਹ ਵਾਪਰੀ ਕਿ ਪੁਲਿਸ ਨੇ ਅਣਪਛਾਤੀ ਲਾਸ਼ ਸਮਝ ਕੇ ਇਸ ਦੀਆਂ ਅੰਤਿਮ ਰਸਮਾਂ ਵੀ ਪੂਰੀਆਂ ਕਰ ਦਿੱਤੀਆਂ। ਪੀੜਤ ਪਰਿਵਾਰ ਨੂੰ ਇਕ ਮਹੀਨੇ ਬਾਅਦ ਇਸ ਹੋਣੀ ਬਾਰੇ ਪਤਾ ਲੱਗਿਆ।

ਇਸ ਖੁਲਾਸੇ ਪਿੱਛੋਂ ਏਜੰਟਾਂ ਵੱਲੋਂ ਠੱਗੀ ਦੇ ਲੱਭੇ ਨਵੇਂ ਢੰਗ ਤਰੀਕਿਆਂ ਬਾਰੇ ਵੀ ਪਤਾ ਲੱਗਾ ਹੈ। ਇਸ ਗਰੋਹ ਦੇ ਚੁੰਗਲ ਵਿਚੋਂ ਬਚ ਕੇ ਨਿਕਲੇ ਨੌਜਵਾਨ ਜਤਿੰਦਰ ਕੁਮਾਰ ਵੱਲੋਂ ਕੀਤੇ ਖੁਲਾਸੇ ਲੂੰ-ਕੰਡੇ ਖੜ੍ਹੇ ਕਰਨ ਵਾਲੇ ਹਨ। ਇਹ ਏਜੰਟ ਮਾਪਿਆਂ ਅੱਗੇ ਦਾਅਵਾ ਕਰਦੇ ਸਨ ਕਿ ਸਾਰੇ ਪੈਸੇ ਮੁੰਡੇ ਦੇ ਵਿਦੇਸ਼ ਪੁੱਜਣ ਪਿੱਛੋਂ ਹੀ ਲੈਣਗੇ, ਪਰ ਵਿਦੇਸ਼ ਭੇਜਣ ਦੀ ਥਾਂ ਇਨ੍ਹਾਂ ਨੌਜਵਾਨਾਂ ਨੂੰ ਬੰਗਲੌਰ ਲੈ ਜਾਂਦੇ ਸਨ ਜਿਥੇ ਇਨ੍ਹਾਂ ਨੂੰ ਮਜਬੂਰ ਕੀਤਾ ਜਾਂਦਾ ਸੀ ਕਿ ਘਰ ਫੋਨ ਕਰ ਕੇ ਆਖਣ ਕਿ 'ਉਹ ਕੈਨੇਡਾ ਪਹੁੰਚ ਗਏ ਹਨ'। ਪਾਲੀ ਨੇ ਅਜਿਹਾ ਕਹਿਣ ਤੋਂ ਇਨਕਾਰ ਕਰ ਦਿੱਤਾ ਜਿਸ ਕਾਰਨ ਉਸ ਦਾ ਕਤਲ ਕਰ ਦਿੱਤਾ ਗਿਆ। ਜਤਿੰਦਰ ਵੀ ਖਮਾਣੋਂ ਅਤੇ ਢਾਹਾਂ ਕਲੇਰਾਂ ਦੇ ਦੋ ਸਬ ਏਜੰਟਾਂ ਦੇ ਆਖੇ ਲੱਗ ਕੇ ਚਾਰ ਦਸੰਬਰ, 2017 ਨੂੰ ਘਰੋਂ ਕੈਨੇਡਾ ਜਾਣ ਲਈ ਤੁਰਿਆ ਸੀ, ਉਸ ਨੂੰ ਵੀ ਗੁਹਾਟੀ ਵਿਚ ਬੰਦੀ ਬਣਾ ਕੇ ਇਸ ਗਰੋਹ ਨੇ ਬੇਤਹਾਸ਼ਾ ਸਰੀਰਕ ਤਸੀਹੇ ਦਿੱਤੇ ਤੇ ਉਦੋਂ ਤੱਕ ਮਾਰਦੇ-ਕੁੱਟਦੇ ਰਹੇ ਜਦੋਂ ਤੱਕ ਉਸ ਨੇ ਘਰੋਂ ਫੋਨ 'ਤੇ ਪੈਸੇ ਮੰਗਵਾਉਣ ਲਈ ਨਹੀਂ ਕਿਹਾ। ਇਹ ਵੀ ਪਤਾ ਲੱਗਾ ਹੈ ਕਿ ਹੁਣ ਤੱਕ ਸੈਂਕੜੇ ਨੌਜਵਾਨ 'ਕੈਨੇਡਾ ਪਹੁੰਚ ਕੇ ਪੈਸੇ' ਦੀ ਖੇਡ ਹੇਠ

(ਬਾਕੀ ਸਫਾ 6 ਉਤੇ)

## ਮੋਦੀ ਲਹਿਰ ਨੂੰ ਲੱਗੀ ਢਾਹ

**ਨਵੀਂ ਦਿੱਲੀ:** ਆਪਣੇ ਆਖਰੀ ਕੇਂਦਰੀ ਬਜਟ ਵਿਚ ਨਰੇਂਦਰ ਮੋਦੀ ਸਰਕਾਰ ਨੇ ਭਾਵੇਂ ਆਪਣੀਆਂ ਸਾਰੀਆਂ ਯੋਜਨਾਵਾਂ 2022 'ਤੇ ਕੇਂਦਰਿਤ ਕਰ ਦਿੱਤੀਆਂ, ਪਰ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ 'ਪੰਜ ਸਾਲ ਹੋਰ ਸੱਤਾ' ਵਾਲਾ ਰਾਤ ਇੰਨਾ ਸੌਖਾ ਵੀ ਨਹੀਂ ਹੈ। ਗੁਜਰਾਤ ਵਿਧਾਨ ਸਭਾ ਵਿਚ ਕਾਂਗਰਸ ਦੇ ਉਭਾਰ ਪਿੱਛੋਂ ਰਾਜਸਥਾਨ ਵਿਚ ਭਾਜਪਾ ਨੂੰ ਲੱਗੇ ਝਟਕਿਆਂ ਨੇ ਭਗਵਾ ਧਿਰ ਨੂੰ ਸੋਚੀਂ ਪਾ ਦਿੱਤਾ ਹੈ। ਭਾਜਪਾ ਨੂੰ ਅਜਮੇਰ ਤੇ ਅਲਵਰ ਲੋਕ ਸਭਾ ਸੀਟਾਂ ਅਤੇ ਮੰਡਲਗੜ੍ਹ ਵਿਧਾਨ ਸਭਾ ਹਲਕੇ ਵਿਚ ਕਰਾਰੀ ਹਾਰ ਮਿਲੀ ਹੈ। ਇਨ੍ਹਾਂ ਨਤੀਜਆ ਦੀ ਤਾਂ ਸ਼ਾਇਦ ਕਾਂਗਰਸ ਨੂੰ ਵੀ ਉਮੀਦ ਨਹੀਂ ਸੀ। ਭਾਜਪਾ ਦੀ ਇਹ ਹਾਰ ਫਿਲਮ 'ਪਦਮਾਵਤ' ਦੀ ਰਿਲੀਜ਼ ਦੇ ਕੁਝ ਦਿਨਾਂ ਬਾਅਦ ਹੋਈ ਹੈ।

ਦੱਸਣਯੋਗ ਹੈ ਕਿ ਭਾਜਪਾ ਸਰਕਾਰ ਰਾਜਪੂਤ ਕਰਨੀ ਸੈਨਾ ਦੀ ਪੂਰੀ ਤਰ੍ਹਾਂ ਸਮਰਥਨ ਕਰ ਰਹੀ ਸੀ ਜਿਸ ਨੇ ਫਿਲਮ ਦੀ ਰਿਲੀਜ਼ ਨੂੰ ਰੋਕਣ ਲਈ ਵਿਰੋਧ ਪ੍ਰਦਰਸ਼ਨ ਕੀਤਾ। ਇਸ ਦਾ ਭਾਜਪਾ ਨੂੰ ਕੋਈ ਲਾਭ ਨਹੀਂ ਹੋਇਆ, ਕਿਉਂਕਿ ਅਜਮੇਰ ਜਿਥੇ ਰਾਜਪੂਤਾਂ ਦੀ ਵਧ ਆਬਾਦੀ ਹੈ, ਵਿਚ ਪਾਰਟੀ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਭਾਜਪਾ ਨੇ 2014 ਦੀਆਂ ਵਿਚ ਸਾਰੀਆਂ 25 ਲੋਕ ਸਭਾ ਸੀਟਾਂ ਉਤੇ ਜਿੱਤ ਦਰਜ ਕੀਤੀ ਸੀ। ਇਸ ਜਿੱਤ ਨਾਲ ਕਾਂਗਰਸ ਦੀ ਲੋਕ ਸਭਾ ਵਿਚ ਤਾਕਤ ਵਧ ਕੇ 48 ਹੋ ਗਈ ਹੈ। ਭਾਜਪਾ ਦੇ ਵੋਟ-ਸ਼ੇਅਰ ਨੂੰ ਲੱਗਿਆ ਵੱਡਾ ਖੋਰਾ ਤਿੰਨਾਂ ਜਿੱਤਾਂ ਦਾ ਜ਼ਿਕਰਯੋਗ ਪੱਖ ਹੈ। ਅਲਵਰ ਵਿਚ 2014 'ਚ ਭਾਜਪਾ ਨੂੰ 60 ਫੀਸਦੀ ਵੋਟਾਂ ਪਈਆਂ ਸਨ,

(ਬਾਕੀ ਸਫਾ 6 ਉਤੇ)

We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011





Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com





PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-0290
1528 COLUSA HWY STE B, YUBA CITY,CA 95993
SUN WIRELESS
888-350-8005
114-11 101 AVE,SOUTH RICHMOND HILL,NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 4/18/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.

# ਯੂਨਾਈਟਿਡ ਅਕਾਲੀ ਦਲ ਵੱਲੋਂ ਸਿੱਖ ਮਸਲਿਆਂ ਲਈ 12 ਮਤੇ ਪਾਸ

**ਅੰਮ੍ਰਿਤਸਰ:** ਯੂਨਾਈਟਿਡ ਅਕਾਲੀ ਦਲ ਵੱਲੋਂ ਕਰਵਾਈ ਗਈ 'ਧਰਮ ਯੁੱਧ ਕਾਨਫਰੰਸ' ਵਿਚ 12 ਮਤੇ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਰਾਹੀਂ ਭਾਰਤ ਸਰਕਾਰ ਨੂੰ ਰਾਜਾਂ ਨੂੰ ਵੱਧ ਤੇ ਪੰਜਾਬ ਨੂੰ ਵਿਸ਼ੇਸ਼ ਅਧਿਕਾਰ ਦੇਣ, ਮਹਾਰਾਜਾ ਰਣਜੀਤ ਸਿੰਘ, ਡਾ. ਅੰਬੇਦਕਰ ਤੇ ਮੁਹੰਮਦ ਇਕਬਾਲ ਦੀਆਂ ਤਸਵੀਰਾਂ ਵਾਲੇ ਕਰੰਸੀ ਨੋਟ ਛਾਪੇ ਜਾਣ, ਪੰਜਾਬ ਦੀਆਂ ਹੱਕੀ ਮੰਗਾਂ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀਆਂ ਰਿਹਾਇਸ਼ਾਂ ਤੱਕ ਰੋਸ ਮਾਰਚ ਕੱਢਣ ਅਤੇ ਭਾਈ ਜਗਤਾਰ ਸਿੰਘ ਹਵਾਰਾ, ਭਾਈ ਰਾਜੋਆਣਾ ਤੇ ਹੋਰ ਬੰਦੀ ਸਿੱਖਾਂ ਨੂੰ ਜਲਦ ਰਿਹਾਅ ਕਰਨ ਤੇ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਜਲਦ ਕਰਾਏ ਜਾਣ ਦੀ ਮੰਗ ਕੀਤੀ ਗਈ।

ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਦੀ ਅਗਵਾਈ 'ਚ ਹੋਈ ਇਸ ਕਾਨਫਰੰਸ ਵਿਚ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਤੇ ਬਲਜੀਤ ਸਿੰਘ ਦਾਦੂਵਾਲ, ਗੁਰਦੀਪ ਸਿੰਘ ਬਠਿੰਡਾ ਤੇ ਹੋਰ ਕਈ ਸਿੱਖ ਸ਼ਖਸੀਅਤਾਂ ਸਮੇਤ ਕੁਝ ਇਸਾਈ ਭਾਈਚਾਰੇ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ।

ਭਾਈ ਧਿਆਨ ਸਿੰਘ ਮੰਡ ਨੇ ਆਖਿਆ ਕਿ ਪੰਜਾਬ ਦੀ ਧਰਤੀ 'ਤੇ ਪਹਿਲਾਂ ਵੀ ਧਰਮ ਯੁੱਧ ਮੋਰਚਾ ਲਾਇਆ ਗਿਆ ਸੀ ਅਤੇ ਅੱਜ ਫਿਰ ਸਮੇਂ ਦੀ ਲੋੜ ਹੈ ਕਿ ਪੰਜਾਬ ਤੇ ਸਿੱਖ ਕੌਮ ਦੇ ਭਖਦੇ ਮੁੱਦਿਆਂ ਨੂੰ ਹੱਲ ਕਰਨ ਲਈ ਇਕ ਨਵਾਂ ਮੰਚ ਤਿਆਰ ਕੀਤਾ ਜਾਵੇ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਨੂੰ ਹੱਥ 'ਚ ਫੜ੍ਹ ਕੇ ਸੰਹੁ ਖਾਧੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸੀਖਾਂ ਪਿੱਛੇ ਡੱਕਿਆ ਜਾਵੇਗਾ ਤੇ ਸਿੱਖ ਨੌਜਵਾਨਾਂ ਦੀ ਸ਼ਹੀਦੀ ਲਈ ਜ਼ਿੰਮੇਵਾਰ ਦੋਸ਼ੀ ਪੁਲਿਸ ਮੁਲਾਜ਼ਮਾਂ ਵਿਰੁੱਧ ਕਾਨੂੰਨੀ ਕਰਵਾਈ ਕੀਤੀ ਜਾਵੇਗੀ, ਪਰ ਹੁਣ ਕੈਪਟਨ ਸਰਕਾਰ ਨੇ ਇਸ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ।

ਭਾਈ ਮੋਹਕਮ ਸਿੰਘ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਹੋਰ ਅਨੇਕਾਂ ਸ਼ਹੀਦਾਂ ਦੇ ਖੂਨ ਨਾਲ ਸਿੰਜੇ ਧਰਮ ਯੁੱਧ ਨੂੰ ਜਿੱਤਣ ਅਤੇ ਪੰਥ ਅਤੇ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਲਈ ਯੂਨਾਈਟਿਡ ਅਕਾਲੀ ਦਲ ਵੱਲੋਂ ਧਰਮ ਯੁੱਧ ਜਾਰੀ ਰਹੇਗਾ।




## ਗੁਰਦੁਆਰਾ ਸੈਨ ਹੋਜੇ ਵਿਚ ਹੋਲਾ ਮਹੱਲਾ 18 ਮਾਰਚ ਨੂੰ

**ਸੈਨ ਹੋਜੇ (ਬਿਊਰੋ):** ਗੁਰਦੁਆਰਾ ਸੈਨ ਹੋਜੇ ਵਿਚ 7ਵਾਂ ਸਾਲਾਨਾ ਹੋਲਾ ਮਹੱਲਾ ਸਮਾਗਮ 18 ਮਾਰਚ, ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਸੰਗਤ ਨੂੰ ਸੱਦਾ ਦਿੱਤਾ ਹੈ ਕਿ ਉਹ ਇਸ ਸਮਾਗਮ ਵਿਚ ਵਧ-ਚੜ੍ਹ ਕੇ ਹਿੱਸਾ ਲਵੇ ਅਤੇ ਗੁਰੂਘਰ ਦੀਆਂ ਖੁਸ਼ੀਆਂ ਹਾਸਲ ਕਰੇ।

ਇਸ ਮੌਕੇ ਦੀਵਾਨ ਹਾਲ ਵਿਚ ਕੀਰਤਨ ਦਰਬਾਰ ਸਜਾਇਆ ਜਾਵੇਗਾ ਅਤੇ ਫਿਰ ਖੁੱਲ੍ਹੀ ਸਟੇਜ ਉਤੇ ਢਾਡੀ ਦਰਬਾਰ ਲੱਗੇਗਾ। ਇਸ ਤੋਂ ਇਲਾਵਾ ਗੱਤਕਾ, ਘੋੜ-ਸਵਾਰੀ, ਵਾਲੀਬਾਲ, ਬਾਸਕਿਟਬਾਲ ਅਤੇ ਹਰ ਉਮਰ ਵਰਗ ਦੀਆਂ ਦੌੜਾਂ ਵੀ ਹੋਣਗੀਆਂ।

## ਫਰਜ਼ੀ ਮੁਕਾਬਲਾ: ਪੁਲਿਸ ਮੁਲਾਜ਼ਮਾਂ ਦੀ ਉਮਰ ਕੈਦ ਬਹਾਲ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਐਮ.ਬੀ.ਏ. ਵਿਦਿਆਰਥੀ ਦਾ ਫਰਜ਼ੀ ਮੁਕਾਬਲਾ ਕਰਨ ਵਾਲੇ ਉਤਰਾਖੰਡ ਦੇ ਸੱਤ ਪੁਲਿਸ ਮੁਲਾਜ਼ਮਾਂ ਨੂੰ ਹੇਠਲੀ ਅਦਾਲਤ ਵੱਲੋਂ ਸੁਣਾਈ ਉਮਰ ਕੈਦ ਦੀ ਸਜ਼ਾ ਨੂੰ ਬਹਾਲ ਰੱਖਿਆ ਹੈ।

ਅਦਾਲਤ ਨੇ ਐਮ.ਬੀ.ਏ. ਵਿਦਿਆਰਥੀ ਨੂੰ ਅਗਵਾ ਕਰਨ ਦੀ ਸਾਜ਼ਿਸ਼ ਘੜਨ ਅਤੇ ਕਤਲ ਦੇ ਦੋਸ਼ੀ ਠਹਿਰਾਏ ਦਸ ਹੋਰਨਾਂ ਪੁਲਿਸ ਮੁਲਾਜ਼ਮਾਂ ਦੀ ਉਮਰ ਕੈਦ ਦੀ ਸਜ਼ਾ ਨੂੰ ਸਬੂਤਾਂ ਦੀ ਘਾਟ ਦਾ ਹਵਾਲਾ ਦਿੰਦਿਆਂ ਰੱਦ ਕਰਦਿਆਂ ਰਿਹਾਅ ਕਰ ਦਿੱਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਇਸੇ ਮਾਮਲੇ 'ਚ ਦੋ ਸਾਲ ਦੀ ਸਜ਼ਾ ਕੱਟ ਰਹੇ ਸਿਟੀ ਕੰਟਰੋਲ ਰੂਮ ਦੇ ਹੈੱਡ ਉਪਰੇਟਰ ਨੂੰ ਬਰੀ ਕਰ ਦਿੱਤਾ ਹੈ।

ਯਾਦ ਰਹੇ, 2009 ਵਿਚ ਗਾਜ਼ੀਆਬਾਦ ਵਾਸੀ ਰਣਬੀਰ ਸਿੰਘ (22) ਨੂੰ ਉਤਰਾਖੰਡ ਪੁਲਿਸ ਨੇ ਦੇਹਰਾਦੂਨ ਵਿਚ ਇਕ ਮੁਕਾਬਲੇ ਦੌਰਾਨ ਮਾਰ ਦਿੱਤਾ ਸੀ। ਪੁਲਿਸ ਨੇ ਵਿਦਿਆਰਥੀ 'ਤੇ ਜਬਰੀ ਵਸੂਲੀ ਦੇ ਰੈਕੇਟ ਵਿਚ ਸ਼ਮੂਲੀਅਤ ਦਾ ਦੋਸ਼ ਲਾਇਆ ਸੀ। ਅਦਾਲਤ ਨੇ ਇਸ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਦਿਆਂ ਕੇਸ ਦਿੱਲੀ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਸੀ।










# ਕੇਂਦਰੀ ਬਜਟ ਵਿਚ ਪੰਜਾਬ ਪੱਲੇ ਪਈ ਨਿਰਾਸ਼ਾ

**ਚੰਡੀਗੜ੍ਹ:** ਨਰੇਂਦਰ ਮੋਦੀ ਸਰਕਾਰ ਦੇ ਪੰਜਵੇਂ ਅਤੇ ਆਖਰੀ ਮੁਕੰਮਲ ਬਜਟ ਵਿਚ ਪੰਜਾਬ ਪੱਲੇ ਨਿਰਾਸ਼ਾ ਹੀ ਪਈ ਹੈ। ਬਜਟ ਤੋਂ ਪੰਜਾਬ ਨੂੰ ਅਜਿਹਾ ਕੁਝ ਵੀ ਨਹੀਂ ਮਿਲਿਆ ਜਿਸ ਨਾਲ ਰਾਜ ਸਰਕਾਰ ਦੀ ਵਿੱਤੀ ਸਿਰਦਰਦੀ ਘਟ ਸਕੇ। ਮੋਦੀ ਸਰਕਾਰ ਦਾ ਆਖਰੀ ਬਜਟ ਹੋਣ ਕਾਰਨ ਪੰਜਾਬ ਸਰਕਾਰ ਨੂੰ ਵੱਡੀਆਂ ਉਮੀਦਾਂ ਸਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਦੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਅਤੇ ਘਰ ਘਰ ਨੌਕਰੀ ਦੇ ਕੀਤੇ ਵਾਅਦਿਆਂ ਨੂੰ ਲਾਗੂ ਕਰਨ ਲਈ ਕੇਂਦਰੀ ਬਜਟ ਤੋਂ ਕੁਝ ਉਮੀਦ ਸੀ।

ਬਜਟ ਵਿਚ ਰੁਜ਼ਗਾਰ ਤੇ ਕਿਸਾਨਾਂ ਦੇ ਕਰਜ਼ੇ ਦੇ ਸੁਆਲ ਨੂੰ ਤਾਂ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਹੋਰ ਕਰਜ਼ਾ ਲੈਣ ਦੀ ਹੱਦ ਵਧਾਉਣ ਅਤੇ ਕੁਝ ਸਹਾਇਤਾ ਦੀ ਮੰਗ ਲਈ ਕੈਪਟਨ ਖੁਦ ਕਈ ਵਾਰ ਪ੍ਰਧਾਨ ਮੰਤਰੀ ਅਤੇ ਕੇਂਦਰੀ ਵਿੱਤ ਮੰਤਰੀ ਦੇ ਦਰਵਾਜ਼ੇ ਉਤੇ ਦਸਤਕ ਦੇ ਚੁੱਕੇ ਹਨ। ਦੂਜੇ ਪਾਸੇ ਪੈਟਰੋਲੀਅਮ ਪਦਾਰਥਾਂ ਉਤੋਂ ਆਬਕਾਰੀ ਡਿਊਟੀ ਘਟਾਉਣ ਨਾਲ ਕੇਂਦਰੀ ਫੰਡਾਂ ਵਿਚੋਂ ਪੰਜਾਬ ਨੂੰ ਇਕ ਹਜ਼ਾਰ ਕਰੋੜ ਰੁਪਏ ਦੇ ਕਰੀਬ ਘਾਟਾ ਪੈਣ ਦਾ ਦਾਅਵਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਕਰ ਚੁੱਕੇ ਹਨ।



ਚੌਦਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਬਾਅਦ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਰਾਸ਼ਟਰੀ ਖੁਰਾਕ ਮਿਸ਼ਨ ਸਮੇਤ ਹੋਰ ਯੋਜਨਾਵਾਂ ਲਈ ਕੇਂਦਰ ਵੱਲੋਂ 90 ਅਤੇ ਸੂਬਾ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ 10 ਫੀਸਦੀ ਪੈਸੇ ਦਾ ਅਨੁਪਾਤ 60:40 ਕਰ ਦੇਣ ਨਾਲ ਪੰਜਾਬ ਵਿਚ ਖੇਤੀ ਖੇਤਰ ਦੇ ਵਿਕਾਸ ਦਾ ਕੰਮ ਲਗਭਗ ਠੱਪ ਹੋ ਗਿਆ ਹੈ। ਵਿੱਤੀ ਸਾਲ 2017-18 ਦੌਰਾਨ ਪੰਜਾਬ ਸਰਕਾਰ ਵੱਲੋਂ ਆਪਣੇ ਹਿੱਸੇ ਦੇ ਫੰਡ ਜਾਰੀ ਨਾ ਕਰਨ ਕਰ ਕੇ ਅਗਲੇ ਸਾਲ ਰਾਜ ਲਈ ਕੇਂਦਰੀ ਪੈਸੇ ਦੀ ਵੰਡ ਹੋਰ ਘਟਣ ਦੇ ਆਸਾਰ ਹਨ।

ਕੇਂਦਰ ਨੇ ਪੰਜਾਬ ਸਰਕਾਰ ਵੱਲੋਂ ਮੁੜ 90:10 ਦੇ ਅਨੁਪਾਤ ਨਾਲ ਯੋਜਨਾਵਾਂ ਚਲਾਉਣ ਦੀ ਕੀਤੀ ਮੰਗ ਦੀ ਅਣਦੇਖੀ ਹੀ ਨਹੀਂ ਕੀਤੀ ਬਲਕਿ ਹੋਰ ਯੋਜਨਾਵਾਂ ਵੀ 60:40 ਤਰਜ਼ ਨਾਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਮਿਡ-ਡੇਅ ਮੀਲ ਸਕੀਮ ਵਿਚ ਵੀ ਵਧ ਰਹੇ ਸੂਬੇ ਦੇ ਹਿੱਸੇ ਕਾਰਨ ਮਹੀਨਿਆਂ ਬੱਧੀ ਖਾਣੇ ਉਤੇ ਵੀ ਸੰਕਟ ਬਣਿਆ ਰਹਿੰਦਾ ਹੈ।

ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਝੋਨੇ ਦੀ ਪਰਾਲੀ ਸਾੜਨ ਉਤੇ ਰੋਕ ਲਾ ਕੇ ਕੇਂਦਰ ਸਰਕਾਰ ਵੱਲੋਂ ਬਣਾਈ ਗਈ ਯੋਜਨਾ ਵਿਚੋਂ ਪੰਜਾਬ ਨੂੰ ਕੁਝ ਨਾ ਕੁਝ ਮਿਲਣ ਦੀ ਉਮੀਦ ਜ਼ਰੂਰ ਹੈ। ਇਸ ਯੋਜਨਾ ਤਹਿਤ ਕਿਸਾਨਾਂ ਨੂੰ ਪਰਾਲੀ ਦੀ ਵਿਉਂਤਬੰਦੀ ਲਈ ਮਸ਼ੀਨਰੀ ਵਿਚ ਸਬਸਿਡੀ ਦਿੱਤੀ ਜਾਣੀ ਹੈ।

ਪੰਜਾਬ ਸਰਕਾਰ ਇਸ ਮਾਮਲੇ ਵਿਚ ਅਲੱਗ ਤੋਂ 100 ਰੁਪਏ ਪ੍ਰਤੀ ਕੁਇੰਟਲ ਬੋਨਸ ਮੰਗ ਚੁੱਕੀ ਹੈ। ਫਸਲਾਂ ਦਾ ਭਾਅ, ਉਤਪਾਦਨ ਲਾਗਤ ਉਤੇ ਪੰਜਾਹ ਫੀਸਦੀ ਮੁਨਾਫੇ ਨਾਲ ਦੇਣ ਦੇ ਬਜਟ ਵਿਚਲੇ ਐਲਾਨ ਦੀ ਵੀ ਇਹ ਸੱਚਾਈ ਸਾਹਮਣੇ ਆਉਣ ਮਗਰੋਂ ਫੂਕ ਨਿਕਲ ਗਈ ਹੈ ਕਿ ਸਰਕਾਰ ਨੇ ਮਾਪਦੰਡ ਬਦਲ ਕੇ ਜ਼ਮੀਨ ਦਾ ਠੇਕਾ ਉਤਪਾਦਨ ਲਾਗਤ ਤੋਂ ਬਾਹਰ ਹੀ ਕੱਢ ਦਿੱਤਾ ਹੈ।

## ਬਜਟ ਪੰਜਾਬ ਤੇ ਕਿਸਾਨਾਂ ਲਈ ਨਿਰਾਸ਼ਾਜਨਕ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਬਜਟ ਨੂੰ ਸੂਬੇ ਲਈ ਨਿਰਾਸ਼ਾਜਨਕ ਕਰਾਰ ਦਿੰਦਿਆਂ ਕਿਸਾਨ ਵਿਰੋਧੀ ਅਤੇ ਦ੍ਰਿਸ਼ਟੀਹੀਣ ਦੱਸਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਕਦਮ ਚੁੱਕਣ ਵਿਚ ਅਸਫਲ ਰਹੇ ਹਨ।

## ਬਾਦਲਾਂ ਨੂੰ ਪਸੰਦ ਆਇਆ ਮੋਦੀ ਦਾ ਬਜਟ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਬਜਟ ਨੂੰ 'ਕਿਸਾਨ ਪੱਖੀ ਅਤੇ ਲੋਕ ਕੇਂਦਰਿਤ' ਆਖਦਿਆਂ ਸਰਾਹਿਆ ਹੈ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਨੂੰ ਫਸਲ ਦੀ ਲਾਗਤ ਨਾਲ ਜੋੜਨਾ, ਖੇਤੀਬਾੜੀ ਵਸਤਾਂ ਦੀ ਬਰਾਮਦ 'ਤੇ ਜ਼ੋਰ ਦੇਣਾ, ਫੂਡ ਪ੍ਰੋਸੈਸਿੰਗ ਇੰਡਸਟਰੀ ਲਈ ਰਾਸ਼ੀ ਵਧਾ ਕੇ ਖੇਤੀ ਵਸਤਾਂ ਦੇ ਮੁੱਲ ਵਿੱਚ ਵਾਧਾ ਕਰਨਾ ਸਵਾਗਤਯੋਗ ਖਾਸੀਅਤਾਂ ਹਨ।

# ਡੇਢ ਗੁਣਾ ਆਮਦਨ ਵਧਣ ਦੇ ਬਾਅਦ ਵੀ ਕਿਸਾਨਾਂ ਨੂੰ ਘਾਟਾ

**ਨਵੀਂ ਦਿੱਲੀ:** ਕੇਂਦਰੀ ਬਜਟ ਤੋਂ ਕਿਸਾਨਾਂ-ਮਜ਼ਦੂਰਾਂ ਅਤੇ ਸੂਬਾ ਸਰਕਾਰਾਂ ਦੇ ਪੱਲੇ ਨਿਰਾਸ਼ਾ ਹੀ ਪਈ ਹੈ। ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ ਅਤੇ ਕਰਜ਼ਾ ਮੁਆਫੀ ਦੇ ਮੁੱਦੇ ਉਤੇ ਕੇਂਦਰੀ ਬਜਟ ਖਾਮੋਸ਼ ਹੈ। ਵਿੱਤ ਮੰਤਰੀ ਅਰੁਣ



ਜੇਤਲੀ ਵੱਲੋਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਫਸਲ ਦੀ ਲਾਗਤ ਵਿਚ ਪੰਜਾਹ ਫੀਸਦੀ ਮੁਨਾਫਾ ਜੋੜ ਕੇ ਦੇਣ ਦਾ ਐਲਾਨ ਵੀ ਸਵਾਲਾਂ ਦੇ ਘੇਰੇ ਵਿਚ ਹੈ। ਅਸਲ ਮੁੱਦਾ ਲਾਗਤ ਤੈਅ ਕਰਨ ਦੇ ਅਮਲ ਨਾਲ ਜੁੜਿਆ ਹੋਇਆ ਹੈ। ਜੇਕਰ ਲਾਗਤ ਅਤੇ ਮੁੱਲ ਕਮਿਸ਼ਨ ਦੀ ਉਤਪਾਦਨ ਲਾਗਤ ਨੂੰ ਸਹੀ ਮੰਨਿਆ ਜਾਵੇ ਤਾਂ ਪੰਜਾਬ ਵਿਚ ਪਹਿਲਾਂ ਹੀ ਸਵਾਮੀਨਾਥਨ ਫਾਰਮੂਲਾ ਲਗਭਗ ਲਾਗੂ ਹੈ। ਲਿਹਾਜ਼ਾ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਵੀ 'ਜੁਮਲਾ' ਸਾਬਤ ਹੋਣ ਦੇ ਆਸਾਰ ਹਨ।

ਕੇਂਦਰ ਸਰਕਾਰ 24 ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨਿਰਧਾਰਤ ਕਰਦੀ ਹੈ। ਵਿੱਤ ਮੰਤਰੀ ਨੇ ਕਿਹਾ ਹੈ ਕਿ ਮੋਦੀ ਸਰਕਾਰ ਨੇ ਹਾੜੀ ਸੀਜ਼ਨ ਦੀਆਂ ਜ਼ਿਆਦਾਤਰ ਫਸਲਾਂ ਦਾ ਮੁੱਲ ਐਲਾਨ ਦਿੱਤਾ ਹੈ ਅਤੇ ਇਹ ਵੀ ਸਵਾਮੀਨਾਥਨ ਰਿਪੋਰਟ ਦੇ ਨੇੜੇ ਤੇੜੇ ਹੈ। ਅੱਗੋਂ ਸਿਧਾਂਤਕ ਤੌਰ ਉਤੇ ਹੀ ਸਾਉਣੀ ਫਸਲਾਂ ਦਾ ਮੁੱਲ ਉਤਪਾਦਨ ਲਾਗਤ ਵਿਚ ਪੰਜਾਹ ਫੀਸਦੀ ਮੁਨਾਫਾ ਜੋੜ ਕੇ ਐਲਾਨਿਆ ਜਾਵੇਗਾ।

ਗੌਰਤਲਬ ਹੈ ਕਿ ਦਸ ਫੀਸਦੀ ਤੋਂ ਘੱਟ ਕਿਸਾਨਾਂ ਦੀਆਂ ਹੀ ਦੋ ਫਸਲਾਂ ਕਣਕ ਅਤੇ ਝੋਨਾ ਸਰਕਾਰੀ ਮੁੱਲ ਉਤੇ ਖਰੀਦੀਆਂ ਜਾਂਦੀਆਂ ਹਨ। ਬਾਕੀ ਫਸਲਾਂ ਦਾ ਸਿਰਫ ਸਮਰਥਨ ਮੁੱਲ ਐਲਾਨਿਆ ਜਾਂਦਾ ਹੈ, ਖਰੀਦ ਦੀ ਕੋਈ ਗਰੰਟੀ ਨਹੀਂ। ਇਸ ਬਾਰੇ ਨੀਤੀ ਆਯੋਗ ਸੂਬਾ ਸਰਕਾਰਾਂ ਨਾਲ ਮਿਲ ਕੇ ਅਜੇ ਕੋਈ ਨੀਤੀ ਬਣਾਉਣ ਦੀ ਕੋਸ਼ਿਸ਼ ਕਰੇਗਾ। ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਵੱਲੋਂ ਉਤਪਾਦਨ ਲਾਗਤ ਨਿਰਧਾਰਤ ਕਰਨ ਲਈ ਬਣਾਈ ਪ੍ਰਣਾਲੀ ਨੁਕਸਦਾਰ ਹੋਣ ਕਰਕੇ ਕਿਸਾਨਾਂ ਨੂੰ ਲਾਭ ਨਹੀਂ ਹੁੰਦਾ। ਕਣਕ ਲਈ ਹਰਿਆਣਾ, ਯੂਪੀ ਅਤੇ ਮੱਧ ਪ੍ਰਦੇਸ਼ ਦੀ ਉਤਪਾਦਨ ਲਾਗਤ 1256 ਰੁਪਏ ਪ੍ਰਤੀ ਕੁਇੰਟਲ ਮੰਨੀ ਗਈ ਹੈ ਜਦਕਿ ਬਿਹਾਰ, ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਵਿੱਚ ਇਸ ਤੋਂ ਵੱਧ ਹੈ। ਪੰਜਾਬ ਦੀ ਉਤਪਾਦਨ ਲਾਗਤ ਇਸ ਤੋਂ ਵੀ ਘੱਟ ਦਿਖਾਈ ਗਈ ਹੈ। ਜੇਕਰ 1256 ਵੀ ਮੰਨ ਲਈਏ ਤਾਂ ਵੀ ਲਾਗਤ ਉੱਤੇ 45 ਫੀਸਦੀ ਮੁਨਾਫਾ ਤਾਂ ਦਿੱਤਾ ਜਾ ਰਿਹਾ ਹੈ। ਕੀ ਇਹੀ ਸਵਾਮੀਨਾਥਨ ਰਿਪੋਰਟ ਦੀ ਕਹਾਣੀ ਹੈ?

ਪੰਜਾਬ ਦੇ ਖੇਤੀ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਕੇਂਦਰ ਦੇ ਫੈਸਲੇ ਨੂੰ ਸਿਧਾਂਤਕ ਤੌਰ ਉਤੇ ਦਰੁਸਤ ਦੱਸਦਿਆਂ ਕਿਹਾ ਹੈ ਕਿ ਉਤਪਾਦਨ ਲਾਗਤ ਦੇ ਅਮਲ ਨੂੰ ਪਾਰਦਰਸ਼ੀ ਅਤੇ ਵਧੇਰੇ ਦਰੁਸਤ ਕਰਨ ਦੀ ਜ਼ਰੂਰਤ ਹੈ। ਖੇਤੀ ਅਰਥ ਸ਼ਾਸਤਰੀ ਪ੍ਰੋ. ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਅਧਿਐਨ ਮੁਤਾਬਿਕ ਪੰਜਾਬ ਦੇ ਕਿਸਾਨਾਂ ਦਾ ਹੀ ਹਜ਼ਾਰਾਂ ਕਰੋੜਾਂ ਰੁਪਿਆ ਸਰਕਾਰ ਨੇ ਘੱਟ ਮੁੱਲ ਨਿਰਧਾਰਤ ਕਰ ਕੇ ਦੱਬ ਰੱਖਿਆ ਹੈ। ਇਸ ਲਈ ਉਤਪਾਦਨ ਲਾਗਤ ਨੂੰ ਹਕੀਕਤ ਦੀ ਬੁਨਿਆਦ ਉਤੇ ਤੈਅ ਕਰਨ ਦੀ ਲੋੜ ਹੈ। ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਅੰਕੜੇਬਾਜ਼ੀ ਦੀ ਖੇਡ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਹੋਣ ਦੀ ਕੋਈ ਸੰਭਾਵਨਾ ਨਹੀਂ। ਪ੍ਰੋਫੈਸਰ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਕੇਂਦਰੀ ਬਜਟ 2019 ਦੀਆਂ ਲੋਕ ਸਭਾ ਚੋਣਾਂ ਵੱਲ ਕੇਂਦਰਤ ਹੈ। ਬਜਟ ਦੀਆਂ ਤਜਵੀਜ਼ਾਂ ਉੱਤੇ ਅਮਲ ਦੀ ਪ੍ਰਕਿਰਿਆ ਹੀ ਚੋਣਾਂ ਤੱਕ ਦਾ ਸਮਾਂ ਲੈ ਜਾਵੇਗੀ।

## ਆਮਦਨ ਦੁੱਗਣੀ ਵਾਲੇ ਦਾਅਵੇ 'ਤੇ ਸਵਾਲ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਖੇਤੀ ਦੀ ਵਿਕਾਸ ਦਰ 12 ਫੀਸਦੀ ਹੋਣ ਤੋਂ ਬਿਨਾਂ ਕਿਸਾਨਾਂ ਦੀ 2022 ਤੱਕ ਆਮਦਨ ਦੁੱਗਣੀ ਕਰਨੀ ਸੰਭਵ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਕਹਿ ਰਹੀ ਹੈ ਕਿ ਅਸੀਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਾਂਗੇ ਪਰ ਖੇਤੀ ਵਿਚ 12 ਫੀਸਦੀ ਵਿਕਾਸ ਦਰ ਤੋਂ ਬਿਨਾਂ ਇਹ ਸੰਭਵ ਨਹੀਂ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਸ਼ਬਦ 'ਸੁਧਾਰ' ਦੀ ਬਹੁਤ ਵਾਰ ਵਰਤੋਂ ਤੇ ਦੁਰਵਰਤੋਂ ਕੀਤੀ ਗਈ ਹੈ।

## ਦਿਹਾਤੀ ਭਾਰਤ ਦੇ ਹਿੱਸੇ ਆਏ 14.34 ਲੱਖ ਕਰੋੜ

**ਨਵੀਂ ਦਿੱਲੀ:** ਪੇਂਡੂ ਖੇਤਰ ਦੇ ਵਿਕਾਸ ਲਈ ਸਰਕਾਰ 14.34 ਲੱਖ ਕਰੋੜ ਰੁਪਏ ਖਰਚੇਗੀ। ਕੇਂਦਰੀ ਵਿੱਤ ਮੰਤਰੀ ਨੇ ਲੋਕ ਸਭਾ ਵਿਚ ਬਜਟ ਪੇਸ਼ ਕਰਦਿਆਂ ਐਲਾਨ ਕੀਤਾ ਕਿ ਸਾਲ 2018-19 ਦੇ ਬਜਟ ਵਿਚ ਰੁਜ਼ਗਾਰ ਪੈਦਾ ਕਰਨ, ਮੁਢਲੇ ਢਾਂਚੇ ਦੀ ਉਸਾਰੀ ਉਤੇ 321 ਕਰੋੜ ਰੁਪਏ ਖਰਚੇ ਜਾਣਗੇ।

ਬਜਟ ਵਿਚ ਮਗਨਰੇਗਾ ਲਈ ਸਭ ਤੋਂ ਵੱਡੀ ਰਕਮ 55,000 ਕਰੋੜ ਰੁਪਏ ਰੱਖੀ ਗਈ ਹੈ। ਰੁਜ਼ਗਾਰ ਪੈਦਾ ਕਰਨ ਤੋਂ ਇਲਾਵਾ 3.17 ਲੱਖ ਕਿਲੋਮੀਟਰ ਸੜਕਾਂ, 51 ਲੱਖ ਨਵੇਂ ਘਰ, 1.88 ਕਰੋੜ ਪਖਾਨੇ ਤਿਆਰ ਕਰਨ ਤੋਂ ਇਲਾਵਾ ਇਕ ਕਰੋੜ 75 ਲੱਖ ਘਰਾਂ ਨੂੰ ਬਿਜਲੀ ਕੁਨੈਕਸ਼ਨ ਦਿੱਤੇ ਜਾਣ ਦੀ ਵਿਵਸਥਾ ਹੈ। ਪੇਂਡੂ ਵਿਕਾਸ ਲਈ ਸਰਕਾਰ ਨੇ ਮੌਜੂਦਾ ਵਰ੍ਹੇ ਦੇ ਮੁਕਾਬਲੇ ਸਾਲ 2018 -19 ਵਿਚ ਮਾਮੂਲੀ ਵਾਧਾ ਹੀ ਕੀਤਾ ਹੈ। ਮੌਜੂਦਾ ਵਿੱਤੀ ਵਰ੍ਹੇ ਵਿਚ ਬਜਟ 1. 054 ਲੱਖ ਕਰੋੜ ਸੀ।

# ਭਾਜਪਾ ਨੇ ਬਜਟ ਵਿਚ ਪੇਸ਼ਗੀ ਵਜੋਂ ਪਰੋਸੇ ਵਾਅਦੇ

**ਚੰਡੀਗੜ੍ਹ:** ਨਰੇਂਦਰ ਮੋਦੀ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਆਪਣਾ ਆਖਰੀ ਬਜਟ ਹਰ ਵਰਗ ਨੂੰ ਦਾਅ ਲਾਉਣ ਵਾਲਾ ਹੈ। ਭਾਜਪਾ ਸਰਕਾਰ ਨੇ ਬਜਟ ਦਾ ਹਰ ਵਾਅਦਾ 2022 ਤੱਕ ਅਮਲ ਵਿਚ ਆਉਣ ਦਾ ਦਾਅਵਾ ਕਰ ਦਿੱਤਾ। ਮੋਦੀ ਸਰਕਾਰ ਦੀ ਪੰਜ ਸਾਲਾ ਮਿਆਦ 15 ਮਹੀਨੇ ਬਾਅਦ ਮੁੱਕ ਰਹੀ ਹੈ। ਇਸ ਦਾ ਮਤਲਬ ਹੈ ਕਿ ਬਜਟ ਦੇ ਹਰ ਵਾਅਦੇ ਲਈ ਨਵੀਂ ਬਣਨ ਵਾਲੀ ਸਰਕਾਰ ਜ਼ਿੰਮੇਵਾਰ ਹੋਵੇਗੀ।

ਭਾਜਪਾ ਦਾ ਦਾਅਵਾ ਹੈ ਕਿ ਉਦੋਂ ਤੱਕ ਹਰ ਪਰਿਵਾਰ ਨੂੰ ਮਕਾਨ, ਆਦਿਵਾਸੀ ਬੱਚਿਆਂ ਲਈ ਮਿਆਰੀ ਸਿੱਖਿਆ, ਬਿਹਤਰ ਵਿੱਦਿਅਕ ਢਾਂਚਾ ਅਤੇ ਕਿਸਾਨਾਂ ਲਈ ਦੁੱਗਣੀ ਆਮਦਨ ਸੰਭਵ ਹੋ ਜਾਵੇਗੀ। ਸਰਕਾਰ ਦੀ ਮਿਆਦ 2019 ਵਿਚ ਮੁੱਕ ਰਹੀ ਹੈ। ਭਾਜਪਾ ਵੱਲੋਂ ਇਹ ਸਾਰੇ ਦਾਅਵੇ ਪੇਸ਼ਗੀ ਤੌਰ 'ਤੇ ਪਰੋਸੇ ਜਾ ਰਹੇ ਹਨ। ਮਹਿੰਗਾਈ ਤੇ ਰੁਜ਼ਗਾਰ ਵਰਗੇ ਕੁਝ ਅਹਿਮ ਮਸਲਿਆਂ ਬਾਰੇ ਵਿੱਤੀ ਮੰਤਰੀ ਅਰੁਣ ਜੇਤਲੀ ਨੇ ਬਜਟ ਵਿਚ ਖਾਮੋਸ਼ੀ ਧਾਰੀ ਰੱਖੀ ਹੈ।

ਖਪਤਕਾਰੀ ਮਹਿੰਗਾਈ ਦਰ ਦਸੰਬਰ ਮਹੀਨੇ 5.21 ਫੀਸਦੀ ਸੀ ਜਦੋਂ ਕਿ ਸਰਕਾਰ ਨੇ ਇਸ ਦੇ 4 ਫੀਸਦੀ ਤੋਂ ਵੱਧ ਨਾ ਰਹਿਣ ਦੇ ਅਨੁਮਾਨ ਲਾਏ ਸਨ। ਸਬਜ਼ੀਆਂ ਤੇ ਹੋਰ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਅਜੇ ਵੀ ਬਹੁਤੀ ਕਮੀ ਨਹੀਂ ਆ ਰਹੀ ਅਤੇ ਇਹ ਨਾਕਾਮੀ ਸਰਕਾਰ ਦੇ ਹਲਕ ਵਿਚ ਅਟਕੀ ਹੋਈ ਹੈ। ਕੱਚੇ ਤੇਲ ਦੀਆਂ ਕੀਮਤਾਂ ਅਗਲੇ ਮਹੀਨਿਆਂ ਦੌਰਾਨ ਵਧਣ ਦੀ ਸੰਭਾਵਨਾ ਹੈ ਪਰ ਸਰਕਾਰ ਅਜਿਹੇ ਹਾਲਾਤ ਨਾਲ ਸੁਚੱਜੇ ਢੰਗ ਨਾਲ ਸਿੱਝਣ ਦੀ ਸਥਿਤੀ ਵਿਚ ਨਹੀਂ ਜਾਪਦੀ।

ਹੁਕਮਰਾਨ ਭਾਰਤੀ ਜਨਤਾ ਪਾਰਟੀ ਇਸ ਨੂੰ 'ਜੈ ਕਿਸਾਨ ਬਜਟ' ਦੱਸ ਰਹੀ ਹੈ, ਪਰ ਅਸਲੀਅਤ ਇਹ ਹੈ ਕਿ ਕਿਸਾਨੀ ਦੇ ਭਲੇ ਲਈ ਵਿੱਤ ਮੰਤਰੀ ਅਰੁਣ ਜੇਤਲੀ ਨੇ ਬਹੁਤੇ ਗੱਫੇ ਨਹੀਂ ਲੁਟਾਏ। ਉਨ੍ਹਾਂ ਨੇ ਸਨਅਤਾਂ ਨੂੰ ਵਿਸ਼ੇਸ਼ ਰਿਆਇਤਾਂ ਨਹੀਂ ਦਿੱਤੀਆਂ, ਮੱਧ ਵਰਗ ਨੂੰ ਆਮਦਨ ਕਰ ਵਿਚ ਨਵੀਂ ਛੋਟ ਨਹੀਂ ਦਿੱਤੀ ਅਤੇ ਕਾਰਪੋਰੇਟ ਘਰਾਣਿਆਂ ਲਈ ਲਾਭ ਪਰੋਸ ਕੇ ਨਹੀਂ ਰੱਖੇ। ਛੋਟੇ ਸਨਅਤੀ ਘਰਾਣਿਆਂ, ਜਿਨ੍ਹਾਂ ਦੀ ਸਾਲਾਨਾ ਮਾਲੀਅਤ 250 ਕਰੋੜ ਰੁਪਏ ਤੋਂ ਘੱਟ ਹੈ, ਲਈ ਕਾਰਪੋਰੇਟ ਟੈਕਸ ਦੀ ਦਰ ਜ਼ਰੂਰ ਪੰਜ ਫੀਸਦੀ ਘਟਾਈ ਗਈ ਹੈ, ਪਰ ਅਜਿਹੀਆਂ ਕੰਪਨੀਆਂ ਸ਼ੇਅਰ ਬਾਜ਼ਾਰ ਉਤੇ ਸੂਚੀਬੰਦ ਨਹੀਂ। ਇਸ ਲਈ ਨਿਵੇਸ਼ਕਾਂ ਨੂੰ ਇਨ੍ਹਾਂ ਤੋਂ ਲਾਭ ਨਹੀਂ ਹੋਣ ਲੱਗਾ।

## ਹਰ ਵਾਅਦਾ 2022 ਤੱਕ ਅਮਲ 'ਚ ਆਉਣ ਦਾ ਦਾਅਵਾ

## ਦਿੱਲੀ ਵਿਚ ਲਾਗੂ ਹੋਇਆ ਅਨੰਦ ਮੈਰਿਜ ਐਕਟ

**ਨਵੀਂ ਦਿੱਲੀ:** ਲੰਮੇ ਸੰਘਰਸ਼ ਤੋਂ ਬਾਅਦ ਆਖਰਕਾਰ ਕੌਮੀ ਰਾਜਧਾਨੀ ਦਿੱਲੀ ਵਿਚ ਅਨੰਦ ਮੈਰਿਜ ਐਕਟ ਲਾਗੂ ਹੋ ਗਿਆ ਹੈ। ਉਪ ਰਾਜਪਾਲ ਅਨਿਲ ਬੈਜਲ ਨੇ ਇਸ ਐਕਟ ਨੂੰ ਕੌਮੀ ਰਾਜਧਾਨੀ ਵਿਚ ਲਾਗੂ ਕਰਨ ਲਈ ਫਾਈਲ ਉਤੇ ਸਹੀ ਪਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਵਾਗਤ ਕਰਦਿਆਂ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਨੰਦ ਮੈਰਿਜ ਐਕਟ ਨੂੰ ਦੇਸ਼ ਦੇ ਬਾਕੀ ਰਾਜਾਂ 'ਚ ਵੀ ਲਾਗੂ ਕਰਾਉਣ ਲਈ ਕਦਮ ਚੁੱਕੇ ਜਾਣ।

ਸ. ਲੌਂਗੋਵਾਲ ਨੇ ਕਿਹਾ ਕਿ ਇਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਮਨਜੀਤ ਸਿੰਘ ਜੀ.ਕੇ. ਤੇ ਮਨਜਿੰਦਰ ਸਿੰਘ ਸਿਰਸਾ ਦੇ ਯਤਨਾਂ ਸਦਕਾ ਸੰਭਵ ਹੋ ਸਕਿਆ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ।


## ਕੇਜਰੀਵਾਲ ਦਾ ਗਿਲਾ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬਜਟ 'ਤੇ ਭਾਰੀ ਨਿਰਾਸ਼ਾ ਪ੍ਰਗਟਾਈ। ਕੇਜਰੀਵਾਲ ਨੇ ਕਿਹਾ ਕਿ ਕੇਂਦਰ ਦਿੱਲੀ ਨਾਲ ਸੌਤੇਲਾ ਵਿਹਾਰ ਜਾਰੀ ਰੱਖ ਰਹੀ ਹੈ। ਉਨ੍ਹਾਂ ਨੂੰ ਉਮੀਦ ਸੀ ਕਿ ਰਾਸ਼ਟਰੀ ਰਾਜਧਾਨੀ 'ਚ ਮਹੱਤਵਪੂਰਨ ਢਾਂਚਾਗਤ ਵਿਕਾਸ ਲਈ ਕੁਝ ਵਿੱਤੀ ਸਹਾਇਤਾ ਦਿੱਤੀ ਜਾਵੇਗੀ।

# ਭਾਰਤੀ ਰੇਲਵੇ 'ਤੇ ਮਿਹਰਬਾਨ ਹੋਈ ਸਰਕਾਰ

**ਨਵੀਂ ਦਿੱਲੀ:** ਕੇਂਦਰੀ ਬਜਟ ਵਿਚ ਵਿੱਤ ਮੰਤਰੀ ਨੇ ਰੇਲਵੇ ਨੂੰ ਖਾਸ ਤਰਜੀਹ ਦਿੰਦਿਆਂ ਹੁਣ ਤੱਕ ਸਭ ਤੋਂ ਵੱਧ 1. 48 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ। ਇਹ ਪਿਛਲੇ ਸਾਲ ਨਾਲੋਂ 13 ਫੀਸਦੀ ਵੱਧ ਹੈ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਬਜਟ ਐਲਾਨ ਮੌਕੇ ਮੁੱਖ ਤੌਰ ਉਤੇ ਰੇਲਵੇ ਦੇ ਵਿਸਥਾਰ ਉਤੇ ਜ਼ੋਰ ਦਿੱਤਾ ਹੈ। ਵਿੱਤ ਮੰਤਰੀ ਨੇ ਸਾਲ 2018-19 ਲਈ ਪੇਸ਼ ਕੇਂਦਰੀ ਬਜਟ ਵਿਚ ਰੇਲਵੇ ਲਈ 1,48, 528 ਕਰੋੜ ਦੀ ਤਜਵੀਜ਼ ਪੇਸ਼ ਕਰਦਿਆਂ ਕਿਹਾ ਕਿ ਮੁੱਖ ਤੌਰ ਉਤੇ ਰੇਲਵੇ ਦੇ ਨੈੱਟਵਰਕ ਅਤੇ ਇਸ ਦੀ ਢੋ-ਢੁਆਈ ਸਮਰੱਥਾ ਵਧਾਉਣ ਉਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਪਿਛਲੇ ਸਾਲ ਇਹ ਬਜਟ 1.31 ਲੱਖ ਕਰੋੜ ਰੁਪਏ ਸੀ।




ਵਿੱਤ ਮੰਤਰੀ ਨੇ 'ਰਾਸ਼ਟਰੀ ਰੇਲ ਸੁਰੱਖਿਅਣ ਕੋਸ਼' ਲਈ ਢੁਕਵੇਂ ਫੰਡ ਦੀ ਵਿਵਸਥਾ ਕੀਤੀ ਹੈ ਅਤੇ ਇਸ ਦੇ ਨਾਲ ਹੀ ਮੁੰਬਈ ਅਤੇ ਬੰਗਲੌਰ ਸ਼ਹਿਰਾਂ ਦੇ ਬਾਹਰਵਾਰ ਵਸਦੇ ਰੇਲਵੇ ਮੁਸਾਫਰਾਂ ਨੂੰ ਤੋਹਫਾ ਦਿੱਤਾ ਹੈ। ਇਸ ਵਿਚ 600 ਵੱਡੇ ਰੇਲਵੇ ਸਟੇਸ਼ਨਾਂ ਦੇ ਵਿਕਾਸ ਦੀ ਵਿਵਸਥਾ ਹੈ। ਕੋਈ ਨਵੀਂ ਰੇਲ ਗੱਡੀ ਨਹੀਂ, ਤੇ ਮੁਸਾਫਰਾਂ ਦੀ ਸੁਰੱਖਿਆ ਦੀ ਥਾਂ ਆਧੁਨਿਕਤਾ ਉਤੇ ਜ਼ੋਰ ਦਿੱਤਾ ਗਿਆ ਹੈ। 4267 ਰੇਲਵੇ ਲਾਂਘੇ ਬੰਦ ਹੋਣਗੇ।

# ਬੀਬੀ ਹਰਜਿੰਦਰ ਕੌਰ ਬਲੱਗਣ ਸੁਰਗਵਾਸ



**ਫਰਿਜ਼ਨੋ (ਬਿਊਰੋ):** ਆਜ਼ਾਦੀ ਘੁਲਾਟੀਏ ਸ. ਹਰਨਾਮ ਸਿੰਘ ਟੁੰਡੀਲਾਟ ਦੀ ਭਤੀਜੀ ਅਤੇ ਸ. ਭਗਤ ਸਿੰਘ ਟੋਭਾ ਦੀ ਪੁੱਤਰੀ ਬੀਬੀ ਹਰਜਿੰਦਰ ਕੌਰ ਬਲੱਗਣ (ਸੁਪਤਨੀ ਸਵਰਗੀ ਹਰਭਜਨ ਸਿੰਘ ਬਲੱਗਣ) ਲੰਘੀ 31 ਜਨਵਰੀ ਨੂੰ ਸੰਖੇਪ ਜਿਹੀ ਬਿਮਾਰੀ ਪਿਛੋਂ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਦੋ ਪੁੱਤਰਾਂ-ਕੁਲਵੰਤ ਸਿੰਘ ਐਸ. ਪੀ. ਤੇ ਸਤਵਿੰਦਰ ਸਿੰਘ ਰਾਣਾ ਅਤੇ ਇਕ ਧੀ ਕੁਲਵਿੰਦਰ ਕੌਰ ਨਿੱਜਰ ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। 20 ਦਸੰਬਰ 1935 ਨੂੰ ਚੱਕ ਨੰਬਰ 350, ਪਾਕਿਸਤਾਨ ਵਿਚ ਜਨਮੇ ਬੀਬੀ ਬਲੱਗਣ ਦਾ ਪੇਕਾ ਪਿੰਡ ਬਸੀ ਜਲਾਲ ਅਤੇ ਸਹੁਰਾ ਪਿੰਡ ਬਲੱਗਣ (ਹੁਸ਼ਿਆਰਪੁਰ) ਸੀ।

ਬੀਬੀ ਹਰਜਿੰਦਰ ਕੌਰ ਦਾ ਅੰਤਿਮ ਸਸਕਾਰ 11 ਫਰਵਰੀ, ਐਤਵਾਰ ਨੂੰ ਸਵੇਰੇ 11 ਤੋਂ ਬਾਅਦ ਦੁਪਹਿਰ ਇਕ ਵਜੇ ਤੱਕ ਇਥੇ ਸ਼ਾਂਤ ਭਵਨ ਫਿਊਨਰਲ ਹੋਮ (4800 ਈਸਟ ਕਲੇਅਟਨ ਐਵੇਨਿਊ) ਵਿਖੇ ਹੋਵੇਗਾ।

ਪਰਿਵਾਰ ਨਾਲ ਸੰਪਰਕ ਫੋਨ: 559-896-8900 ਜਾਂ 559-514-9777 ਰਾਹੀਂ ਕੀਤਾ ਜਾ ਸਕਦਾ ਹੈ।

# ਇੰਦਰਜੀਤ ਸਿੰਘ ਮਿਨਹਾਸ ਨੂੰ ਅੰਤਮ ਵਿਦਾਇਗੀ

**ਫਰਿਜ਼ਨੋ (ਬਿਊਰੋ):** "ਅਸੀਂ ਸਿੱਖ ਗੁਰੂਆਂ ਬਾਰੇ ਪੜ੍ਹਦੇ-ਸੁਣਦੇ ਆਏ ਸੀ, ਪਰ ਸਾਡੇ ਦਾਦਾ ਜੀ ਗੁਰੂਆਂ ਦਾ ਪ੍ਰਛਾਵਾਂ ਸਨ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸੈਂਟਰਲ ਵੈਲੀ ਦੇ ਪ੍ਰਸਿੱਧ ਕਾਰੋਬਾਰੀ ਮਿਨਹਾਸ ਪਰਿਵਾਰ ਦੇ ਬਜ਼ੁਰਗ ਇੰਦਰਜੀਤ ਸਿੰਘ ਮਿਨਹਾਸ ਦੀ ਅੰਤਮ ਵਿਦਾਇਗੀ ਸਮੇਂ ਬੋਲਦਿਆਂ ਉਨ੍ਹਾਂ ਦੀ ਪੋਤੀ ਸੁਖਮਨੀ ਮਿਨਹਾਸ ਨੇ ਕਿਹਾ ਕਿ ਉਹ ਸਬਰ, ਹਲੀਮੀ, ਪਰਉਪਕਾਰ ਦੀ ਜਿਉਂਦੀ ਜਾਗਦੀ ਤਸਵੀਰ ਸਨ। ਕਾਇਜ਼ਰ ਹਸਪਤਾਲ ਦੇ ਨੈਫਰੋਲੌਜੀ ਵਿਭਾਗ ਦੀ ਮੁਖੀ ਉਨ੍ਹਾਂ ਦੀ ਪੋਤੀ ਡਾ. ਅਮਨ ਸੇਖੋਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਮਿਲੇ ਚੰਗੇ ਸੰਸਕਾਰਾਂ ਕਰਕੇ ਹੀ ਉਨ੍ਹਾਂ ਦੇ ਪਰਿਵਾਰ ਨੇ ਵਿਦਿਆ ਅਤੇ ਕਾਰੋਬਾਰਾਂ ਵਿਚ ਵੱਡੀਆਂ ਕਾਮਯਾਬੀਆਂ ਹਾਸਿਲ ਕੀਤੀਆਂ ਹਨ।

ਸੰਖੇਪ ਜਿਹੀ ਬਿਮਾਰੀ ਪਿਛੋਂ 90 ਸਾਲ ਦੀ ਸ਼ਾਨਾਂਮੱਤੀ ਉਮਰ ਭੋਗ ਕੇ ਉਹ ਪੂਰੇ ਹੋਏ। ਆਪਣੇ ਪਿੱਛੇ ਉਹ 73 ਜੀਆਂ ਦਾ ਵੱਡਾ ਪਰਿਵਾਰ ਛੱਡ ਗਏ ਹਨ ਜਿਨ੍ਹਾਂ ਵਿਚੋਂ ਛੇ ਡਾਕਟਰ, ਪੰਜ ਨਰਸਾਂ ਅਤੇ ਇੱਕ ਇੰਜੀਨੀਅਰ ਵਜੋਂ ਸੈਂਟਰਲ ਵੈਲੀ ਵਿਚ ਤਾਇਨਾਤ ਹਨ। ਕਾਰੋਬਾਰ, ਸਮਾਜਕ ਅਤੇ ਸਭਿਆਚਾਰਕ ਖੇਤਰ ਵਿਚ ਸਰਗਰਮ ਇਸ ਪਰਿਵਾਰ ਦੇ ਮੈਂਬਰਾਂ ਵਿਚੋਂ ਤ੍ਰਿਲੋਕ ਮਿਨਹਾਸ ਨੇ ਕਹਾਣੀਕਾਰ ਵਜੋਂ, ਸੰਤੋਖ ਮਿਨਹਾਸ ਨੇ ਰੇਡੀਓ ਹੋਸਟ, ਬੱਬੂ ਮਿਨਹਾਸ ਅਤੇ ਦੀਪੀ ਮਿਨਹਾਸ ਨੇ ਕਾਰੋਬਾਰਾਂ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ। 'ਪੰਜਾਬ ਟਾਈਮਜ਼' ਦੇ ਕਾਲਮਨਵੀਸ ਮਰਹੂਮ ਕੁਲਵੰਤ ਰੁਮਾਣਾ ਸਵਰਗੀ ਇੰਦਰਜੀਤ ਸਿੰਘ ਮਿਨਹਾਸ ਦੇ ਛੋਟੇ ਦਾਮਾਦ ਸਨ।



ਦੁਆਬੇ ਦੇ ਪਿੰਡ ਪਧਿਆਣਾ ਵਿਚ ਸ਼ੁਰੂ ਹੋਇਆ ਇਨ੍ਹਾਂ ਦਾ ਸਫਰ ਮਾਲਵੇ ਦੇ ਸ਼ਹਿਰ ਕੋਟਕਪੂਰੇ ਵਿਚ ਪ੍ਰਵਾਨ ਚੜ੍ਹਿਆ ਤੇ ਸੱਤ ਸਮੁੰਦਰ ਪਾਰ ਅਮਰੀਕਾ ਦੇ ਸ਼ਹਿਰ ਫਰਿਜ਼ਨੋ ਵਿਚ ਸੰਪੰਨ ਹੋਇਆ। ਆਪਣੇ ਜਨਮ ਦੇ ਤਿੰਨ ਦਿਨਾਂ ਬਾਅਦ ਮਾਂ ਦੇ ਸਦੀਵੀ ਵਿਛੋੜੇ ਨੇ ਉਨ੍ਹਾਂ ਵਿਚ ਦਰਵੇਸ਼ੀ ਗੁਣ ਭਰ ਦਿੱਤੇ ਸਨ। ਲੋੜਵੰਦਾਂ ਦੀ ਮਦਦ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਕੋਟਕਪੂਰੇ ਵਿਚ ਸਮਾਜਕ ਅਤੇ ਵਿਦਿਅਕ ਅਦਾਰਿਆਂ ਲਈ ਦਿਲ ਖੋਲ੍ਹ ਕੇ ਮਦਦ ਦਿੱਤੀ। ਉਨ੍ਹਾਂ ਦੇ ਬੇਟੇ ਤ੍ਰਿਲੋਕ ਮਿਨਹਾਸ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਮੁਹੱਲੇ ਦਾ ਭਗਤ ਸਿੰਘ ਪਾਰਕ ਅਤੇ ਪ੍ਰਾਇਮਰੀ ਸਕੂਲ ਅਡਾਪਟ ਕੀਤਾ ਸੀ ਜਿੱਥੇ ਉਹ ਸਾਂਭ ਸੰਭਾਲ ਦੇ ਖਰਚੇ ਦੇ ਨਾਲ ਬੱਚਿਆਂ ਲਈ ਕਿਤਾਬਾਂ ਅਤੇ ਵਰਦੀਆਂ ਲਈ ਵੀ ਬਾਕਾਇਦਾ ਦਸਵੰਧ ਕੱਢਦੇ ਰਹਿੰਦੇ ਸਨ। ਗੁਰਦੁਆਰਾ ਨਾਨਕਸਰ ਦੇ ਹਸਪਤਾਲ ਦੇ ਉਹ ਟਰਸਟੀ ਸਨ।

ਫਰਿਜ਼ਨੋ ਦੀ ਟਰਿੱਕਲਰ ਸਿਮਿਟਰੀ ਵਿਚ ਅੰਤਮ ਰਸਮਾਂ ਵਿਚ ਵੱਡੀ ਗਿਣਤੀ ਵਿਚ ਹਾਜਰ ਰਿਸ਼ਤੇਦਾਰਾਂ ਅਤੇ ਹਮਦਰਦਾਂ ਵਿਚ ਵਿਸ਼ਵ ਸਾਹਿਤ ਅਕਾਦਮੀ, ਇੰਡੋ ਅਮਰੀਕਨ ਹੈਰੀਟੇਜ ਫੋਰਮ, ਇੰਡੋ ਯੂ. ਐਸ. ਹੈਰੀਟੇਜ ਐਸੋਸੀਏਸ਼ਨ, ਇੰਡੋ ਯੂ. ਐਸ. ਕਲਚਰਲ ਐਸੋਸੀਏਸ਼ਨ ਬੇਕਰਜ਼ਫੀਲਡ, ਜੀ. ਐਸ. ਜੀ. ਡਾਂਸ ਅਕੈਡਮੀ ਤੋਂ ਇਲਾਵਾ ਬਾਬਾ ਫਰੀਦ ਸੁਸਾਇਟੀ ਦੇ ਨੁਮਾਇੰਦਿਆਂ ਨੇ ਵੀ ਸ਼ਰਧਾਂਜਲੀ ਭੇਟ ਕੀਤੀ। ਇਸ ਦੁੱਖ ਦੀ ਘੜੀ ਵਿਚ ਮਿਲੇ ਸਾਥ ਤੇ ਮਿਲਵਰਤਣ ਲਈ ਉਨ੍ਹਾਂ ਦੇ ਬੇਟੇ ਸੰਤੋਖ ਮਿਨਹਾਸ ਨੇ ਪੰਜਾਬੀ ਰੇਡੀਓ ਯੂ. ਐਸ. ਏ., ਪੰਜਾਬ ਰੇਡੀਓ 620 ਅਤੇ ਕੇ. ਬੀ. ਆਈ. ਐਫ. 900 ਏ. ਐਮ. ਦੇ ਰੇਡੀਓ ਹੋਸਟਾਂ ਦਾ ਉਚੇਚਾ ਧੰਨਵਾਦ ਕੀਤਾ। ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਵਿਖੇ ਹੋਈ।

# ਬੀਬੀ ਹਰਜਿੰਦਰ ਕੌਰ ਦੇ ਚਲਾਣੇ 'ਤੇ ਅਫਸੋਸ ਦਾ ਪ੍ਰਗਟਾਵਾ

**ਸੈਕਰਾਮੈਂਟੋ (ਬਿਊਰੋ):** ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਨੇ ਬੀਬੀ ਹਰਜਿੰਦਰ ਕੌਰ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਜਥੇਬੰਦੀ ਇਸ ਪਰਿਵਾਰ ਵਲੋਂ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਅਤੇ ਝੱਲੇ ਕਸ਼ਟਾਂ ਅੱਗੇ ਸਿਰ ਨਿਵਾਉਂਦੀ ਹੈ।

ਬੀਬੀ ਬਲੱਗਣ ਨੇ 2011 ਦੇ ਗਦਰੀ ਬਾਬਿਆਂ ਦੇ ਮੇਲੇ ਵਿਚ ਗਦਰ ਪਾਰਟੀ ਦਾ ਝੰਡਾ ਝੁਲਾਉਣ ਦੀ ਰਸਮ ਅਦਾ ਕੀਤੀ ਸੀ। ਜ਼ਿਕਰਯੋਗ ਹੈ ਕਿ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਹਰ ਸਾਲ ਅਕਤੂਬਰ ਮਹੀਨੇ ਗਦਰੀ ਬਾਬਿਆਂ ਦੀ ਯਾਦ 'ਚ ਮੇਲਾ ਕਰਵਾਉਂਦੀ ਹੈ।




*ਬੀਬੀ ਹਰਜਿੰਦਰ ਕੌਰ (ਖੱਬਿਓਂ ਤੀਜੇ) ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਆਗੂਆਂ ਨਾਲ*

## ਮਨਪ੍ਰੀਤ ਬਾਦਲ ਲਈ ਸਿਰਦਰਦੀ ਬਣਿਆ ਥਰਮਲ ਵਾਲਾ ਫੈਸਲਾ

**ਬਠਿੰਡਾ:** ਇਕ ਵਰ੍ਹਾ ਪਹਿਲਾਂ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਬਠਿੰਡਾ ਵਿਚ ਭਰਵਾਂ ਸਵਾਗਤ ਹੋਇਆ ਸੀ। ਬਠਿੰਡਾ ਥਰਮਲ ਨੂੰ ਬੰਦ ਕਰਨ ਦੇ ਫੈਸਲੇ ਮਗਰੋਂ ਹੁਣ ਉਨ੍ਹਾਂ ਖਿਲਾਫ਼ ਨਾਅਰੇ ਗੂੰਜਣ ਲੱਗੇ ਹਨ। ਮਨਪ੍ਰੀਤ ਇਕ ਸਾਲ ਪਹਿਲਾਂ ਥਰਮਲ ਦੀਆਂ ਚਿਮਨੀਆਂ 'ਚੋਂ ਧੂੰਆਂ ਕੱਢਣ ਦੀ ਗੱਲ ਕਰਦੇ ਸਨ ਪਰ ਹੁਣ ਥਰਮਲ ਮੁਲਾਜ਼ਮਾਂ ਦੇ ਚੁੱਲ੍ਹੇ ਠੰਢੇ ਕਰਾ ਦਿੱਤੇ ਹਨ। ਬਠਿੰਡਾ ਪੁੱਜੇ ਖਜ਼ਾਨਾ ਮੰਤਰੀ ਨੂੰ ਕਾਲੇ ਝੰਡਿਆਂ ਕਰ ਕੇ ਨਮੋਸ਼ੀ ਝੱਲਣੀ ਪਈ।



ਪੁਲਿਸ ਨੇ ਭਾਵੇਂ ਪੂਰੀ ਵਾਹ ਲਾਈ ਪਰ ਥਰਮਲ ਮੁਲਾਜ਼ਮ ਇਕ ਦਿਨ ਵਿਚ ਦੋ ਵਾਰ ਵਿੱਤ ਮੰਤਰੀ ਨੂੰ ਕਾਲੇ ਝੰਡੇ ਦਿਖਾਉਣ ਵਿਚ ਸਫਲ ਰਹੇ। ਥਰਮਲ ਮੁਲਾਜ਼ਮਾਂ ਨੇ ਐਂਪਲਾਈਜ਼ ਤਾਲਮੇਲ ਕਮੇਟੀ ਅਤੇ ਕੱਚੇ ਕਾਮਿਆਂ ਦੀ ਐਸੋਸੀਏਸ਼ਨ ਦੀ ਅਗਵਾਈ ਵਿਚ ਖਜ਼ਾਨਾ ਮੰਤਰੀ ਨੂੰ ਕਾਲੇ ਝੰਡੇ ਦਿਖਾਏ। ਵਿੱਤ ਮੰਤਰੀ ਨੂੰ ਪਹਿਲਾਂ ਧੋਬੀਆਣਾ ਬਸਤੀ ਅਤੇ ਫਿਰ ਪੰਚਵਟੀ ਨਗਰ 'ਚ ਕਾਲੇ ਝੰਡੇ ਦਿਖਾਏ ਗਏ। ਅੱਕਿਆ ਹੋਇਆ ਇਕ ਮੁਲਾਜ਼ਮ ਤਾਂ ਖਜ਼ਾਨਾ ਮੰਤਰੀ ਦੀ ਗੱਡੀ ਅੱਗੇ ਹੀ ਲੇਟ ਗਿਆ, ਜਿਸ ਨੂੰ ਪੁਲਿਸ ਨੇ ਚੁੱਕ ਕੇ ਪਾਸੇ ਕੀਤਾ। ਨਾਅਰੇ ਮਾਰਨ ਵਾਲਿਆਂ ਨੂੰ ਪੁਲਿਸ ਨੇ ਹਿਰਾਸਤ ਵਿਚ ਵੀ ਲਿਆ ਪਰ ਵਿਰੋਧ ਹੋਣ ਮਗਰੋਂ ਛੱਡਣਾ ਪੈ ਗਿਆ। ਚੇਤੇ ਰਹੇ, ਬਠਿੰਡਾ ਥਰਮਲ ਨੂੰ ਬੰਦ ਕਰਾਉਣ ਵਿਚ ਖਜ਼ਾਨਾ ਮੰਤਰੀ ਨੇ ਮੋਹਰੀ ਭੂਮਿਕਾ ਨਿਭਾਈ ਸੀ।

## ਪਸ਼ਤੋ ਅਦਾਕਾਰਾ ਕਤਲ

**ਪਿਸ਼ਾਵਰ:** ਪਾਕਿਸਤਾਨ ਦੇ ਖੈਬਰ ਪਖਤੂਨਵਾ ਸੂਬੇ 'ਚ ਨਿਜੀ ਪ੍ਰੋਗਰਾਮ 'ਚ ਜਾਣ ਤੋਂ ਨਾਂਹ ਕਰਨ 'ਤੇ ਪਸ਼ਤੋ ਥਿਏਟਰ ਅਦਾਕਾਰਾ ਅਤੇ ਗਾਇਕਾ ਸੁੰਬਲ ਦੀ ਗੋਲੀਆਂ ਮਾਰ ਕੇ ਜਾਨ ਲੈ ਲਈ ਗਈ। ਬੰਦੂਕਧਾਰੀ ਅਦਾਕਾਰਾ ਦੇ ਘਰ ਆਏ ਅਤੇ ਉਸ ਨੂੰ ਨਾਲ ਚੱਲਣ ਲਈ ਆਖਿਆ ਪਰ ਸੁੰਬਲ ਨੇ ਇਨਕਾਰ ਕਰ ਦਿੱਤਾ ਤਾਂ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਗਈਆਂ।

ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ

ਸੰਪਰਕ ਕਰੋ: 262-391-7666

2-

ਸ਼ੈਫ/ਤੰਦੂਰੀਏ ਦੀ ਲੋੜ ਹੈ

ਲਾਸ ਵੇਗਸ, ਨੇਵਾਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਸ਼ੈਫ/ਤੰਦੂਰੀਏ ਦੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼ ਤੇ ਹੋਰ ਸਹੂਲਤਾਂ।



ਸੰਪਰਕ ਕਰੋ, ਦਲਜੀਤ ਢਿੱਲੋਂ

ਫੋਨ: 702-683-7532

4-7

ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਸੈਕਰਾਮੈਂਟੋ ਦੀ ਇਕ ਬਿਜ਼ੀ ਮਾਰਕਿਟ ਵਿਚ ਬਹੁਤ ਵਧੀਆ ਚਲਦਾ ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਆਮਦਨ 50-60 ਹਜ਼ਾਰ ਡਾਲਰ ਮਹੀਨਾ

ਤਿੰਨ ਸਬਵੇਅ ਅਤੇ ਇਕ ਡੇਲੀ ਡਿਲੀਸ਼ੀਅਸ ਵੀ ਵਿਕਾਊ ਹਨ

ਸੰਪਰਕ ਕਰੋ, ਸੈਮ ਚਾਹਲ ਫੋਨ: 916-612-5773

sam@samchahal.com

Broker Associate (01504071)

Golden State Realty

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973

DHMS-Gold Medalist, BAMS, MDEh.- India


**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਕਤਲੇਆਮ: ਟਾਈਟਲਰ ਨੂੰ ਪਿਆ ਚੁਫੇਰਿਉਂ ਘੇਰਾ

*(ਸਫਾ ਇਕ ਦੀ ਬਾਕੀ)*

ਨੂੰ 'ਕਲੀਨ ਚਿੱਟ' ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿੱਖਾਂ ਕੋਲੋਂ ਮੁਆਫੀ ਮੰਗਣ ਲਈ ਆਖਿਆ ਹੈ। ਇਹ ਮੰਗ ਵੀ ਉਠੀ ਹੈ ਕਿ ਨਵੇਂ ਖੁਲਾਸਿਆਂ ਨੂੰ ਸੁਪਰੀਮ ਕੋਰਟ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਸਾਹਮਣੇ ਸਬੂਤਾਂ ਸਮੇਤ ਪੇਸ਼ ਕੀਤਾ ਜਾਵੇ। ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਮੰਗ ਕੀਤੀ ਕਿ ਮਨਜੀਤ ਸਿੰਘ ਜੀ.ਕੇ. ਵੱਲੋਂ ਟਾਈਟਲਰ ਦੀ ਜਾਰੀ ਵੀਡੀਓ ਸੀ.ਬੀ.ਆਈ. ਨੂੰ ਸੌਂਪੀ ਜਾਵੇ। ਉਧਰ, ਭਾਜਪਾ ਦੇ ਕੌਮੀ ਸਕੱਤਰ ਆਰ.ਪੀ. ਸਿੰਘ ਅਤੇ ਭਾਜਪਾ ਦੇ ਬੁਲਾਰੇ ਹਰੀਸ਼ ਖੁਰਾਣਾ ਨੇ ਪੁਲਿਸ ਨੂੰ ਸ਼ਿਕਾਇਤ ਦੇ ਕੇ ਜਗਦੀਸ਼ ਟਾਈਟਲਰ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

ਦਾਅਵਾ ਕੀਤਾ ਜਾ ਰਿਹਾ ਹੈ ਕਿ ਟਾਈਟਲਰ 2009 ਵਿਚ ਕੇਂਦਰੀ ਮੰਤਰਾਲੇ ਵਿਚੋਂ ਕੱਢੇ ਜਾਣ ਪਿੱਛੋਂ ਨਾਰਾਜ਼ ਸੀ ਅਤੇ ਇਸੇ ਕਰ ਕੇ ਵੀਡੀਓ ਵਿਚ ਉਹ ਆਪਣੀਆਂ 'ਕੁਰਬਾਨੀਆਂ' ਗਿਣਵਾ ਰਿਹਾ ਸੀ। ਉਹ ਦਾਅਵਾ ਕਰ ਰਿਹਾ ਹੈ ਕਿ ਉਸ ਨੂੰ ਰਾਜ ਸਭਾ ਦੀ ਮੈਂਬਰੀ ਜਾਂ ਦਿੱਲੀ ਦਾ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ। ਟਾਈਟਲ ਦੇ ਇਸ ਬਿਆਨ 'ਤੇ ਸਵਾਲ ਉਠਦੇ ਹਨ ਕਿ ਉਸ ਨੂੰ ਕਾਂਗਰਸ ਵੱਲੋਂ ਮੂੰਹ ਨਾ ਖੋਲ੍ਹਣ ਲਈ ਹੀ ਇਹ ਪੇਸ਼ਕਸ਼ਾਂ ਦਿੱਤੀਆਂ ਜਾ ਰਹੀਆਂ ਸਨ? ਵਿਰੋਧੀ ਧਿਰਾਂ ਨੇ ਸਵਾਲ ਕੀਤਾ ਹੈ ਕਿ ਹੁਣ ਇਹ ਲਾਜ਼ਮੀ ਬਣਦਾ ਹੈ ਕਿ ਅਦਾਲਤਾਂ ਗਾਂਧੀ ਪਰਿਵਾਰ ਤੋਂ ਪੁੱਛਣ ਕਿ ਜਿਸ ਅਪਰਾਧੀ ਦੇ ਹੱਥਾਂ ਉਤੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਖੂਨ ਲੱਗਿਆ ਹੋਇਆ ਸੀ, ਉਸ ਨੂੰ ਅਜਿਹੇ ਲਾਲਚ ਕਿਉਂ ਦਿੱਤੇ ਜਾ ਰਹੇ ਸਨ।

# ਪਰਵਾਸ ਦੇ ਨਾਂ ਹੇਠ ਟਰੈਵਲ ਏਜੰਟਾਂ ਦੀ ਖੂਨੀ ਖੇਡ

*(ਸਫਾ ਇਕ ਦੀ ਬਾਕੀ)*

ਬੰਗਲੌਰ, ਗੁਹਾਟੀ ਤੇ ਹੋਰ ਥਾਂਵਾਂ ਉਤੇ ਇਸ ਗਰੋਹ ਵੱਲੋਂ ਬੰਦੀ ਬਣਾ ਕੇ ਰੱਖੇ ਸਨ। ਇਨ੍ਹਾਂ ਖੁਲਾਸਿਆਂ ਪਿੱਛੋਂ ਏਜੰਟਾਂ ਖਿਲਾਫ ਸਖਤੀ ਬਾਰੇ ਸਰਕਾਰੀ ਦਾਅਵਿਆਂ 'ਤੇ ਵੀ ਸਵਾਲ ਉਠਣ ਲੱਗੇ ਹਨ।

ਪਿਛਲੇ ਤਕਰੀਬਨ ਤਿੰਨ ਦਹਾਕਿਆਂ ਤੋਂ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਦਾ ਧੰਦਾ ਜ਼ੋਰ-ਸ਼ੋਰ ਨਾਲ ਵਧਿਆ ਹੈ। ਹਰ ਵਾਰ ਕੋਈ ਹੋਣੀ ਵਾਪਰਨ ਪਿੱਛੋਂ ਸਰਕਾਰਾਂ ਇਹੀ ਦਾਅਵਾ ਕਰਦੀਆਂ ਹਨ ਕਿ ਏਜੰਟਾਂ 'ਤੇ ਸ਼ਿਕੰਜੇ ਲਈ ਸਖਤ ਕਾਨੂੰਨ ਲਿਆਂਦਾ ਜਾਵੇਗਾ, ਪਰ ਸਰਕਾਰੀ ਦਾਅਵੇ ਕਦੇ ਕਾਗਜ਼ਾਂ ਵਿਚੋਂ ਬਾਹਰ ਨਹੀਂ ਨਿਕਲੇ। ਇਸੇ ਕਾਰਨ ਜਿਥੇ ਝੂਠੇ ਐਲਾਨਾਮਿਆਂ, ਵਾਅਦਿਆਂ ਅਤੇ ਜਾਅਲੀ ਵੀਜ਼ਾ ਬਣਾਉਣ ਦੀਆਂ ਘਟਨਾਵਾਂ ਵਧਦੀਆਂ ਗਈਆਂ, ਉਥੇ ਲੋਕਾਂ ਨੂੰ ਉਨ੍ਹਾਂ ਦੇ ਮਿਥੇ ਟੀਚੇ ਤੱਕ ਨਾ ਪਹੁੰਚਾ ਕੇ ਉਨ੍ਹਾਂ ਨੂੰ ਕਿਸੇ ਅਣਜਾਣ ਥਾਂ, ਜੰਗਲਾਂ ਵਿਚਾਲੇ ਛੱਡ ਦੇਣ, ਸਮੁੰਦਰਾਂ ਵਿਚ ਡੁਬੋ ਕੇ ਮਾਰ ਦੇਣ ਜਾਂ ਦੂਜੇ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਪਹੁੰਚਾ ਦੇਣ ਦੀਆਂ ਘਟਨਾਵਾਂ ਵੀ ਬੜੀ ਤੇਜ਼ੀ ਨਾਲ ਵਧੀ ਰਹੀਆਂ ਹਨ। ਪਿਛਲੇ ਹਫਤੇ ਲੀਬੀਆ ਦੇ ਕੰਢੇ 'ਤੇ ਨਾਜਾਇਜ਼ ਢੰਗ ਨਾਲ ਵੱਡੀ ਕਿਸ਼ਤੀ ਵਿਚ ਇਟਲੀ ਅਤੇ ਯੂਰਪ ਵਿਚ ਦਾਖਲ ਹੋਣ ਜਾ ਰਹੇ 90 ਜਣੇ ਸਮੁੰਦਰ ਵਿਚ ਡੁੱਬ ਕੇ ਮਰ ਗਏ ਸਨ। ਇਸ ਸਰਹੱਦ 'ਤੇ ਪਿਛਲੇ ਪੰਜ ਸਾਲਾਂ ਵਿਚ 16000 ਲੋਕ ਇਸੇ ਤਰ੍ਹਾਂ ਸਮੁੰਦਰ ਵਿਚ ਡੁੱਬ ਕੇ ਮਾਰੇ ਜਾ ਚੁੱਕੇ ਹਨ।

ਪਿਛਲੇ ਇਕ-ਦੋ ਸਾਲਾਂ ਤੋਂ ਅਰਬ ਦੇਸ਼ਾਂ ਵਿਚ ਰੁਜ਼ਗਾਰ ਲਈ ਗਈਆਂ ਔਰਤਾਂ ਨੂੰ ਉਥੇ ਦੇ ਧਨੀ ਸ਼ੇਖਾਂ ਵੱਲੋਂ ਬੰਦੀ ਬਣਾ ਕੇ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕੀਤੇ ਜਾਣ ਦੀਆਂ ਘਟਨਾਵਾਂ ਵਿਚ ਇਕਦਮ ਵਾਧਾ ਹੋਇਆ ਹੈ। ਨੌਜਵਾਨ ਕੁੜੀਆਂ ਨੂੰ ਕੀਨੀਆ ਦੇ ਮੁਜਰਾ ਘਰਾਂ ਵਿਚ ਕੈਦ ਕਰਨ ਅਤੇ ਉਨ੍ਹਾਂ ਤੋਂ ਜ਼ਬਰਦਸਤੀ ਮੁਜਰੇ ਕਰਾਏ ਜਾਣ ਦੀਆਂ ਘਟਨਾਵਾਂ ਦਾ ਵੀ ਪਰਦਾਫਾਸ਼ ਇਸੇ ਸਾਲ ਜਨਵਰੀ ਵਿਚ ਹੋਇਆ। ਇਨ੍ਹਾਂ ਕੁੜੀਆਂ ਵਿਚੋਂ ਤਿੰਨ ਪੰਜਾਬ ਦੀਆਂ ਸਨ।

## ਲੋਕਤੰਤਰ ਸੂਚਕ ਅੰਕ 'ਚ ਭਾਰਤ ਖਿਸਕਿਆ

**ਨਵੀਂ ਦਿੱਲੀ:** ਰੂੜ੍ਹੀਵਾਦੀ ਧਾਰਮਿਕ ਵਿਚਾਰਧਾਰਾ, ਘੱਟ ਗਿਣਤੀਆਂ ਖਿਲਾਫ਼ ਹਿੰਸਾ, ਵਧੇਰੇ ਚੌਕਸੀ ਅਤੇ ਵਿਰੋਧ ਵਿਚ ਵਾਧੇ ਕਾਰਨ ਭਾਰਤ ਸਾਲਾਨਾ ਆਲਮੀ ਲੋਕਤੰਤਰ ਸੂਚਕ ਅੰਕ ਵਿਚ 42ਵੇਂ ਸਥਾਨ ਉਤੇ ਖਿਸਕ ਗਿਆ ਹੈ। ਜਦੋਂ ਕਿ ਨਾਰਵੇ ਆਈਸਲੈਂਡ ਅਤੇ ਸਵੀਡਨ ਨਾਲ ਸਿਖਰਲੇ ਸਥਾਨ 'ਤੇ ਬਰਕਰਾਰ ਹੈ।

ਸੂਚਕ ਅੰਕ ਸਬੰਧੀ ਅੰਕੜੇ ਅਰਥਸ਼ਾਸਤਰੀ ਖੁਫੀਆ ਯੂਨਿਟ ਨੇ ਇਕੱਠ ਕੀਤੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਭਾਰਤ ਬੀਤੇ ਵਰ੍ਹੇ ਦੇ ਸੂਚੀ ਵਿਚਲੇ 32ਵੇਂ ਸਥਾਨ ਤੋਂ 10 ਅੰਕ ਖਿਸਕ ਕੇ 42 ਸਥਾਨ ਉਤੇ ਪੁੱਜ ਗਿਆ ਹੈ। ਇਹ ਸੂਚਕਾਂਕ 165 ਖੁਦਮੁਖਤਾਰ ਮੁਲਕਾਂ ਅਤੇ ਦੋ ਖਿੱਤਿਆਂ ਦੇ ਪੰਜ ਵਰਗਾਂ, ਚੋਣ ਪ੍ਰਕਿਰਿਆ ਅਤੇ ਬਹੁਲਵਾਦ, ਸਮਾਜਿਕ ਆਜ਼ਾਦੀ, ਸਰਕਾਰ ਦੀ ਕਾਰਗੁਜ਼ਾਰੀ, ਰਾਜਨੀਤਕ ਭਾਈਵਾਲੀ ਅਤੇ ਰਾਜਨੀਤਕ ਸਭਿਆਚਾਰ ਉਤੇ ਅਧਾਰਤ ਹੁੰਦਾ ਹੈ।

ਇਹ ਸੂਚੀ ਚਾਰ ਵੱਡੇ ਵਰਗਾਂ ਪੂਰਨ ਲੋਕਤੰਤਰ, ਅਪੂਰਨ ਲੋਕਤੰਤਰ, ਦੋਗਲਾ ਸ਼ਾਸਨ ਅਤੇ ਤਾਨਾਸ਼ਾਹੀ ਸ਼ਾਸਨ ਵਿਚ ਵੰਡੀ ਹੁੰਦੀ ਹੇ। ਇਸ ਸੂਚੀ ਵਿਚ ਅਮਰੀਕਾ 21ਵੇਂ ਜਦੋਂ ਕਿ ਜਾਪਾਨ, ਇਟਲੀ, ਫਰਾਂਸ, ਇਜ਼ਰਾਈਲ, ਸਿੰਗਾਪੁਰ ਅਤੇ ਹਾਂਗਕਾਂਗ ਅਪੂਰਨ ਲੋਕਤੰਤਰੀ ਮੁਲਕਾਂ ਦੀ ਸੂਚੀ ਵਿਚ ਸ਼ੁਮਾਰ ਹਨ।

# ਮੋਦੀ ਲਹਿਰ ਨੂੰ ਲੱਗੀ ਢਾਹ

*(ਸਫਾ ਇਕ ਦੀ ਬਾਕੀ)*

ਹੁਣ ਇਹ ਫੀਸਦੀ 40 ਰਹੀ। ਇਸ ਤੋਂ ਉਲਟ ਕਾਂਗਰਸ ਦੇ ਵੋਟ-ਸ਼ੇਅਰ 'ਚ 25 ਫੀਸਦੀ ਇਜ਼ਾਫਾ ਹੋਇਆ। ਅਜਮੇਰ ਵਿਚ ਕਾਂਗਰਸ ਦਾ ਵੋਟ-ਸ਼ੇਅਰ 11 ਫੀਸਦੀ ਵਧਿਆ ਤੇ ਭਾਜਪਾ ਦਾ 10 ਫੀਸਦੀ ਘਟਿਆ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦਾ ਦਾਅਵਾ ਹੈ ਕਿ ਉਸ ਨੂੰ ਇਨ੍ਹਾਂ ਹਲਕਿਆਂ ਵਿਚ ਪਾਰਟੀ ਦੀ ਹਾਰ ਹੋਣ ਦੇ ਅੰਦੇਸ਼ੇ ਸਨ। ਉਹ ਇਨ੍ਹਾਂ ਹਾਰਾਂ ਲਈ ਅਸਿੱਧੇ ਤੌਰ ਉਤੇ ਮੁੱਖ ਮੰਤਰੀ ਵਸੁੰਧਰਾ ਰਾਜੇ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ।

ਮੋਦੀ ਲਹਿਰ ਨੂੰ ਲੱਗੀ ਢਾਹ

ਨਵੀਂ ਦਿੱਲੀ: ਆਪਣੇ ਆਖਰੀ ਕੇਂਦਰੀ ਬਜਟ ਵਿਚ ਨਰੇਂਦਰ ਮੋਦੀ ਸਰਕਾਰ ਨੇ ਭਾਵੇਂ ਆਪਣੀਆਂ ਸਾਰੀਆਂ ਯੋਜਨਾਵਾਂ 2022 'ਤੇ ਕੇਂਦਰਿਤ ਕਰ ਦਿੱਤੀਆਂ, ਪਰ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ 'ਪੰਜ ਸਾਲ ਹੋਰ ਸੱਤਾ' ਵਾਲਾ ਰਾਤ ਇੰਨਾ ਸੌਖਾ ਵੀ ਨਹੀਂ ਹੈ। ਗੁਜਰਾਤ ਵਿਧਾਨ ਸਭਾ ਵਿਚ ਕਾਂਗਰਸ ਦੇ ਉਭਾਰ ਪਿੱਛੋਂ ਰਾਜਸਥਾਨ ਵਿਚ ਭਾਜਪਾ ਨੂੰ ਲੱਗੇ ਝਟਕਿਆਂ ਨੇ ਭਗਵਾ ਧਿਰ ਨੂੰ ਸੋਚੀਂ ਪਾ ਦਿੱਤਾ ਹੈ। ਭਾਜਪਾ ਨੂੰ ਅਜਮੇਰ ਤੇ ਅਲਵਰ ਲੋਕ ਸਭਾ ਸੀਟਾਂ ਅਤੇ ਮੰਡਲਗੜ੍ਹ ਵਿਧਾਨ ਸਭਾ ਹਲਕੇ ਵਿਚ ਕਰਾਰੀ ਹਾਰ ਮਿਲੀ ਹੈ। ਇਨ੍ਹਾਂ ਨਤੀਜਆ ਦੀ ਤਾਂ ਸ਼ਾਇਦ ਕਾਂਗਰਸ ਨੂੰ ਵੀ ਉਮੀਦ ਨਹੀਂ ਸੀ। ਭਾਜਪਾ ਦੀ ਇਹ ਹਾਰ ਫਿਲਮ 'ਪਦਮਾਵਤ' ਦੀ ਰਿਲੀਜ਼ ਦੇ ਕੁਝ ਦਿਨਾਂ ਬਾਅਦ ਹੋਈ ਹੈ।

ਦੱਸਣਯੋਗ ਹੈ ਕਿ ਭਾਜਪਾ ਸਰਕਾਰ ਰਾਜਪੂਤ ਕਰਨੀ ਸੈਨਾ ਦੀ ਪੂਰੀ ਤਰ੍ਹਾਂ ਸਮਰਥਨ ਕਰ ਰਹੀ ਸੀ ਜਿਸ ਨੇ ਫਿਲਮ ਦੀ ਰਿਲੀਜ਼ ਨੂੰ ਰੋਕਣ ਲਈ ਵਿਰੋਧ ਪ੍ਰਦਰਸ਼ਨ ਕੀਤਾ। ਇਸ ਦਾ ਭਾਜਪਾ ਨੂੰ ਕੋਈ ਲਾਭ ਨਹੀਂ ਹੋਇਆ, ਕਿਉਂਕਿ ਅਜਮੇਰ ਜਿਥੇ ਰਾਜਪੂਤਾਂ ਦੀ ਵਧ ਆਬਾਦੀ ਹੈ, ਵਿਚ ਪਾਰਟੀ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਭਾਜਪਾ ਨੇ 2014 ਦੀਆਂ ਵਿਚ ਸਾਰੀਆਂ 25 ਲੋਕ ਸਭਾ ਸੀਟਾਂ ਉਤੇ ਜਿੱਤ ਦਰਜ ਕੀਤੀ ਸੀ। ਇਸ ਜਿੱਤ ਨਾਲ ਕਾਂਗਰਸ ਦੀ ਲੋਕ ਸਭਾ ਵਿਚ ਤਾਕਤ ਵਧ ਕੇ 48 ਹੋ ਗਈ ਹੈ।

ਭਾਜਪਾ ਦੇ ਵੋਟ-ਸ਼ੇਅਰ ਨੂੰ ਲੱਗਿਆ ਵੱਡਾ ਖੋਰਾ ਤਿੰਨਾਂ ਜਿੱਤਾਂ ਦਾ ਜ਼ਿਕਰਯੋਗ ਪੱਖ ਹੈ। ਅਲਵਰ ਵਿਚ 2014 'ਚ ਭਾਜਪਾ ਨੂੰ 60 ਫੀਸਦੀ ਵੋਟਾਂ ਪਈਆਂ ਸਨ, ਹੁਣ ਇਹ ਫੀਸਦੀ 40 ਰਹੀ। ਇਸ ਤੋਂ ਉਲਟ ਕਾਂਗਰਸ ਦੇ ਵੋਟ-ਸ਼ੇਅਰ 'ਚ 25 ਫੀਸਦੀ ਇਜ਼ਾਫਾ ਹੋਇਆ। ਅਜਮੇਰ ਵਿਚ ਕਾਂਗਰਸ ਦਾ ਵੋਟ-ਸ਼ੇਅਰ 11 ਫੀਸਦੀ ਵਧਿਆ ਤੇ ਭਾਜਪਾ ਦਾ 10 ਫੀਸਦੀ ਘਟਿਆ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦਾ ਦਾਅਵਾ ਹੈ ਕਿ ਉਸ ਨੂੰ ਇਨ੍ਹਾਂ ਹਲਕਿਆਂ ਵਿਚ ਪਾਰਟੀ ਦੀ ਹਾਰ ਹੋਣ ਦੇ ਅੰਦੇਸ਼ੇ ਸਨ। ਉਹ ਇਨ੍ਹਾਂ ਹਾਰਾਂ ਲਈ ਅਸਿੱਧੇ ਤੌਰ ਉਤੇ ਮੁੱਖ ਮੰਤਰੀ ਵਸੁੰਧਰਾ ਰਾਜੇ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ।

## ਫੀਦਲ ਕਾਸਤਰੋ ਦੇ ਪੁੱਤ ਵੱਲੋਂ ਖੁਦਕੁਸ਼ੀ

**ਹਵਾਨਾ:** ਕਿਊਬਾ ਦੇ ਮਰਹੂਮ ਕ੍ਰਾਂਤੀਕਾਰੀ ਨੇਤਾ ਫੀਦਲ ਕਾਸਤਰੋ ਦੇ ਪੁੱਤਰ ਫੀਦਲ ਇੰਜੇਲ ਕਾਸਤਰੋ ਡਿਆਜ ਬਲਾਰਟ (68) ਨੇ ਹਵਾਨਾ 'ਚ ਆਤਮ ਹੱਤਿਆ ਕਰ ਲਈ। ਉਹ ਡਿਪ੍ਰੈਸ਼ਨ ਤੋਂ ਪੀੜਤ ਸੀ। ਉਸ ਨੂੰ 'ਫੀਦਲਿਟੋ' ਨਾਮ ਨਾਲ ਜਾਣਿਆ ਜਾਂਦਾ ਸੀ ਅਤੇ ਕਾਸਤਰੋ ਦੀ ਪਹਿਲੀ ਸੰਤਾਨ ਸੀ।

ਬੀ.ਬੀ.ਸੀ. ਅਨੁਸਾਰ ਕਾਸਤਰੋ ਡਿਆਜ ਬਲਾਰਟ ਪਰਮਾਣੂ ਵਿਗਿਆਨੀ ਦੇ ਤੌਰ 'ਤੇ ਕੰਮ ਕਰ ਰਿਹਾ ਸੀ। ਡਾਕਟਰਾਂ ਦੀ ਇਕ ਟੀਮ ਪਿਛਲੇ ਕਈ ਮਹੀਨਿਆਂ ਤੋਂ ਬਲਾਰਟ ਦਾ ਇਲਾਜ ਕਰ ਰਹੀ ਸੀ। ਉਹ ਕਿਊਬਾ ਕੌਂਸਲ ਆਫ ਸਟੇਟ ਦੇ ਵਿਗਿਆਨਕ ਸਲਾਹਕਾਰ ਸੀ ਅਤੇ ਕਿਊਬਾ ਦੀ ਅਕਾਦਮੀ ਆਫ ਸਾਇੰਸਜ਼ ਦਾ ਪ੍ਰਧਾਨ ਵੀ ਰਹਿ ਚੁੱਕਾ ਸੀ। ਜ਼ਿਕਰਯੋਗ ਹੈ ਕਿ ਬਲਾਰਟ ਦੇ ਪਿਤਾ ਫੀਦਲ ਕਾਸਤਰੋ ਦਾ ਵੀ ਨਵੰਬਰ 2016 'ਚ ਦਿਹਾਂਤ ਹੋ ਗਿਆ ਸੀ।

# ਗਰੀਨ ਕਾਰਡ: ਭਾਰਤੀਆਂ ਦੇ ਹੱਕ ਵਿਚ ਨਿੱਤਰੇ ਅਮਰੀਕੀ ਕਾਨੂੰਨਸਾਜ਼

**ਵਾਸ਼ਿੰਗਟਨ:** ਅਮਰੀਕਾ ਦੇ ਛੇ ਅਸਰਦਾਰ ਕਾਨੂੰਨਸਾਜ਼ਾਂ ਨੇ ਹੁਨਰਮੰਦ ਭਾਰਤੀਆਂ ਦੀ ਹਮਾਇਤ ਕਰਦਿਆਂ ਗਰੀਨ ਕਾਰਡਾਂ ਦੀ ਅਲਾਟਮੈਂਟ 'ਚ ਪ੍ਰਤੀ ਮੁਲਕ ਹੱਦ ਨੂੰ ਖਤਮ ਕਰਨ ਦੀ ਵਕਾਲਤ ਕੀਤੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਮੌਜੂਦਾ ਪ੍ਰਣਾਲੀ ਕਰ ਕੇ 15 ਲੱਖ ਲੋਕ ਬੈਕਲਾਗ ਦੇ ਘੇਰੇ 'ਚ ਫਸੇ ਹੋਏ ਹਨ ਜਿਸ ਦਾ ਅਮਰੀਕਾ ਨੂੰ ਨੁਕਸਾਨ ਹੋ ਰਿਹਾ ਹੈ। ਇਸ ਕਾਰਨ ਹੁਨਰਮੰਦ ਭਾਰਤੀਆਂ ਨੂੰ 70 ਸਾਲ ਤੱਕ ਦੀ ਉਡੀਕ ਕਰਨੀ ਪੈ ਸਕਦੀ ਹੈ।

ਸੂਚਨਾ ਤਕਨਾਲੋਜੀ, ਵਿਗਿਆਨੀਆਂ ਅਤੇ ਅਕਾਦਮੀਸ਼ੀਅਨਾਂ ਸਣੇ ਹੋਰ ਖੇਤਰਾਂ ਦੇ ਹੁਨਰਮੰਦ ਕਰੀਬ 200 ਭਾਰਤੀਆਂ ਨੇ ਸੋਮਵਾਰ ਨੂੰ ਅਮਰੀਕੀ ਸੰਸਦ ਨੇੜੇ ਇਕੱਠੇ ਹੋ ਕੇ ਕਾਨੂੰਨਸਾਜ਼ਾਂ ਦੇ ਦਫਤਰਾਂ ਦਾ ਦੌਰਾ ਕੀਤਾ। ਬਾਅਦ 'ਚ ਸ਼ਾਮ ਨੂੰ ਅੱਧਾ ਦਰਜਨ ਕਾਨੂੰਨਸਾਜ਼ ਭਾਰਤੀਆਂ ਦੀ ਹਮਾਇਤ 'ਚ ਸਾਹਮਣੇ ਆਏ, ਜੋ ਕੈਲੀਫੋਰਨੀਆ ਸਣੇ ਹੋਰ ਥਾਂਵਾਂ ਤੋਂ ਇੰਮੀਗਰੇਸ਼ਨ ਵੁਆਇਸ ਦੇ ਅਮਨ ਕਪੂਰ ਦੀ ਅਗਵਾਈ ਹੇਠ ਇਥੇ ਪੁੱਜੇ ਸਨ।

ਕਾਂਗਰਸਮੈਨ ਕੇਵਿਨ ਯੋਡਰ ਨੇ ਭਾਰਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਾਰੇ ਲੋਕਾਂ ਲਈ ਅਮਰੀਕਾ ਦੇ ਦਰਵਾਜ਼ੇ ਖੁੱਲ੍ਹੇ ਰੱਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਆਓ-ਪਹਿਲਾਂ ਪਾਓ ਦੇ ਆਧਾਰ 'ਤੇ ਵੀਜ਼ਾ ਪ੍ਰਣਾਲੀ ਹੋਣੀ ਚਾਹੀਦੀ ਹੈ। ਇਕ ਹੋਰ ਕਾਂਗਰਸਮੈਨ ਮਾਈਕ ਡੋਇਲ ਨੇ ਐਚ.ਆਰ-392 ਦੀ ਹਮਾਇਤ ਕੀਤੀ ਅਤੇ ਕਿਹਾ ਕਿ ਪਿੱਟਸਬਰਗ ਪ੍ਰਤਿਭਾਵਾਨ ਲੋਕਾਂ ਦੇ ਆਉਣ ਅਤੇ ਕੰਮ ਕਰਨ ਦੀ ਉਡੀਕ ਕਰ ਰਿਹਾ ਹੈ। ਕਾਂਗਰਸਮੈਨ ਰੋਨ ਐਸਟਿਸ ਨੇ ਕਿਹਾ ਕਿ ਕਾਂਗਰਸ ਨੂੰ ਇਸ ਮਸਲੇ 'ਤੇ ਅਜੇ ਬਹੁਤ ਕੰਮ ਕਰਨਾ ਬਾਕੀ ਹੈ।

# ਭਾਰਤੀ ਅਫਸਰਾਂ 'ਤੇ ਰੋਕਾਂ ਤੋਂ ਪਿੱਛੇ ਹਟੀਆਂ ਪ੍ਰਬੰਧਕ ਕਮੇਟੀਆਂ

**ਵੈਨਕੂਵਰ:** ਕੈਨੇਡਾ ਅਤੇ ਅਮਰੀਕਾ ਸਥਿਤ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਬੀਤੀ ਦਸੰਬਰ ਵਿਚ ਭਾਰਤੀ ਸਫਾਰਤੀ ਅਫਸਰਾਂ ਨੂੰ ਲਾਂਭੇ ਰੱਖਣ ਲਈ ਜਾਰੀ ਸਹਿਮਤੀਆਂ ਤੋਂ ਹੁਣ ਕੁਝ ਪ੍ਰਬੰਧਕ ਕਮੇਟੀਆਂ ਪੈਰ ਖਿੱਚਣ ਲੱਗੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਹਿਮਤੀ ਵੇਲੇ ਕਿਸੇ ਮੀਟਿੰਗ ਵਿਚ ਨਹੀਂ ਗਏ ਸਨ। ਕੁਝ ਦਾ ਕਹਿਣਾ ਹੈ ਕਿ ਉਹ ਪਾਬੰਦੀਆਂ ਵਾਲੀ ਸੂਚੀ 'ਚ ਆਪਣਾ ਨਾਂ ਵੇਖ ਕੇ ਹੈਰਾਨ ਹੋਏ ਸਨ। ਵੈਨਕੂਵਰ ਸਥਿਤ ਭਾਰਤੀ ਕੌਂਸੁਲੇਟ ਦੇ ਸੂਤਰਾਂ ਮੁਤਾਬਕ ਸਫਾਰਤੀ ਅਫਸਰਾਂ 'ਚੋਂ ਕੋਈ ਵੀ ਕਦੇ ਕਿਸੇ ਗੁਰਦੁਆਰੇ ਦੀ ਸਟੇਜ ਸਾਂਝੀ ਕਰਨ ਨਹੀਂ ਗਿਆ।

ਆਮ ਸਿੱਖਾਂ ਦਾ ਕਹਿਣਾ ਹੈ ਕਿ ਇਹ ਪਤਾ ਲਾਉਣਾ ਜ਼ਰੂਰੀ ਹੈ ਕਿ ਪਾਬੰਦੀ ਵਾਲਾ ਫਾਰਮੂਲਾ ਕਿਸ ਦੀ ਸੋਚ ਸੀ। ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਣ ਕਾਰਨ ਸਹਿਮਤੀ ਬਾਰੇ ਅਣਜਾਣਤਾ ਪ੍ਰਗਟ ਕਰਨ ਵਾਲੇ ਪ੍ਰਧਾਨ ਆਪਣੀ ਪਛਾਣ ਗੁਪਤ ਰੱਖਣਾ ਚਾਹੁੰਦੇ ਹਨ, ਪਰ ਸਰੀ ਸਥਿਤ ਗੁਰਦੁਆਰਾ ਦੂਖ ਨਿਵਾਰਨ ਕਮੇਟੀ ਦੇ ਪ੍ਰਧਾਨ ਨੇ ਬੇਝਿਜਕ ਹੋ ਕੇ ਕਿਹਾ ਕਿ ਉਨ੍ਹਾਂ ਵਿਚੋਂ ਕੋਈ ਵੀ ਅਜਿਹੀ ਕਿਸੇ ਮੀਟਿੰਗ 'ਚ ਸ਼ਾਮਲ ਨਹੀਂ ਹੋਇਆ ਸੀ ਜਿਥੇ ਇਹ ਮਤਾ ਪਾਸ ਹੋਇਆ, ਪਰ ਉਨ੍ਹਾਂ ਨੂੰ ਵੀ ਪਾਬੰਦੀਆਂ ਲਾਉਣ ਵਾਲਿਆਂ ਦੀ ਸੂਚੀ 'ਚ ਸ਼ਾਮਲ ਕਰ ਲਿਆ ਗਿਆ।

ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਜਨਰਲ ਅਮਰਜੀਤ ਸਿੰਘ ਨੇ ਕਿਹਾ ਕਿ ਉਹ ਧਾਰਮਿਕ ਆਸਥਾ ਕਾਰਨ ਤਾਂ ਗੁਰਦੁਆਰੇ ਜ਼ਰੂਰ ਜਾਂਦੇ ਹਨ, ਪਰ ਕਿਸੇ ਧਾਰਮਿਕ ਸਟੇਜ ਤੋਂ ਸੰਬੋਧਨ ਨਹੀਂ ਕੀਤਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**


(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਮਾਨੇਸਰ ਜਮੀਨ ਘੁਟਾਲਾ: ਹੁੱਡਾ ਖਿਲਾਫ ਦੋਸ਼ ਪੱਤਰ ਦਾਇਰ

**ਪੰਚਕੂਲਾ:** ਮਾਨੇਸਰ ਜਮੀਨ ਘੁਟਾਲੇ ਵਿਚ ਸੀ.ਬੀ.ਆਈ. ਵੱਲੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਸਮੇਤ ਕੁਝ ਬਿਲਡਰਾਂ ਸਣੇ 33 ਲੋਕਾਂ ਖਿਲਾਫ਼ ਪੰਚਕੂਲਾ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਦੋਸ਼ ਪੱਤਰ ਦਾਇਰ ਕੀਤਾ ਹੈ। ਇਸ ਵਿਚ ਭ੍ਰਿਸ਼ਟਾਚਾਰ, ਧੋਖਾਧੜੀ ਅਤੇ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਇਸ ਚਾਰ ਸੌ ਪੰਨਿਆਂ ਦੇ ਦੋਸ਼ ਪੱਤਰ (ਚਾਰਜਸ਼ੀਟ), ਜਿਸ ਨਾਲ ਇਕ ਹਜ਼ਾਰ ਦਸਤਾਵੇਜ਼ ਲਾਏ ਹਨ, ਵਿਚ ਦੋਸ਼ ਲਾਏ ਗਏ ਹਨ ਕਿ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਕਾਰਜਕਾਲ ਵਿਚ ਸੈਂਕੜੇ ਏਕੜ ਜਮੀਨ ਐਕੁਆਇਰ ਕਰਨ ਦੇ ਡਰਾਵੇ ਨਾਲ ਬਿਲਡਰਾਂ ਨੂੰ ਗਲਤ ਢੰਗ ਨਾਲ ਖਰੀਦਣ ਦਾ ਮੌਕਾ ਦਿੱਤਾ।

ਇਸ ਮਾਮਲੇ ਤਹਿਤ ਸੀ.ਬੀ.ਆਈ. ਟੀਮ ਦਸਤਾਵੇਜ਼ਾਂ ਨਾਲ ਭਰੀਆਂ ਦੋ ਅਲਮਾਰੀਆਂ ਲੈ ਕੇ ਅਦਾਲਤ ਪੁੱਜੀ। ਇਹ ਮਾਮਲਾ ਮਾਨੇਸਰ ਦੇ ਸਾਬਕਾ ਸਰਪੰਚ ਓਮ ਪ੍ਰਕਾਸ਼ ਯਾਦਵ ਦੀ ਸ਼ਿਕਾਇਤ ਉਤੇ ਸਰਕਾਰ ਦੀ ਸਿਫਾਰਸ਼ ਉਤੇ ਸੀ.ਬੀ.ਆਈ. ਨੂੰ ਸੌਂਪਿਆ ਸੀ। ਜ਼ਿਕਰਯੋਗ ਹੈ ਕਿ ਮਾਨੇਸਰ ਜਮੀਨ ਘੁਟਾਲੇ ਵਿਚ ਹੀ 12 ਅਪਰੈਲ 2017 ਨੂੰ ਸੁਪਰੀਮ ਕੋਰਟ ਨੇ ਫੈਸਲਾ ਸੁਰੱਖਿਅਤ ਰੱਖਿਆ ਸੀ ਅਤੇ ਸੀ.ਬੀ.ਆਈ. ਨੂੰ ਜਾਂਚ ਰਿਪੋਰਟ ਪੇਸ਼ ਕਰਨ ਲਈ ਚਾਰ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ।

ਇਸ ਮਾਮਲੇ ਵਿਚ ਤਕਰੀਬਨ 400 ਏਕੜ ਜਮੀਨ ਜੋ ਮਾਨੇਸਰ, ਨੌਰੰਗਪੁਰ ਅਤੇ ਨਖਡੌਲਾ



ਪਿੰਡਾਂ ਦੀ ਸੀ, ਸਰਕਾਰੀ ਪ੍ਰਭਾਵ ਨਾਲ ਕਿਸਾਨਾਂ ਤੋਂ ਪ੍ਰਤੀ ਏਕੜ ਇਕ ਕਰੋੜ ਰੁਪਏ ਤੋਂ ਵੀ ਘੱਟ ਦੇ ਹਿਸਾਬ ਨਾਲ ਐਕੁਆਇਰ ਕਰ ਕੇ ਬਿਲਡਰਾਂ ਨੂੰ ਸੌਂਪ ਦਿੱਤੀ ਸੀ। ਇਸ ਤਰ੍ਹਾਂ ਮਾਨੇਸਰ ਦੇ ਕਿਸਾਨਾਂ ਨੂੰ 1500 ਕਰੋੜ ਰੁਪਏ ਦਾ ਘਾਟਾ ਪੈਣ ਦਾ ਅਨੁਮਾਨ ਹੈ। ਇਸ ਦੇ ਨਾਲ ਹੀ ਹਰਿਆਣਾ ਸਰਕਾਰ ਨੂੰ ਹੁਕਮ ਦਿੱਤੇ ਸਨ ਕਿ ਇਕ ਹਫਤੇ ਦੇ ਅੰਦਰ ਇਸ ਮਾਮਲੇ ਦੀ ਜਾਂਚ ਕਰਨ ਵਾਲੇ ਜਸਟਿਸ ਐਸ.ਐਨ. ਢੀਂਗਰਾ ਕਮਿਸ਼ਨ ਦੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾਵੇ।

ਹੁਣ ਇਸ ਮਾਮਲੇ ਵਿਚ ਸੀ.ਬੀ.ਆਈ. ਨੇ ਵਿਸ਼ੇਸ਼ ਜੱਜ ਕਪਿਲ ਰਾਠੀ ਦੀ ਅਦਾਲਤ ਵਿੱਚ ਦੋਸ਼ ਪੱਤਰ ਦਾਖਲ ਕੀਤਾ ਹੈ। ਇਸ ਵਿਚ ਹੁੱਡਾ ਤੋਂ ਇਲਾਵਾ ਐਮ.ਐਲ. ਤਾਇਲ, ਛਤਰ ਸਿੰਘ, ਐਸ.ਐਸ.ਢਿੱਲੋਂ ਅਤੇ ਸਾਬਕਾ ਡੀ.ਟੀ.ਪੀ. ਜਸਵੰਤ ਸਹਿਤ ਕਈ ਬਿਲਡਰਾਂ ਦੇ ਨਾਂ ਸ਼ਾਮਲ ਹਨ। ਸੀ.ਬੀ.ਆਈ. ਨੇ ਹੁੱਡਾ ਅਤੇ ਹੋਰਨਾਂ ਖਿਲਾਫ਼ 17 ਸਤੰਬਰ, 2015 ਨੂੰ ਮਾਮਲਾ ਦਰਜ ਕੀਤਾ ਸੀ। ਇਸ ਮਾਮਲੇ ਵਿਚ ਈ.ਡੀ. ਨੇ ਵੀ ਹੁੱਡਾ ਦੇ ਖਿਲਾਫ਼ ਸਤੰਬਰ, 2016 ਵਿਚ ਕਾਲੇ ਧਨ ਨੂੰ ਚਿੱਟਾ ਬਣਾਉਣ ਦੇ ਦੋਸ਼ ਵਿਚ ਕੇਸ ਦਰਜ ਕੀਤਾ ਸੀ। ਈ.ਡੀ. ਨੇ ਹੁੱਡਾ ਅਤੇ ਹੋਰਨਾਂ ਖਿਲਾਫ਼ ਸੀ.ਬੀ.ਆਈ. ਦੀ ਐਫ.ਆਈ.ਆਰ.ਦੇ ਅਧਾਰ ਉਤੇ ਫੌਜਦਾਰੀ ਕੇਸ ਦਰਜ ਕੀਤਾ ਸੀ।

ਇਸ ਮਾਮਲੇ ਵਿਚ ਬਿਲਡਰਾਂ ਵੱਲੋਂ 350 ਏਕੜ ਜਮੀਨ ਦਾ ਸੌਦਾ ਸਰਕਾਰੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ 20 ਤੋਂ 25 ਲੱਖ ਰੁਪਏ ਦੇ ਹਿਸਾਬ ਨਾਲ ਹੀ ਕਰ ਲਿਆ ਗਿਆ ਸੀ। ਇਹ ਜਮੀਨ ਮਾਰਕੀਟ ਰੇਟ ਤੋਂ ਕਾਫੀ ਘੱਟ ਭਾਅ ਉਤੇ ਖਰੀਦੀ ਗਈ। ਜਿਨ੍ਹਾਂ ਕਿਸਾਨਾਂ ਨੇ ਜਮੀਨ ਵੇਚਣ ਤੋਂ ਨਾਂਹ ਕੀਤੀ ਤਾਂ ਸਰਕਾਰ ਨੇ ਵਿਚ ਵਿਚਾਲੇ ਦਾ ਰਸਤਾ ਕੱਢ ਲਿਆ। ਤਤਕਾਲੀ ਕਾਂਗਰਸ ਸਰਕਾਰ ਨੇ ਮਾਨੇਸਰ ਇੰਡਸਟਰੀਅਲ ਮਾਡਲ ਟਾਊਨਸ਼ਿਪ ਦੀ ਸਥਾਪਨਾ ਲਈ 912 ਏਕੜ ਜਮੀਨ ਦਾ ਸਰਵੇ ਕਰਵਾ ਕੇ ਇਸ ਨੂੰ ਐਕੁਆਇਰ ਕਰਨ ਲਈ ਮਾਨੇਸਰ, ਨੌਰੰਗਪੁਰ, ਲਲਡੌਲਾ ਦੇ ਕਿਸਾਨਾਂ ਨੂੰ ਜਮੀਨ ਐਕੁਆਇਰ ਕਾਨੂੰਨ ਦੀ ਧਾਰਾ 9 ਤਹਿਤ ਨੋਟਿਸ ਭੇਜ ਦਿੱਤੇ ਸਨ। ਇਸ ਤੋਂ ਬਿਲਡਰਾਂ ਨੇ 50 ਏਕੜ ਜਮੀਨ ਨੂੰ ਡੇਢ ਕਰੋੜ ਰੁਪਏ ਦੇ ਭਾਅ ਨਾਲ ਖਰੀਦਣਾ ਸ਼ੁਰੂ ਕਰ ਦਿੱਤਾ।

## ਭਾਰਤੀ ਕਰੋੜਪਤੀਆਂ ਦਾ ਵਿਦੇਸ਼ਾਂ ਵੱਲ ਰੁਖ

**ਨਵੀਂ ਦਿੱਲੀ:** ਵਿਦੇਸ਼ਾਂ ਵਿਚ ਰਿਹਾਇਸ਼ ਤਬਦੀਲ ਕਰਨ ਵਾਲੇ ਕਰੋੜਪਤੀਆਂ ਦੇ ਮਾਮਲੇ 'ਚ ਚੀਨ ਪਿਛੋਂ ਭਾਰਤ ਦੂਜੇ ਥਾਂ ਆਉਂਦਾ ਹੈ। ਨਿਊ ਵਰਲਡ ਵੈਲਥ ਦੀ ਰਿਪੋਰਟ ਅਨੁਸਾਰ 2017 ਦੌਰਾਨ 7000 ਅਮੀਰ ਭਾਰਤੀ ਦੁਨੀਆਂ ਦੇ ਹੋਰਨਾਂ ਮੁਲਕਾਂ ਵੱਲ ਤਬਦੀਲ ਹੋ ਗਏ ਤੇ ਇਹ ਤਾਦਾਦ ਪਿਛਲੇ ਸਾਲ ਦੇ ਮੁਕਾਬਲੇ 16% ਵੱਧ ਹੈ। 2016 'ਚ ਇਹ ਅੰਕੜਾ 6000 ਜਦਕਿ 2015 'ਚ 4000 ਸੀ। ਆਲਮੀ ਪੱਧਰ 'ਤੇ 2017 'ਚ ਆਪਣੀ ਰਿਹਾਇਸ਼ ਬਦਲਣ ਵਾਲੇ ਚੀਨੀ ਕਰੋੜਪਤੀਆਂ ਦੀ ਗਿਣਤੀ 10 ਹਜ਼ਾਰ ਹੈ। ਇਸ ਤੋਂ ਇਲਾਵਾ ਸਭ ਤੋਂ ਵੱਧ ਰਿਹਾਇਸ਼ ਤਬਦੀਲ ਕਰਨ ਵਾਲੇ ਕਰੋੜਪਤੀਆਂ 'ਚ ਤੁਰਕੀ (6000), ਬਰਤਾਨੀਆ (4000), ਫਰਾਂਸ (4000) ਅਤੇ ਰੂਸੀ ਸੰਘ (3000) ਦਾ ਨਾਂ ਆਉਂਦਾ ਹੈ।


ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ

ਗਰਿਲ ਆਫ ਇੰਡੀਆ ਰੈਸਟੋਰੈਂਟ ਦੀਆਂ ਸਿਨਸਿਨੈਟੀ, ਓਹਾਇਓ ਅਤੇ ਕੋਵਿੰਗਟਨ, ਕੈਨਟੱਕੀ ਲੋਕੇਸ਼ਨਾਂ ਲਈ ਤੰਦਰੂਇਏ, ਕਰੀ ਸ਼ੈਫ, ਹੈਲਪਰ ਤੇ ਵੇਟਰਾਂ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ : ਬਰਜਿੰਦਰ ਸਿੰਘ

ਫੋਨ: 513-888-1878

4/3



## Matrimonials

### ਲੜਕੀ ਦੀ ਲੋੜ ਹੈ

Jat Sikh London born boy 28 years, 6'-1.5" tall, slim, fair, Post Graduate in Investment Management, working for American company in London. Seeking US born Jat Sikh girl, graduate, employed. Pl. contact gagandeep52@hotmail.com ; Ph (0)7966 069571 4-7

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 51/4

Wanted suitable girl for Ramgarhia Sikh Electrical engineer boy 29, 5'-9". Turbaned, Non Alcoholic. Working in a reputed company.Well settled. Caste no bar. Call: 313-718-0178 2-5

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11

### ਵਰ ਦੀ ਲੋੜ

Wanted suitable U.S. citizen boy for U.S. citizen Jatt Sikh girl 27 yrs, 5'-2", Software Engineer from California. Down-to-earth traditional Punjabi family seeking similar family background. Contact: bsinghs408@gmail.com 5-8

*To Advertise with Punjab Times Call: 847-359-0746 Fax:847-705-9388, e-mail:punjabtimes1@gmail.com*



Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605



www.princebarbershop.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਗੈਂਗਸਟਰਾਂ ਦੀ ਸਿਆਸੀ ਪੁਸ਼ਤਪਨਾਹੀ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਗੈਂਗਸਟਰ ਵਿੱਕੀ ਗੌਂਡਰ ਤੇ ਦੋ ਸਾਥੀਆਂ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਪਿੱਛੋਂ ਅਜਿਹੇ ਅਨਸਰਾਂ ਨੂੰ ਪੈਦਾ ਕਰਨ ਪਿੱਛੇ ਸਿਆਸੀ ਧਿਰਾਂ ਦੇ ਹੱਥ ਬਾਰੇ ਪੋਲ ਖੁੱਲ੍ਹਣ ਲੱਗੀ ਹੈ। ਅਦਾਲਤ ਅੱਗੇ ਆਤਮ ਸਮਰਪਣ ਕਰਨ ਵਾਲੇ ਗੈਂਗਸਟਰ ਰਵੀਚਰਨ ਸਿੰਘ ਉਰਫ ਰਵੀ ਦਿਓਲ ਨੇ ਵੱਡਾ ਖੁਲਾਸਾ ਕਰਦਿਆਂ ਇਕ ਅਕਾਲੀ ਆਗੂ ਸਮੇਤ ਦੋ ਜਣਿਆਂ ਉਪਰ ਅਪਰਾਧਿਕ ਘਟਨਾਵਾਂ ਵਿਚ ਧੱਕਣ, ਉਸ ਪਾਸੋਂ ਗਲਤ ਕੰਮ ਕਰਾਉਣ ਅਤੇ ਮੂੰਹ ਬੰਦ ਰੱਖਣ ਲਈ 12 ਲੱਖ ਰੁਪਏ ਦੇਣ ਦੇ ਗੰਭੀਰ ਦੋਸ਼ ਲਾਏ ਹਨ। ਅਕਾਲੀ ਆਗੂ ਅਮਨਬੀਰ ਸਿੰਘ ਚੈਰੀ ਸਾਬਕਾ ਵਿੱਤ ਮੰਤਰੀ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਦਾ ਨਜ਼ਦੀਕੀ ਰਿਸ਼ਤੇਦਾਰ ਹੈ।



ਅਕਾਲੀ-ਭਾਜਪਾ ਸਰਕਾਰ ਸਮੇਂ ਉਹ ਉਨ੍ਹਾਂ ਦਾ ਓ.ਐਸ.ਡੀ. ਵੀ ਰਿਹਾ ਹੈ। ਉਸ ਨੇ ਦੋਸ਼ ਲਾਇਆ ਕਿ ਅਕਾਲੀ ਆਗੂ ਅਮਨਬੀਰ ਸਿੰਘ ਚੈਰੀ ਅਤੇ ਉਸ ਦੇ ਸਾਥੀ ਮਨੋਜ ਕੁਮਾਰ ਮਨੂ ਨੇ ਹੀ ਲੜਾਈ ਝਗੜਿਆਂ ਦਾ ਮੁੱਢ ਬੰਨ੍ਹਿਆ। ਜਦੋਂ ਉਸ ਨੇ ਇਨ੍ਹਾਂ ਦੇ ਗਲਤ ਕੰਮਾਂ ਦਾ ਜਨਤਕ ਤੌਰ 'ਤੇ ਖੁਲਾਸਾ ਕਰਨ ਦੀ ਧਮਕੀ ਦਿੱਤੀ ਤਾਂ ਚੈਰੀ ਨੇ ਉਸ ਨੂੰ ਆਪਣਾ ਮੂੰਹ ਬੰਦ ਰੱਖਣ ਲਈ 12 ਲੱਖ ਰੁਪਏ ਦਿੱਤੇ। ਇਧਰ, ਕਾਂਗਰਸ ਨੇ ਜਿਥੇ ਅਕਾਲੀ ਸਰਕਾਰ ਦੇ 10 ਵਰ੍ਹਿਆਂ ਵਿਚ ਗੈਂਗਸਟਰਾਂ ਦੇ ਉਭਾਰ ਦਾ ਦੋਸ਼ ਲਾਇਆ ਹੈ, ਉਥੇ ਅਕਾਲੀ ਦਲ ਨੇ ਵੀ ਕੁਝ ਕਾਂਗਰਸੀ ਆਗੂਆਂ ਉਤੇ ਮਾੜੇ ਅਨਸਰਾਂ ਨੂੰ ਸ਼ਹਿ ਦੇਣ ਦਾ ਦੋਸ਼ ਲਾ ਦਿੱਤਾ। ਅਕਾਲੀ ਦਲ ਨੇ ਕਾਂਗਰਸੀ ਆਗੂ ਅਵਤਾਰ ਹੈਨਰੀ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਇਨ੍ਹਾਂ ਕਾਂਗਰਸੀ ਲੀਡਰਾਂ 'ਤੇ ਨੌਜਵਾਨਾਂ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਨੂੰ ਬੰਦੂਕ ਸਭਿਆਚਾਰ ਵੱਲ ਲਿਜਾਣ ਦੇ ਇਲਜ਼ਾਮ ਲਾਏ ਹਨ।

ਉਨ੍ਹਾਂ ਕਿਹਾ ਕਿ ਦੋ ਗੈਂਗਸਟਰਾਂ ਸੁੱਖਾ ਕਾਹਲਵਾਂ ਤੇ ਵਿੱਕੀ ਗੌਂਡਰ ਦੇ ਪਰਿਵਾਰਕ ਮੈਂਬਰਾਂ ਵੱਲੋਂ ਹੈਰਾਨੀਜਨਕ ਖੁਲਾਸੇ ਕੀਤੇ ਗਏ ਹਨ। ਸੁੱਖਾ ਕਾਹਲਵਾਂ ਦੇ ਨਾਨਾ ਗੁਰਮੇਲ ਸਿੰਘ ਤੇ ਮਾਮੀ ਰਾਜਿੰਦਰ ਕੌਰ ਅਤੇ ਵਿੱਕੀ ਗੌਂਡਰ ਦੇ ਮਾਮਾ ਗੁਰਬੇਜ ਸਿੰਘ ਸੰਧੂ ਵੱਲੋਂ ਕੀਤੇ ਦਾਅਵਿਆਂ ਮੁਤਾਬਕ ਇਹ ਕਾਂਗਰਸੀ ਆਗੂ ਹੀ ਇਨ੍ਹਾਂ ਨੌਜਵਾਨਾਂ ਬੰਦੂਕ ਸਭਿਆਚਾਰ ਵੱਲ ਲੈ ਗਏ। ਇਨ੍ਹਾਂ ਦੇ ਕਹਿਣ ਉਤੇ ਹੀ ਉਹ ਗੈਂਗਸਟਰ ਬਣ ਗਏ। ਇਨ੍ਹਾਂ ਨੂੰ ਪੂਰੀ ਸਰਪ੍ਰਸਤੀ ਦੇ ਕੇ ਕਾਂਗਰਸੀ ਆਗੂ ਇਨ੍ਹਾਂ ਤੋਂ ਗੈਰ ਕਾਨੂੰਨੀ ਕੰਮ ਕਰਵਾਉਣ ਲੱਗ ਪਏ। ਭੂੰਦੜ ਨੇ ਕਿਹਾ ਕਿ ਅਵਤਾਰ ਹੈਨਰੀ ਤੇ ਅਵਤਾਰ ਸਿੰਘ ਜੂਨੀਅਰ ਵਿਧਾਇਕ ਖਿਲਾਫ ਕੇਸ ਦਰਜ ਕਰ ਕੇ ਇਨ੍ਹਾਂ ਦੀ ਹਿਰਾਸਤੀ ਪੁੱਛਗਿੱਛ ਹੋਣੀ ਚਾਹੀਦੀ ਹੈ। ਕਾਂਗਰਸੀ ਆਗੂ ਗੈਂਗਸਟਰਾਂ ਦਾ ਨੈੱਟਵਰਕ ਚਲਾ ਰਹੇ ਸਨ।

### ਸੁਖਦੇਵ ਸਿੰਘ ਢੀਂਡਸਾ ਦੀ ਕਾਂਗਰਸ ਵੱਲ ਉਂਗਲ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਜਿਥੇ ਇਨ੍ਹਾਂ ਦੋਸ਼ਾਂ ਨੂੰ ਕਾਂਗਰਸੀ ਆਗੂਆਂ ਦੀ ਡੂੰਘੀ ਸਾਜ਼ਿਸ਼ ਕਰਾਰ ਦਿੱਤਾ ਹੈ ਉਥੇ ਸੰਗਰੂਰ ਪੁਲਿਸ ਦੀ ਭੂਮਿਕਾ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ।



ਸ੍ਰੀ ਢੀਂਡਸਾ ਨੇ ਦੋਸ਼ ਲਾਇਆ ਕਿ ਗੈਂਗਸਟਰ ਰਵੀ ਦਿਓਲ ਵੱਲੋਂ ਲਾਏ ਦੋਸ਼ਾਂ ਪਿੱਛੇ ਕਾਂਗਰਸ ਦੀ ਸੀਨੀਅਰ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਦੇ ਪੁੱਤਰ ਰਾਹੁਲਇੰਦਰ ਸਿੰਘ ਸਿੱਧੂ ਅਤੇ ਸੁਨਾਮ ਹਲਕੇ ਦੀ ਕਾਂਗਰਸੀ ਆਗੂ ਦਮਨ ਬਾਜਵਾ ਦੇ ਪਤੀ ਹਰਮਨ ਬਾਜਵਾ ਦਾ ਹੱਥ ਹੈ।

### ਦੋਸ਼ਾਂ ਦਾ ਸਾਹਮਣਾ ਕਰਨ ਢੀਂਡਸਾ: ਭੱਠਲ

ਬੀਬੀ ਰਾਜਿੰਦਰ ਕੌਰ ਭੱਠਲ ਨੇ ਸ੍ਰੀ ਢੀਂਡਸਾ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਕਦੇ ਵੀ ਅਜਿਹੀ ਘਟੀਆ ਰਾਜਨੀਤੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਢੀਂਡਸਾ ਨੂੰ ਗੁਨਾਹ ਉਪਰ ਪਰਦਾ ਪਾਉਣ ਦੀ ਬਜਾਏ ਗੈਂਗਸਟਰ ਵੱਲੋਂ ਅਮਨਬੀਰ ਸਿੰਘ ਚੈਰੀ ਉਪਰ ਲਾਏ ਦੋਸ਼ਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ।

### 'ਅਪਰਾਧੀਆਂ ਨਾਲ ਗੱਠਜੋੜ ਦੀ ਹੋਵੇ ਸੀ.ਬੀ.ਆਈ. ਜਾਂਚ'

**ਸੰਗਰੂਰ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਗੈਂਗਸਟਰ ਰਵੀਚਰਨ ਸਿੰਘ ਉਰਫ ਰਵੀ ਦਿਓਲ ਵੱਲੋਂ ਸਾਬਕਾ ਵਿੱਤ ਮੰਤਰੀ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਦੇ ਨਜ਼ਦੀਕੀ ਰਿਸ਼ਤੇਦਾਰ ਅਮਨਬੀਰ ਸਿੰਘ ਚੈਰੀ ਉਪਰ ਲਾਏ ਸੰਗੀਨ ਦੋਸ਼ਾਂ ਅਤੇ ਸਿਆਸਤਦਾਨਾਂ ਤੇ ਅਪਰਾਧੀਆਂ ਦੇ ਗੱਠਜੋੜ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਸ੍ਰੀ ਮਾਨ ਕਿਹਾ ਕਿ ਗੈਂਗਸਟਰ ਰਵੀ ਦਿਓਲ ਵੱਲੋਂ ਲਾਏ ਦੋਸ਼ਾਂ ਦੇ ਆਧਾਰ 'ਤੇ ਅਮਨਬੀਰ ਸਿੰਘ ਚੈਰੀ ਅਤੇ ਇਸ ਦੇ ਸਾਥੀਆਂ ਨੂੰ ਤੁਰਤ ਕੇਸ ਦਰਜ ਕਰ ਕੇ ਗ੍ਰਿਫਤਾਰ ਕੀਤਾ ਜਾਵੇ।

# ਬੜੀਆਂ ਡੂੰਘੀਆਂ ਹਨ 'ਗੈਂਗਸਟਰ ਕਲਚਰ' ਦੀਆਂ ਜੜ੍ਹਾਂ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਅੱਧੀ ਦਰਜਨ ਤੋਂ ਵੱਧ ਨਾਮੀ ਗੈਂਗਸਟਰਾਂ ਨੂੰ ਮੁਕਾਬਲਿਆਂ ਵਿਚ ਮਾਰਨ ਅਤੇ ਤਿੰਨ ਦਰਜਨ ਦੇ ਕਰੀਬ ਨੂੰ ਗ੍ਰਿਫਤਾਰ ਕਰਨ ਦੇ ਦਾਅਵਿਆਂ ਤੋਂ ਬਾਅਦ ਵੀ ਪੰਜਾਬ 'ਗੈਂਗਸਟਰਾਂ' ਦੀ ਦਹਿਸ਼ਤ ਤੋਂ ਮੁਕਤ ਨਹੀਂ ਹੋ ਸਕਿਆ। ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਸਮੇਂ 186 ਗੈਂਗਸਟਰ ਹਵਾਲਾਤੀ ਜਾਂ ਕੈਦੀਆਂ ਵਜੋਂ ਬੰਦ ਹਨ, ਜਿਨ੍ਹਾਂ ਵਿਚ ਏ ਕੈਟੇਗਿਰੀ ਦੇ 51, ਬੀ ਕੈਟੇਗਿਰੀ ਦੇ 85 ਅਤੇ ਸੀ ਕੈਟੇਗਿਰੀ ਦੇ 50 ਸ਼ਾਮਲ ਹਨ।

ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਏ ਤੋਂ ਸੀ ਕੈਟੇਗਿਰੀ ਤੱਕ ਦੇ ਗੈਂਗਸਟਰਾਂ ਦੀ ਕੁੱਲ ਗਿਣਤੀ 300 ਤੋਂ ਵਧੇਰੇ ਹੈ ਜਦੋਂਕਿ ਪੁਲਿਸ ਸੂਤਰਾਂ ਦਾ ਦੱਸਣਾ ਹੈ ਕਿ ਕੁੱਲ ਗੈਂਗਸਟਰਾਂ ਦੀ ਗਿਣਤੀ ਤਕਰੀਬਨ 500 ਹੈ। ਵਿੱਕੀ ਗੌਂਡਰ ਨੂੰ ਮੁਕਾਬਲੇ ਵਿਚ ਮਾਰਨ ਨੂੰ ਪੁਲਿਸ ਵੱਲੋਂ ਗੈਂਗਸਟਰਾਂ ਦੇ ਹੌਸਲੇ ਪਸਤ ਕਰਨ ਲਈ ਇਕ ਤਰ੍ਹਾਂ ਨਾਲ ਅਸਥਾਈ ਤੌਰ 'ਤੇ ਕਾਮਯਾਬੀ ਮੰਨੀ ਜਾ ਰਹੀ ਹੈ। ਪੁਲਿਸ ਵੱਲੋਂ ਇਕ ਤਰ੍ਹਾਂ ਨਾਲ 'ਚੋਰ-ਸਿਪਾਹੀ' ਦੀ ਲੜਾਈ ਵਿਚ ਸਪੱਸ਼ਟ ਤੌਰ ਉਤੇ ਇਹ 'ਸਹਿਮ ਪੈਦਾ ਕਰਨ ਦੀ ਚਾਲ' ਹੀ ਚੱਲੀ ਗਈ ਹੈ। ਇਸ ਦਾ ਕੁਝ ਹੱਦ ਤੱਕ ਹਾਲ ਦੀ ਘੜੀ ਅਸਰ ਵੀ ਦਿਖਾਈ ਦੇਣ ਲੱਗਿਆ ਹੈ। ਪੁਲਿਸ ਨੂੰ ਆਪਣੀ ਹੀ ਪਿੱਠ ਥਪਥਪਾਉਣ ਦਾ ਮੌਕਾ ਮਿਲ ਗਿਆ ਹੈ।

ਸਰਗਰਮ ਗੈਂਗਸਟਰਾਂ ਵੱਲੋਂ ਕੀਤੇ ਜਾਂਦੇ ਗੁਨਾਹਾਂ ਵਿਚ ਆਮ ਤੌਰ ਉਤੇ ਸੁਪਾਰੀ ਲੈ ਕੇ ਹੱਤਿਆ ਕਰਨੀ, ਫਿਰੌਤੀ ਲਈ ਅਗਵਾ ਆਦਿ ਕਰਨ ਮਾਮਲੇ ਸ਼ਾਮਲ ਹਨ। ਪੁਲਿਸ ਵੱਲੋਂ ਹਾਲ ਹੀ ਵਿਚ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਚੋਣਵੇਂ ਵਿਅਕਤੀਆਂ ਦੀਆਂ ਹੱਤਿਆਵਾਂ 'ਚ ਵੀ ਗੈਂਗਸਟਰਾਂ ਵੱਲੋਂ ਭੂਮਿਕਾ ਨਿਭਾਈ ਗਈ ਹੈ ਤੇ



ਗੈਂਗਸਟਰਾਂ ਦੇ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਨਾਲ ਵੀ ਤਾਰ ਜੁੜੇ ਹੋਏ ਹਨ।

ਪੰਜਾਬ ਵਿਚ ਸਰਗਰਮ ਗੈਂਗਸਟਰਾਂ ਦੇ ਪਿਛੋਕੜ ਉਤੇ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਦਹਾਕਾ ਕੁ ਪਹਿਲਾਂ ਤੱਕ ਬਹੁਤੇ ਸ਼ਹਿਰਾਂ ਵਿਚ ਛੋਟੇ-ਛੋਟੇ ਗਰੁੱਪਾਂ 'ਚ ਸ਼ਾਮਲ ਨੌਜਵਾਨਾਂ ਦੇ ਗਰੁੱਪ ਹੁੰਦੇ ਸਨ, ਜੋ ਕਿ ਅਕਸਰ ਡਾਂਗਾਂ ਜਾਂ ਕਿਰਪਾਨਾਂ ਨਾਲ ਲੜਾਈ ਲੜਦੇ ਸਨ। ਇਨ੍ਹਾਂ ਨੂੰ ਸਥਾਨਕ ਪੱਧਰ ਦੇ ਸਿਆਸਤਦਾਨਾਂ ਦਾ ਆਸ਼ੀਰਵਾਦ ਹੁੰਦਾ ਸੀ ਤੇ ਪੁਲਿਸ ਥਾਣੇ ਵਿਚੋਂ ਝੱਟ ਛੁਡਾ ਵੀ ਲੈਂਦੇ ਸਨ। ਦੇਖਿਆ ਜਾਵੇ ਤਾਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਅਜਿਹੇ ਸ਼ਹਿਰ ਮੰਨੇ ਜਾਂਦੇ ਸਨ, ਜਿਥੇ ਸਰਗਰਮ ਕੁਝ ਚੋਣਵੇਂ ਗੈਂਗਸਟਰਾਂ ਨੇ ਵੱਡੀ ਪਹੁੰਚ ਨਾਲ ਪਿਸਤੌਲ ਤੱਕ ਵਰਗੇ ਹਥਿਆਰ ਜ਼ਰੂਰ ਹਾਸਲ ਕਰ ਲਏ ਸਨ। ਇਨ੍ਹਾਂ ਗੈਂਗਸਟਰਾਂ ਨੂੰ ਸਥਾਨਕ ਪੱਧਰ 'ਤੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਹੋਰਨਾਂ ਸ਼ਹਿਰੀ ਨੇਤਾਵਾਂ ਵੱਲੋਂ ਸਰਪ੍ਰਸਤੀ ਦੇਣ ਦੇ ਤੱਥ ਵੀ ਸਾਹਮਣੇ ਆਉਂਦੇ ਹਨ। ਕਈ ਸ਼ਹਿਰਾਂ ਵਿਚ ਪੁਲਿਸ ਨੇ ਵੀ ਇਨ੍ਹਾਂ ਗਰੁੱਪਾਂ ਨੂੰ ਪਨਪਣ 'ਚ ਮਦਦ ਕੀਤੀ।

### ਵਿੱਕੀ ਗੌਂਡਰ ਦੇ ਖਾੜਕੂਆਂ ਨਾਲ ਸਬੰਧਾਂ ਦਾ ਦਾਅਵਾ

**ਅੰਮ੍ਰਿਤਸਰ:** ਵਿੱਕੀ ਗੌਂਡਰ ਦੇ ਨਜ਼ਦੀਕੀ ਸਾਥੀ ਗਗਨ ਪੰਡਿਤ ਦੇ ਰਿਮਾਂਡ ਦੌਰਾਨ ਪੁਲਿਸ ਹੱਥ ਅਹਿਮ ਜਾਣਕਾਰੀ ਲੱਗੀ ਹੈ, ਜਿਸ ਦੇ ਆਧਾਰ 'ਤੇ ਇਹ ਵੀ ਪਤਾ ਲੱਗਾ ਹੈ ਕਿ ਗੌਂਡਰ ਦੇ ਸਬੰਧ ਖਾੜਕੂਆਂ ਨਾਲ ਵੀ ਸਨ ਅਤੇ ਉਸ ਦੀਆਂ ਤਾਰਾਂ ਪਾਕਿਸਤਾਨ ਤੇ ਨਿਪਾਲ ਨਾਲ ਵੀ ਜੁੜੀਆਂ ਹੋਈਆਂ ਸਨ।

ਗੈਂਗਸਟਰਾਂ ਨੂੰ ਹਥਿਆਰ ਤੇ ਹੋਰ ਅਸਲਾ ਯੂ.ਪੀ. ਤੇ ਬਿਹਾਰ ਤੋਂ ਮਿਲਦਾ ਸੀ ਅਤੇ ਗੌਂਡਰ ਦੇ ਸਬੰਧ ਪਾਕਿ 'ਚ ਬੈਠੇ ਖਾੜਕੂ ਹਰਮੀਤ ਸਿੰਘ ਪੀ.ਐਚ.ਡੀ. ਨਾਲ ਸਨ, ਜੋ ਕਿ ਗੈਂਗਸਟਰਾਂ ਨੂੰ ਜਾਅਲੀ ਕਰੰਸੀ, ਹੈਰੋਇਨ ਤੇ ਹਥਿਆਰ ਪਹੁੰਚਾਉਣ 'ਚ ਮਦਦ ਕਰਦਾ ਸੀ। ਇਸ ਲਈ ਉਸ ਨੇ ਆਪਣੇ ਨਿਪਾਲ ਬੈਠੇ ਸਾਥੀਆਂ ਨਾਲ ਵੀ ਗੰਢ-ਤੁੱਪ ਕੀਤੀ ਹੋਈ ਸੀ। ਇਸ ਮਾਮਲੇ 'ਚ ਭਾਵੇਂ ਪੁਲਿਸ ਅਜੇ ਕੁਝ ਵੀ ਬੋਲਣ ਲਈ ਤਿਆਰ ਨਹੀਂ ਹੈ ਪਰ ਕਿਹਾ ਜਾ ਰਿਹਾ ਹੈ ਕਿ ਪੁਲਿਸ ਵੱਲੋਂ ਇਸ ਸਬੰਧੀ ਜਲਦ ਹੀ ਖੁਲਾਸਾ ਕੀਤਾ ਜਾ ਸਕਦਾ ਹੈ।

# ਅਕਾਲੀ ਵਿਧਾਇਕ ਅਜੀਤ ਸਿੰਘ ਕੋਹਾੜ ਨਹੀਂ ਰਹੇ

**ਜਲੰਧਰ:** ਹਲਕਾ ਸ਼ਾਹਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਅਜੀਤ ਸਿੰਘ ਕੋਹਾੜ ਦਾ ਦੇਹਾਂਤ ਹੋ ਗਿਆ। ਪਰਿਵਾਰ ਮੁਤਾਬਕ ਰਾਤ ਵੇਲੇ ਉਨ੍ਹਾਂ ਦੇ ਦਿਲ ਵਿਚ ਦਰਦ ਹੋਇਆ ਤੇ ਉਨ੍ਹਾਂ ਜਲੰਧਰ ਦੇ ਨਿੱਜੀ ਹਸਪਤਾਲ ਵਿਚ ਲਿਆਂਦਾ ਗਿਆ, ਜਿਥੇ ਉਨ੍ਹਾਂ ਨੇ ਆਖਰੀ ਸਾਹ ਲਿਆ। ਉਹ ਪੰਜ ਵਾਰ ਵਿਧਾਇਕ ਚੁਣੇ ਗਏ। 1997 ਵਿਚ ਉਨ੍ਹਾਂ ਨੇ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੋਹੀਆਂ ਹਲਕੇ ਤੋਂ ਲੜੀ ਸੀ। ਉਹ ਕਈ ਵਾਰ ਮੰਤਰੀ ਵੀ ਰਹੇ। ਜਥੇਦਾਰ ਕੋਹਾੜ ਨੇ ਪਹਿਲੀ ਵਾਰ 1997 ਵਿਚ ਅਕਾਲੀ ਦਲ ਦੀ ਟਿਕਟ 'ਤੇ ਲੋਹੀਆਂ ਤੋਂ ਚੋਣ ਜਿੱਤੀ ਸੀ।



ਇਸ ਪਿੱਛੋਂ ਉਹ 2002 ਤੇ 2007 ਵਿਚ ਲੋਹੀਆਂ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਉਤੇ ਚੋਣ ਜਿੱਤਦੇ ਰਹੇ। 2012 ਵਿਚ ਲੋਹੀਆਂ ਹਲਕੇ ਦੀ ਹੱਦਬੰਦੀ ਕਰ ਕੇ ਸ਼ਾਹਕੋਟ ਨੂੰ ਨਵਾਂ ਵਿਧਾਨ ਸਭਾ ਹਲਕਾ ਬਣਾਇਆ ਗਿਆ। ਇਸ ਪਿੱਛੋਂ ਹੋਈ ਚੋਣ ਵਿਚ ਉਹ ਸ਼ਾਹਕੋਟ ਹਲਕੇ ਤੋਂ ਵੀ ਜੇਤੂ ਰਹੇ ਅਤੇ 2017 ਦੀਆਂ ਚੋਣਾਂ ਵਿਚ ਵੀ ਇਸੇ ਹਲਕੇ ਤੋਂ ਲਗਾਤਾਰ ਪੰਜਵੀਂ ਵਾਰ ਵਿਧਾਇਕ ਚੁਣੇ ਗਏ।

# ਗੁੰਡਾ ਟੈਕਸ ਵਸੂਲੀ 'ਤੇ ਘਿਰੀ ਕੈਪਟਨ ਸਰਕਾਰ

**ਬਠਿੰਡਾ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ 'ਲੀਡਰ ਜੋੜੀ' ਬਠਿੰਡਾ ਰਿਫਾਈਨਰੀ ਤੋਂ ਰੋਜ਼ਾਨਾ 15 ਲੱਖ ਰੁਪਏ ਦੇ ਕਰੀਬ 'ਗੁੰਡਾ ਟੈਕਸ' ਵਸੂਲ ਰਹੀ ਹੈ। ਇਸ ਤੋਂ ਤਪੇ ਠੇਕੇਦਾਰਾਂ ਨੇ ਰਿਫਾਈਨਰੀ ਅੰਦਰ ਪੈਟਰੋ ਕੈਮੀਕਲ ਯੂਨਿਟ ਦੇ ਕੰਮ ਨੂੰ ਬਰੇਕ ਲਗਾ ਦਿੱਤੀ ਹੈ। ਰੇਤਾ-ਬਜਰੀ




ਵਿਚੋਂ ਹੁਣ ਬਠਿੰਡਾ ਜ਼ਿਲ੍ਹੇ ਦੇ ਦੋ ਲੀਡਰ ਹੱਥ ਰੰਗਣ ਲੱਗੇ ਹਨ। ਇਨ੍ਹਾਂ ਆਗੂਆਂ ਦੀ 'ਗੁੰਡਾ ਬ੍ਰਿਗੇਡ' ਵੱਲੋਂ ਰਿਫਾਈਨਰੀ ਰੋਡ ਉਤੇ ਤੰਬੂ ਵੀ ਗੱਡੇ ਹੋਏ ਹਨ। ਹੁਣ ਰੌਲਾ ਪੈਣ 'ਤੇ ਇਹ ਟੈਂਟ ਉਠਾ ਲਏ ਗਏ।

ਪੁਲਿਸ ਇਨ੍ਹਾਂ ਨੂੰ ਰੋਕਣ ਤੋਂ ਬੇਵੱਸ ਹੈ। ਜਦੋਂ 'ਲੀਡਰ ਜੋੜੀ' ਨੇ 'ਗੁੰਡਾ ਟੈਕਸ' ਦੇ ਰੇਟ ਵਧਾ ਦਿੱਤੇ ਤਾਂ ਉਸਾਰੀ ਠੇਕੇਦਾਰ ਆਪੇ ਤੋਂ ਬਾਹਰ ਹੋ ਗਏ। ਉਂਜ ਹਕੂਮਤ ਡਰੋਂ ਕੋਈ ਠੇਕੇਦਾਰ ਖੁੱਲ੍ਹ ਕੇ ਬੋਲਣ ਲਈ ਤਿਆਰ ਨਹੀਂ ਸੀ, ਪਰ ਜਦੋਂ ਡਿਪਟੀ ਕਮਿਸ਼ਨਰ, ਬਠਿੰਡਾ ਰਿਫਾਈਨਰੀ 'ਚ ਗਏ ਤਾਂ ਅੱਕੇ ਹੋਏ ਠੇਕੇਦਾਰ ਡੀਸੀ ਅੱਗੇ ਫੁੱਟ ਪਏ। ਇਸ ਮੀਟਿੰਗ ਵਿਚ ਉਸਾਰੀ ਕੰਪਨੀਆਂ ਦੇ ਨੁਮਾਇੰਦੇ ਅਤੇ ਦੋ ਰਿਫਾਈਨਰੀ ਅਧਿਕਾਰੀ ਸ਼ਾਮਲ ਸਨ।

ਠੇਕੇਦਾਰਾਂ ਨੇ ਡੀ.ਸੀ. ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਰਿਫਾਈਨਰੀ ਅੰਦਰ 25 ਜਨਵਰੀ ਤੋਂ ਰੇਤਾ-ਬਜਰੀ ਨਹੀਂ ਆ ਰਹੀ, ਜਿਸ ਕਾਰਨ ਸਿਰਫ ਤਿੰਨ ਦਿਨਾਂ ਦਾ ਹੀ ਭੰਡਾਰ ਬਚਿਆ ਹੈ ਅਤੇ ਉਸਾਰੀ ਦਾ ਕੰਮ ਬੰਦ ਕਰਨਾ ਪਵੇਗਾ। ਇਸ ਮੀਟਿੰਗ 'ਚ ਇਨ੍ਹਾਂ ਠੇਕੇਦਾਰਾਂ ਨੇ ਕਾਂਗਰਸ ਦੀ 'ਲੀਡਰ ਜੋੜੀ' ਵੱਲੋਂ ਵਸੂਲੇ ਜਾਂਦੇ 'ਗੁੰਡਾ ਟੈਕਸ' ਨੂੰ ਬੇਪਰਦ ਕੀਤਾ। ਇਨ੍ਹਾਂ ਠੇਕੇਦਾਰਾਂ ਨੇ ਦੱਸਿਆ ਕਿ ਜੋ ਬਾਜ਼ਾਰ ਵਿਚ ਬਜਰੀ ਦਾ ਟਰੱਕ 42 ਹਜ਼ਾਰ ਦਾ ਹੈ, ਉਹ 60 ਹਜ਼ਾਰ ਦਾ ਮਿਲਦਾ ਹੈ। ਰੇਤਾ-ਬਜਰੀ ਦੇ ਰੋਜ਼ਾਨਾ ਤਕਰੀਬਨ 100 ਟਰੱਕ ਰਿਫਾਈਨਰੀ ਵਿਚ ਆਉਂਦੇ ਹਨ।

ਠੇਕੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਡੀਸੀ ਨੂੰ ਰਿਫਾਈਨਰੀ ਰੋਡ ਉਤੇ 'ਗੁੰਡਾ ਬ੍ਰਿਗੇਡ' ਵੱਲੋਂ ਲਾਇਆ ਤੰਬੂ ਵੀ ਦਿਖਾਇਆ ਪਰ ਗੁੰਡੇ ਫਰਾਰ ਹੋ ਗਏ। ਇਸ ਤੋਂ ਪਹਿਲਾਂ ਰਿਫਾਈਨਰੀ ਟਾਊਨਸ਼ਿਪ ਦੀ ਉਸਾਰੀ 'ਚ ਲੱਗੀ ਸੈਮ ਇੰਡੀਆ ਕੰਪਨੀ ਵੱਲੋਂ 8 ਅਕਤੂਬਰ, 2017 ਨੂੰ ਪੁਲਿਸ ਅਫਸਰਾਂ ਨੂੰ ਈ-ਮੇਲ ਭੇਜ ਕੇ ਰੇਤਾ-ਬਜਰੀ 'ਤੇ ਲੱਗਦੇ ਗੁੰਡਾ ਟੈਕਸ ਦਾ ਮਾਮਲਾ ਉਠਾਇਆ ਸੀ।

ਦੱਸਣਯੋਗ ਹੈ ਕਿ ਰਿਫਾਈਨਰੀ ਅੰਦਰ 25 ਹਜ਼ਾਰ ਕਰੋੜ ਦੀ ਲਾਗਤ ਨਾਲ ਪੈਟਰੋ ਕੈਮੀਕਲ ਯੂਨਿਟ ਉਸਾਰਿਆ ਜਾ ਰਿਹਾ ਹੈ, ਜਿਸ ਲਈ ਰੇਤਾ-ਬਜਰੀ ਦੀ ਲੋੜ ਹੈ। ਤਕਰੀਬਨ ਦਸ ਕੰਪਨੀਆਂ ਉਸਾਰੀ ਕਰ ਰਹੀਆਂ ਹਨ। ਰਿਫਾਈਨਰੀ ਦੇ ਬਾਹਰ ਤਕਰੀਬਨ ਸੱਤ 'ਕੰਕਰੀਟ ਪਲਾਂਟ' ਲੱਗੇ ਹਨ ਅਤੇ ਰੇਤਾ ਬਜਰੀ ਦੀ ਆਮਦ ਰੁਕਣ ਕਾਰਨ ਤਿੰਨ ਪਲਾਂਟ ਬੰਦ ਹੋ ਗਏ ਹਨ। ਠੇਕੇਦਾਰਾਂ ਨੇ ਕਿਹਾ ਕਿ ਉਹ 'ਗੁੰਡਾ ਟੈਕਸ' ਦਾ ਭਾਰ ਝੱਲਣੋਂ ਬੇਵੱਸ ਹਨ। ਹਾਲਾਤ ਇਹੋ ਰਹੇ ਤਾਂ ਪੈਟਰੋ ਕੈਮੀਕਲ ਯੂਨਿਟ ਦੀ ਉਸਾਰੀ ਪਛੜ ਸਕਦੀ ਹੈ।

### 'ਆਪ' ਤੇ ਅਕਾਲੀਆਂ ਵੱਲੋਂ ਚਿਤਾਵਨੀ

ਸ਼੍ਰੋਮਣੀ ਅਕਾਲੀ ਦਲ ਦੇ ਕਿਸਾਨ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਐਲਾਨ ਕੀਤਾ ਹੈ ਕਿ ਜੇਕਰ ਕਾਂਗਰਸ ਸਰਕਾਰ ਨੇ ਗੁੰਡਾ ਟੈਕਸ ਬੰਦ ਨਾ ਕੀਤਾ ਤਾਂ ਪਾਰਟੀ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ। ਵਿਰੋਧੀ ਧਿਰ ਦੇ ਆਗੂ ਤੇ 'ਆਪ' ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਕਾਂਗਰਸੀ ਆਗੂ ਵੀ ਅਕਾਲੀਆਂ ਦੀ ਤਰਜ਼ 'ਤੇ ਗੁੰਡਾ ਟੈਕਸ ਵਸੂਲ ਰਹੇ ਹਨ, ਜੋ ਫੌਰੀ ਬੰਦ ਹੋਣਾ ਚਾਹੀਦਾ ਹੈ। ਕਾਂਗਰਸ ਨੂੰ ਵੀ ਗੁੰਡਾ ਟੈਕਸ ਦਾ ਖਮਿਆਜ਼ਾ ਭੁਗਤਣਾ ਪਵੇਗਾ, ਜਿਵੇਂ ਅਕਾਲੀ ਦਲ ਨੇ ਭੁਗਤਿਆ ਹੈ।

# ਇਕ ਮਹਾਨ ਵਿਦਿਆ ਦਾਨੀ ਪ੍ਰਿੰ. ਹਰਭਜਨ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਦੇ ਪ੍ਰਿੰਸੀਪਲ ਸ. ਹਰਭਜਨ ਸਿੰਘ ਨੇ ਆਪਣਾ ਸਾਰਾ ਜੀਵਨ ਸਮਾਜ ਦੀ ਬਿਹਤਰੀ ਦੇ ਲੇਖੇ ਲਾਇਆ। ਉਨ੍ਹਾਂ ਦੀ ਯਾਦ ਵਿਚ ਹਰ ਸਾਲ ਕੀਤਾ ਜਾਂਦਾ ਕੌਮੀ ਫੁਟਬਾਲ ਟੂਰਨਾਮੈਂਟ 56ਵੇਂ ਸਾਲ ਵਿਚ ਪ੍ਰਜ ਗਿਆ ਹੈ। ਇਸ ਮੌਕੇ ਉਨ੍ਹਾਂ ਦੇ ਜੀਵਨ 'ਤੇ ਝਾਤ ਮਾਰਨੀ ਨਵੀਂ ਪਨੀਰੀ ਲਈ ਪ੍ਰੇਰਨਾ ਦਾ ਕੰਮ ਕਰੇਗੀ।

ਬਲਜਿੰਦਰ ਮਾਨ
ਫੋਨ: 91-98150-18947

ਪ੍ਰਿੰਸੀਪਲ ਹਰਭਜਨ ਸਿੰਘ ਦਾ ਜਨਮ 1892 ਵਿਚ ਜਮਾਂਦਾਰ ਬਸੰਤ ਸਿੰਘ ਬੈਂਸ ਦੇ ਸਪੁੱਤਰ ਤਹਿਸੀਲਦਾਰ ਨੱਥਾ ਸਿੰਘ ਬੈਂਸ ਦੇ ਘਰ ਮਾਤਾ ਕਿਸ਼ਨ ਕੌਰ ਦੀ ਕੁੱਖੋਂ ਪੱਤੀ ਚੱਕ ਵਾਲੀ ਮਾਹਿਲਪੁਰ (ਹੁਸ਼ਿਆਰਪੁਰ) ਵਿਖੇ ਹੋਇਆ। ਬਚਪਨ ਵਿਚ ਹੀ ਪਿਤਾ ਦੀ ਮੌਤ ਹੋ ਜਾਣ ਕਾਰਨ ਉਹ ਆਪਣੇ ਸ਼ਰੀਕੇ 'ਚੋਂ ਬਾਬਾ ਦਲੀਪ ਸਿੰਘ ਤੇ ਆਪਣੇ ਅਧਿਆਪਕ ਮੁਨਸ਼ੀ ਫਤਿਹ ਸਿੰਘ ਦੀ ਸਰਪ੍ਰਸਤੀ ਹੇਠ ਹੀ ਪਲੇ।

ਪੰਜਵੀਂ ਤੇ ਅੱਠਵੀਂ ਦੀ ਪ੍ਰੀਖਿਆ ਉਨ੍ਹਾਂ ਵਜ਼ੀਫਾ ਲੈ ਕੇ ਪਿੰਡ ਦੇ ਡਿਸਟ੍ਰਿਕਟ ਬੋਰਡ ਵਰਨੈਕੂਲਰ ਮਿਡਲ ਸਕੂਲ 'ਚੋਂ ਪਾਸ ਕੀਤੀ ਅਤੇ ਫੁਟਬਾਲ ਦੇ ਹੋਣਹਾਰ ਖਿਡਾਰੀ ਵੀ ਇਸੇ ਸਕੂਲ ਵਿਚ ਬਣ ਗਏ। ਜੂਨੀਅਰ-ਸੀਨੀਅਰ ਗੌਰਮਿੰਟ ਹਾਈ ਸਕੂਲ ਹੁਸ਼ਿਆਰਪੁਰੋਂ ਪਾਸ ਕਰਨ ਉਪਰੰਤ ਦਸਵੀਂ ਡੀ. ਏ. ਵੀ. ਹਾਈ ਸਕੂਲ ਹੁਸ਼ਿਆਰਪੁਰ ਤੋਂ ਵਜ਼ੀਫਾ ਲੈ ਕੇ 1911 ਵਿਚ ਪਾਸ ਕੀਤੀ।

ਪ੍ਰਿੰਸੀਪਲ ਹਰਭਜਨ ਸਿੰਘ ਦਾ ਵਿਆਹ ਸ. ਦੇਵਾ ਸਿੰਘ ਤੇ ਬੀਬੀ ਪ੍ਰਤਾਪ ਕੌਰ ਦੀ ਸਪੁੱਤਰੀ ਕਰਤਾਰ ਕੌਰ ਨਾਲ ਹੋਇਆ। ਵਿਆਹ ਉਪਰੰਤ ਉਨ੍ਹਾਂ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਐਫ. ਏ. ਪਾਸ ਕੀਤੀ। ਇਸੇ ਕਾਲਜ ਵਿਚ ਉਨ੍ਹਾਂ ਵਲੋਂ ਗਣਿਤ ਦਾ ਪਰਚਾ ਵਧੀਆ ਹੱਲ ਕੀਤਾ ਦੇਖ ਕੇ ਉਸ ਉਪਰ ਗਣਿਤ ਦੇ ਪ੍ਰੋਫੈਸਰ ਨੇ ਲਿਖਿਆ ਸੀ, "ਇਹ ਆਦਮੀ ਕਿਸੇ ਦਿਨ ਹੈਰਾਨ ਕਰਨ ਵਾਲੇ ਕੰਮ ਕਰੇਗਾ।" ਇਹ ਭਵਿੱਖਵਾਣੀ ਸੱਚੀ ਨਿਕਲੀ। ਫਿਰ ਹਰਭਜਨ ਸਿੰਘ ਡੀ. ਏ. ਵੀ. ਕਾਲਜ, ਲਾਹੌਰ ਵਿਚ ਦਾਖਲ ਹੋ ਕੇ 1915 ਵਿਚ ਬੀ. ਏ. ਪਾਸ ਕਰ ਕੇ ਖਾਲਸਾ ਹਾਈ ਸਕੂਲ, ਅੰਬਾਲਾ ਵਿਚ ਮਾਸਟਰ ਲੱਗ ਗਏ।

ਗੌਰਮਿੰਟ ਸੈਂਟਰਲ ਕਾਲਜ, ਲਾਹੌਰ ਤੋਂ ਬੀ. ਟੀ. ਕਰਕੇ 1917 ਵਿਚ ਖਾਲਸਾ ਹਾਈ ਸਕੂਲ,



ਅੰਬਾਲਾ ਵਿਖੇ ਤਿੰਨ ਸਾਲ ਹੈਡਮਾਸਟਰ ਰਹੇ। ਫਿਰ ਦੋ ਸਾਲ ਮਾਲਵਾ ਹਾਈ ਸਕੂਲ, ਲੁਧਿਆਣਾ ਦੇ ਹੈਡ ਮਾਸਟਰ ਰਹੇ ਤੇ ਇਕ ਸਾਲ ਖਾਲਸਾ ਹਾਈ ਸਕੂਲ, ਖਰੜ ਦੇ ਪ੍ਰਿੰਸੀਪਲ ਰਹਿਣ ਪਿਛੋਂ 1924 ਵਿਚ ਖਾਲਸਾ ਹਾਈ ਸਕੂਲ, ਮਾਹਿਲਪੁਰ ਦੇ ਹੈਡ ਮਾਸਟਰ ਬਣ ਗਏ। ਉਨ੍ਹਾਂ ਦੇ ਪਹਿਲੇ ਸਕੂਲਾਂ ਵਾਂਗ ਹੀ ਇਹ ਵੀ ਪੜ੍ਹਾਈ ਤੇ ਖੇਡਾਂ ਪੱਖੋਂ ਪੰਜਾਬ ਦੇ ਸਿਰਕੱਢ ਸਕੂਲਾਂ ਵਿਚ ਗਿਣਿਆ ਜਾਣ ਲੱਗਾ। ਸ੍ਰੀ ਹਰੀਸ਼ ਚੰਦਰ ਬਾਲੀ (ਅਸਿਸਟੈਂਟ ਟੂ ਦੀ ਇੰਸਪੈਕਟਰ ਆਫ ਸਕੂਲਜ਼, ਜਲੰਧਰ ਡਿਵੀਜ਼ਨ) ਨੇ 15 ਨਵੰਬਰ 1944 ਨੂੰ ਲਿਖਿਆ, "ਜੋ ਵਿਸ਼ਾਲ ਖੇਡ ਦੇ ਮੈਦਾਨ, ਖੁੱਲ੍ਹੀ ਇਮਾਰਤ, ਅਣਥੱਕ ਮਿਹਨਤੀ ਤੇ ਉਤਸ਼ਾਹ ਦੇਣ ਵਾਲੀ ਸ਼ਖਸੀਅਤ ਦਾ ਮਾਲਕ ਹੈਡ ਮਾਸਟਰ, ਲਗਨ ਵਾਲੇ ਤੇ ਸਮਝਦਾਰ ਅਧਿਆਪਕ ਵਜ਼ੀਫਿਆਂ ਨਾਲ ਚਮਕ ਰਹੇ, ਹਰ ਪੱਧਰ 'ਤੇ ਸ਼ਾਨਦਾਰ ਨਤੀਜੇ, ਇਕ ਪੇਂਡੂ ਸਕੂਲ ਵਿਚ 1187 ਵਿਦਿਆਰਥੀਆਂ ਦੀ ਭਾਰੀ ਸੰਖਿਆ, ਹੈਡ ਮਾਸਟਰ ਦੇ ਸਕੂਲ ਕਮੇਟੀ ਅਤੇ ਸਕੂਲ ਸਟਾਫ ਨਾਲ ਚੰਗੇ ਸਬੰਧ, ਰਿਸ਼ਟ ਪੁਸ਼ਟ ਮੁੰਡੇ ਜੋ ਅਨੁਸ਼ਾਸਨ ਅਧੀਨ ਅਤੇ ਪੂਰੇ ਜ਼ਬਤ ਵਿਚ ਹਨ-ਜੇ ਇਹ ਸਾਰੀਆਂ ਚੀਜ਼ਾਂ ਮਿਲ ਕੇ ਇਕ ਚੰਗਾ ਸਕੂਲ ਬਣਾ ਸਕਦੀਆਂ ਹਨ ਤਾਂ ਖਾਲਸਾ ਹਾਈ ਸਕੂਲ, ਮਾਹਿਲਪੁਰ ਸੱਚ ਮੁੱਚ ਹੀ ਆਦਰਸ਼ ਸਕੂਲ ਹੈ। ਇਸ ਲਈ ਮੈਂ ਵੀ ਆਪਣੇ ਆਪ ਨੂੰ ਉਨ੍ਹਾਂ ਮਹਾਨ ਸ਼ਖਸੀਅਤਾਂ ਵਿਚ ਸ਼ਾਮਲ ਕਰਦਾ ਹਾਂ ਜੋ ਮੈਥੋਂ ਪਹਿਲਾਂ ਇਸ ਸਕੂਲ ਦੀ ਵਡਿਆਈ ਕਰ ਚੁਕੀਆਂ ਹਨ।"

ਖਾਲਸਾ ਹਾਈ ਸਕੂਲ, ਮਾਹਿਲਪੁਰ ਦੀ ਕਮੇਟੀ ਦੇ 32 ਸਾਲ ਮੈਨੇਜਰ ਰਹੇ ਚੌਧਰੀ ਬਲਵੰਤ ਸਿੰਘ ਸਫੈਦਪੋਸ਼ ਦੇ ਅਕਾਲ ਚਲਾਣੇ 'ਤੇ ਸ਼ਰਧਾਂਜਲੀ ਭੇਟ ਕਰਦਿਆਂ ਹੈਡ ਮਾਸਟਰ ਹਰਭਜਨ ਸਿੰਘ ਨੇ ਕਿਹਾ ਸੀ, "ਮੈਂ ਹੁਣ ਇਸ ਸਕੂਲ ਨੂੰ ਕਾਲਜ ਤੱਕ ਲਿਜਾਣ ਦਾ ਪੂਰਾ ਪੂਰਾ ਯਤਨ ਕਰਾਂਗਾ।" ਤਿੰਨ ਸਾਲਾਂ ਬਾਅਦ ਹੀ ਉਨ੍ਹਾਂ 1946 ਵਿਚ ਆਪਣੇ ਹੱਥੀਂ ਲਾਏ ਬਿਰਛ ਦੀ ਥਾਂ ਨੂੰ 1961 ਤਕ ਮਾਣਿਆ। ਆਪਣੀ ਹਿੰਮਤ ਤੇ ਸ਼ਰਧਾ ਨਾਲ ਕਾਲਜ ਨੂੰ ਸ਼ੋਹਰਤ ਦੀ ਬੁਲੰਦੀ ਤੱਕ ਪਹੁੰਚਾਇਆ। ਉਨ੍ਹਾਂ 16 ਸਾਲ ਬਿਨਾ ਤਨਖਾਹ ਤੇ ਭੱਤੇ ਦੇ ਮੁਫਤ ਲਾਸਾਨੀ ਸੇਵਾ ਕੀਤੀ। ਇਸ ਤੋਂ ਬਿਨਾ ਜੋ ਕੁਝ ਉਨ੍ਹਾਂ ਪਾਸ ਸੀ, ਉਹ ਵੀ ਸਭ ਕੁਝ ਕਾਲਜ ਉਸਾਰੀ ਵਿਚ ਹੀ ਲਾਇਆ।

ਪ੍ਰਿੰਸੀਪਲ ਹਰਭਜਨ ਸਿੰਘ ਨੇ ਲਗਨ, ਉਦਮ ਤੇ ਮਿਹਨਤ ਨਾਲ ਇਸ ਕਾਲਜ ਤੋਂ ਚੰਗੇ ਵਿਦਵਾਨ ਤੇ ਕੌਮਾਂਤਰੀ ਪੱਧਰ ਦੇ ਖਿਡਾਰੀ, ਦੌੜਾਕ, ਸਾਹਿਤਕਾਰ, ਫੌਜੀ ਕਮਾਂਡਰ, ਲੀਡਰ ਅਤੇ ਅਫਸਰ ਪੈਦਾ ਕੀਤੇ। ਉਹ ਸਾਦਾ ਪੁਸ਼ਾਕ, ਤਾਕਤਵਰ ਖੁਰਾਕ ਤੇ ਉਚ ਵਿਚਾਰਾਂ ਦੇ ਧਾਰਨੀ ਅਤੇ ਦਿਲ ਗੁਰਦੇ ਵਾਲੇ ਖੁਦਦਾਰ ਇਨਸਾਨ ਸਨ। ਆਪਣੀ ਰੋਜ਼ੀ-ਰੋਟੀ ਲਈ ਬੜੀ ਮਿਹਨਤ ਕਰਕੇ ਦਸਵੀਂ ਦੇ ਵਿਦਿਆਰਥੀਆਂ ਦੀ ਬਿਹਤਰੀ ਖਾਤਰ ਤਿੰਨ ਪੁਸਤਕਾਂ 'ਸਿੰਪਲ ਮੇਡ ਅਰਥਮੈਟਿਕ', 'ਅਲਜ਼ਬਰਾ' ਤੇ 'ਜੁਮੈਟਰੀ' ਲਿਖੀਆਂ।

ਉਹ ਹਮੇਸ਼ਾ ਖਿੜੇ ਮੱਥੇ ਰਹਿੰਦੇ ਅਤੇ ਫਿਕਰਾਂ, ਗਮਾਂ, ਝੋਰਿਆਂ ਨੂੰ ਆਪਣੇ ਨੇੜੇ ਨਹੀਂ ਸਨ ਫਟਕਣ ਦਿੰਦੇ। ਉਹ 1952 ਤੋਂ 1957 ਤਕ ਐਮ. ਐਲ. ਏ. ਰਹੇ। 16 ਅਗਸਤ 1962 ਨੂੰ ਜਿਸਮਾਨੀ, ਰੂਹਾਨੀ, ਵਿਦਵਾਨੀ ਤੇ ਖੂਬਸੂਰਤੀ ਦੇ ਮਜੱਸਮੇ ਪ੍ਰਿੰਸੀਪਲ ਹਰਭਜਨ ਸਿੰਘ 70 ਸਾਲ 6 ਮਹੀਨੇ ਮਾਣ ਵਾਲਾ ਜੀਵਨ ਗੁਜ਼ਾਰ ਕੇ ਰੱਬ ਨੂੰ ਪਿਆਰੇ ਹੋ ਗਏ। ਉਨ੍ਹਾਂ ਦੀ ਯਾਦ ਵਿਚ ਸਥਾਪਤ ਕੀਤੇ ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ, ਮਾਹਿਲਪੁਰ ਵਲੋਂ ਆਲ ਇੰਡੀਆ ਫੁਟਬਾਲ ਟੂਰਨਾਮੈਂਟ 16 ਫਰਵਰੀ ਤੋਂ 22 ਫਰਵਰੀ ਤਕ ਬੜੀ ਸ਼ਾਨੋ ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਪੂਰੇ ਭਾਰਤ ਵਿਚੋਂ ਫੁਟਬਾਲ ਕਲੱਬਾਂ ਅਤੇ ਪੰਜਾਬ ਦੇ ਚੋਣਵੇਂ ਕਾਲਜ, ਅਕੈਡਮੀਆਂ ਤੇ ਸਕੂਲ ਹਿੱਸਾ ਲੈ ਰਹੇ ਹਨ।

# ਬਾਦਲ ਦੇ ਸਰਗਰਮ ਸਿਆਸਤ ਤੋਂ ਕਿਨਾਰੇ ਕਾਰਨ ਅਕਾਲੀ ਆਗੂਆਂ 'ਚ ਨਿਰਾਸ਼ਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਰਗਰਮ ਸਿਆਸਤ ਨਾਲੋਂ ਦੂਰੀ ਬਣਾ ਲੈਣ ਕਾਰਨ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਘੁਟਣ ਮਹਿਸੂਸ ਕੀਤੀ ਜਾ ਰਹੀ ਹੈ। ਵਿਧਾਨ ਸਭਾ ਚੋਣਾਂ ਵਿਚ ਕਰਾਰੀ ਹਾਰ ਤੋਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਕਈ ਆਗੂਆਂ ਦੇ ਸੁਭਾਅ ਅਤੇ ਕੰਮ ਢੰਗ ਵਿਚ ਕੋਈ ਤਬਦੀਲੀ ਦਿਖਾਈ ਨਹੀਂ ਦੇ ਰਹੀ, ਪਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀਆਂ ਗਤੀਵਿਧੀਆਂ ਬਹੁਤ ਹੀ ਸੀਮਤ ਕਰ ਲਈਆਂ ਹਨ। ਵੱਡੇ ਬਾਦਲ ਹੁਣ ਆਪਣੇ ਵਿਧਾਨ ਸਭਾ ਹਲਕੇ ਲੰਬੀ ਦੇ ਪਿੰਡਾਂ ਵਿਚ ਹੀ ਆਪਣੇ ਹਮਾਇਤੀਆਂ ਦੇ ਦੁੱਖ ਸੁੱਖ 'ਚ ਸ਼ਰੀਕ ਹੁੰਦੇ ਹਨ ਜਾਂ ਫਿਰ ਕਦੇ ਕਦਾਈਂ ਚੰਡੀਗੜ੍ਹ ਵਿਚ ਵਰਕਰਾਂ ਦੇ ਸ਼ਿਕਵੇ ਸੁਣਨ ਦੇ ਬਹਾਨੇ ਲੋਕਾਂ ਨਾਲ ਰਾਬਤਾ ਰੱਖ ਰਹੇ ਹਨ।

ਪਾਰਟੀ ਦੇ ਇਕ ਸੀਨੀਅਰ ਆਗੂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਉਤੇ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਕੁਝ ਸੀਨੀਅਰ ਆਗੂਆਂ ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰ ਕੇ ਪਾਰਟੀ ਵਿਚਲੇ ਕੁਝ ਮਸਲਿਆਂ ਉਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਪਰ ਵੱਡੇ ਬਾਦਲ ਨੇ ਚਰਚਾ ਕਰਨ ਤੋਂ ਮੂੰਹ ਫੇਰਦਿਆਂ ਕਿਹਾ ''ਕੋਈ ਵੀ ਗੱਲ ਕਰਨੀ ਹੈ ਤਾਂ ਸੁਖਬੀਰ ਨਾਲ ਹੀ ਕਰੋ ਜਥੇਦਾਰ ਜੀ''। ਬਾਦਲ ਦਾ ਇਹ ਮਸ਼ਵਰਾ ਸੀਨੀਅਰ ਅਕਾਲੀ ਆਗੂਆਂ ਨੂੰ ਰਾਸ ਨਹੀਂ ਆ



ਰਿਹਾ ਕਿਉਂ ਕਿ ਛੋਟੇ ਬਾਦਲ ਅਤੇ ਜਥੇਦਾਰਾਂ ਦਰਮਿਆਨ ਪੀੜੀ ਅੰਤਰ (ਜੈਨਰੇਸ਼ਨ ਗੈਪ) ਹੋਣ ਕਾਰਨ ਦੂਰੀਆਂ ਵਧ ਰਹੀਆਂ ਹਨ।

ਪੰਜਾਬ ਵਿਚ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਅਕਾਲੀ ਦਲ ਅੰਦਰ ਹੁਣ ਸੀਨੀਅਰ ਅਕਾਲੀ ਆਗੂਆਂ ਖਾਸ ਕਰ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਚਰਨਜੀਤ ਸਿੰਘ ਅਟਵਾਲ, ਨਿਰਮਲ ਸਿੰਘ ਕਾਹਲੋਂ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਆਦਿ ਦੀ ਪਹਿਲਾਂ ਵਾਲੀ ਚੜ੍ਹਤ ਨਹੀਂ ਮੰਨੀ ਜਾਂਦੀ। ਵੱਡੇ ਬਾਦਲ ਵੱਲੋਂ ਨਿੱਤ ਦਿਨ ਦੀਆਂ ਸਰਗਰਮੀਆਂ ਤੋਂ ਦੂਰੀਆਂ ਬਣਾਉਣ ਨਾਲ ਹੀ ਇਨ੍ਹਾਂ ਆਗੂਆਂ ਦੀਆਂ ਸਿਆਸੀ ਗਤੀਵਿਧੀਆਂ ਵੀ ਬਹੁਤ ਸੀਮਤ ਹੋ ਕੇ ਰਹਿ ਗਈਆਂ ਹਨ। ਪਾਰਟੀ ਅੰਦਰ ਇਹ ਪ੍ਰਭਾਵ ਜਾਣ ਲੱਗਾ ਹੈ ਕਿ ਛੋਟੇ ਬਾਦਲ ਨਵੀਂ ਪੀੜ੍ਹੀ ਦੇ ਆਗੂਆਂ ਨੂੰ ਤਰਜੀਹ ਦਿੰਦੇ ਹਨ। ਪ੍ਰਕਾਸ਼ ਸਿੰਘ ਬਾਦਲ ਸਮੇਤ ਦੂਜੀ ਕਤਾਰ ਦੇ ਸੀਨੀਅਰ ਆਗੂਆਂ ਦੀਆਂ ਸਰਗਰਮੀਆਂ ਘਟਣ ਤੋਂ ਇਹ ਵੀ ਸਪੱਸ਼ਟ ਸੰਕੇਤ ਹਨ ਕਿ ਆਉਣ ਵਾਲੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਨਵੀਂ ਪੀੜ੍ਹੀ ਦੇ ਹੋਰ ਆਗੂਆਂ ਦੀ ਅਗਵਾਈ ਹੇਠ ਹੀ ਲੜੀਆਂ ਜਾਣਗੀਆਂ।

ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਪੂਰੀ ਤਰ੍ਹਾਂ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਕੰਟਰੋਲ ਵਿਚ ਮੰਨਿਆ ਜਾਂਦਾ ਹੈ। ਇਸ ਸਮੇਂ ਛੋਟੇ ਬਾਦਲ ਦੀ ਕੋਰ ਟੀਮ ਦੇ ਮੈਂਬਰਾਂ ਵਜੋਂ ਬੰਟੀ, ਰੋਜ਼ੀ, ਡਿੰਪੀ, ਨੋਨੀ, ਲੱਖੀ ਆਦਿ ਆਗੂਆਂ ਦੀ ਪਛਾਣ ਕੀਤੀ ਜਾਂਦੀ ਹੈ। ਸੀਨੀਅਰ ਲੀਡਰਸ਼ਿਪ ਮਹਿਸੂਸ ਕਰ ਰਹੀ ਹੈ ਕਿ ਉਨ੍ਹਾਂ ਨੂੰ ਮਹਿਜ਼ ਖਾਨਾਪੂਰਤੀ ਲਈ ਕੋਰ ਕਮੇਟੀ ਦੀਆਂ ਮੀਟਿੰਗਾਂ ਲਈ ਵੀ ਬੁਲਾਇਆ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਗੁਰਦਾਸਪੁਰ ਸੰਸਦੀ ਹਲਕੇ ਦੀ ਚੋਣ ਵਕਾਰ ਦਾ ਸਵਾਲ ਬਣਾ ਕੇ ਲੜੀ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਇਸ ਚੋਣ 'ਚ ਸ਼ਮੂਲੀਅਤ ਨਹੀਂ ਕੀਤੀ ਅਤੇ ਪਾਰਟੀ ਨੂੰ ਵਿਧਾਨ ਸਭਾ ਚੋਣਾਂ ਵਰਗੀ ਹੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਬਾਅਦ ਪਾਰਟੀ ਵੱਲੋਂ ਮੁਕਤਸਰ ਮਾਘੀ ਸਮੇਤ ਕਈ ਵੱਡੀਆਂ ਸਿਆਸੀ ਕਾਨਫਰੰਸਾਂ ਕੀਤੀਆਂ ਗਈਆਂ। ਇਨ੍ਹਾਂ ਕਾਨਫਰੰਸਾਂ ਤੋਂ ਵੀ ਵੱਡੇ ਬਾਦਲ ਨੇ ਦੂਰੀ ਬਣਾਈ ਰੱਖੀ।

ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ
ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਤੌਰ 'ਤੇ ਲੋੜ ਹੈ
*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
Restaurant Help
Immediately hiring Tandooria & Kitchen Helper for Indian restaurant in Indiana.
*Good salary and free accommodation.
ਸੰਪਰਕ ਕਰੋ: ਟੋਨੀ
ਫੋਨ: 317-340-1470
5-6

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਡਾਰਵਿਨ ਦਾ ਵਿਕਾਸ ਸਿਧਾਂਤ ਤੇ ਵਿਗਿਆਨ ਦਾ ਮੋਦੀਕਰਨ

***ਨਰੇਂਦਰ ਮੋਦੀ ਸਰਕਾਰ ਦੇ ਇਕ ਮੰਤਰੀ ਸੱਤਿਆਪਾਲ ਸਿੰਘ ਨੇ ਡਾਰਵਿਨ ਦੇ ਸਿਧਾਂਤ ਨੂੰ ਗਲਤ ਕਰਾਰ ਦਿੱਤੇ ਜਾਣ ਤੋਂ ਬਾਅਦ ਮਸਲਾ ਕਾਫੀ ਭਖ ਗਿਆ। ਫਿਲਹਾਲ ਇਸ ਮੰਤਰੀ ਅਤੇ ਸੱਤਾਧਾਰੀ, ਭਾਰਤੀ ਜਨਤਾ ਪਾਰਟੀ ਨੂੰ ਤਿੱਖੇ ਵਿਰੋਧ ਕਾਰਨ ਦੁਬਕਣਾ ਪੈ ਗਿਆ ਹੈ, ਪਰ ਸਰਕਾਰ ਵਿਚ ਸ਼ਾਮਲ ਮੰਤਰੀ ਅਤੇ ਪਾਰਟੀ ਦੇ ਹੋਰ ਕਈ ਆਗੂ ਅਕਸਰ ਅਜਿਹੇ ਬਿਆਨ ਦਾਗਦੇ ਰਹਿੰਦੇ ਹਨ। ਅਸੀਂ ਇਸ ਮਸਲੇ ਬਾਰੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ ਡਾ. ਕੁਲਦੀਪ ਸਿੰਘ ਧੀਰ ਅਤੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸੁਰਿੰਦਰ ਸਿੰਘ ਤੇਜ ਵੱਲੋਂ ਕੀਤੀਆਂ ਟਿੱਪਣੀਆਂ ਛਾਪ ਰਹੇ ਹਾਂ। -ਸੰਪਾਦਕ***

ਮੈਨੂੰ ਸੰਵਿਧਾਨ ਦਾ ਬਹੁਤਾ ਪਤਾ ਨਹੀਂ, ਪਰ ਦੋਸਤ ਕਹਿੰਦੇ ਹਨ ਕਿ ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐਚ) ਅਨੁਸਾਰ ਸਰਕਾਰ ਮੁਲਕ ਵਿਚ ਵਿਗਿਆਨਕ ਸੋਚ ਦੇ ਪਸਾਰ ਲਈ ਵਚਨਬੱਧ ਹੈ। ਇਸ ਵਚਨਬੱਧਤਾ ਨਾਲ ਮਜ਼ਾਕ ਅੱਜ ਕੱਲ੍ਹ ਆਮ ਹੋ ਰਿਹਾ ਹੈ। 68ਵੇਂ ਗਣਤੰਤਰ ਦਿਵਸ ਤੋਂ ਹਫ਼ਤਾ ਪਹਿਲਾਂ 19 ਜਨਵਰੀ 2018 ਨੂੰ ਔਰੰਗਾਬਾਦ (ਮਹਾਂਰਾਸ਼ਟਰ) ਵਿਚ ਮੁਲਕ ਦੇ ਮਨੁੱਖੀ ਸਰੋਤ ਵਿਕਾਸ ਰਾਜ ਮੰਤਰੀ ਸਤਿਆਪਾਲ ਸਿੰਘ ਨੇ ਆਲ ਇੰਡੀਆ ਵੈਦਿਕ ਸੰਮੇਲਨ ਵਿਚ ਮੁਲਕ ਤੇ ਦੁਨੀਆਂ ਨੂੰ ਇਹ ਕਹਿ ਕੇ ਚੌਂਕਾ ਦਿੱਤਾ ਕਿ ਡਾਰਵਿਨ ਦਾ ਵਿਕਾਸ ਸਿਧਾਂਤ ਗ਼ਲਤ ਹੈ। ਸਾਡੇ ਕਿਸੇ ਵੇਦ ਪੁਰਾਣ, ਧਾਰਮਿਕ ਗ੍ਰੰਥ ਵਿਚ

**ਡਾ. ਕੁਲਦੀਪ ਸਿੰਘ ਧੀਰ**
**ਫੋਨ: 91-98722-60550**


ਮਨੁੱਖ ਦੇ ਬਾਂਦਰ/ਲੰਗੂਰ (ਏਪ) ਤੋਂ ਵਿਕਸਿਤ ਹੋਣ ਦਾ ਜ਼ਿਕਰ ਨਹੀਂ। ਸਾਡੇ ਕਿਸੇ ਵੱਡੇ-ਵਡੇਰੇ/ਨਾਨੀ/ਦਾਦੀ ਨੇ ਸਾਨੂੰ ਇਸ ਬਾਰੇ ਕਦੇ ਨਹੀਂ ਦੱਸਿਆ। ਕਿਸੇ ਨੇ ਵੀ ਲੰਗੂਰ/ਬਾਂਦਰ ਦੇ ਘਰ ਬੰਦਾ ਪੈਦਾ ਹੁੰਦਾ ਨਹੀਂ ਵੇਖਿਆ। ਕਿਸੇ ਨੇ ਲੰਗੂਰ ਨੂੰ ਬੰਦਾ ਬਣਦੇ ਨਹੀਂ ਵੇਖਿਆ। ਇਸ ਗ਼ਲਤ ਸਿਧਾਂਤ ਦਾ ਸਕੂਲਾਂ/ਕਾਲਜਾਂ ਤੇ ਪਾਠ ਪੁਸਤਕਾਂ ਰਾਹੀਂ ਅਧਿਆਪਨ ਬੰਦ ਹੋਣਾ ਚਾਹੀਦਾ ਹੈ।

ਬੜੇ 'ਸੂਝਵਾਨ' ਹਨ ਇਹ ਮੰਤਰੀ ਜੀ। ਉਨ੍ਹਾਂ ਦਾ ਖ਼ੂਬ ਵਿਰੋਧ ਹੋ ਰਿਹਾ ਹੈ, ਪਰ ਸਰਕਾਰ ਨੂੰ ਕੀ ਪ੍ਰਵਾਹ। ਪ੍ਰਧਾਨ ਮੰਤਰੀ ਆਪ ਦੋ ਸਾਲ ਪਹਿਲਾਂ ਮੁੰਬਈ ਦੀ ਇੰਡੀਅਨ ਸਾਇੰਸ ਕਾਂਗਰਸ ਵਿਚ ਬਾਹਾਂ ਉਲਾਰ ਕੇ ਕਹਿ ਚੁੱਕੇ ਹਨ- "ਪ੍ਰਾਚੀਨ ਭਾਰਤ ਵਿਚ ਪਲਾਸਟਿਕ ਸਰਜਰੀ ਇੰਨੀ ਵਿਕਸਿਤ ਸੀ ਕਿ ਅਸੀਂ ਸਿਰ ਟਰਾਂਸਪਲਾਂਟ ਕਰ ਲੈਂਦੇ ਸਾਂ।" ਇਸ਼ਾਰਾ ਉਹ ਗਣੇਸ਼ ਭਗਵਾਨ ਵੱਲ ਕਰ ਰਹੇ ਸਨ। "ਅਸੀਂ ਕਲੋਨਿੰਗ ਨਾਲ ਸੌ ਬੰਦੇ ਪੈਦਾ ਕਰ ਲੈਂਦੇ ਸਾਂ।" ਇਸ਼ਾਰਾ ਸੌ ਕੌਰਵ ਪੁੱਤਰਾਂ ਵੱਲ ਸੀ। "ਅਸੀਂ ਭਾਂਤ ਭਾਂਤ ਦੇ ਜਹਾਜ਼, ਰਾਕੇਟ ਤੇ ਬੰਬ ਬਣਾ ਲੈਂਦੇ ਸਾਂ।" ਇਸ਼ਾਰਾ ਪੌਰਾਣਿਕ ਅਗਨ ਬਾਣਾਂ ਤੇ ਪੁਸ਼ਪਕ ਵਿਮਾਨਾਂ ਵੱਲ ਸੀ। ਕੌਮੀ ਕੌਮਾਂਤਰੀ ਪੱਧਰ ਉਤੇ ਮੁਲਕ ਦੇ ਗੌਰਵ ਨਾਲ ਇਹ ਮਜ਼ਾਕ ਨਹੀਂ, ਤਾਂ ਹੋਰ ਕੀ ਸੀ। ਪਿੱਛੇ ਜਿਹੇ ਉਨ੍ਹਾਂ ਦੇ ਇੱਕ ਹੋਰ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਨਿਊਟਨ ਦੇ ਗੁਰੂਤਾ ਸਿਧਾਂਤ ਦੀ ਖੋਜ ਉਸ ਤੋਂ ਕਿਤੇ ਪਹਿਲਾਂ ਭਾਰਤੀ ਵਿਗਿਆਨੀ ਕਰ ਚੁੱਕੇ ਸਨ।

ਵਿਗਿਆਨ ਹਰਫ਼-ਏ-ਆਖ਼ਿਰ ਦਾ ਦਾਅਵਾ ਨਹੀਂ ਕਰਦਾ। ਨਵੀਂ ਖੋਜ ਵਿਗਿਆਨਕ ਲੱਭਤਾਂ/ਸਿਧਾਂਤਾਂ ਨੂੰ ਰੱਦ ਕਰ ਸਕਦੀ ਹੈ, ਸੋਧ ਸਕਦੀ ਹੈ। ਇਨ੍ਹਾਂ ਦੀ ਸੁਧਾਈ (ਮੌਡੀਫਿਕੇਸ਼ਨ) ਕਰ ਸਕਦੀ ਹੈ। ਕੇਂਦਰੀ ਮੰਤਰੀ ਵਿਗਿਆਨਕ ਸਿਧਾਂਤਾਂ ਦੀ ਖੋਜ ਤੇ ਦਲੀਲ ਨਾਲ 'ਮੌਡੀਫਿਕੇਸ਼ਨ' ਜੀਅ ਸਕਦੇ ਕਰਨ, ਪਰ ਇਨ੍ਹਾਂ ਦੀ 'ਮੋਦੀਫਿਕੇਸ਼ਨ' ਕਰ ਕੇ ਭਾਰਤੀ ਪ੍ਰਾਪਤੀਆਂ ਦਾ ਮਜ਼ਾਕ ਨਾ ਉਡਾਉਣ। ਅਜਿਹੇ ਬਿਆਨਾਂ ਉਪਰੰਤ ਲੋਕ ਸਾਡੀਆਂ ਹਕੀਕੀ ਪ੍ਰਾਪਤੀਆਂ ਨੂੰ ਵੀ ਗੰਭੀਰਤਾ ਨਾਲ ਨਹੀਂ ਲੈਣਗੇ।

ਕੇਂਦਰੀ ਮੰਤਰੀ ਦੀ ਗੱਲ ਮੰਨੀਏ ਤਾਂ ਨਿਊਟਨ ਦੇ ਨੇਮ ਵੀ ਗ਼ਲਤ ਹਨ, ਕਿਉਂ ਜੋ ਇਨ੍ਹਾਂ ਦਾ ਜ਼ਿਕਰ ਵੇਦਾਂ ਵਿਚ ਨਹੀਂ। ਆਇੰਸਟਾਈਨ ਦੇ ਸਾਪੇਖਤਾ ਸਿਧਾਂਤ ਤੇ ਕੁਆਂਟਮ ਥਿਊਰੀ ਗ਼ਲਤ ਹਨ। ਇਨ੍ਹਾਂ ਬਾਰੇ ਸਾਡੇ ਵੱਡੇ-ਵਡੇਰਿਆਂ ਨੇ ਸਾਨੂੰ ਕਦੇ ਦੱਸਿਆ ਨਹੀਂ ਸੀ। ਚੰਨ/ਮੰਗਲ ਜਾਂ ਪੁਲਾੜ ਵਿਚ ਕਿਸੇ ਗ੍ਰਹਿ ਉਤੇ ਪਾਣੀ/ਮਨੁੱਖ ਨਹੀਂ ਹੋ ਸਕਦੇ। ਹੁੰਦੇ ਤਾਂ ਉਹ ਹੇਠਾਂ ਡਿੱਗਦੇ ਸਾਨੂੰ ਕਦੋਂ ਦੇ ਦਿਸ ਜਾਂਦੇ। ਕੀ ਕਹੀਏ? 'ਸਰੇ ਤਸਲੀਮ ਖ਼ਮ ਹੈ ਜੋ ਮਜ਼ਾਜੇ ਯਾਰ ਮੇਂ ਆਏ।' ਵਿਚਾਰੇ ਡਾਰਵਿਨ ਨਾਲ ਇੰਨੀ ਮਾੜੀ ਸ਼ਾਇਦ ਹੀ ਕਦੇ ਹੋਈ ਹੋਵੇ। ਚਲੋ ਉਸ ਬਾਰੇ ਵੀ ਆਮ ਭਾਰਤੀਆਂ ਨੂੰ ਕੁਝ ਦੱਸ ਦੇਈਏ ਜਿਸ ਨੂੰ ਲੈ ਕੇ ਇਹ ਬਿਆਨ ਦੇਣ ਦਾ ਕਸ਼ਟ ਕੇਂਦਰੀ ਮੰਤਰੀ ਨੇ ਕੀਤਾ ਹੈ।

ਡਾਰਵਿਨ 12 ਫਰਵਰੀ 1809 ਨੂੰ ਇੰਗਲੈਂਡ ਵਿਚ ਉਸੇ ਦਿਨ ਜੰਮਿਆ ਜਿਸ ਦਿਨ ਅਮਰੀਕਾ ਵਿਚ ਅਬਰਾਹਮ ਲਿੰਕਨ। ਡਾਰਵਿਨ ਨੇ ਵੱਡੀ ਗੱਲ ਇਹ ਕਹੀ ਕਿ ਮਨੁੱਖ, ਪਸ਼ੂ ਤੋਂ ਵੀ




***ਕੇਂਦਰੀ ਰਾਜ ਮੰਤਰੀ ਸੱਤਿਆਪਾਲ ਸਿੰਘ***

ਹੇਠਲੇ ਪੱਧਰ ਉਤੋਂ ਤੁਰ ਕੇ ਇਥੇ ਤਕ ਪੁੱਜਾ ਹੈ। ਨਾਨਕੇ ਦਾਦਕੇ ਦੋਵਾਂ ਪਰਿਵਾਰਾਂ ਵੱਲੋਂ ਉਹ ਚੰਗੇ ਨਾਂ-ਥਾਂ ਵਾਲਾ ਸੀ। ਦਾਦਾ 18ਵੀਂ ਸਦੀ ਦਾ ਮੰਨਿਆ ਹੋਇਆ ਬੁੱਧੀਜੀਵੀ ਸੀ ਇਰੈਸਮਸ ਡਾਰਵਿਨ। ਨਾਨਾ ਜੋਸੀਆ ਵੈਸਵੁਡ ਚੰਗਾ ਵਪਾਰੀ। ਪਿਤਾ ਨੇ ਡਾਰਵਿਨ ਨੂੰ ਡਾਕਟਰ ਬਣਾਉਣ ਲਈ ਐਡਿਨਬਰਾ ਯੂਨੀਵਰਸਿਟੀ (ਸਕੌਟਲੈਂਡ) ਵਿਚ ਦਾਖਲ ਕਰਾਇਆ। ਉਤੇ ਉਸ ਦਾ ਦਿਲ ਨਾ ਲੱਗਾ। ਛੱਡ ਕੇ ਧਾਰਮਿਕ ਵਿਦਿਆ ਲਈ ਕੈਂਬਰਿਜ ਪਹੁੰਚ ਗਿਆ ਤਾਂ ਕਿ ਸਿਖਲਾਈ ਲੈ ਕੇ ਚਰਚ ਦੀ ਸੇਵਾ ਕਰੇ। ਕੈਂਬਰਿਜ ਵਿਚ ਵਿਗਿਆਨੀਆਂ ਦੇ ਸੰਪਰਕ ਵਿਚ ਆਇਆ ਤਾਂ ਉਸ ਦਾ ਮਨ ਵਿਗਿਆਨ ਵੱਲ ਮੁੜ ਗਿਆ। ਬਾਟਨੀ ਦੇ ਪ੍ਰੋਫ਼ੈਸਰ ਜੌਹਨ ਹੈਂਸਲੋ ਨੇ ਉਸ ਨੂੰ ਐਚ.ਐਮ.ਐਸ. ਬੀਗਲ ਨਾਂ ਦੇ ਸਮੁੰਦਰੀ ਜਹਾਜ਼ ਉਤੇ ਬਿਨਾਂ ਤਨਖ਼ਾਹ ਅਪਰੈਂਟਿਸ ਲਵਾ ਦਿੱਤਾ। ਇਸ ਨੇ ਪੰਜ ਸਾਲ ਦੀ ਲੰਬੀ ਯਾਤਰਾ ਵਿਚ ਦੂਰ ਦੇਸ਼ਾਂ ਦੇ ਕੀਟ-ਪਤੰਗੇ, ਪੌਦੇ, ਚੱਟਾਨਾਂ, ਮਿੱਟੀ ਆਦਿ ਇਕੱਠੇ ਕਰਨੇ ਸਨ। ਇਸ ਆਸਰੇ ਹੀ ਡਾਰਵਿਨ ਨੇ ਆਪਣਾ ਵਿਕਾਸ ਸਿਧਾਂਤ ਪੇਸ਼ ਕੀਤਾ।

ਉਸ ਨੇ ਜੀਅ-ਜੰਤ ਵਿਚ ਨਿਰੰਤਰ ਵਾਪਰੇ ਸੂਖ਼ਮ ਪਰਿਵਰਤਨਾਂ ਨੂੰ ਮੂਟੇਸ਼ਨ ਦੇ ਸੰਕਲਪ ਰਾਹੀਂ ਸਮਝਾਇਆ। ਉਸ ਨੇ ਕਿਹਾ ਕਿ ਵਿਕਾਸ ਦੇ ਹਰ ਪੜਾਅ ਉਤੇ ਹਾਲਾਤ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਣ ਵਾਲੀਆਂ ਨਸਲਾਂ ਹੀ ਅੱਗੇ ਤੁਰਦੀਆਂ ਹਨ। ਹਰ ਨਵੀਂ ਪ੍ਰਜਾਤੀ ਵਿਚ ਨਵੇਂ ਹਾਲਾਤ ਦਾ ਮੁਕਾਬਲਾ ਕਰਨ ਵਾਲੇ ਅੰਗ, ਗੁਣ, ਲੱਛਣ ਉਸ ਦਾ ਮੁਹਾਂਦਰਾ ਨਿਸ਼ਚਿਤ ਕਰਦੇ ਹਨ। ਉਹ ਇਸ ਸਿਧਾਂਤ ਲਈ ਇਕ ਪਾਸੇ ਲਾਈਲ ਦੀ ਕਿਤਾਬ 'ਪ੍ਰਿੰਸੀਪਲਜ਼ ਆਫ ਜ਼ਿਆਲੌਜੀ' ਅਤੇ ਦੂਜੇ ਪਾਸੇ ਜੀਵ-ਜੰਤੂਆਂ ਦੇ ਪਥਰਾਟਾਂ ਦੇ ਅਧਿਐਨ ਤੋਂ ਪ੍ਰਭਾਵਿਤ ਹੋਇਆ। ਇਸ ਤੋਂ ਇਲਾਵਾ ਉਹ ਮਾਲਥਸ ਦੇ ਜਨਸੰਖਿਆ ਅਤੇ ਪ੍ਰਕ੍ਰਿਤਕ ਸਾਧਨਾਂ ਦੇ ਪਰਸਪਰ ਰਿਸ਼ਤੇ ਬਾਰੇ ਪੇਸ਼ ਧਾਰਨਾਵਾਂ ਤੋਂ ਵੀ ਪ੍ਰਭਾਵਿਤ ਹੋਇਆ। ਉਸ ਨੇ ਆਪਣਾ ਸਿਧਾਂਤ ਐਵੇਂ ਤਤਫੱਟ ਪੇਸ਼ ਨਹੀਂ ਕੀਤਾ। ਇਸ ਬਾਰੇ ਵੀਹ ਸਾਲ ਸੋਚਿਆ। ਇਸੇ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਸ ਵਰਗੇ ਹੀ ਵਿਚਾਰ ਇਕ ਹੋਰ ਵਿਗਿਆਨੀ ਐਲਫਰੈਡ ਰਸਲ ਵੈਲੇਸ ਦੇ ਵੀ ਹਨ। ਡਾਰਵਿਨ ਨੇ ਉਸ ਨਾਲ ਰਾਬਤਾ ਕੀਤਾ। 1858 ਵਿਚ ਦੋਵਾਂ ਨੇ ਇਸ ਬਾਰੇ ਸਾਂਝਾ ਐਲਾਨ ਕੀਤਾ। 1859 ਵਿਚ ਡਾਰਵਿਨ ਨੇ ਆਪਣਾ ਪਹਿਲਾ ਸਿਧਾਂਤਕ ਗ੍ਰੰਥ 'ਆਨ ਦਿ ਓਰਿਜਿਨ ਆਫ ਸਪੀਸ਼ੀਜ਼ ਬਾਈ ਨੈਚੁਰਲ ਸਿਲੈਕਸ਼ਨ' ਪ੍ਰਕਾਸ਼ਿਤ ਕੀਤਾ।

ਇਸ ਨਾਲ ਤਰਥੱਲੀ ਮਚ ਗਈ। ਸਾਡੇ ਮੰਤਰੀ ਵਾਂਗ ਕਿੰਨੇ ਹੀ ਕਹਿੰਦੇ ਕਹਾਉਂਦੇ ਬੰਦੇ ਇਸ ਦੇ ਵਿਰੋਧ ਵਿਚ ਉਠ ਖਲੋਤੇ। ਲੰਗੂਰ ਨੂੰ ਮਨੁੱਖ ਦਾ ਵਡੇਰਾ ਮੰਨਣਾ ਸੌਖਾ ਨਹੀਂ ਸੀ। ਉਨ੍ਹਾਂ ਲੰਗੂਰ ਉਤੇ ਡਾਰਵਿਨ ਦਾ ਸਿਰ ਲਾ ਕੇ ਕਾਰਟੂਨ ਬਣਾਏ। ਉਸ ਖਿਲਾਫ ਜਲੂਸ ਕੱਢੇ। ਇਸੇ ਤੂਫ਼ਾਨ ਦੌਰਾਨ ਕਈ ਵੱਡੇ ਬੰਦੇ ਉਸ ਦੇ ਸਮਰਥਨ ਵਿਚ ਵੀ ਅੱਗੇ ਆਏ। ਟੀ.ਐਚ. ਹਕਸਲੇ, ਜੇ.ਬੀ.ਐਸ. ਹਾਲਡੇਨ, ਸੀਵਾਲ ਰਾਈਟ ਤੇ ਰੇਨਾਲਡ ਫਿਸ਼ਰ ਇਨ੍ਹਾਂ ਵਿਚੋਂ ਮੁੱਖ ਸਨ। ਤੀਹ ਜੂਨ 1860 ਨੂੰ ਆਕਸਫੋਰਡ ਵਿਚ ਇਸ ਸਿਧਾਂਤ ਉਤੇ ਬਹਿਸ ਹੋਈ। ਆਰਚਬਿਸ਼ਪ ਵਿਲਬਰਫੋਰਸ, ਡਾਰਵਿਨ ਦਾ ਮਜ਼ਾਕ ਉਡਾਉਂਦਿਆਂ ਹਕਸਲੇ ਨਾਲ ਤਿੱਖੀ ਨੋਕ ਝੋਕ ਸ਼ੁਰੂ ਕਰ ਬੈਠਾ। ਉਸ ਨੇ ਹਕਸਲੇ ਨੂੰ ਸਵਾਲ ਕੀਤਾ: "ਲੰਗੂਰ ਨਾਲ ਤੁਹਾਡਾ ਰਿਸ਼ਤਾ ਨਾਨਕਿਆਂ ਵੱਲੋਂ ਜਾਂ ਦਾਦਕਿਆਂ ਵੱਲੋਂ?" ਹਕਸਲੇ



***ਚਾਰਲਸ ਡਾਰਵਿਨ***

ਦਾ ਉਤਰ ਸੀ: "ਆਕਸਫੋਰਡ ਦੇ ਤੇਰੇ ਜਿਹੇ ਜਾਹਿਲ ਬਿਸ਼ਪ ਦੀ ਔਲਾਦ ਹੋਣ ਨਾਲੋਂ ਤਾਂ ਮੈਂ ਨਾਨਕਿਆਂ ਦਾਦਕਿਆਂ ਦੋਵਾਂ ਵੱਲੋਂ ਹੀ ਲੰਗੂਰ ਦੀ ਨਸਲ ਨਾਲ ਨਾਤਾ ਜੋੜਨਾ ਫ਼ਖਰ ਦੀ ਗੱਲ ਸਮਝਦਾ ਹਾਂ।" ਹਕਸਲੇ ਨੇ ਥਾਂ ਥਾਂ ਡਾਰਵਿਨ ਦੇ ਹੱਕ ਵਿਚ ਭਾਸ਼ਣ ਕੀਤੇ।

ਡਾਰਵਿਨ ਤੇ ਵੈਲੇਸ ਦਾ ਰਿਸ਼ਤਾ ਵੀ ਕਮਾਲ ਸੀ। ਇਕ ਪਾਸੇ ਡਾਰਵਿਨ ਨੇ ਵਿਕਾਸ ਸਿਧਾਂਤ ਦਾ ਸਿਹਰਾ ਵੈਲੇਸ ਦੇ ਸਿਰ ਬੰਨ੍ਹਣ ਦੀ ਗੱਲ ਕੀਤੀ। ਦੂਜੇ ਪਾਸੇ ਵੈਲੇਸ ਨੇ ਕਿਹਾ ਕਿ ਵਿਕਾਸ ਸਿਧਾਂਤ ਪੂਰੇ ਦਾ ਪੂਰਾ ਡਾਰਵਿਨ ਦੀ ਦੇਣ ਹੈ। ਡਾਰਵਿਨ ਸੁਭਾਅ ਪੱਖੋਂ ਚੁੱਪ ਤੇ ਸ਼ਰਮੀਲਾ ਸੀ। 'ਓਰਿਜਿਨ ਆਫ ਸਪੀਸ਼ੀਜ਼' ਦੇ ਪ੍ਰਕਾਸ਼ਨ ਲਈ ਜੌਹਨ ਮਰੇ ਨਾਲ ਇਕਰਾਰਨਾਮਾ ਹੋ ਗਿਆ। ਡਾਰਵਿਨ ਨੂੰ ਲੱਗਾ ਕਿ ਇਹ ਕਿਤਾਬ ਪ੍ਰਕਾਸ਼ਨ ਲਈ ਘਾਟੇਵੰਦੀ ਰਹੇਗੀ। ਉਸ ਨੇ ਜੌਹਨ ਨੂੰ ਲਿਖਿਆ: "ਹੁਣ ਤਕ ਤੁਸੀਂ ਮੇਰੀ ਕਿਤਾਬ ਚੰਗੀ ਤਰ੍ਹਾਂ ਫਰੋਲ ਕੇ ਸਮਝ ਲਈ ਹੋਵੇਗੀ। ਜੇ ਤੁਹਾਨੂੰ ਇਹ ਸੌਦਾ ਘਾਟੇਵੰਦਾ ਲੱਗੇ ਤਾਂ ਤੁਸੀਂ ਇਸ ਇਕਰਾਰਨਾਮੇ ਨੂੰ ਜਦੋਂ ਚਾਹੋ ਰੱਦ ਕਰ ਸਕਦੇ ਹੋ।"

ਲੰਗੂਰ ਤੋਂ ਮਨੁੱਖ ਬਣਨ ਵਾਲੀ ਗੱਲ ਸਿੱਧੇ ਰੂਪ ਵਿਚ ਡਾਰਵਿਨ ਨੇ 1859 ਵਾਲੀ ਆਪਣੀ ਪਹਿਲੀ ਕਿਤਾਬ ਵਿਚ ਨਹੀਂ ਸੀ ਕਹੀ। ਇਹ ਉਸ ਨੇ ਸਪਸ਼ਟ ਰੂਪ ਵਿਚ 1871 ਵਿਚ ਪ੍ਰਕਾਸ਼ਿਤ ਆਪਣੀ ਦੂਜੀ ਕਿਤਾਬ 'ਡਿਸੈਂਟ ਆਫ ਮੈਨ' ਵਿਚ ਕਹੀ ਸੀ। ਉਂਜ, ਉਸ ਦਾ ਵਿਰੋਧ ਉਸ ਦੀ ਮੌਤ ਪਿੱਛੋਂ ਵੀ ਦੇਰ ਤਕ ਹੁੰਦਾ ਰਿਹਾ। ਚਰਚ ਅਤੇ ਡਾਰਵਿਨ ਦੇ ਉਮਰ ਭਰ ਦੇ ਵਿਰੋਧ ਦੇ ਬਾਵਜੂਦ 1882 ਵਿਚ ਉਸ ਦੀ ਮੌਤ ਉਪਰੰਤ ਚਰਚ ਨੇ ਉਸ ਨੂੰ ਵੈਸਟਮਿਨਸਟਰ ਐਬੇ ਵਿਚ ਨਿਊਟਨ ਦੀ ਕਬਰ ਨੇੜੇ ਸ਼ਾਹੀ ਸਨਮਾਨਾਂ ਨਾਲ ਦਫ਼ਨਾਉਣ ਦੀ ਆਗਿਆ ਦਿੱਤੀ। 10 ਪੌਂਡ ਦੇ ਬ੍ਰਿਟਿਸ਼ ਨੋਟ ਉਤੇ ਡਾਰਵਿਨ ਦੀ ਫੋਟੋ ਛਾਪ ਕੇ ਇੰਗਲੈਂਡ ਉਸ ਨੂੰ ਆਪਣੀ ਅਕੀਦਤ ਕਾਫ਼ੀ ਦੇਰ ਪਹਿਲਾਂ ਭੇਟ ਕਰ ਚੁੱਕਾ ਹੈ।

ਡਾਰਵਿਨ ਆਪ ਇਸ ਵਿਰੋਧ ਤੇ ਮਾਨ-ਸਨਮਾਨ ਦੌਰਾਨ ਨਿਮਰ ਤੇ ਸਹਿਜ ਰਿਹਾ। ਇਕ ਵਾਰ ਇੰਗਲੈਂਡ ਦਾ ਪ੍ਰਧਾਨ ਮੰਤਰੀ ਗਲੈਡਸਟੋਨ ਉਸ ਨੂੰ ਮਿਲਣ ਆਇਆ। ਉਹ ਮਿਲ ਕੇ ਗਿਆ ਤਾਂ ਡਾਰਵਿਨ ਨੇ ਦੋਸਤਾਂ ਨੂੰ ਕਿਹਾ, "ਗਲੈਡਸਟੋਨ ਨੂੰ ਇਹ ਨਹੀਂ ਸੀ ਪਤਾ ਕਿ ਉਹ ਕਿੱਡਾ ਵੱਡਾ ਬੰਦਾ ਹੈ। ਮੇਰੇ ਨਾਲ ਇੰਜ ਗੱਲਾਂ ਕਰਦਾ ਰਿਹਾ, ਜਿਵੇਂ ਉਹ ਮੇਰੇ ਜਿਹਾ ਸਾਧਾਰਨ ਬੰਦਾ ਹੋਵੇ।" ਇਹ ਟਿੱਪਣੀ ਜਦੋਂ ਕਿਸੇ ਨੇ ਗਲੈਡਸਟੋਨ ਨੂੰ ਦੱਸੀ ਤਾਂ ਉਸ ਨੇ ਕਿਹਾ, "ਕਮਾਲ ਹੈ, ਮੈਂ ਵੀ ਡਾਰਵਿਨ ਬਾਰੇ ਇਹੀ ਸੋਚ ਰਿਹਾ ਸਾਂ।"

ਡਾਰਵਿਨ ਦਾ ਵਿਰੋਧ ਮਰਨ ਪਿਛੋਂ ਵੀ ਕਰਨ ਵਾਲੇ ਦੇਰ ਤਕ ਸਰਗਰਮ ਰਹੇ। ਅਮਰੀਕਾ ਦੇ ਇਕ ਸਕੂਲ ਅਧਿਆਪਕ ਟੌਮਸ ਸਕੋਪਸ ਉਤੇ 1925 ਵਿਚ ਵਿਕਾਸ ਸਿਧਾਂਤ ਪੜ੍ਹਾਉਣ ਕਾਰਨ ਮੁਕੱਦਮਾ ਠੋਕ ਦਿੱਤਾ ਗਿਆ। ਦੋਸ਼ ਇਹ ਲਾਇਆ ਗਿਆ ਕਿ ਇਹ ਬਾਈਬਲ ਦੇ ਉਲਟ ਹੈ। ਜੱਜਾਂ ਨੇ ਸਕੋਪਸ ਨੂੰ ਸੌ ਡਾਲਰ ਜੁਰਮਾਨਾ ਕੀਤਾ। ਅਮਰੀਕੀ ਸੂਬੇ ਟੈਨੇਸੀ ਦਾ ਕਾਨੂੰਨ ਹੀ ਐਸਾ ਸੀ। ਇਹ ਕਾਨੂੰਨ 1967 ਵਿਚ ਰੱਦ ਕੀਤਾ ਗਿਆ।

ਮੰਤਰੀ ਸਤਿਆਪਾਲ ਸਿੰਘ ਦੇ ਬਿਆਨ ਦਾ ਮੁਲਕ ਭਰ ਵਿਚ ਵਿਆਪਕ ਪੱਧਰ ਉਤੇ ਵਿਰੋਧ ਹੋਇਆ ਹੈ। ਵਿਗਿਆਨਕ ਸੋਚ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਵਿਗਿਆਨਕ ਸੋਚ ਦੇ ਪਸਾਰ ਦੇ ਯਤਨਾਂ ਨੂੰ ਸੱਟ ਵੱਜੀ ਹੈ। ਸੰਸਾਰ ਪੱਧਰ ਉਤੇ ਮੁਲਕ ਦਾ ਅਕਸ ਖਰਾਬ ਹੋਇਆ ਹੈ। ਮੁਲਕ ਦੀਆਂ ਵਿਗਿਆਨ ਨਾਲ ਸਬੰਧਿਤ ਤਿੰਨ ਮੁੱਖ ਅਕੈਡਮੀਆਂ ਇਸ ਦੇ ਵਿਰੋਧ ਵਿਚ ਅੱਗੇ ਆਈਆਂ ਹਨ। ਇਹ ਹਨ: ਨਵੀਂ ਦਿੱਲੀ ਦੀ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ, ਬੰਗਲੌਰ ਦੀ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਅਤੇ ਅਲਾਹਾਬਾਦ ਦੀ ਨੈਸ਼ਨਲ ਅਕੈਡਮੀ ਆਫ ਸਾਇੰਸਿਜ਼।

ਅਕੈਡਮੀਆਂ ਤੋਂ ਇਲਾਵਾ ਮੁਲਕ ਦੇ ਨਾਮਵਰ ਵਿਗਿਆਨੀ ਤੇ ਸਮਾਜਿਕ ਖੇਤਰ ਦੀਆਂ ਸ਼ਖ਼ਸੀਅਤਾਂ ਨੇ ਮੰਤਰੀ ਦੇ ਬੇਤੁਕੇ ਬਿਆਨ ਦਾ ਵਿਰੋਧ ਕੀਤਾ ਹੈ। ਇਹ ਸਾਰੇ ਲੋਕ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਟਵੀਟਾਂ, ਬਿਆਨਾਂ, ਪੱਤਰਾਂ ਆਦਿ ਰਾਹੀਂ ਆਪਣਾ ਵਿਰੋਧ ਦਰਸਾ ਚੁੱਕੇ ਹਨ ਅਤੇ ਦਰਸਾ ਰਹੇ ਹਨ।

# ਮੂਰਖੈ ਨਾਲਿ ਨ ਲੁਝੀਐ

ਸੁਰਿੰਦਰ ਸਿੰਘ ਤੇਜਨੋਬੇਲ ਪੁਰਸਕਾਰ ਜੇਤੂ ਭੌਤਿਕ ਵਿਗਿਆਨੀ ਵੁਲਫ਼ਗੈਂਗ ਪਾਉਲੀ (1900-1958) ਸ਼ਬਦਾਂ ਦਾ ਵੀ ਜਾਦੂਗਰ ਸੀ। ਆਸਟਰੀਅਨ-ਸਵਿਸ ਮੂਲ ਦਾ ਅਮਰੀਕੀ ਹੋਣ ਦੇ ਬਾਵਜੂਦ ਉਹ ਅੰਗਰੇਜ਼ੀ ਸ਼ਬਦਾਵਲੀ ਨਾਲ ਚੰਗਾ ਖੇਡ ਲੈਂਦਾ ਸੀ। ਇਸੇ ਮੁਹਾਰਤ ਦਾ ਕਮਾਲ ਸੀ 'ਨਿਊ' (ਭਾਵ ਐਨ.ਈ.ਡਬਲਿਊ) ਸਿਧਾਂਤ। 'ਨਿਊ' ਅੰਗਰੇਜ਼ੀ ਦੇ ਤਿੰਨ ਸ਼ਬਦਾਂ 'ਨੌਟ ਈਵਨ

**ਸੁਰਿੰਦਰ ਸਿੰਘ ਤੇਜ**

ਰੌਂਗ' ਦਾ ਮੁਖ਼ਤਸਰ ਰੂਪ ਹੈ। ਉਸ ਦਾ ਕਹਿਣਾ ਸੀ ਕਿ ਜਦੋਂ ਕੋਈ ਵਿਚਾਰ ਜਾਂ ਦਲੀਲ ਬਿਲਕੁਲ ਬੇਥਵੀ ਹੋਵੇ ਤਾਂ ਉਸ ਨੂੰ ਉਕਾ ਹੀ ਵੁੱਕਤ ਨਾ ਦਿੱਤੀ ਜਾਵੇ। ਉਸ ਉਪਰ ਬਹਿਸ ਕਰਨੀ ਉਸ ਦਲੀਲ ਨੂੰ ਮਾਣ-ਤਾਣ ਬਖ਼ਸ਼ਣ ਵਾਂਗ ਹੈ। ਇਕ ਤਰ੍ਹਾਂ ਇਹ ਸਿਧਾਂਤ ਗੁਰੂ ਨਾਨਕ ਦੇ ਮਹਾਂਵਾਕ 'ਮੂਰਖੈ ਨਾਲਿ ਨ ਲੁਝੀਐ' ਦਾ ਹੀ ਅੰਗਰੇਜ਼ੀ ਰੂਪ ਹੈ। ਜੇ ਪਾਉਲੀ ਅੱਜ ਜਿਊਂਦਾ ਹੁੰਦਾ ਤਾਂ ਉਸ ਨੇ ਕੇਂਦਰੀ ਮਨੁੱਖੀ ਸਰੋਤ ਵਿਕਾਸ ਰਾਜ ਮੰਤਰੀ ਸਤਿਆਪਾਲ ਸਿੰਘ ਦੀਆਂ ਡਾਰਵਿਨਵਾਦ ਬਾਰੇ ਟਿੱਪਣੀਆਂ ਤੇ ਦਲੀਲਾਂ ਬਾਰੇ ਇਕੋ ਹੀ ਸਲਾਹ ਦੇਣੀ ਸੀ: ਇਨ੍ਹਾਂ ਨੂੰ 'ਨਿਊ' ਸਮਝੋ। ਇਹ ਵੀ ਹੋ ਸਕਦਾ ਹੈ, ਉਹ ਇਨ੍ਹਾਂ ਨੂੰ ਭੌਤਿਕ ਵਿਗਿਆਨਕ ਭਾਸ਼ਾ ਵਿਚ 'ਨਿਊ 2' ਕਰਾਰ ਦੇ ਕੇ ਸਾਨੂੰ ਸਭ ਨੂੰ ਇਸ ਵਿਸ਼ੇ ਬਾਰੇ ਹੋਰ ਬੋਲਣ ਤੋਂ ਬਿਲਕੁਲ ਵਰਜ ਦਿੰਦਾ।

ਪਾਉਲੀ ਨੇ ਇਹ ਨੇਕ ਸਲਾਹ ਰੂਪੀ ਸਿਧਾਂਤ 1950 ਵਿਚ ਘੜਿਆ ਸੀ। ਇਹ ਸਿਧਾਂਤ ਆਲਮੀ ਵਿਗਿਆਨਕ ਡਿਕਸ਼ਨਰੀ ਦਾ ਹਿੱਸਾ ਹੋਣ ਦੇ ਬਾਵਜੂਦ ਸਤਿਆਪਾਲ ਸਿੰਘ ਦੀਆਂ ਟਿੱਪਣੀਆਂ ਉਤੇ ਬਹੁਤ ਬਹਿਸ ਹੁੰਦੀ ਆ ਰਹੀ ਹੈ। ਪਿਛਲੇ 15 ਦਿਨਾਂ ਤੋਂ ਉਸ ਨੂੰ ਵਿਗਿਆਨੀਆਂ ਤੋਂ ਇਲਾਵਾ ਸਮਾਜਿਕ-ਸਿਆਸੀ ਟਿੱਪਣੀਕਾਰਾਂ ਵਲੋਂ ਵੀ ਖ਼ੂਬ ਲਪੇਟਿਆ ਜਾ ਚੁੱਕਾ ਹੈ। ਉਂਜ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਭਾਜਪਾ ਦਾ ਕੋਈ ਵੀ ਉਚ ਨੇਤਾ ਉਸ ਦੇ ਖ਼ਿਲਾਫ਼ ਨਹੀਂ ਬੋਲਿਆ ਅਤੇ ਨਾ ਹੀ ਨਾਗਪੁਰ ਸਥਿਤ ਭਗਵੇ ਸਦਰ ਮੁਕਾਮ ਤੋਂ ਕਿਸੇ ਮਹਾਂਪੰਡਿਤ ਨੇ ਕੋਈ ਉਪਦੇਸ਼ ਉਚਰਣ ਦੀ ਖੇਚਲ ਕੀਤੀ ਹੈ। ਇਸ ਖਾਮੋਸ਼ੀ ਦਾ ਪਾਉਲੀ ਦੇ 'ਨਿਊ' ਸਿਧਾਂਤ ਨਾਲ ਕੋਈ ਵਾਸਤਾ ਨਹੀਂ। ਉਹ ਦਰਅਸਲ, ਅਜਿਹੇ ਵਿਸ਼ਿਆਂ ਬਾਰੇ ਬੋਲਦੇ ਹੀ ਨਹੀਂ, ਕਿਉਂਕਿ ਮਿਥਿਹਾਸ ਦੇ ਮਸੀਹਿਆਂ ਨੂੰ ਅਗਿਆਨ ਦਾ ਪਸਾਰਾ ਖ਼ੂਬ ਰਾਸ ਆਉਂਦਾ ਹੈ; ਪਰ ਅਜਿਹੇ ਆਲਮ ਦੇ ਬਾਵਜੂਦ ਸਤਿਆਪਾਲ ਸਿੰਘ ਦੇ 'ਬੌਸ' ਅਤੇ ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਸਪਸ਼ਟ-ਬਿਆਨੀ ਕਰ ਦਿੱਤੀ ਸੀ ਕਿ ਡਾਰਵਿਨ ਦੇ ਸਿਧਾਂਤਾਂ ਨੂੰ ਸਕੂਲਾਂ-ਕਾਲਜਾਂ ਦੇ ਪਾਠਕ੍ਰਮਾਂ ਵਿਚੋਂ ਖਾਰਿਜ ਨਹੀਂ ਕੀਤਾ ਜਾਵੇਗਾ। ਇਹ ਬਿਆਨ ਗਣਤੰਤਰ ਦਿਵਸ ਜਸ਼ਨਾਂ ਦੇ ਢੋਲ-ਢਮੱਕੇ ਵਿਚ ਗੁਆਚ ਕੇ ਹੀ ਰਹਿ ਗਿਆ ਤੇ ਜਾਵੜੇਕਰ ਨੇ ਵੀ ਆਪਣਾ 'ਫਰਜ਼' ਪੂਰਾ ਕਰਨ ਪਿਛੋਂ ਜ਼ੁਬਾਨਬੰਦੀ ਨੂੰ ਤਰਜੀਹ ਦਿੱਤੀ।

ਉਂਜ, ਸਤਿਅਪਾਲ ਸਿੰਘ ਇਕੱਲਾ ਨਹੀਂ ਜਿਸ ਨੇ ਮਨੁੱਖ ਦੇ ਪੂਰਵਜ ਬਾਂਦਰ, ਲੰਗੂਰ ਜਾਂ ਚਿੰਪੈਂਜੀ ਹੋਣ ਦੇ ਸਿਧਾਂਤ ਨੂੰ ਨਾਵਾਜਬ ਦੱਸਿਆ। ਦੁਨੀਆਂ ਵਿਚ ਉਸ ਵਰਗਿਆਂ ਦੀ ਗਿਣਤੀ, ਡਾਰਵਿਨਵਾਦ ਦੇ ਪੈਰੋਕਾਰਾਂ ਤੋਂ ਕਿਤੇ ਜ਼ਿਆਦਾ ਹੈ। ਯੂਨੈਸਕੋ ਵਲੋਂ ਕਰਵਾਏ ਅਧਿਐਨ ਮੁਤਾਬਿਕ, ਸੰਯੁਕਤ ਰਾਜ ਅਮਰੀਕਾ ਵਿਚ 42 ਫ਼ੀਸਦੀ ਲੋਕ ਸ੍ਰਿਸ਼ਟੀਵਾਦੀ ਸੰਕਲਪ (ਪਦਾਰਥਿਕ ਜਗਤ ਤੇ ਸਾਰੇ ਜੀਵ, ਸ੍ਰਿਸ਼ਟੀ ਦੀ ਰਚਨਾ ਹਨ, ਨਾ ਕਿ ਵਿਕਾਸ ਦੇ ਅਮਲ ਰਾਹੀਂ ਪੈਦਾ ਹੋਏ ਹਨ) ਉਤੇ ਯਕੀਨ ਕਰਦੇ ਹਨ। ਸਿਰਫ਼ 19 ਫ਼ੀਸਦੀ ਲੋਕ ਡਾਰਵਿਨੀ ਵਿਕਾਸ ਸਿਧਾਂਤ ਨੂੰ ਮੰਨਦੇ ਹਨ। ਬਰਾਜ਼ੀਲ ਵਿਚ ਇਹੀ ਅੰਕੜੇ 51 ਤੇ 23 ਫ਼ੀਸਦ ਹਨ। ਇਸਲਾਮੀ ਮੁਲਕ ਅਜਿਹੇ ਸਰਵੇਖਣ ਆਪਣੀ ਧਰਤੀ 'ਤੇ ਹੋਣ ਹੀ ਨਹੀਂ ਦਿੰਦੇ, ਕਿਉਂਕਿ ਇਹ ਸ਼ਰੁਈ ਪ੍ਰਬੰਧ ਨਾਲ ਮੇਲ ਨਹੀਂ ਖਾਂਦੇ, ਜਦੋਂਕਿ ਏਸ਼ਿਆਈ ਮੁਲਕਾਂ ਵਿਚ ਸਤਿਆਪਾਲ ਸਿੰਘ ਵਰਗਿਆਂ ਦੀਆਂ ਸਫ਼ਾਂ ਚੋਖੀਆਂ ਮਜ਼ਬੂਤ ਹਨ। ਸਿਰਫ਼ ਯੂਰਪ ਮਹਾਂਦੀਪ, ਖ਼ਾਸ ਕਰ ਕੇ ਕੇਂਦਰੀ ਯੂਰਪ, ਫਰਾਂਸ ਤੇ ਬ੍ਰਿਟੇਨ ਉਹ ਖ਼ਿੱਤੇ ਹਨ ਜਿਥੇ ਡਾਰਵਿਨਵਾਦ, ਸ੍ਰਿਸ਼ਟੀਵਾਦ ਉਤੇ ਭਾਰੂ ਹੈ।

ਅਜਿਹੀ ਸਥਿਤੀ ਹੋਣ ਦੇ ਬਾਵਜੂਦ ਤਸੱਲੀ ਵਾਲੀ ਗੱਲ ਇਹ ਹੈ ਕਿ ਵਿਗਿਆਨ ਅਤੇ ਇਸ ਦੇ ਸਿਧਾਂਤਾਂ ਦੇ ਕੱਟੜ ਵਿਰੋਧੀ ਵੀ ਅਸਿੱਧੇ ਢੰਗ ਨਾਲ ਇਨ੍ਹਾਂ ਸਿਧਾਂਤਾਂ ਦੇ ਮਹੱਤਵ ਨੂੰ ਸਵੀਕਾਰ ਕਰਦੇ ਆਏ ਹਨ ਤੇ ਚੇਤ-ਅਚੇਤ ਰੂਪ ਵਿਚ ਇਸ ਨੂੰ ਲਗਾਤਾਰ ਮਾਨਤਾ ਦਿੰਦੇ ਆਏ ਹਨ। ਦਰਅਸਲ, ਇਸ ਤੋਂ ਬਿਨਾਂ ਗੁਜ਼ਾਰਾ ਵੀ ਨਹੀਂ। ਮਨੁੱਖਾਂ, ਵਣ ਜੀਵਾਂ ਜਾਂ ਪੇੜ-ਪੌਦਿਆਂ ਦੀ ਉਤਪਤੀ ਬਾਰੇ ਅਸਹਿਮਤੀ ਹੋਣ 'ਤੇ ਵੀ ਕੋਈ ਇਹ ਨਹੀਂ ਕਹਿੰਦਾ ਕਿ ਉਹ ਜਿਸ ਕਾਰ ਵਿਚ ਜਾ ਰਿਹਾ ਹੈ, ਉਸ ਦੇ ਨਿਰਮਾਤਾ ਜਾਂ ਡਿਜ਼ਾਈਨਰ ਰੱਬ ਜੀ ਹਨ। 'ਏਹਿ ਭਿ ਦਾਤਿ ਤੇਰੀ ਦਾਤਾਰ' ਦੇ ਸਟਿੱਕਰਾਂ ਦੇ ਬਾਵਜੂਦ ਅਸੀਂ ਸਾਰੇ ਜਾਣਦੇ ਹਾਂ ਕਿ ਛੋਟੀ-ਵੱਡੀ ਕਾਰ, ਜਾਂ ਸਾਡੇ ਘਰ-ਦਫ਼ਤਰ ਅੰਦਰ ਲੱਗੇ ਟੀ.ਵੀ., ਫਰਿੱਜ ਜਾਂ ਸਾਡੇ ਹੱਥਾਂ ਵਿਚਲੇ ਸੈੱਲ ਫੋਨ ਵਿਗਿਆਨਕ ਸਿਧਾਂਤਾਂ ਤੇ ਅਮਲਾਂ ਦੀ ਹੀ ਪੈਦਾਇਸ਼ ਹਨ। ਕੈਂਸਰ ਹੋਵੇ ਜਾਂ ਏਡਜ਼, ਹਰ ਜਾਨਲੇਵਾ ਬਿਮਾਰੀ ਦੇ ਜਾਨ-ਬਚਾਊ ਇਲਾਜ ਅਤੇ ਚੇਚਕ ਵਾਂਗ ਸਾਡੇ ਆਲਮ ਵਿਚੋਂ ਅਜਿਹੀਆਂ ਲਾਇਲਾਜ ਮਰਜ਼ਾਂ ਦੇ ਸਫ਼ਾਏ ਲਈ ਅਸੀਂ ਟੇਕ ਭਗਵਾਨ 'ਤੇ ਨਹੀਂ, ਵਿਗਿਆਨ ਉਤੇ ਹੀ ਰੱਖੀ ਹੋਈ ਹੈ।

ਵਿਗਿਆਨ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਗ਼ਲਤ ਹੋਣ ਤੋਂ ਡਰਦਾ ਨਹੀਂ। ਇਹ ਯਕੀਨਦਹਾਨੀ ਨਹੀਂ ਕਰਦਾ ਕਿ ਇਹ ਜੋ ਕਹਿ ਰਿਹਾ ਹੈ, ਉਹੀ ਪੂਰਨ ਸੱਚ ਹੈ; ਇਹ ਉਸ ਨੂੰ ਸਮੇਂ ਦਾ ਸੱਚ ਹੀ ਦੱਸਦਾ ਹੈ। ਦਹਾਕਾ ਪਹਿਲਾਂ ਅਮਰੀਕੀ ਵਿਗਿਆਨ ਲੇਖਕ ਮਾਈਕਲ ਸ਼ੈਰਮਰ ਨੇ 'ਸਾਇੰਟਿਫਿਕ ਅਮੈਰੀਕਨ' ਰਸਾਲੇ ਵਿਚ ਪ੍ਰਕਾਸ਼ਿਤ ਕਰਵਾਏ ਲੇਖ ਵਿਚ ਲਿਖਿਆ ਸੀ ਕਿ 'ਗ਼ਲਤ ਹੋਣ ਵਿਚ ਕੁਝ ਵੀ ਗ਼ਲਤ ਨਹੀਂ'। ਉਸ ਦੀ ਇਹ ਟਿੱਪਣੀ, ਵਿਗਿਆਨੀਆਂ ਲਈ ਮੂਲ ਮੰਤਰ ਬਣ ਚੁੱਕੀ ਹੈ। ਵਿਗਿਆਨ ਉਸ ਖੋਜ ਨੂੰ ਸਹੀ ਮੰਨਦਾ ਹੈ, ਜੋ ਅੱਜ ਉਸ ਦੇ ਸਾਹਮਣੇ ਸਬੂਤਾਂ ਸਮੇਤ ਮੌਜੂਦ ਹੈ; ਪਰ ਉਸ ਨੇ ਕਿਸੇ ਵੀ ਖੋਜ ਨੂੰ ਕਦੇ ਅੰਤਿਮ ਨਹੀਂ ਮੰਨਿਆ। ਉਸ ਨੇ ਖੋਜ ਬਾਰੇ ਅਗਲੇਰੀ ਖੋਜ ਜਾਰੀ ਰੱਖੀ ਹੋਈ ਹੈ। ਜਦੋਂ ਤਕ ਇਹ ਜਿਗਿਆਸਾ ਬਰਕਰਾਰ ਹੈ, ਉਦੋਂ ਤਕ ਡਾਰਵਿਨੀ ਸਿਧਾਂਤ ਬਾਕੀ ਜਹਾਨ ਵਿਚ ਵੀ ਪੜ੍ਹਾਏ ਜਾਣਗੇ ਅਤੇ ਸਾਡੇ ਮੁਲਕ ਵਿਚ ਵੀ। ਸਤਿਆਪਾਲ ਸਿੰਘ ਚਾਹੇ ਜੋ ਮਰਜ਼ੀ ਕਹੀ ਜਾਵੇ!

# ਸਮਝ ਤੋਂ ਪਰੇ ਬਜਟ ਦੇ ਅੱਗੇ-ਪਿੱਛੇ ਬਹੁਤ ਕੁਝ ਹੋਰ





ਜਤਿੰਦਰ ਪਨੂੰ
ਫੋਨ: 91-98140-68455

ਬਹੁਤ ਸਾਲ ਪਹਿਲਾਂ ਦੀ ਗੱਲ ਹੈ, ਮਾਲਵੇ ਦੇ ਇੱਕ ਅੱਡੇ ਉਤੇ ਖੜ੍ਹੀ ਇੱਕ ਬੇਬੇ ਨੇ ਬੱਸ ਆਉਂਦੀ ਵੇਖ ਕੇ ਹੱਥ ਦਿੱਤਾ ਤਾਂ ਗੱਡੀ ਬਿਨਾ ਖੜੋਤੇ ਨਿਕਲ ਗਈ। ਪਿੱਛੋਂ ਵੇਖਿਆ ਤਾਂ ਪਤਾ ਲੱਗਾ ਕਿ ਟਰੱਕ ਸੀ। ਬੇਬੇ ਨੇ ਕਚੀਚੀ ਵੱਟ ਕੇ ਕਿਹਾ, 'ਔਂਤਰੇ ਡਲੈਵਰ ਮਾਂਵਾਂ ਨੂੰ ਵੀ ਮਖੌਲ ਕਰਦੇ ਨੇ, ਅੱਗਾ ਬੱਸ ਦਾ ਤੇ ਪਿੱਛਾ ਟਰੱਕ ਦਾ ਲਾ ਰੱਖਿਐ।'

ਪੰਜਾਹ ਕੁ ਸਾਲ ਪੁਰਾਣੀ ਇਹ ਗੱਲ ਸਾਨੂੰ ਉਦੋਂ ਅਚਾਨਕ ਚੇਤੇ ਆ ਗਈ, ਜਦੋਂ ਭਾਰਤ ਸਰਕਾਰ ਦੇ ਇਸ ਵਾਰ ਦੇ ਬਜਟ ਬਾਰੇ ਸਾਥੋਂ ਟਿੱਪਣੀ ਮੰਗੀ ਗਈ। ਪੈਸੇ-ਟਕੇ ਨਾਲ ਜੁੜੇ ਮਾਮਲਿਆਂ ਦੀ ਅਕਲਮੰਦੀ ਦਾ ਦਾਅਵਾ ਅਸੀਂ ਕਦੇ ਨਹੀਂ ਕੀਤਾ, ਪਰ ਇਸ ਵਾਰ ਪੇਸ਼ ਕੀਤਾ ਗਿਆ ਬਜਟ ਤਾਂ ਏਨਾ ਅਜੀਬ ਹੈ ਕਿ ਕੋਈ ਅੱਗਾ-ਪਿੱਛਾ ਪੱਲੇ ਹੀ ਨਹੀਂ ਪੈਂਦਾ। ਸਰਕਾਰ ਦਾ ਦਾਅਵਾ ਹੈ ਕਿ ਕਿਸਾਨਾਂ ਦੇ ਭਲੇ ਦਾ ਬਜਟ ਹੈ, ਪਰ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਇਹ ਦਾਅਵਾ ਰੱਦ ਕਰਦਿਆਂ ਇਸ ਨੂੰ ਕਿਸਾਨਾਂ ਲਈ ਮਾਰੂ ਦੱਸਿਆ ਹੈ। ਮੱਧ ਵਰਗ ਨੂੰ ਇੱਕ ਪਾਸੇ ਛੋਟ ਦੇ ਕੇ ਦੂਜੇ ਪਾਸੇ ਜੇਬ ਖਾਲੀ ਕਰ ਦਿੱਤੀ ਹੈ। ਕਾਰੋਬਾਰੀ ਲੋਕਾਂ ਨੂੰ ਸਰਕਾਰ ਕਹਿੰਦੀ ਰਹੀ ਕਿ ਰਾਹਤਾਂ ਦੇ ਕੇ ਵਿਕਾਸ ਦੀ ਲਹਿਰ ਲਿਆ ਦੇਣੀ ਹੈ, ਪਰ ਓਸੇ ਦਿਨ ਸ਼ਾਮ ਪੈਣ ਤੋਂ ਪਹਿਲਾਂ ਜਿਵੇਂ ਸ਼ੇਅਰ ਬਾਜ਼ਾਰ ਨੇ ਗੋਤਾ ਖਾਧਾ ਤੇ ਅਗਲਾ ਸਾਰਾ ਦਿਨ ਵੀ ਰਿੜ੍ਹਦਾ ਗਿਆ, ਉਸ ਤੋਂ ਹੋਰ ਝਲਕ ਮਿਲੀ ਹੈ।

ਸਾਨੂੰ ਯਾਦ ਹੈ ਕਿ ਪੌਣੇ ਪੰਦਰਾਂ ਮਹੀਨੇ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਚਾਨਕ ਨੋਟਬੰਦੀ ਦਾ ਐਲਾਨ ਕੀਤਾ ਤਾਂ ਲੋਕ ਅਸਲੋਂ ਹੀ ਬੌਂਦਲ ਗਏ ਸਨ। ਮਹੀਨਾ ਕੁ ਪਿੱਛੋਂ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਇਸ ਕਦਮ ਦੀ ਦੁਨੀਆਂ ਭਰ ਦੇ ਅਰਥ ਸ਼ਾਸਤਰੀਆਂ ਨੂੰ ਸਮਝ ਨਹੀਂ ਆਈ ਕਿ ਅਸੀਂ ਕੀ ਕੀਤਾ ਹੈ। ਸੀਨੀਅਰ ਪੱਤਰਕਾਰ ਵਿਨੋਦ ਦੂਆ ਨੇ ਇਸ ਨੂੰ ਠੀਕ ਕਿਹਾ ਕਿ ਕਿਸੇ ਨੂੰ ਸਮਝ ਨਹੀਂ ਆਈ ਕਿ ਕੀਤਾ ਕੀ ਹੈ? ਪਰ ਸੱਚੀ ਗੱਲ ਅਗਲੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਤੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੂੰ ਵੀ ਪਤਾ ਨਹੀਂ ਲੱਗ ਰਿਹਾ ਕਿ ਉਹ ਕਰ ਕੀ ਬੈਠੇ ਹਨ!

ਵਿਨੋਦ ਦੂਆ ਦੀ ਗੱਲ ਸਹੀ ਜਾਪਦੀ ਸੀ। ਹੁਣ ਜਿਹੜਾ ਬਜਟ ਪੇਸ਼ ਕੀਤਾ ਅਤੇ ਭਾਜਪਾ ਗੱਠਜੋੜ ਵਿਚ ਰਹਿਣ ਲਈ ਮਜਬੂਰ ਅਕਾਲੀ ਦਲ ਤੇ ਨਵੇਂ-ਨਵੇਂ ਰਿਸ਼ਤੇਦਾਰ ਨਿਤੀਸ਼ ਕੁਮਾਰ ਨੇ ਬੜੀ ਹੁੱਬ ਕੇ ਜਿਸ ਦੀ ਸਿਫਤ ਕੀਤੀ ਹੈ, ਇਹ ਬਜਟ ਵੀ ਨੋਟਬੰਦੀ ਦੇ ਅਣਕਿਆਸੇ ਕਦਮ ਵਰਗਾ ਜਾਪਦਾ ਹੈ। ਅਸੀਂ ਇਸ ਦਾ ਨੁਕਸ ਵੀ ਨਹੀਂ ਕੱਢ ਸਕਦੇ, ਪਰ ਇਸ ਦੀ ਸਿਫਤ ਕਰਨ ਲਈ ਵੀ ਸ਼ਬਦ ਨਹੀਂ ਲੱਭਦੇ। ਉਂਜ ਅਕਾਲੀ ਆਗੂ ਏਨੇ ਕੁ ਜ਼ਿਆਦਾ ਸਿਆਣੇ ਹਨ ਕਿ ਉਹ ਹੁਣ ਤੱਕ ਗੁਰੂ ਕੇ ਲੰਗਰ ਤੋਂ ਜੀ. ਐਸ. ਟੀ. ਦੀ ਛੋਟ ਦੀ ਮੰਗ ਕਰਦੇ ਰਹੇ ਸਨ, ਪਰ ਹੁਣ ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਇਹ ਕਹਿ ਦਿੱਤਾ ਹੈ ਕਿ ਗੁਰੂ ਕੇ ਲੰਗਰ ਉਤੇ ਜੀ. ਐਸ. ਟੀ. ਲਾਗੂ




ਕਰਨ ਦਾ ਕਦੇ ਫੈਸਲਾ ਹੀ ਨਹੀਂ ਹੋਇਆ। ਜੇ ਏਦਾਂ ਦਾ ਫੈਸਲਾ ਨਹੀਂ ਹੋਇਆ ਤਾਂ ਅਕਾਲੀ ਆਗੂ ਇਹ ਕਿਉਂ ਕਹੀ ਜਾਂਦੇ ਰਹੇ ਸਨ ਕਿ ਕੇਂਦਰ ਨਾਲ ਇਸ ਬਾਰੇ ਗੱਲ ਕਰਨ ਲਈ ਇੱਕ ਵਫਦ ਭੇਜਾਂਗੇ ਤੇ ਬੀਬੀ ਹਰਸਿਮਰਤ ਕੌਰ ਕਿਉਂ ਕਹਿੰਦੀ ਰਹੀ ਕਿ ਲੰਗਰ ਉਤੇ ਜੀ. ਐਸ. ਟੀ. ਲਾਗੂ ਕਰਨ ਲਈ ਪੰਜਾਬ ਦਾ ਖਜ਼ਾਨਾ ਮੰਤਰੀ ਜ਼ਿੰਮੇਵਾਰ ਹੈ, ਉਹ ਦਿੱਲੀ ਜਾ ਕੇ ਹਟਵਾ ਕੇ ਆਵੇ।

ਜਿਹੜੀ ਗੱਲ ਕਿਸੇ ਨੇ ਗੌਲਣ ਦੀ ਲੋੜ ਨਹੀਂ ਸਮਝੀ, ਉਹ ਇਹ ਹੈ ਕਿ ਇਸ ਵਾਰੀ ਕੋਈ ਇਹ ਨਹੀਂ ਜਾਣਦਾ ਕਿ ਭਾਰਤੀ ਰੇਲਵੇ ਦੀ ਕੀ ਹਾਲਤ ਹੈ ਤੇ ਅੱਗੋਂ ਇਸ ਦੀ ਕੀ ਯੋਜਨਾ ਹੈ? ਸਿਰਫ ਗਿਆਰਾਂ ਪਹਿਰਿਆਂ ਵਿਚ ਰੇਲਵੇ ਦੀ ਸਾਰੀ ਜਾਣਕਾਰੀ, ਸਾਰਾ ਭਵਿੱਖ ਨਕਸ਼ਾ ਅਤੇ ਲਟਰਮ-ਪਟਰਮ ਸਮੇਟ ਕੇ ਗੱਲ ਸਿਰੇ ਲਾ ਦਿੱਤੀ ਗਈ ਹੈ। ਪਹਿਲਾਂ ਰੇਲਵੇ ਬਜਟ ਵਾਸਤੇ ਜੋ ਉਤਸੁਕਤਾ ਹੁੰਦੀ ਸੀ, ਹੁਣ ਉਹ ਬਿਲਕੁਲ ਨਹੀਂ ਰਹੀ। ਸ਼ਾਇਦ ਇਹ ਵੀ ਇੱਕ ਨੀਤੀ ਹੋਵੇਗੀ।

ਅਸਲ ਵਿਚ ਇਹੀ ਇੱਕ ਨੀਤੀ ਹੈ, ਜਿਸ ਬਾਰੇ ਭਾਜਪਾ ਲੀਡਰ ਮੂੰਹੋਂ ਨਹੀਂ ਬੋਲਦੇ, ਪਰ ਹੌਲੀ-ਹੌਲੀ ਇਸ ਨੀਤੀ ਉਤੇ ਉਹ ਅਮਲ ਕਰਦੇ ਨਜ਼ਰ ਆਉਂਦੇ ਹਨ। ਇਹ ਨੀਤੀ ਹਰ ਗੱਲ ਕੁਝ ਹੱਥਾਂ ਵਿਚ ਕੇਂਦਰਤ ਕਰਨ ਦੀ ਹੈ। ਕੁਝ ਸਾਲ ਪਹਿਲਾਂ ਇਹ ਮੰਗ ਚਰਚਾ ਵਿਚ ਆਈ ਸੀ ਕਿ ਭਾਰਤ ਦੇ ਪੈਂਤੀ-ਛੱਤੀ ਰਾਜਾਂ ਵਾਲੇ ਖਿਲਾਰੇ ਦੀ ਥਾਂ ਪੰਜ-ਸੱਤ ਵੱਡੇ ਸੂਬੇ ਬਣਾ ਦਿੱਤੇ ਜਾਣ, ਜਿਨ੍ਹਾਂ ਵਿਚ ਪ੍ਰਸ਼ਾਸਕੀ ਕੰਟਰੋਲ ਇਸ ਤਰ੍ਹਾਂ ਕੀਤਾ ਜਾਵੇ ਕਿ ਭਾਸ਼ਾਈ ਜਾਂ ਇਲਾਕਾਈ ਮੰਗਾਂ ਉਠਾਉਣ ਵਾਲੇ ਲੋਕ ਬੋਲਣ ਜੋਗੇ ਹੀ ਨਾ ਰਹਿਣ। ਵਾਜਪਾਈ ਸਰਕਾਰ ਵੇਲੇ ਇਸ ਦੀ ਚਰਚਾ ਕੁਝ ਤੇਜ਼ ਹੋਣ ਨਾਲ ਇਸ ਦਾ ਵਿਰੋਧ ਵੀ ਤਿੱਖਾ ਹੋਇਆ ਤਾਂ ਫਿਰ ਪ੍ਰਧਾਨ ਮੰਤਰੀ ਵਾਜਪਾਈ ਨੇ ਕਿਹਾ ਸੀ ਕਿ ਇਸ ਚਰਚਾ ਨਾਲ ਸਰਕਾਰ ਦਾ ਕੋਈ ਵਾਸਤਾ ਨਹੀਂ। ਉਸ ਦੇ ਬਾਅਦ ਇਹ ਬਹਿਸ ਬੰਦ ਹੋ ਗਈ ਸੀ। ਫਿਰ ਇਹ ਵੀ ਬਹਿਸ ਚੱਲੀ ਕਿ ਯੋਜਨਾ ਭਵਨ ਤੋਂ ਚਲਾਇਆ ਜਾਂਦਾ ਯੋਜਨਾ ਕਮਿਸ਼ਨ ਇੱਕ ਬੇਲੋੜੀ ਜਿਹੀ ਸੰਸਥਾ ਹੈ, ਜਿਸ ਦੀ ਲੋੜ ਨਹੀਂ। ਉਦੋਂ ਇਹ ਗੱਲ ਸਿਰੇ ਨਹੀਂ ਸੀ ਚੜ੍ਹੀ ਤੇ ਬਹਿਸ ਰੁਕ ਗਈ ਸੀ, ਪਰ ਜਦੋਂ ਆਪਣੇ ਸਿਰ ਬਹੁ-ਸੰਮਤੀ ਵਾਲੀ ਨਰਿੰਦਰ ਮੋਦੀ ਸਰਕਾਰ ਬਣੀ ਤਾਂ ਆਉਂਦੇ ਸਾਰ ਇਸ ਉਤੇ ਕੰਮ ਸ਼ੁਰੂ ਹੋ ਗਿਆ ਸੀ। ਇਸ ਦੇ ਬਾਅਦ ਯੋਜਨਾ ਕਮਿਸ਼ਨ ਦਾ ਨਾਂ 'ਨੀਤੀ ਆਯੋਗ' ਰੱਖਿਆ ਗਿਆ ਸੀ ਤਾਂ ਇਸ ਨਾਲ ਦੋ ਕੰਮ ਨਿਪਟ ਗਏ। ਇੱਕ ਤਾਂ ਨਵਾਂ ਨਾਮਕਰਨ ਹੋ ਗਿਆ ਅਤੇ ਯੋਜਨਾ ਦਾ ਹਿੰਦੀ ਵਾਲੇ ਇੱਕ ਹੋਰ ਸ਼ਬਦ 'ਨੀਤੀ' ਨਾਲ ਤਬਾਦਲਾ ਕਰਦੇ ਵਕਤ ਅੰਗਰੇਜ਼ੀ ਦਾ 'ਕਮਿਸ਼ਨ' ਬਦਲ ਕੇ ਹਿੰਦੀ ਵਿਚ 'ਆਯੋਗ' ਕਰਨ ਦਾ ਕੰਮ ਵੀ ਭੁਗਤ ਗਿਆ। ਦੂਸਰਾ ਇਹ ਕੀਤਾ ਕਿ ਯੋਜਨਾ ਭਵਨ ਵਾਲੇ ਵੱਖਰੇ ਟਿਕਾਣੇ ਤੋਂ ਚੱਲ ਰਹੇ ਅਦਾਰੇ ਨੂੰ ਪ੍ਰਧਾਨ ਮੰਤਰੀ ਦਫਤਰ ਦੀ ਇੱਕ ਨੁੱਕਰ ਵਾਲੇ ਕਮਰੇ ਵਿਚ ਬਿਠਾਏ ਨੀਤੀ ਆਯੋਗ ਵਾਲੇ ਮੈਂਬਰਾਂ ਦੀ ਕੋਰ-ਟੀਮ ਨੂੰ ਸੌਂਪ ਦਿੱਤਾ, ਜਿਨ੍ਹਾਂ ਵਿਚੋਂ ਬਹੁਤੇ ਜਾਣਦੇ ਹਨ ਕਿ ਉਨ੍ਹਾਂ ਨੇ ਅਗਲਾ ਕਦਮ ਕਿਸ ਦਿਸ਼ਾ ਵਿਚ ਕਿਸ ਤੋਂ ਪੁੱਛ ਕੇ ਚੁੱਕਣਾ ਹੈ?

ਕੇਂਦਰੀਕਰਨ ਦਾ ਜਿਹੜਾ ਅਮਲ ਰੇਲਵੇ ਬਜਟ ਨੂੰ ਆਮ ਬਜਟ ਦੇ ਗਿਆਰਾਂ ਪਹਿਰਿਆਂ ਵਿਚ ਸਮੇਟਣ ਤੇ ਯੋਜਨਾ ਭਵਨ ਨੂੰ ਨੀਤੀ ਆਯੋਗ ਵਿਚ ਬਦਲ ਕੇ ਪ੍ਰਧਾਨ ਮੰਤਰੀ ਦਫਤਰ ਦੀ ਨੁੱਕਰ ਵਿਚ ਪਹੁੰਚਾਉਣ ਵੱਲ ਸੇਧਤ ਸੀ, ਉਹ ਇਸ ਤੋਂ ਅੱਗੇ ਹੁਣ ਚੋਣ ਨੀਤੀ ਵਿਚ ਲਾਗੂ ਕੀਤਾ ਜਾਣ ਵਾਲਾ ਹੈ। ਸਰਕਾਰ ਨੇ ਗੱਲ ਚਲਾਈ ਹੈ ਕਿ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਸਾਰੇ ਦੇਸ਼ ਵਿਚ ਇੱਕੋ ਸਮੇਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਬਹੁਤ ਸਾਰੇ ਰਾਜਸੀ ਆਗੂਆਂ ਨੂੰ ਇਸ ਵਿਚ ਕੋਈ ਗੱਲ ਬੁਰੀ ਨਹੀਂ ਲੱਗਦੀ ਅਤੇ ਉਹ ਸਹਿਮਤ ਹਨ ਕਿ ਸਮੁੱਚੇ ਦੇਸ਼ ਵਿਚ ਇੱਕੋ ਵਾਰ ਚੋਣਾਂ ਹੋਣ ਨਾਲ ਰੋਜ਼-ਰੋਜ਼ ਦੀ ਭੱਜ-ਦੌੜ ਨੂੰ ਲਗਾਮ ਲੱਗੇਗੀ ਤੇ ਸਮਾਂ ਤੇ ਸ਼ਕਤੀ ਦੋਵੇਂ ਬਚਣਗੇ। ਇਹ ਸੁਫਨਾ ਏਦਾਂ ਦਾ ਹੈ ਕਿ ਸਾਨੂੰ ਵੀ ਪਹਿਲੀ ਨਜ਼ਰੇ ਬੁਰਾ ਨਹੀਂ ਲੱਗਾ। ਨੁਕਸ ਇਸ ਸੁਫਨੇ ਵਿਚ ਹੈ ਹੀ ਨਹੀਂ, ਭਾਰਤ ਦੇ ਅੰਦਰਲੇ ਰਾਜਸੀ ਹਾਲਾਤ ਵਿਚ ਨੁਕਸ ਹੈ, ਜਿਸ ਦੇ ਕਈ ਪੱਖ ਵੇਖਣ ਵਾਲੇ ਹੋ ਸਕਦੇ ਹਨ।

ਜਦੋਂ ਇਹ ਫੈਸਲਾ ਅਮਲ ਵਿਚ ਲਾਗੂ ਹੋਵੇਗਾ, ਉਸ ਦੇ ਬਾਅਦ ਫਰਜ਼ ਕਰੋ ਕਿ ਗੋਆ ਵਰਗੇ ਦੋ ਸੀਟਾਂ ਵਾਲੇ ਛੋਟੇ ਜਿਹੇ ਰਾਜ ਵਿਚ ਵੀ ਹਾਕਮ ਧਿਰ ਦਾ ਪਾਟਕ ਪੈ ਗਿਆ, ਦਲ-ਬਦਲੀ ਪਿੱਛੋਂ ਕੋਈ ਸਰਕਾਰ ਚੱਲਣ ਦੇ ਹਾਲਾਤ ਨਾ ਰਹੇ ਤਾਂ ਇਸ ਮੌਕੇ ਨਵੀਂ ਚੋਣ ਲਈ ਮੰਗ ਹੋ ਸਕਦੀ ਹੈ। ਨਵੀਂ ਚੋਣ ਲਈ ਇਹ ਸ਼ਰਤ ਹੈ ਕਿ ਪਾਰਲੀਮੈਂਟ ਤੇ ਵਿਧਾਨ ਸਭਾ ਦੀ ਚੋਣ ਇਕੱਠੀ ਹੋਵੇ। ਇਸ ਸੂਰਤ ਵਿਚ ਕੀ ਪਾਰਲੀਮੈਂਟ ਤੋੜੀ ਜਾਵੇਗੀ ਤੇ ਇਹੋ ਸ਼ਰਤ ਸਾਰੇ ਦੇਸ਼ ਵਿਚ ਲਾਗੂ ਕਰਨ ਲਈ ਬਾਕੀ ਸਾਰੇ ਰਾਜਾਂ ਦੀਆਂ ਸੁੱਖ ਨਾਲ ਚੱਲ ਰਹੀਆਂ ਸਰਕਾਰਾਂ ਤੋੜੀਆਂ ਜਾਣਗੀਆਂ? ਕਸੂਰ ਇੱਕ ਰਾਜ ਦੇ ਲੀਡਰਾਂ ਦਾ ਸੀ, ਭੁਗਤਣਾ ਬਿਨਾ ਕਸੂਰ ਤੋਂ ਬਾਕੀ ਸਭ ਰਾਜਾਂ ਤੇ ਲੋਕਾਂ ਨੂੰ ਪਵੇਗਾ? ਇਸ ਸੱਟ ਤੋਂ ਬਚਣ ਲਈ ਦੂਸਰਾ ਢੰਗ ਇਹ ਕੱਢਿਆ ਜਾ ਸਕਦਾ ਹੈ ਕਿ ਪੰਜ ਸਾਲ ਨਵੀਂ ਚੋਣ ਨਹੀਂ ਕਰਾਉਣੀ, ਪਾਟਕ ਪੈ ਗਿਆ ਹੈ ਤਾਂ ਕੋਈ ਹੋਰ ਨਵਾਂ ਆਗੂ ਲੱਭ ਕੇ ਸਰਕਾਰ ਬਣਾਈ ਜਾਵੇ, ਪਰ ਆਗੂਆਂ ਦੀ ਕੁਰਸੀ-ਲਾਲਸਾ ਕਾਰਨ ਜਿਹੜੇ ਰਾਜ ਵਿਚ ਨਵੇਂ ਆਗੂ ਦੇ ਨਾਂ ਦੀ ਸਹਿਮਤੀ ਨਹੀਂ ਹੁੰਦੀ, ਉਥੇ ਫਿਰ ਕੀ ਕੀਤਾ ਜਾਵੇਗਾ?

ਕੁਝ ਲੋਕ ਕਹਿੰਦੇ ਹਨ ਕਿ ਏਦਾਂ ਦੀ ਹਾਲਤ ਵਿਚ ਕਿਸੇ ਨਵੇਂ ਆਗੂ ਦੇ ਨਾਂ ਉਤੇ ਸਹਿਮਤੀ ਹੋਣ ਤੱਕ ਗਵਰਨਰੀ ਰਾਜ ਲਾਗੂ ਕੀਤਾ ਜਾ ਸਕਦਾ ਹੈ। ਇਹ ਹੀ ਅਸਲ ਖੇਡ ਹੈ। ਕੇਂਦਰ ਵਿਚ ਅੱਜ ਸਰਕਾਰ ਨਰਿੰਦਰ ਮੋਦੀ ਦੀ ਹੈ, ਕੱਲ੍ਹ ਨੂੰ ਕਿਸੇ ਰਾਹੁਲ ਗਾਂਧੀ, ਨਿਤੀਸ਼ ਕੁਮਾਰ ਜਾਂ ਦੇਵਗੌੜਾ ਵਰਗੇ ਆਗੂ ਦੀ ਆ ਸਕਦੀ ਹੈ। ਹੁਣ ਵਾਲਾ ਆਗੂ ਹੋਵੇ ਜਾਂ ਭਵਿੱਖ ਦਾ ਕੋਈ ਆਪਣੀ ਅਣਕਿਆਸੀ ਕਿਸਮ ਦਾ, ਉਸ ਨੂੰ ਜਿਹੜੇ ਰਾਜ ਦੀ ਸਰਕਾਰ ਹਜ਼ਮ ਨਾ ਹੋਵੇਗੀ, ਉਥੇ ਰਾਜ ਕਰਦੀ ਪਾਰਟੀ ਦੇ ਕੁਝ ਆਗੂਆਂ ਨੂੰ ਤੋੜ ਕੇ ਇਹ ਹਾਲਾਤ ਬਣਾਉਣ ਦਾ ਯਤਨ ਕਰੇਗਾ ਕਿ ਰਾਜ ਦੀ ਸਰਕਾਰ ਟੁੱਟੀ ਰਹੇ ਤੇ ਹੱਥ-ਠੋਕੇ ਵਰਗਾ ਗਵਰਨਰ ਵਰਤ ਕੇ ਕੇਂਦਰ ਤੋਂ ਸਰਕਾਰ ਚਲਾਈ ਜਾਵੇ। ਇਸ ਨਾਲ ਲੋਕ ਰਾਜ ਦੀ ਰਵਾਇਤ ਅੱਗੇ ਨਹੀਂ ਵਧਣੀ, ਇਹ ਤਾਂ ਹੁਣ ਨਾਲੋਂ ਵੀ ਖੂੰਜੇ ਲੱਗ ਸਕਦੀ ਹੈ।

ਗੱਲ ਸਹੇ ਦੀ ਨਹੀਂ, ਪਹੇ ਦੀ ਸੋਚਣ ਵਾਲੀ ਹੈ। ਹਾਲ ਦੀ ਘੜੀ ਸਾਡੇ ਲੋਕ ਬੱਸ ਬਜਟ ਦੀ ਚਰਚਾ ਕਰ ਕੇ ਵਕਤ ਟਪਾ ਸਕਦੇ ਹਨ, ਉਸ ਬਜਟ ਦੀ ਚਰਚਾ, ਜਿਹੜਾ ਮੇਰੇ ਵਰਗਿਆਂ ਦੇ ਪੱਲੇ ਹੀ ਨਹੀਂ ਪਿਆ।

# ਪੱਤੇ ਵਾਂਗ ਡੋਲਦੀ ਜਵਾਨੀ ਦੀਆਂ ਧੁੱਪਾਂ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਝੀ ਵਰ੍ਹਿਆਂ ਤੋਂ ਲਗਾਤਾਰ ਮਨਾਈ ਜਾਂਦੀ 'ਧੁੱਪ ਦੀ ਮਹਿਫਿਲ' ਇਸ ਵਾਰ ਵੀ ਖੂਬ ਜੰਮੀ। ਸਥਾਨ ਨਵਯੁਗ ਫਾਰਮ, ਮਹਿਰੌਲੀ, ਦਿੱਲੀ; ਸਮਾਂ ਧੁੱਪਾਂ ਵਾਲੀ ਦੁਪਹਿਰ ਅਤੇ ਦਿਨ ਬਸੰਤ ਪੰਚਮੀ ਦੇ ਸਭ ਤੋਂ ਨੇੜਲਾ ਐਤਵਾਰ, 28 ਜਨਵਰੀ। ਕੌਣ ਕਿੱਥੋਂ ਆਇਆ, ਦੱਸਣ ਲੱਗੀਏ ਤਾਂ ਵਰਕੇ ਭਰ ਜਾਣ। ਹਾਂ, ਡਾ. ਮਨੋਹਰ ਸਿੰਘ ਗਿੱਲ ਨੇ ਮਹਿਫਿਲ ਦੀ ਪ੍ਰਧਾਨਗੀ ਕੀਤੀ ਅਤੇ ਡਾ. ਜੈਰੂਪ ਸਿੰਘ ਮੁੱਖ ਮਹਿਮਾਨ ਸਨ। ਦੋਹਾਂ ਨੇ ਦਿੱਲੀ ਵਰਗੇ ਮਹਾਨਗਰ ਵਿਚ ਪੰਜਾਬੀ ਦੀ ਆਨ ਤੇ ਸ਼ਾਨ ਬਰਕਰਾਰ ਰੱਖਣ ਲਈ ਪੰਜਾਬੀ ਸਾਹਿਤਕਾਰਾਂ ਅਤੇ ਪੰਜਾਬੀ ਰਸੀਆਂ ਦਾ ਸਾਥ ਮੰਗਿਆ ਤੇ ਬਣਦਾ ਸਰਦਾ ਸਹਿਯੋਗ ਦੇਣ ਦਾ ਵਚਨ ਵੀ ਦਿੱਤਾ।

ਅਨੇਕਾਂ ਪੰਜਾਬੀ ਪਿਆਰੇ ਕੇਵਲ ਇਸ ਲਈ ਪਹੁੰਚੇ ਕਿ ਚੰਡੀਗੜ੍ਹ ਤੋਂ ਜੰਗ ਬਹਾਦਰ ਗੋਇਲ, ਮੇਘਾਲਿਆ ਤੋਂ ਡਾ. ਸਵਰਾਜਬੀਰ ਤੇ ਬਰਤਾਨੀਆ ਤੋਂ ਅਮਰਜੀਤ ਚੰਦਨ ਨੇ ਸਭਾ ਵਲੋਂ ਦਿੱਤਾ ਜਾ ਰਿਹਾ ਸਨਮਾਨ ਲੈਣ ਉਥੇ ਆਉਣਾ ਸੀ। ਕਈ ਉਹ ਵੀ ਸਨ, ਜੋ ਉਨ੍ਹਾਂ ਦੀਆਂ ਵਡਮੁੱਲੀਆਂ ਰਚਨਾਵਾਂ ਤਾਂ ਪੜ੍ਹਦੇ ਰਹੇ ਸਨ ਪਰ ਦਰਸ਼ਨ ਨਹੀਂ ਸਨ ਕਰ ਸਕੇ।

ਇਸ ਵਾਰ ਦੀ ਮਹਿਫਿਲ ਦੀ ਸਫਲਤਾ ਦਾ ਇੱਕ ਰਾਜ ਇਹ ਵੀ ਸੀ ਕਿ ਪੰਜਾਬੀ ਅਕਾਦਮੀ, ਦਿੱਲੀ ਨੇ ਪ੍ਰਸਿੱਧ ਗਾਇਕ ਜਨਾਬ ਯਾਕੂਬ ਨੂੰ ਸਰੋਤਿਆਂ ਦੇ ਸਨਮੁਖ ਕੀਤਾ, ਜਿਸ ਨੇ ਆਪਣੇ ਸੂਫੀ ਕਲਾਮ ਰਾਹੀਂ ਮਹਿਫਿਲ ਵਿਚ ਹਾਜ਼ਰ ਸਰੋਤਿਆਂ ਨੂੰ ਹੀ ਨਿਹਾਲ ਨਹੀਂ ਕੀਤਾ, ਨਵਯੁਗ ਫਾਰਮ ਦੇ ਫੁੱਲ-ਬੂਟਿਆਂ ਨੂੰ ਵੀ ਟਹਿਕਦੇ ਤੇ ਮਹਿਕਦੇ ਕਰ ਦਿੱਤਾ। ਵੱਡੀ ਗੱਲ ਇਹ ਕਿ ਅਕਾਦਮੀ ਦੇ ਮੀਤ ਪ੍ਰਧਾਨ ਜਰਨੈਲ ਸਿੰਘ ਤੇ ਸਕੱਤਰ ਗੁਰਭੇਜ ਸਿੰਘ ਗੁਰਾਇਆ ਨੇ ਮਹਿਫਿਲ ਵਿਚ ਉਚੇਚੀ ਹਾਜ਼ਰੀ ਭਰੀ।

ਇਹ ਗੱਲ ਵੀ ਪਹਿਲੀ ਵਾਰ ਅਨੁਭਵ ਹੋਈ ਕਿ ਮੇਰੇ ਵਰਗੇ ਵਡੇਰੀ ਉਮਰ ਦੇ ਸਾਹਿਤ ਰਸੀਏ ਆਪਣੇ ਡਾਂਵਾਂਡੋਲ ਕਦਮਾਂ ਦੇ ਬਾਵਜੂਦ ਆਪਣੇ ਚਾਹੁਣ ਵਾਲਿਆਂ ਨੂੰ ਮਿਲਣ ਆਏ। ਉਨ੍ਹਾਂ ਵਿਚ ਅਜੀਤ ਕੌਰ, ਚੰਦਨ ਨੇਗੀ, ਕਰਨਜੀਤ ਸਿੰਘ ਤੇ ਅਜੀਤ ਸਿੰਘ ਵਰਗੇ ਉਹ ਵੀ ਸਨ ਜਿਹੜੇ ਥੋੜ੍ਹੇ ਕੀਤੇ ਘਰੋਂ ਬਾਹਰ ਨਹੀਂ ਨਿਕਲਦੇ। ਸ਼ਾਇਦ ਹੇਠ ਲਿਖੀ ਲੋਕ ਬੋਲੀ ਦੇ ਪ੍ਰਸ਼ਨ ਤੋਂ ਡਰਦੇ ਹਨ:

ਕੀ ਹੋ ਗਿਆ ਜਵਾਨੀਏ ਤੈਨੂੰ
ਪੱਤੇ ਵਾਂਗੂ ਫਿਰੇਂ ਡੋਲਦੀ।

ਸਮੇਂ ਦਾ ਸੱਚ ਕੁਝ ਵੀ ਹੋਵੇ, 1943 ਦੀ ਦਿੱਲੀ ਵਿਚ ਸਥਾਪਤ ਹੋਈ ਪੰਜਾਬੀ ਸਾਹਿਤ ਸਭਾ ਅਤੇ 1981 ਵਿਚ ਜਨਮ ਧਾਰ ਕੇ ਇਹਦੇ ਨਾਲ ਭੱਜ ਕੇ ਰਲੀ ਪੰਜਾਬੀ ਅਕਾਦਮੀ ਜ਼ਿੰਦਾਬਾਦ!

**ਡਾ. ਜੀ. ਐਸ. ਕਾਲਕਟ ਦੇ ਅੰਗ-ਸੰਗ:** ਡਾ. ਗੁਰਚਰਨ ਸਿੰਘ ਕਾਲਕਟ ਦੇ ਅਕਾਲ ਚਲਾਣੇ ਨਾਲ ਮੇਰੇ ਸੀਨੀਅਰ ਮਿੱਤਰਾਂ ਦੀ ਪੌੜੀ ਦਾ ਸਿਖਰਲਾ ਡੰਡਾ ਟੁੱਟ ਗਿਆ ਹੈ। ਉਹ ਭਾਰਤ ਸਰਕਾਰ ਦੇ ਖੇਤੀ ਮੰਤਰਾਲੇ ਵਿਚ ਖੇਤੀ ਕਮਿਸ਼ਨਰ ਬਣ ਕੇ ਨਵੀਂ ਦਿੱਲੀ ਗਏ ਤਾਂ ਸਤਿਆ ਮਾਰਗ (ਚਾਣੱਕਿਆਪੁਰੀ) ਦੀਆਂ ਸਰਕਾਰੀ ਕੋਠੀਆਂ ਵਿਚ ਮੇਰੇ ਗਵਾਂਢੀ ਬਣ ਗਏ। ਮੈਂ ਖੇਤੀ ਮੰਤਰਾਲੇ ਵਿਚ ਸੰਪਾਦਕ ਸਾਂ ਤੇ ਕਾਲਕਟ ਖੇਤੀ ਕਮਿਸ਼ਨਰ। ਮੈਨੂੰ ਖੇਤੀ ਯੂਨੀਵਰਸਿਟੀ ਦੇ ਸੰਚਾਰ ਕੇਂਦਰ ਦਾ ਮੁਖੀ ਥਾਪਿਆ ਗਿਆ ਤਾਂ ਉਨ੍ਹਾਂ ਨੇ ਮੈਨੂੰ ਖੇਤੀ ਮੰਤਰਾਲੇ ਤੋਂ ਫਾਰਗ ਕਰਵਾਉਣ ਵਿਚ ਬੜੀ ਮਦਦ ਕੀਤੀ। ਉਨ੍ਹਾਂ ਦਾ ਜੱਦੀ ਪਿੰਡ ਸਹੌੜਾਂ ਤੇ ਮੇਰਾ ਜੱਦੀ ਪਿੰਡ ਸੂਨੀ ਜਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਹਨ।

ਭਾਰਤ ਦੀ ਹਰੀ ਕ੍ਰਾਂਤੀ ਦੇ ਵਿਕਾਸ ਲਈ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਨਵੇਂ ਬੀਜ ਤੇ ਨਵੀਂ ਤਕਨੀਕ ਲਈ ਪ੍ਰੇਰਨ ਵਿਚ ਉਨ੍ਹਾਂ ਦਾ ਯੋਗਦਾਨ ਹਰ ਪਾਸਿਉਂ ਸਲਾਹਿਆ ਗਿਆ। ਖੇਤੀ ਵਿਕਾਸ ਨਾਲ ਸਬੰਧਤ ਅੰਕੜਿਆਂ ਦੇ



*ਡਾ. ਜੀ. ਐਸ. ਕਾਲਕਟ*

ਗਿਆਨ ਸਦਕਾ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹੀ ਨਹੀਂ, ਵਿਸ਼ਵ ਬੈਂਕ ਨੇ ਵੀ ਉਨ੍ਹਾਂ ਨੂੰ ਰੱਜਵਾਂ ਸਨਮਾਨ ਦਿੱਤਾ। ਜਿਥੋਂ ਤਕ ਉਨ੍ਹਾਂ ਦੀ ਪੰਜਾਬ ਨੂੰ ਦੇਣ ਦਾ ਸਬੰਧ ਹੈ, ਉਹ ਖੇਤੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਰਹਿਣ ਪਿੱਛੋਂ 12 ਸਾਲ ਪੰਜਾਬ ਫਾਰਮਰਜ਼ ਕਮਿਸ਼ਨ ਦੇ ਚੇਅਰਮੈਨ ਰਹੇ। ਪੰਜਾਬ ਐਗਰੀਕਲਚਰਲ ਕਾਲਜ, ਲਾਇਲਪੁਰ (ਹੁਣ ਪਾਕਿਸਤਾਨ) ਦੇ ਪੜ੍ਹੇ ਹੋਏ ਡਾ. ਕਾਲਕਟ ਬੜੇ ਮਾਣ ਨਾਲ ਦੱਸਿਆ ਕਰਦੇ ਸਨ ਕਿ ਕਈ ਸਾਲ ਲਾਇਲਪੁਰ ਦੇ ਪੜ੍ਹੇ ਹੋਏ ਖੇਤੀ ਵਿਗਿਆਨੀ ਅੱਧੇ ਤੋਂ ਵੱਧ ਭਾਰਤ ਦੇ ਖੇਤੀ ਡਾਇਰੈਕਟਰ ਰਹੇ। ਸਮੁੱਚੇ ਭਾਰਤ ਦੀਆਂ ਖੇਤੀ ਵਿਕਾਸ ਯੋਜਨਾਵਾਂ ਨੂੰ ਸੇਧ ਦੇਣ ਵਾਲੇ ਇਨ੍ਹਾਂ ਖੇਤੀ ਮਾਹਿਰਾਂ ਨੇ ਭਾਰਤ ਵਿਚ ਹਰੀ ਕ੍ਰਾਂਤੀ ਨੂੰ ਉਭਾਰਿਆ।

**ਸੱਤਪਾਲ ਗੌਤਮ ਤੇ ਅਵਤਾਰ ਸਾਦਿਕ ਦਾ ਚਲਾਣਾ:** ਜਨਵਰੀ ਮਹੀਨੇ ਦਾ ਅੰਤ ਮੇਰੇ ਨਿਜ ਲਈ ਬੜਾ ਦੁਖਦਾਈ ਰਿਹਾ। ਮੈਂ ਡਾ. ਕਾਲਕਟ ਤੇ ਮਲਕੀਤ ਸਿੰਘ ਆਰਟਿਸਟ ਦੇ ਅਕਾਲ ਚਲਾਣੇ ਨਾਲ ਨਿਪਟ ਰਿਹਾ ਸਾਂ ਕਿ ਬਰਤਾਨੀਆ ਤੋਂ ਅਵਤਾਰ ਸਾਦਿਕ ਤੇ ਨਵੀਂ ਦਿੱਲੀ ਤੋਂ ਸੱਤਪਾਲ ਗੌਤਮ ਦੇ ਤੁਰ ਜਾਣ ਦੀ ਖਬਰ ਆ ਗਈ। ਦੋਵਾਂ ਦੀ ਜੱਦੀ ਪੁਸ਼ਤੀ ਤਾਰ ਦੁਆਬੇ ਦੇ ਜਲੰਧਰ ਤੇ ਹੁਸ਼ਿਆਰਪੁਰ ਜਿਲ੍ਹਿਆਂ ਨਾਲ ਆ ਜੁੜਦੀ ਹੈ। ਸਾਦਿਕ ਨੇ ਆਪਣੀਆਂ ਅਗਾਂਹਵਧੂ ਲਿਖਤਾਂ ਰਾਹੀਂ ਬਰਤਾਨੀਆ ਵਿਚ ਜੱਦੀ ਪੁਸ਼ਤੀ ਖੇਤਰ ਨੂੰ ਉਭਾਰਿਆ ਤੇ ਗੌਤਮ ਨੇ ਆਪਣੀ ਸੋਚ ਤੇ ਵਿਦਵਤਾ ਰਾਹੀਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਲੈ ਕੇ ਜਵਾਹਰ ਲਾਲ ਨਹਿਰੂ ਯੂਨੀਵਰਸਟੀ, ਨਵੀਂ ਦਿੱਲੀ ਤੱਕ ਆਪਣੀ ਧਾਂਕ ਜਮਾਈ। ਉਹ



*ਅਵਤਾਰ ਸਾਦਿਕ*



*ਸੱਤਪਾਲ ਗੌਤਮ*

ਆਪ ਤਾਂ ਤੁਰ ਗਏ ਹਨ ਪਰ ਉਨ੍ਹਾਂ ਦੀ ਸੋਚ ਤੇ ਦੇਣ ਮੇਰੇ ਮਨ ਨੂੰ ਧਰਵਾਸ ਦਿੰਦੀ ਰਹੇਗੀ।

**ਅੰਤਿਕਾ:** ਸੁਖਵਿੰਦਰ ਅੰਮ੍ਰਿਤ
ਇੱਕ ਇੱਕ ਕਰ ਦੇ ਵਿਕ ਗਏ
ਆਖਿਰ ਤਾਰੇ ਸਾਡੇ ਅੰਬਰ ਦੇ।
ਹਾਇ! ਫੇਰ ਵੀ ਤਾਰ ਸਕੇ ਨਾ
ਉਸ ਦੀਵੇ ਦੇ ਦਾਮ ਅਸੀਂ।

ਪੰਜਾਬ ਟਾਈਮਜ਼

*ਸਨਿਚਰਵਾਰ, 10 ਫਰਵਰੀ 2018*

## *ਨਿਆਂ-ਅਨਿਆਂ ਦੀ ਘੁੰਮਣਘੇਰੀ*

ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਬਾਰੇ ਨਸ਼ਰ ਹੋਈ ਵੀਡੀਓ ਨੇ ਸਿੱਖਾਂ ਦੇ ਜ਼ਖਮ ਇਕ ਵਾਰ ਫਿਰ ਖੁਰਚ ਦਿੱਤੇ ਹਨ ਅਤੇ ਇਸ ਦੇ ਨਾਲ ਹੀ ਇਸ ਮੁੱਦੇ ਉਤੇ ਸਿਆਸਤ ਵੀ ਖੂਬ ਭਖ ਗਈ ਹੈ। ਇਸ ਵੀਡੀਓ ਬਾਰੇ ਦਾਅਵੇ ਹਨ ਕਿ ਇਸ ਵਿਚ ਜਗਦੀਸ਼ ਟਾਈਟਲਰ ਨੇ 1984 ਵਾਲੇ ਸਿੱਖ ਕਤਲੇਆਮ ਦੌਰਾਨ ਹੋਏ ਕਤਲਾਂ ਦੀ ਗੱਲ ਖੁਦ ਹੀ ਸਵੀਕਾਰ ਕਰ ਲਈ ਹੈ। ਕੁਝ ਦਿਨ ਦੀ ਖਾਮੋਸ਼ੀ ਤੋਂ ਬਾਅਦ ਹੁਣ ਆਈਆਂ ਤਾਜ਼ਾਂ ਖਬਰਾਂ ਮੁਤਾਬਕ, ਇਸ ਆਗੂ ਨੇ ਵੀਡੀਓ ਨੂੰ ਨਕਲੀ ਕਰਾਰ ਦਿੱਤਾ ਹੈ ਅਤੇ ਮੋੜਵਾਂ ਦਾਅਵਾ ਕੀਤਾ ਹੈ ਕਿ ਇਸ ਵੀਡੀਓ ਵਿਚਲੀ ਆਵਾਜ਼ ਉਸ ਦੀ ਹੈ ਹੀ ਨਹੀਂ। ਜਿਨ੍ਹਾਂ ਲੋਕਾਂ ਨੇ ਇਸ ਵੀਡੀਓ ਵਿਚ ਤੋੜ-ਮਰੋੜ ਕੀਤੀ ਹੈ ਅਤੇ ਫਿਰ ਇਸ ਨੂੰ ਨਸ਼ਰ ਕੀਤਾ ਹੈ, ਉਨ੍ਹਾਂ ਖਿਲਾਫ ਹੁਣ ਉਹ ਕੇਸ ਦਰਜ ਕਰਵਾਉਣਗੇ। ਇਸ ਮਸਲੇ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਸੰਸਦ ਵਿਚ ਵੀ ਉਠਾਇਆ ਹੈ। ਪਿਛਲੇ ਸਾਲਾਂ ਦੌਰਾਨ ਕੁਝ ਪੱਕੇ ਗਵਾਹਾਂ ਦੀ ਬਦੌਲਤ ਜਗਦੀਸ਼ ਟਾਈਟਲਰ ਅਤੇ ਇਕ ਹੋਰ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ ਕਾਨੂੰਨੀ ਸ਼ਿਕੰਜਾ ਕੱਸਿਆ ਗਿਆ ਹੈ। ਮੁਲਕ ਦੇ ਕਈ ਹਿੱਸਿਆਂ ਵਿਚ ਹੋਏ ਇਸ ਕਤਲੇਆਮ ਦੌਰਾਨ ਇਕੱਲੇ ਦਿੱਲੀ ਸ਼ਹਿਰ ਵਿਚ ਹੀ ਤਿੰਨ ਹਜ਼ਾਰ ਤੋਂ ਵੱਧ ਸਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ। ਉਦੋਂ ਹਜ਼ਾਰਾਂ ਸਿੱਖਾਂ ਦਾ ਉਜਾੜਾ ਹੋਇਆ ਸੀ ਜੋ ਸਮਾਜਕ, ਆਰਥਕ ਜਾਂ ਮਾਨਸਿਕ ਪੱਖੋਂ ਅਜੇ ਤੱਕ ਵੀ ਤਾਬੇ ਨਹੀਂ ਆ ਸਕੇ ਹਨ। ਇਸ ਕਤਲੇਆਮ ਦੀ ਜਾਂਚ ਲਈ ਕਈ ਕਮੇਟੀਆਂ ਅਤੇ ਕਮਿਸ਼ਨ ਬਣ ਚੁਕੇ ਹਨ, ਪਰ ਜਾਂਚ ਕਿਸੇ ਤਣ-ਪੱਤਣ ਨਹੀਂ ਲੱਗੀ ਜਾਂ ਇਨ੍ਹਾਂ ਉਤੇ ਬਣਦੀ ਕਾਰਵਾਈ ਵੀ ਨਹੀਂ ਕੀਤੀ। ਜਿਹੜਾ ਅਕਾਲੀ ਦਲ, ਸੰਸਦ ਵਿਚ ਇਹ ਮਸਲਾ ਉਠਾ ਰਿਹਾ ਹੈ, ਉਹ ਕੇਂਦਰ ਦੀ ਮੋਦੀ ਸਰਕਾਰ ਵਿਚ ਭਾਈਵਾਲ ਹੈ, ਪਰ ਪਰਨਾਲਾ ਅਜੇ ਵੀ ਉਥੇ ਦਾ ਉਥੇ ਹੀ ਹੈ। ਸਾਫ ਜ਼ਾਹਰ ਹੈ ਕਿ ਸਿਆਸਤ ਚਮਕਾਉਣ ਲਈ ਇਹ ਮੁੱਦਾ ਅਕਸਰ ਸਾਹਮਣੇ ਲਿਆਇਆ ਜਾਂਦਾ ਹੈ ਅਤੇ ਆਪਣੀ ਹਿਤ-ਪੂਰਤੀ ਤੋਂ ਬਾਅਦ ਹਾਲਾਤ ਫਿਰ ਪਹਿਲਾਂ ਵਾਲੇ ਹੋ ਜਾਂਦੇ ਹਨ। ਇਹ ਸਿਲਸਿਲਾ ਪਿਛਲੇ 33 ਵਰ੍ਹਿਆਂ ਤੋਂ ਚੱਲ ਰਿਹਾ ਹੈ।

ਇਸ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿੱਤੇ ਜਾਣ ਦੀ ਉਡੀਕ, ਪੀੜਤ ਤਕਰੀਬਨ ਸਾਢੇ ਤਿੰਨ ਦਹਾਕਿਆਂ ਤੋਂ ਕਰ ਰਹੇ ਹਨ। ਕੁਝ ਕੇਸਾਂ ਵਿਚ ਨਿੱਕੇ-ਮੋਟੇ ਆਗੂਆਂ ਜਾਂ ਅਪਰਾਧੀਆਂ ਨੂੰ ਸਜ਼ਾ ਤੋਂ ਛੁੱਟ ਇਸ ਕਤਲੇਆਮ ਵਿਚ ਕਥਿਤ ਤੌਰ 'ਤੇ ਸ਼ਾਮਲ ਵੱਡੇ ਕਾਂਗਰਸੀ ਆਗੂ ਖੁੱਲ੍ਹੇਆਮ ਵਿਚਰ ਰਹੇ ਹਨ। ਇਸ ਮਾਮਲੇ ਨਾਲ ਜੁੜੇ ਕਈ ਤ੍ਰਾਸਦਿਕ ਪੱਖ ਅੱਜ ਵੀ ਖੌਫ ਪੈਦਾ ਕਰਦੇ ਹਨ। ਸਭ ਤੋਂ ਪਹਿਲਾਂ ਤਾਂ ਇਹ ਕਤਲੇਆਮ ਹੋ ਲੈਣ ਦਿੱਤਾ ਗਿਆ। ਬਿਨਾ ਸ਼ੱਕ, ਇਹ ਕਤਲੇਆਮ ਰੋਕਿਆ ਜਾ ਸਕਦਾ ਸੀ, ਪਰ ਮੌਕੇ ਦੀ ਸਰਕਾਰ ਅਜਿਹਾ ਚਾਹੁੰਦੀ ਨਹੀਂ ਸੀ। ਇਸ ਲਈ ਹੁੱਲੜਬਾਜ਼ਾਂ ਨੂੰ ਖੁੱਲ੍ਹੀ ਛੁੱਟੀ ਮਿਲ ਗਈ ਅਤੇ ਫਿਰ ਇਨ੍ਹਾਂ ਲੋਕਾਂ ਨੇ ਮਨਮਰਜ਼ੀ ਕੀਤੀ। ਇਸ ਤੋਂ ਬਾਅਦ ਪੁਲਿਸ ਨੇ ਜਾਂਚ ਵਾਲਾ ਕਾਰਜ ਸਹੀ ਤਰੀਕੇ ਨਾਲ ਨਾ ਕੀਤਾ, ਕਿਉਂਕਿ ਮੁਲਕ ਦਾ ਪੁਲਿਸ ਢਾਂਚਾ ਤਾਂ ਸਿਆਸੀ ਆਗੂਆਂ ਦੇ ਦਾਰੋਮਦਾਰ ਉਤੇ ਚੱਲਦਾ ਹੈ। ਅਦਾਲਤਾਂ ਤੱਕ ਪੁੱਜਦੇ ਪੁੱਜਦੇ ਇਹ ਕੇਸ ਨਰਮ ਹੁੰਦੇ ਗਏ। ਰਹਿੰਦੀ-ਖੂੰਹਦੀ ਕਸਰ ਅਦਾਲਤੀ ਢਾਂਚੇ ਨੇ ਪੂਰੀ ਕਰ ਦਿੱਤੀ। ਖੌਫ ਕਾਰਨ ਗਵਾਹ ਵੀ ਖੁੱਲ੍ਹ ਕੇ ਸਾਹਮਣੇ ਨਹੀਂ ਆ ਸਕੇ। ਹੁਣ ਜਦੋਂ ਕੁਝ ਮਜ਼ਬੂਤ ਗਵਾਹ ਸਾਹਮਣੇ ਆਏ ਹਨ ਤਾਂ ਚੋਟੀ ਦੇ ਕੁਝ ਆਗੂਆਂ ਨੂੰ ਘੇਰਾ ਵੀ ਪੈ ਗਿਆ ਹੈ। ਇਸ ਪੱਖੋਂ ਉਨ੍ਹਾਂ ਵਕੀਲਾਂ ਨੂੰ ਵੀ ਸ਼ਾਬਾਸ਼ ਦੇਣੀ ਬਣਦੀ ਹੈ ਜੋ ਹਰ ਔਕੜ ਦੇ ਬਾਵਜੂਦ ਡਟੇ ਰਹੇ। ਉਂਜ ਸਿਆਸੀ ਆਗੂਆਂ ਨੇ ਅਜੇ ਵੀ ਦਿਆਨਤਦਾਰੀ ਨਹੀਂ ਦਿਖਾਈ ਹੈ ਅਤੇ ਇਹ ਅਜੇ ਵੀ ਇਸ ਮੁੱਦੇ ਨੂੰ ਹੱਥ ਆਇਆ ਸਮਝ ਕੇ ਸਿਆਸੀ ਲਾਹੇ ਖਾਤਰ ਸਰਗਰਮੀ ਕਰ ਰਹੇ ਹਨ। ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਦੋਸ਼ੀਆਂ ਨੂੰ ਸਜ਼ਾ ਨਾ ਮਿਲਦੀ।

ਇਸ ਮਸਲੇ ਬਾਰੇ ਸੱਤਾਧਾਰੀਆਂ ਦੀ ਸਿਤਮਜ਼ਰੀਫੀ ਦੇਖੋ ਕਿ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਸਿੱਖ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.-ਸਿੱਟ) ਬਣਾਉਣ ਲਈ ਪਰ ਅਜੇ ਤੋਲ ਹੀ ਰਹੀ ਸੀ, ਤਾਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸਿਰਫ ਵੋਟਾਂ ਬਟੋਰਨ ਦੀ ਸੋਚ ਕੇ ਦਿੱਲੀ ਸਰਕਾਰ ਤੋਂ ਪਹਿਲਾਂ ਹੀ ਆਪਣੀ 'ਸਿੱਟ' ਦਾ ਐਲਾਨ ਕਰ ਦਿੱਤਾ ਸੀ। ਇਹ ਗੱਲ ਵੱਖਰੀ ਹੈ ਕਿ ਇਸ 'ਸਿੱਟ' ਨੇ ਅਜੇ ਤੱਕ ਆਪਣੇ ਬੋਹੀਏ ਵਿਚੋਂ ਪਹਿਲੀ ਪੂਣੀ ਵੀ ਨਹੀਂ ਕੱਤੀ ਹੈ। ਕੇਂਦਰ ਸਰਕਾਰ ਦੀ ਇਸ ਨਾ-ਅਹਿਲੀਅਤ ਬਾਰੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਕੋਈ ਉਜ਼ਰ ਨਹੀਂ ਕੀਤਾ ਹੈ। ਦਰਅਸਲ, ਇਸ ਸਾਰੇ ਮਸਲੇ ਦੀਆਂ ਜੜ੍ਹਾਂ ਮੁਲਕ ਦੇ ਸਮੁੱਚੇ ਢਾਂਚੇ ਅੰਦਰ ਸਮੋਈਆਂ ਹੋਈਆਂ ਹਨ। ਵੱਖ ਵੱਖ ਸਰਕਾਰੀ ਏਜੰਸੀਆਂ ਦੀ ਡੋਰ ਸਿਆਸੀ ਢਾਂਚੇ ਨਾਲ ਬੱਝੀ ਹੋਈ ਹੈ। ਇਸੇ ਕਰ ਕੇ ਹਰ ਵਾਰ ਆਮ ਬੰਦਾ ਥਾਣਿਆਂ-ਕਚਹਿਰੀਆਂ ਵਿਚ ਰੁਲਦਾ ਰਹਿ ਜਾਂਦਾ ਹੈ। ਕਤਲੇਆਮ 84 ਵਾਲੇ ਮਸਲੇ ਵਿਚ ਵੀ ਭਾਵੇਂ ਸਮੁੱਚੇ ਰੂਪ ਵਿਚ ਇਸੇ ਢਾਂਚੇ ਦੀ ਮਾਰ ਪਈ ਹੈ, ਪਰ ਇਸ ਪ੍ਰਸੰਗ ਵਿਚ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਉਦੋਂ ਖਾਸ ਭਾਈਚਾਰੇ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਗਿਆ। ਸਭ ਵਿਸ਼ਲੇਸ਼ਕ ਇਹ ਮੰਨਦੇ ਹਨ ਕਿ ਜੇ ਕਿਤੇ ਇਹ ਮਸਲਾ ਸਹੀ ਜਾਂਚ ਰਾਹੀਂ ਅਦਾਲਤਾਂ ਤੱਕ ਪਹੁੰਚਾਇਆ ਜਾਂਦਾ ਤਾਂ ਇਸ ਕਤਲੇਆਮ ਦੀ ਤਰਜ਼ 'ਤੇ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਨਾ ਹੁੰਦਾ। ਵਿਡੰਬਨਾ ਇਹ ਹੈ ਕਿ ਮੁਸਲਮਾਨਾਂ ਦੇ ਉਸ ਕਤਲੇਆਮ ਦੇ ਦੋਸ਼ੀ ਹੁਣ ਮੁਲਕ ਚਲਾ ਰਹੇ ਹਨ ਅਤੇ ਸਾਰਾ ਕੁਝ ਵੋਟ ਸਿਆਸਤ ਦੁਆਲੇ ਘੁੰਮ ਰਿਹਾ ਹੈ। ਜਿੰਨਾ ਚਿਰ ਇਸ ਵੋਟ ਸਿਆਸਤ ਦਾ ਕੋਈ ਬਦਲ ਨਹੀਂ ਉਸਾਰਿਆ ਜਾਂਦਾ, ਪੀੜਤ ਇਸੇ ਤਰ੍ਹਾਂ ਪੀੜ ਝੱਲਣ ਵਾਲੀ ਜੂਨ ਵਿਚ ਪਏ ਰਹਿਣਗੇ ਅਤੇ ਇਹ ਆਗੂ ਇਸੇ ਤਰ੍ਹਾਂ ਆਪੋ-ਆਪਣੀ ਸਿਆਸਤ ਚਮਕਾਉਂਦੇ ਰਹਿਣਗੇ। ਇਸ ਲਈ ਹੁਣ ਸਮੇਂ ਦੀ ਮੁੱਖ ਲੋੜ ਇਸ ਢਾਂਚੇ ਨੂੰ ਸਮਝ ਕੇ ਇਸ ਬਾਰੇ ਉਚੇਚੀਆਂ ਮੁਹਿੰਮਾਂ ਵਿੱਢਣ ਦੀ ਹੈ ਤਾਂਕਿ ਢਾਂਚੇ ਅੰਦਰ ਆਈ ਖੜੋਤ ਟੁੱਟ ਸਕੇ ਅਤੇ ਨਵੇਂ ਪੋਚ ਦੀ ਸਿਆਸਤ ਲਈ ਕੋਈ ਰਾਹ ਬਣ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਕਸ਼ਾ-ਏ-ਪੰਜਾਬ*

ਭੇਖਧਾਰੀਆਂ ਧਰਮ ਅਗਵਾ ਕਰਿਆ, ਲੋਕੀਂ ਦੇਖ ਕੇ ਹੋਏ ਹੈਰਾਨ ਮੀਆਂ।
ਲੋਕ-ਹਿਤਾਂ ਲਈ ਜੂਝਦੇ ਫਟੇ ਬੈਠੇ, ਮੁੜ ਕੇ ਜੁੜਨ ਦੇ ਕਰਨ ਐਲਾਨ ਮੀਆਂ।
ਆਮ ਬੰਦੇ ਨੇ ਲਾ ਲਿਆ ਜ਼ੋਰ ਪੂਰਾ, ਰਹਿ ਗਏ ਦਿਲਾਂ ਦੇ ਵਿਚ ਅਰਮਾਨ ਮੀਆਂ।
ਚੋਣਾਂ ਵਿਚ ਨਕਾਰਿਆ 'ਨੀਲਿਆਂ' ਨੂੰ, ਗਾਉਂਦੇ ਫਿਰਨ ਪੁਰਾਣੀ ਹੀ ਤਾਨ ਮੀਆਂ।
ਰਾਜ ਭਾਗ 'ਤੇ ਪਕੜ ਮਜ਼ਬੂਤ ਹੈ ਨ੍ਹੀਂ, 'ਪੰਜੇ ਵਾਲੇ' ਜਿਉਂ ਹੋਣ ਨਾਦਾਨ ਮੀਆਂ।
ਸਾਰੇ ਫਲਸਫੇ ਹੰਭ ਗਏ ਜਾਪਦੇ ਨੇ, 'ਗੜਬੜ ਚੌਥ' ਹੀ ਬਣੀ ਪ੍ਰਧਾਨ ਮੀਆਂ।

# ਧੀਆਂ ਮਰ ਜਾਣੀਆਂ...

## ਪਾਕਿਸਤਾਨ ਵਿਚ ਵਿਆਹਾਂ ਦੀਆਂ ਜਾਨਲੇਵਾ ਤਜਵੀਜ਼ਾਂ

***ਪਾਕਿਸਤਾਨੀ-ਅਮਰੀਕੀ ਪੱਤਰਕਾਰ ਰਾਫੀਆ ਜ਼ਕਾਰੀਆ ਅਟਾਰਨੀ ਹੈ, ਰਾਜਸੀ ਫਲਸਫ਼ਾ ਪੜ੍ਹਾਉਂਦੀ ਹੈ ਅਤੇ ਵੱਖ ਵੱਖ ਅਖਬਾਰਾਂ ਲਈ ਲਗਾਤਾਰ ਲਿਖਦੀ ਹੈ। ਔਰਤਾਂ ਦੇ ਹੱਕ ਵਿਚ ਉਹਨੇ ਬੇਖੌਫ ਹੋ ਕੇ ਆਵਾਜ਼ ਬੁਲੰਦ ਕੀਤੀ ਹੈ। ਇਸ ਲੇਖ ਵਿਚ ਉਸ ਨੇ ਅਸਮਾ ਰਾਣੀ ਦੇ ਬਹਾਨੇ ਪਾਕਿਸਤਾਨ ਵਿੱਚ ਔਰਤਾਂ ਦੇ ਹਾਲਾਤ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

ਅਸਮਾ ਰਾਣੀ ਛੁੱਟੀਆਂ ਮਨਾਉਣ ਕੋਹਾਟ ਆਪਣੇ ਘਰੇ ਆਈ ਸੀ। ਉਹ ਐਬਟਾਬਾਦ ਦੇ ਮੈਡੀਕਲ ਕਾਲਜ ਵਿਚ ਤੀਜੇ ਵਰ੍ਹੇ ਦੀ ਵਿਦਿਆਰਥਣ ਸੀ। ਹੋਰ ਦੋਂਹ ਸਾਲਾਂ ਨੂੰ ਉਹਨੇ ਡਾਕਟਰ ਬਣ ਜਾਣਾ ਸੀ। ਆਮ ਤਸਵੀਰਾਂ ਵਿਚ ਉਹ ਕੈਮਰੇ ਵੱਲ ਸਿੱਧਾ ਝਾਕਦੀ ਦਿਸਦੀ ਹੈ; ਮੁਸਕਰਾਉਂਦੀ ਹੋਈ, ਥੋੜ੍ਹਾ ਸ਼ਰਮਾਉਂਦੀ ਹੋਈ; ਪਰ ਚਿਹਰੇ ਅਤੇ ਤੱਕਣੀ ਵਿਚੋਂ ਦ੍ਰਿੜ੍ਹਤਾ ਅਤੇ ਸਵੈ-ਵਿਸ਼ਵਾਸ ਝਾਤੀਆਂ ਮਾਰਦਾ ਜਾਪਦਾ ਹੈ। ਇਨ੍ਹਾਂ ਤਸਵੀਰਾਂ ਵਿਚ ਉਸ ਦੁਖਾਂਤ ਦਾ ਤਾਂ ਉਕਾ ਹੀ ਕਿਤੇ ਕੋਈ ਨਾਮ-ਓ-ਨਿਸ਼ਾਨ ਨਹੀਂ ਲੱਭਦਾ ਜਿਸ ਨੇ ਉਹਦੀ ਜ਼ਿੰਦਗੀ ਦੇ ਆਖ਼ਰੀ ਪਲਾਂ ਨੂੰ ਦਰਦ ਨਾਲ ਭਰ ਦੇਣਾ ਸੀ।

ਉਹ ਆਖ਼ਰੀ ਪਲ ਜਿਹੜੇ ਵੀਡੀਓ



**ਰਫ਼ੀਆ ਜ਼ਕਾਰੀਆ**

ਅੰਦਰ ਕੈਦ ਹੋ ਗਏ ਅਤੇ ਫਿਰ ਸੋਸ਼ਲ ਮੀਡੀਆ ਉਤੇ ਨਸ਼ਰ ਕੀਤੇ ਗਏ, ਬਹੁਤ ਹੌਲਨਾਕ ਹਨ। ਇਨ੍ਹਾਂ ਪਲਾਂ ਦੌਰਾਨ ਮਰ ਰਹੀ ਇਹ ਮੁਟਿਆਰ (ਜਿਸ ਨੂੰ ਗੋਲੀ ਮਾਰੀ ਗਈ ਸੀ), ਆਪਣੇ ਕਾਤਲ ਮੁਜਾਹਿਦ ਅਫ਼ਰੀਦੀ ਦਾ ਨਾਂ ਲੈ ਰਹੀ ਹੈ। ਅਸੀਂ ਸਭ ਜਾਣਦੇ ਹਾਂ ਕਿ ਅਸਮਾ ਰਾਣੀ ਨੂੰ ਗੋਲੀ ਇਸ ਕਰ ਕੇ ਮਾਰੀ ਗਈ, ਕਿਉਂਕਿ ਉਸ ਨੇ ਮੁਜਾਹਿਦ ਅਫ਼ਰੀਦੀ ਦਾ ਸ਼ਾਦੀ ਦਾ ਪ੍ਰਸਤਾਵ ਸਵੀਕਾਰ ਨਹੀਂ ਸੀ ਕੀਤਾ। ਇਹ ਵੀਡੀਓ ਬਣਾਏ ਜਾਣ ਤੋਂ ਬਾਅਦ ਉਹ ਬਹੁਤੀ ਦੇਰ ਜ਼ਿੰਦਾ ਨਹੀਂ ਰਹਿ ਸਕੀ। ਪਾਕਿਸਤਾਨ ਦੀਆਂ ਹੋਰ ਅਨੇਕਾਂ ਬੱਚੀਆਂ ਦੀ ਜ਼ਿੰਦਗੀ ਵਾਂਗ ਉਸ ਦੀ ਜ਼ਿੰਦਗੀ ਵੀ ਬਚ ਨਾ ਸਕੀ, ਕਿਉਂਕਿ ਉਸ ਨੇ ਕਿਸੇ ਮਰਦ ਦੀਆਂ ਇੱਛਾਵਾਂ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਸੀ!

ਅਗਲੇ ਹੀ ਦਿਨ, ਉਸ ਦੇ ਜੱਦੀ ਪਿੰਡ ਲੱਖੀ ਮਰਵਾਤ ਵਿਚ ਸਿਰਫ਼ ਮਰਦਾਂ ਦੇ ਇਕੱਠ ਅੱਗੇ ਪਈ ਉਸ ਦੀ ਦੇਹ ਸਪੁਰਦ-ਏ-ਖ਼ਾਕ ਕਰ ਦਿੱਤੀ ਗਈ। ਇਸ ਤੋਂ ਬਾਅਦ ਆਈਆਂ ਰਿਪੋਰਟਾਂ, ਜਿਹੜੀਆਂ ਅਜਿਹੇ ਅਪਰਾਧਾਂ ਤੋਂ ਬਾਅਦ ਅਕਸਰ ਜਾਰੀ ਕੀਤੀਆਂ ਜਾਂਦੀਆਂ ਹਨ, ਮੁਤਾਬਕ ਪੁਲਿਸ ਕਤਲ ਤੋਂ ਛੇਤੀ ਬਾਅਦ ਸਬੰਧਤ ਖੇਤਰ ਵਿਚ ਛਾਪੇ ਮਾਰਦੀ ਹੈ। ਉਂਜ, ਇਹ ਛਾਪੇ ਆਮ ਵਾਂਗ ਫ਼ਜ਼ੂਲ ਹੀ ਸਾਬਤ ਹੋਏ ਸਨ। ਅਸਮਾ ਦਾ ਹਮਲਾਵਰ ਮੁਜਾਹਿਦ ਅਫ਼ਰੀਦੀ ਜਿਹੜਾ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਮੁਕਾਮੀ ਲੀਡਰ ਦਾ ਰਿਸ਼ਤੇਦਾਰ ਹੈ, ਫ਼ਰਾਰ ਹੋ ਗਿਆ ਸੀ।

ਕੁਝ ਮੁਕਾਮੀ ਲੋਕਾਂ ਦਾ ਕਹਿਣਾ ਸੀ ਕਿ ਅਫ਼ਰੀਦੀ ਖਾੜੀ ਚਲਾ ਗਿਆ ਹੈ ਜਿਥੇ ਉਸ ਦਾ ਕਾਰੋਬਾਰ ਹੈ। ਪੁਲਿਸ ਵੀ ਇਹ ਖੁਲਾਸਾ ਕਰ ਚੁੱਕੀ ਹੈ ਕਿ ਉਹ ਸਾਊਦੀ ਅਰਬ ਫ਼ਰਾਰ ਹੋ ਗਿਆ ਹੈ। ਅਜੇ ਤੱਕ ਇਹ ਖ਼ਬਰ ਨਹੀਂ ਮਿਲੀ ਹੈ ਕਿ ਸਾਊਦੀ ਅਰਬ ਵਿਚ ਉਸ ਬਾਰੇ ਕੋਈ ਸੂਹ ਮਿਲੀ ਹੈ ਜਾਂ ਨਹੀਂ, ਜਾਂ ਉਥੋਂ ਦੇ ਕਿਸੇ ਅਧਿਕਾਰੀ ਨਾਲ ਕੋਈ ਸੰਪਰਕ ਹੋਇਆ ਵੀ ਹੈ ਜਾਂ ਨਹੀਂ। ਜਦੋਂ ਪੁਲਿਸ ਆਮ ਕਰਕੇ ਔਰਤਾਂ ਦੇ ਕਾਤਲਾਂ ਨੂੰ ਫੜਨ ਤੋਂ ਟਾਲਾ ਵੱਟਦੀ ਹੈ, ਭਾਵੇਂ ਉਹ ਮੁਲਕ ਅੰਦਰ ਹੀ ਕਿਉਂ ਨਾ ਹੋਣ, ਤਾਂ ਸ਼ੱਕ ਪੈਦਾ ਹੁੰਦਾ ਹੈ ਕਿ ਮੁਲਕ ਵਿਚੋਂ ਫ਼ਰਾਰ ਕਾਤਲਾਂ ਨੂੰ ਫੜਨ ਲਈ ਕੋਈ ਕੋਸ਼ਿਸ਼ ਕੀਤੀ ਵੀ ਗਈ ਸੀ ਜਾਂ ਨਹੀਂ।

ਅਸਲ ਵਿਚ, ਜੇ ਅਜਿਹੇ ਮਾਮਲਿਆਂ ਵਿਚ ਸਜ਼ਾ ਦਿੱਤੇ ਜਾਣ ਦੇ ਪੁਰਾਣੇ ਰਿਕਾਰਡ ਉਤੇ ਨਿਗ੍ਹਾ ਮਾਰੀਏ ਤਾਂ ਸਪਸ਼ਟ ਦਿਸਦਾ ਹੈ ਕਿ ਪਾਕਿਸਤਾਨ ਵਿਚ ਔਰਤ ਨੂੰ ਕਤਲ ਕਰਨਾ ਕੋਈ ਅਪਰਾਧ ਨਹੀਂ ਹੈ। ਅਸਮਾ ਰਾਣੀ ਨੂੰ ਉਸ ਦੀ ਭਰਜਾਈ ਦੇ ਐਨ ਸਾਹਮਣੇ ਕਤਲ ਕੀਤਾ ਗਿਆ; ਜਿਹੜੇ ਬੰਦੇ ਨਾਲ ਉਸ ਦੀ ਸ਼ਾਦੀ ਹੋਣੀ ਸੀ, ਉਹ ਉਸ ਦੇ ਹੱਥਾਂ ਵਿਚ ਵਿਲਕਦੀ ਮਰ ਗਈ। ਉਸ ਵਕਤ ਛੋਟੇ ਜਿਹੇ ਕਸਬੇ ਕੋਹਾਟ, ਜਿਥੇ ਇਹ ਭਾਣਾ ਵਰਤਿਆ, ਵਿਚ ਹੋਰ ਵੀ ਬਥੇਰੇ ਜਣੇ ਸਨ।

ਐਨ ਇਕ ਸਾਲ ਪਹਿਲਾਂ, ਐਮ.ਫ਼ਿਲ. ਗਰੈਜੂਏਟ ਹਿਨਾ ਸ਼ਾਹਨਵਾਜ਼ ਨੂੰ ਕਤਲ ਕਰ ਦਿੱਤਾ ਗਿਆ ਸੀ। ਹਿਨਾ ਸ਼ਾਹਨਵਾਜ਼ ਕਿਸੇ ਗ਼ੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਵਿਚ ਕੰਮ ਕਰਦੀ ਸੀ। ਆਪਣੇ ਭਰਾ ਦੀ ਮੌਤ ਤੋਂ ਬਾਅਦ ਉਹ ਆਪਣੀ ਵਿਧਵਾ ਅੰਮੀ ਅਤੇ ਭਰਜਾਈ ਨਾਲ ਰਹਿ ਰਹੀ ਸੀ। ਉਸ ਦਾ ਕਾਤਲ ਉਸ ਦਾ ਆਪਣਾ ਹੀ ਕਜ਼ਨ, ਮਹਿਬੂਬ ਆਲਮ ਸੀ, ਜਿਹੜਾ ਮੁਜਾਹਿਦ ਅਫ਼ਰੀਦੀ ਵਾਂਗ ਘਟਨਾ ਵਾਲੀ ਥਾਂ ਤੋਂ ਫ਼ਰਾਰ ਹੋ ਗਿਆ। ਮਹਿਬੂਬ ਆਲਮ ਦੀ ਸ਼ਿਕਾਇਤ ਭਲਾ ਕੀ ਸੀ? ਗੱਲ ਇਹ ਸੀ ਕਿ ਉਹ ਹਿਨਾ ਨਾਲ ਸ਼ਾਦੀ ਕਰਵਾਉਣਾ ਚਾਹੁੰਦਾ ਸੀ ਅਤੇ ਹਿਨਾ ਨੇ ਸ਼ਾਦੀ ਦੀ ਤਜਵੀਜ਼ ਠੁਕਰਾ ਦਿੱਤੀ ਸੀ। ਇਹੀ ਨਹੀਂ, ਉਹ ਨੌਕਰੀ ਲਈ ਘਰ ਤੋਂ ਬਾਹਰ ਵੀ ਜਾਂਦੀ ਸੀ। ਇਸ ਕੇਸ ਵਿਚ ਆਲਮ ਬਾਅਦ ਵਿਚ ਫੜਿਆ ਗਿਆ ਅਤੇ ਉਸ ਨੂੰ ਸਜ਼ਾ ਵੀ ਮਿਲੀ, ਪਰ ਅਜਿਹੇ ਕੇਸਾਂ ਵਿਚੋਂ ਇਹ ਕੇਸ ਅਪਵਾਦ ਹੀ ਹੈ। ਅਜਿਹੇ ਬਥੇਰੇ ਕੇਸ ਹੋਣਗੇ ਜਿਨ੍ਹਾਂ ਵਿਚ ਕਾਤਲ ਸ਼ਰੇਆਮ ਦਨਦਨਾਉਂਦੇ ਘੁੰਮਦੇ ਹਨ। ਪਤਾ ਲੱਗਾ ਹੈ ਕਿ ਅਫਰੀਦੀ ਨੂੰ ਫਰਾਰ ਹੋਣ ਵਿਚ ਮਦਦ



ਕਰਨ ਵਾਲੇ ਉਸ ਦੇ ਇਕ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਪੁਲਿਸ ਰਿਮਾਂਡ ਲੈ ਲਿਆ ਗਿਆ ਹੈ। ਇਸ ਬਾਰੇ ਕੁਝ ਦਿਨ ਖ਼ਬਰਾਂ ਛਪਣਗੀਆਂ ਅਤੇ ਫਿਰ ਹੌਲੀ ਹੌਲੀ ਕਰ ਕੇ ਪਹਿਲਾਂ ਵਾਂਗ ਸ਼ਾਂਤ ਹੋ ਜਾਵੇਗਾ। ਇਸ ਤਰ੍ਹਾਂ ਦੇ ਪਹਿਲੇ ਕੇਸਾਂ ਵਿਚ ਵੀ ਅਜਿਹਾ ਵਾਪਰਿਆ ਹੈ।

ਦੋ ਸਾਲ, ਦੋ ਕਤਲ ਅਤੇ ਦੋ ਔਰਤਾਂ ਜਿਨ੍ਹਾਂ ਦੀ ਆਵਾਜ਼ ਖ਼ਾਮੋਸ਼ ਕਰ ਦਿੱਤੀ ਗਈ। ਇਨ੍ਹਾਂ ਔਰਤਾਂ ਨੇ ਜੋ ਕੁਝ ਆਪਣੀ ਜ਼ਿੰਦਗੀ ਵਿਚ ਅਜੇ ਕਰਨਾ ਸੀ, ਉਸ ਨੂੰ ਯਕਲਖਤ ਵੱਢ ਮਾਰ ਦਿੱਤਾ ਗਿਆ। ਉਨ੍ਹਾਂ ਦਾ ਭਵਿੱਖ ਇਸ ਸਮਾਜ ਵਿਚ ਜੰਮੇ-ਪਲੇ ਉਨ੍ਹਾਂ ਮਰਦਾਂ ਵੱਲੋਂ ਮੇਟ ਦਿੱਤਾ ਗਿਆ ਜਿਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਔਰਤ ਉਨ੍ਹਾਂ ਨੂੰ ਕਦੀ ਨਾਂਹ ਨਹੀਂ ਕਰ ਸਕਦੀ। ਹੁਣ ਜਦੋਂ ਮੁਲਕ ਵਿਚ ਰੇਡੀਓ-ਟੈਲੀਵਜ਼ਨ ਅਤੇ ਅਖ਼ਬਾਰਾਂ ਵਿਚ ਇਸ ਬੇਕਸੂਰ ਮੁਟਿਆਰ ਦੀ ਮੌਤ 'ਤੇ ਹਾਹਾਕਾਰ ਮੱਚੀ ਪਈ ਹੈ ਤਾਂ ਬਹੁਤ ਘੱਟ ਲੋਕ ਅਜਿਹੇ ਹਨ ਜਿਹੜੇ ਅਜਿਹੇ ਕਾਰਿਆਂ ਲਈ ਸਮਾਜ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਣ। ਮਰਦ ਪ੍ਰਧਾਨ ਸਮਾਜ ਜਿਸ ਰਾਹੀਂ ਇਸ ਮੁਲਕ ਦੇ ਮਰਦ ਇਹ ਜਚਾਉਂਦੇ ਹਨ ਕਿ ਕੋਈ ਵੀ, ਖਾਸਕਰ ਕੋਈ ਵੀ ਔਰਤ ਉਨ੍ਹਾਂ ਨੂੰ ਕਦੀ ਵੀ ਨਾਂਹ ਨਹੀਂ ਕਰ ਸਕੇਗੀ। ਮੁਲਕ ਵਿਚ ਔਰਤਾਂ ਅਤੇ ਬੱਚਿਆਂ ਉਤੇ ਜ਼ੁਲਮ ਲਗਾਤਾਰ ਜਾਰੀ ਹਨ।

ਅਸਮਾ ਰਾਣੀ ਦੇ ਕਤਲ ਦੇ ਹੌਲਨਾਕ ਵਰਤਾਰੇ ਅਤੇ ਉਸ ਦੇ ਆਖ਼ਰੀ ਪਲਾਂ ਵਾਲੀ ਭਿਆਨਕ ਵੀਡੀਓ ਦੇ ਬਾਵਜੂਦ, ਬਿਨਾਂ ਸ਼ੱਕ ਕਈ ਜਣੇ ਪੀੜਤਾ ਨੂੰ ਹੀ ਇਸ ਸਭ ਕਾਸੇ ਲਈ ਜ਼ਿੰਮੇਵਾਰ ਠਹਿਰਾਉਣਗੇ: ਜਿਹੜੀ ਪੜ੍ਹਾਈ ਕਰਨ ਲਈ ਉਹ ਕਿਸੇ ਦੂਜੇ ਸ਼ਹਿਰ ਕਿਉਂ ਗਈ ਸੀ ਅਤੇ ਉਸ ਨੇ ਕਿਸੇ ਮਰਦ ਨੂੰ ਨਾਂਹ ਕੀਤੀ ਸੀ। ਪਾਕਿਸਤਾਨ ਵਿਚ ਅਜਿਹੀ ਕੁੜੀ ਦੋਸ਼ੀ ਹੀ ਮੰਨੀ ਜਾਂਦੀ ਹੈ। ਅਸਮਾ ਰਾਣੀ ਅਤੇ ਹਿਨਾ ਸ਼ਾਹਨਵਾਜ਼ ਨੂੰ ਕਤਲ ਕਰ ਦਿੱਤਾ ਗਿਆ, ਪਰ ਜਿਹੜੀਆਂ ਬਚ ਗਈਆਂ, ਉਨ੍ਹਾਂ ਦਾ ਜੀਣਾ ਵੀ ਔਖਾ ਹੋਇਆ ਪਿਆ ਹੈ। ਇਹ ਕੁੜੀਆਂ ਇਸ ਸਮਾਜ ਵਿਚ ਜਿਊਂਦੀਆਂ ਹੋਈਆਂ ਵੀ ਮਰੀਆਂ ਸਮਾਨ ਹਨ। ਇਹ ਉਹ ਸਮਾਜ ਹੈ ਜਿਹੜਾ ਇਨ੍ਹਾਂ ਨੂੰ ਆਪਣੇ ਹੱਕ ਇਸਤੇਮਾਲ ਕਰਨ ਦੀ ਹੀ ਇਜਾਜ਼ਤ ਨਹੀਂ ਦਿੰਦਾ। ਨਾ ਹੀ ਇਨ੍ਹਾਂ ਨੂੰ ਨਾਂਹ ਕਰਨ ਦਾ ਅਖ਼ਤਿਆਰ ਦਿੰਦਾ ਹੈ।

ਇਸ ਲਈ, ਜਿਸ ਤਰ੍ਹਾਂ ਜ਼ੈਨਬ ਤੇ ਹਿਨਾ ਅਤੇ ਬਹੁਤ ਸਾਰੀਆਂ ਹੋਰ ਕੁੜੀਆਂ ਨੂੰ ਇਨਸਾਫ਼ ਨਹੀਂ ਮਿਲਿਆ, ਹੋਰ ਵੀ ਬਹੁਤ ਸਾਰੀਆਂ ਇਸੇ ਤਰ੍ਹਾਂ ਤੁਰ ਜਾਣਗੀਆਂ, ਇਨਸਾਫ਼ ਦੀ ਕਿਤੇ ਕੋਈ ਆਸ ਨਹੀਂ। ਪੁਲਿਸ ਆਪਣੀ ਕਹਾਣੀ ਪਾਏਗੀ, ਸਿਆਸਤਦਾਨ ਆਪਣੇ ਹਿਸਾਬ ਨਾਲ ਚੱਲਣਗੇ ਅਤੇ ਕੁਝ ਵੀ ਬਦਲੇਗਾ ਨਹੀਂ। ਖ਼ੈਬਰ ਪਖਤੂਨਖਵਾ ਅਸੈਂਬਲੀ ਵਿਚ "ਕਤਲ ਦੀ ਨਿੰਦਾ" ਵਾਲਾ ਮਤਾ ਪਹਿਲਾਂ ਹੀ ਪਾਸ ਕੀਤਾ ਜਾ ਚੁੱਕਾ ਹੈ; ਅਜਿਹੇ ਕੁਝ ਹੋਰ ਮਤੇ ਵੀ ਪਾਸ ਹੋ ਸਕਦੇ ਹਨ। ਝੂਠੇ ਦਿਲਾਸੇ ਦਿੱਤੇ ਜਾਣਗੇ ਅਤੇ ਕੁਝ ਮਰਦ ਇਹ ਜਚਾਉਣ ਦੀ ਕੋਸ਼ਿਸ਼ ਕਰਨਗੇ ਕਿ ਉਨ੍ਹਾਂ ਨੂੰ ਪਾਕਿਸਤਾਨ ਵਿਚ ਔਰਤਾਂ ਖ਼ਿਲਾਫ਼ ਇਹ ਜੋ ਕੁਝ ਹੋ ਰਿਹਾ ਹੈ, ਬਹੁਤ ਮਾੜਾ ਲੱਗ ਰਿਹਾ ਹੈ। ਕੁਝ ਵੀ ਅਜਿਹਾ ਨਹੀਂ ਹੋਵੇਗਾ ਜਿਸ ਨਾਲ ਇਨਸਾਫ਼ ਮਿਲਣ ਦੀ ਕੋਈ ਸੰਭਾਵਨਾ ਬਣੇ ਅਤੇ ਕੋਈ ਅਜਿਹੀ ਮਿਸਾਲ ਕਾਇਮ ਹੋਵੇ ਜੋ ਔਰਤਾਂ ਖ਼ਿਲਾਫ਼ ਹੋ ਰਹੇ ਇਨ੍ਹਾਂ ਜ਼ੁਲਮਾਂ ਵਿਚਕਾਰ ਕੰਧ ਬਣ ਸਕੇ।

ਸਾਲ 2018 ਵਾਲੇ ਪਾਕਿਸਤਾਨ ਵਿਚ, ਤਬਦੀਲੀ ਦੀ ਕੋਈ ਉਮੀਦ ਘੱਟ ਹੀ ਦਿਸਦੀ ਹੈ। ਜਾਪਦਾ ਹੀ ਨਹੀਂ ਕਿ ਅਜਿਹੇ ਕਾਤਲਾਂ ਨੂੰ ਕੋਈ ਸਜ਼ਾ ਮਿਲ ਵੀ ਸਕੇਗੀ ਅਤੇ ਸਮਾਜ ਅੰਦਰ ਇਨ੍ਹਾਂ ਲੋਕਾਂ ਨੂੰ ਸ਼ਰਮਿੰਦਗੀ ਦਾ ਅਹਿਸਾਸ ਕਰਵਾਇਆ ਜਾਵੇਗਾ। ਇਸ ਦੀ ਥਾਂ, ਜਿਹੜੀਆਂ ਔਰਤਾਂ ਇਸ ਸਮਾਜ ਨੂੰ ਇੰਨਾ ਕੁਝ ਦਿੰਦੀਆਂ ਹਨ, ਉਨ੍ਹਾਂ ਨੂੰ ਆਪਣੀ ਗੱਲ ਤੱਕ ਕਹਿਣ ਦਾ ਹੱਕ ਨਹੀਂ ਹੈ, ਨਾ ਹੀ ਉਹ ਆਪਣੀ ਕੋਈ ਇੱਛਾ ਹੀ ਜ਼ਾਹਿਰ ਕਰ ਸਕਦੀਆਂ ਹਨ।

ਹੁਣ ਜਦੋਂ ਸਮੁੱਚਾ ਸੰਸਾਰ ਔਰਤਾਂ ਦੇ ਸ਼ੋਸ਼ਣ ਅਤੇ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕਰਨ ਵਾਲੇ ਮਰਦਾਂ ਦੇ ਖ਼ਿਲਾਫ਼ ਅੰਦੋਲਨਾਂ ਅਤੇ ਜਦੋ-ਜਹਿਦਾਂ ਦੇ ਰੂ-ਬ-ਰੂ ਹੈ, ਤਾਂ ਪਾਕਿਸਤਾਨ ਉਨ੍ਹਾਂ ਨੂੰ ਮਾਣ-ਮਰਯਾਦਾ ਅਤੇ ਸਨਮਾਨ ਦੇਣ ਤੋਂ ਵੀ ਨਾਂਹ ਕਰ ਰਿਹਾ ਹੈ। ਅਸਮਾ ਰਾਣੀ ਇਸ ਸਨਮਾਨ ਖ਼ਾਤਿਰ ਮਰ ਗਈ। ਕਿਸੇ ਹੋਰ ਮੁਲਕ ਵਿਚ ਇਹ ਕੋਈ ਵੱਡਾ ਦੁਖਾਂਤ ਹੋਣਾ ਸੀ; ਪਾਕਿਸਤਾਨ ਵਿਚ ਇਹ ਆਮ ਜਿਹੀ ਕੋਈ ਗੱਲ ਬਣ ਕੇ ਰਹਿ ਗਈ ਹੈ। ਉਹੀ ਕੁਝ ਹੋ ਰਿਹਾ ਹੈ, ਜਿਸ ਤਰ੍ਹਾਂ ਮਰਦ ਚਾਹੁੰਦੇ ਹਨ।

# ਕਾਰਪੋਰੇਟਾਂ ਨੂੰ ਮੌਜਾਂ, ਕਿਸਾਨਾਂ ਨੂੰ ਰਗੜੇ

## ਇਕ ਦਹਾਕੇ ਵਿਚ ਕਾਰਪੋਰੇਟਾਂ ਨੂੰ 50 ਲੱਖ ਕਰੋੜ ਦੀਆਂ ਟੈਕਸ ਛੋਟਾਂ

***ਕਿਸਾਨਾਂ ਤੇ ਖੇਤ ਮਜ਼ਦੂਰਾਂ ਸਿਰ ਖੜ੍ਹੇ ਕਰਜ਼ੇ ਮੁਆਫ਼ ਕਰਨ ਨੂੰ ਲੈ ਕੇ ਭਾਰਤ ਵਿਚ ਚਰਚਾ ਭਖੀ ਹੋਈ ਹੈ। ਚੋਣਵਾਦੀ ਸਿਆਸਤ ਕਰਨ ਵਾਲੀਆਂ ਹਾਕਮ ਜਮਾਤੀ ਪਾਰਟੀਆਂ ਵੋਟਾਂ ਲੈਣ ਲਈ ਕਰਜ਼ੇ ਮੁਆਫ਼ ਕਰਨ ਦੇ ਵੱਡੇ ਵੱਡੇ ਵਾਅਦੇ ਕਰਦੀਆਂ ਹਨ, ਕਿਉਂਕਿ ਘੋਰ ਸੰਕਟਗ੍ਰਸਤ ਕਿਸਾਨਾਂ ਲਈ ਇਹ ਬਹੁਤ ਵੱਡਾ ਮਸਲਾ ਹੈ, ਪਰ ਸੱਤਾ ਉਪਰ ਕਾਬਜ਼ ਹੋਣ ਤੋਂ ਬਾਅਦ ਖ਼ਜ਼ਾਨਾ ਖਾਲੀ ਹੋਣ ਦੇ ਬਹਾਨੇ ਇਹ ਵਾਅਦਾ ਨਿਭਾਉਣ ਤੋਂ ਮੁੱਕਰਨਾ ਆਮ ਹੈ। ਪੰਜਾਬ ਵਿਚ ਕੈਪਟਨ ਸਰਕਾਰ ਦੀ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਅਮੁਕ ਕਵਾਇਦ ਇਸ ਦੀ ਆਹਲਾ ਮਿਸਾਲ ਹੈ। ਸਰਕਾਰੀ ਬੈਂਕਾਂ ਵਲੋਂ ਮੁਆਫ਼ ਕੀਤੇ ਜਾਣ ਵਾਲੇ ਕਰਜ਼ਿਆਂ ਦੀਆਂ ਸ਼੍ਰੇਣੀਆਂ ਇਸ ਤਰੀਕੇ ਨਾਲ ਬਣਾਈਆਂ ਗਈਆਂ ਹਨ ਕਿ ਵੱਡੇ ਕਾਰੋਬਾਰੀ ਮਨਮਰਜ਼ੀ ਨਾਲ ਫ਼ੈਸਲਾ ਕਰ ਸਕਦੇ ਹਨ ਕਿ ਉਨ੍ਹਾਂ ਨੇ ਬੈਂਕਾਂ ਦੇ ਕਰਜ਼ੇ ਦਾ ਕਿੰਨਾ ਕੁ ਹਿੱਸਾ ਮੋੜਨਾ ਹੈ। ਇਸ ਦਾ ਖ਼ੁਲਾਸਾ ਮਸ਼ਹੂਰ ਖੇਤੀ ਨੀਤੀ ਵਿਗਿਆਨੀ ਦਵਿੰਦਰ ਸ਼ਰਮਾ ਨੇ ਇਸ ਲੇਖ ਵਿਚ ਕੀਤਾ ਹੈ। ਇਸ ਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

**ਦਵਿੰਦਰ ਸ਼ਰਮਾ**
ਅਨੁਵਾਦ: ਬੂਟਾ ਸਿੰਘ

ਪ੍ਰਧਾਨ ਮੰਤਰੀ ਨਰੇਨਦਰ ਮੋਦੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਚੇਅਰਮੈਨ ਬਿਬੇਕ ਡੈਬਰੋਏ ਨੇ ਇਹ ਸਵੀਕਾਰ ਕਰ ਕੇ ਵਿਵਾਦ ਸਹੇੜ ਲਿਆ ਹੈ ਕਿ ਜੀ.ਡੀ.ਪੀ. (ਕੁਲ ਘਰੇਲੂ ਪੈਦਾਵਾਰ) ਦੇ 5 ਫ਼ੀਸਦੀ ਦੇ ਬਰਾਬਰ ਸਰਕਾਰੀ ਮਾਲੀਆ (ਆਮਦਨੀ) ਕਾਰਪੋਰੇਟ ਸਰਮਾਏਦਾਰਾਂ ਨੂੰ ਦਿੱਤੀਆਂ ਜਾਂਦੀਆਂ ਟੈਕਸ ਛੋਟਾਂ ਦੀ ਭੇਂਟ ਚੜ੍ਹ ਜਾਂਦਾ ਹੈ; ਕਿ ਜਦੋਂ ਤਕ ਇਨ੍ਹਾਂ ਛੋਟਾਂ ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਟੈਕਸ-ਜੀ.ਡੀ.ਪੀ. ਅਨੁਪਾਤ ਵਿਚ ਇਜ਼ਾਫ਼ਾ ਨਹੀਂ ਹੋ ਸਕਦਾ।

ਇਥੇ ਕਿਸ ਤਰ੍ਹਾਂ ਦੀਆਂ ਟੈਕਸ ਛੋਟਾਂ ਦੀ ਗੱਲ ਹੋ ਰਹੀ ਹੈ? ਪਾਰਲੀਮੈਂਟ ਵਿਚ ਸਰਕਾਰ ਵਲੋਂ ਦਿੱਤੇ ਜਵਾਬ ਅਨੁਸਾਰ ਕੇਵਲ 2015-16 ਦੇ ਵਿਤੀ ਸਾਲ ਦੌਰਾਨ ਹੀ ਕਾਰਪੋਰੇਟਾਂ ਨੂੰ 6.11 ਲੱਖ ਕਰੋੜ ਰੁਪਏ ਦੀਆਂ ਟੈਕਸ ਛੋਟਾਂ ਦਿੱਤੀਆਂ ਗਈਆਂ। 2004-05 ਅਤੇ 2015-16 ਦਰਮਿਆਨ ਦੇ 12 ਸਾਲਾਂ ਵਿਚ ਸਨਅਤਾਂ ਨੂੰ ਜੋ ਕੁਲ ਟੈਕਸ ਛੋਟਾਂ ਦਿੱਤੀਆਂ ਗਈਆਂ, ਉਹ ਤਕਰੀਬਨ 50 ਲੱਖ ਕਰੋੜ ਰੁਪਏ ਬਣਦੀਆਂ ਹਨ। ਬਜਟ ਦੇ ਦਸਤਾਵੇਜ਼ਾਂ ਵਿਚ ਪਹਿਲਾਂ ਇਨ੍ਹਾਂ ਨੂੰ 'ਰੈਵੀਨਿਊ ਫਾਰਗੌਨ' (ਟੈਕਸ ਛੋਟਾਂ ਰਾਹੀਂ ਸਰਕਾਰੀ ਮਾਲੀਏ ਉਪਰ ਪੈਣ ਵਾਲਾ ਅਸਰ) ਦੀ ਸ਼੍ਰੇਣੀ ਹੇਠ ਗੋਲ-ਮੋਲ ਤਰੀਕੇ ਨਾਲ ਛੁਪਾ ਦਿੱਤਾ ਜਾਂਦਾ ਸੀ।

ਜੀ ਹਾਂ, ਤੁਸੀਂ ਠੀਕ ਸੁਣਿਆ ਹੈ। 50 ਲੱਖ ਕਰੋੜ ਰੁਪਏ। ਮੈਂ ਇਸ ਸ਼੍ਰੇਣੀ (ਰੈਵੀਨਿਊ ਫਾਰਗੌਨ) ਦੇ 2016-17 ਦੇ ਅੰਕੜੇ ਇਸ ਵਿਚ ਨਹੀਂ ਜੋੜ ਰਿਹਾ, ਸਿਰਫ਼ ਇਸ ਕਰ ਕੇ ਕਿ ਇਹ ਉਪ ਸ਼੍ਰੇਣੀ ਹੁਣ ਬਜਟ ਦੇ ਦਸਤਾਵੇਜ਼ਾਂ ਵਿਚੋਂ ਖ਼ਤਮ ਕਰ ਦਿੱਤੀ ਗਈ ਹੈ। ਇਹ ਉਨ੍ਹਾਂ ਚੰਦ ਜਾਣੇ-ਪਛਾਣੇ ਅਰਥ ਸ਼ਾਸਤਰੀਆਂ ਵਲੋਂ ਵਿਆਪਕ ਪੈਮਾਨੇ 'ਤੇ ਕੀਤੇ ਜਾ ਰਹੇ ਜੋੜ-ਤੋੜ ਤੋਂ ਬਾਅਦ ਹੋਇਆ ਜੋ ਚਾਹੁੰਦੇ ਸਨ ਕਿ ਇਸ ਸ਼੍ਰੇਣੀ ਨੂੰ ਖ਼ਤਮ ਕਰ ਦਿੱਤਾ ਜਾਵੇ, ਕਿਉਂਕਿ ਇਸ ਨਾਲ ਸਨਅਤੀ ਕਾਰੋਬਾਰੀਆਂ ਦੀ ਬਦਨਾਮੀ ਹੁੰਦੀ ਸੀ। ਵਿੱਤ ਮੰਤਰਾਲਾ ਨੇ ਉਨ੍ਹਾਂ ਦੀ ਗੱਲ ਮੰਨ ਲਈ, ਲੇਕਿਨ ਇਸ ਦਾ ਭਾਵ ਇਹ ਨਹੀਂ ਕਿ ਜੋ ਟੈਕਸ ਛੋਟਾਂ ਦਿੱਤੀਆਂ ਜਾਂਦੀਆਂ ਸਨ, ਉਹ ਖ਼ਤਮ ਕਰ ਦਿੱਤੀਆਂ ਗਈਆਂ ਹਨ। ਇਹ ਉਸ ਤੋਂ ਸਪਸ਼ਟ ਹੋ ਜਾਂਦਾ ਹੈ ਜੋ ਡੈਬਰੋਏ ਨੇ ਇਸ ਤੋਂ ਅੱਗੇ ਕਿਹਾ: "ਜੇ ਇਹ ਟੈਕਸ ਛੋਟਾਂ ਖ਼ਤਮ ਕਰ ਦਿੱਤੀਆਂ ਜਾਣ, ਤਾਂ ਟੈਕਸ-ਜੀ.ਡੀ.ਪੀ. ਦਾ ਅਨੁਪਾਤ 22 ਫ਼ੀਸਦੀ ਹੋ ਜਾਵੇਗਾ।"

ਬਹੁਤ ਸਾਲਾਂ ਤੋਂ ਮੈਂ ਇਹੀ ਜ਼ੋਰ ਦੇ ਰਿਹਾ ਹਾਂ ਕਿ ਟੈਕਸ ਛੋਟਾਂ ਦੇ ਜੋ ਗੱਫੇ ਸਾਲ-ਦਰ-ਸਾਲ ਸਨਅਤੀ ਕਾਰੋਬਾਰੀ ਖੇਤਰ ਨੂੰ ਦਿੱਤੇ ਜਾ ਰਹੇ ਹਨ, ਉਨ੍ਹਾਂ ਨੂੰ ਖ਼ਤਮ ਕਰਨਾ ਬਹੁਤ ਜ਼ਰੂਰੀ ਹੈ। ਕੁਝ ਅਰਥ ਸ਼ਾਸਤਰੀ ਦਲੀਲ ਦਿੰਦੇ ਰਹੇ ਹਨ ਕਿ ਸਨਅਤੀ ਵਾਧੇ ਨੂੰ ਮੁੜ-ਸੁਰਜੀਤ ਕਰਨ, ਸਨਅਤੀ ਪੈਦਾਵਾਰ ਨੂੰ ਵਧਾਉਣ, ਬਰਾਮਦ ਨੂੰ ਉਤਸ਼ਾਹਤ ਕਰਨ ਅਤੇ ਨੌਕਰੀਆਂ ਪੈਦਾ ਕਰਨ ਲਈ ਆਰਥਿਕ ਖੇਤਰ ਦੇ ਤਾਕਤ ਦਾ ਇਹ ਟੀਕਾ ਲਾਉਣਾ ਜ਼ਰੂਰੀ ਹੈ, ਪਰ ਸਨਅਤ ਉਸੇ ਤਰ੍ਹਾਂ ਮੱਠੀ ਚਾਲ ਚੱਲ ਰਹੀ ਹੈ, ਸਨਅਤੀ ਪੈਦਾਵਾਰ ਡਿਗੀ ਹੋਈ ਹੈ ਅਤੇ ਬਰਾਮਦ ਨੂੰ ਹੋਰ ਵਧੇਰੇ ਸਬਸਿਡੀਆਂ ਦੇਣੀਆਂ ਪੈ ਰਹੀਆਂ ਹਨ। 2004-05 ਤੋਂ ਲੈ ਕੇ 2013-14 ਦੇ ਦਸ ਸਾਲਾਂ ਵਿਚ ਸਿਰਫ਼ ਡੇਢ ਕਰੋੜ ਨੌਕਰੀਆਂ ਹੀ ਪੈਦਾ ਕੀਤੀਆਂ ਜਾ ਸਕੀਆਂ। 2014-2017 ਦੇ ਤਿੰਨ ਸਾਲਾਂ ਵਿਚ ਸਿਰਫ਼ ਸਾਢੇ ਛੇ ਲੱਖ ਨੌਕਰੀਆਂ ਹੀ ਪੈਦਾ ਹੋਈਆਂ। ਹਿੰਦੁਸਤਾਨ ਨੂੰ ਰੁਜ਼ਗਾਰ ਰਹਿਤ ਆਰਥਕ ਵਿਕਾਸ ਦਾ ਸਾਹਮਣਾ ਲਗਾਤਾਰ ਕਰਨਾ ਪੈ ਰਿਹਾ ਹੈ।

ਜੇ ਇਹ ਟੈਕਸ ਛੋਟਾਂ ਖ਼ਤਮ ਕਰ ਦਿੱਤੀਆਂ ਜਾਂਦੀਆਂ ਅਤੇ ਇਸ ਦੀ ਬਜਾਏ ਸਰਕਾਰੀ ਖ਼ਜ਼ਾਨੇ ਦੇ ਇਸ ਵਧੀਕ ਮਾਲੀਏ ਨੂੰ ਭੁੱਖਮਰੀ, ਕੁਪੋਸ਼ਣ ਅਤੇ ਗ਼ਰੀਬੀ ਨੂੰ ਖ਼ਤਮ ਕਰਨ ਦੇ ਮਨੋਰਥ ਨਾਲ ਬਣਾਏ ਸਮਾਜੀ ਭਲਾਈ ਦੇ ਪ੍ਰੋਗਰਾਮਾਂ ਉਪਰ ਪ੍ਰਭਾਵਸ਼ਾਲੀ ਤਰੀਕੇ ਨਾਲ ਇਸਤੇਮਾਲ ਕੀਤਾ ਗਿਆ ਹੁੰਦਾ ਤਾਂ ਹਿੰਦੁਸਤਾਨ ਵਿਚ ਗ਼ਰੀਬੀ ਨੂੰ ਇਤਿਹਾਸ ਦਾ ਹਿੱਸਾ ਬਣਾਇਆ ਜਾ ਸਕਦਾ ਸੀ। ਜੇ ਰਸੋਈ ਗੈਸ ਦੇ ਸਿਲੰਡਰਾਂ ਉਪਰ ਦਿੱਤੀ ਜਾ ਰਹੀ ਕੁਲ ਸਾਲਾਨਾ ਸਬਸਿਡੀ ਦਾ ਹਿਸਾਬ-ਕਿਤਾਬ ਲਾ ਕੇ ਇਹ ਕਿਹਾ ਜਾ ਰਿਹਾ ਹੈ ਕਿ ਇਹ ਵਿਆਪਕ ਵਿਤੀ ਬੱਚਤ ਕਰ ਲਈ ਜਾਵੇ ਤਾਂ ਇਹ ਇਕ ਸਾਲ ਲਈ ਮੁਲਕ ਵਿਚੋਂ ਗ਼ਰੀਬੀ ਨੂੰ ਖ਼ਤਮ ਕਰਨ ਲਈ ਕਾਫ਼ੀ ਹੈ, ਤਾਂ ਇਸੇ ਗਜ਼ ਨੂੰ ਇਸਤੇਮਾਲ ਕਰ ਕੇ ਮੇਰਾ ਵਿਸ਼ਲੇਸ਼ਣ ਇਹ ਕਹਿੰਦਾ ਹੈ ਕਿ 50 ਲੱਖ ਕਰੋੜ ਦੀਆਂ ਟੈਕਸ ਛੋਟਾਂ 100 ਸਾਲਾਂ ਤਕ ਗ਼ਰੀਬੀ ਦਾ ਖ਼ਾਤਮਾ ਕਰਨ ਲਈ ਕਾਫ਼ੀ ਸਨ।



ਜੇ ਭੰਗ ਦੇ ਭਾੜੇ ਗਈ ਇਸ ਆਮਦਨੀ ਦਾ ਨਿੱਕਾ ਜਿਹਾ ਹਿੱਸਾ ਵੀ ਖੇਤੀਬਾੜੀ ਖੇਤਰ ਵਿਚ ਪੂੰਜੀ ਨਿਵੇਸ਼ ਕਰ ਦਿੱਤਾ ਜਾਂਦਾ ਤਾਂ ਇਸ ਖੇਤਰ ਉਪਰ ਛਾਈ ਘੋਰ ਮਾਯੂਸੀ ਨੂੰ ਮੁਖ਼ਾਤਬ ਹੋਇਆ ਜਾ ਸਕਦਾ ਸੀ। ਖੇਤੀਬਾੜੀ ਲਗਾਤਾਰ ਵਿੱਤੀ ਵਸੀਲਿਆਂ ਦੀ ਤੋਟ ਦਾ ਸਾਹਮਣਾ ਕਰ ਰਹੀ ਹੈ, ਅਤੇ ਹਰ ਸਾਲ ਸਰਕਾਰੀ ਖੇਤਰ ਵਲੋਂ ਕੀਤੇ ਜਾ ਰਹੇ ਪੂੰਜੀ ਨਿਵੇਸ਼ ਵਿਚ ਗਿਰਾਵਟ ਆ ਰਹੀ ਹੈ। ਪਿਛਲੇ 21 ਸਾਲਾਂ ਅੰਦਰ ਮੁਲਕ ਵਿਚ 3.30 ਲੱਖ ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ, ਇਕੱਲੇ ਪੰਜਾਬ ਵਿਚ ਹੀ ਸੰਨ 2000 ਤੋਂ ਲੈ ਕੇ 16000 ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਰਜ ਕੀਤੀਆਂ ਗਈਆਂ ਹਨ, ਜਦੋਂਕਿ ਪੰਜਾਬ ਦੇ 98ਫ਼ੀ ਸਦੀ ਪੇਂਡੂ ਪਰਿਵਾਰ ਕਰਜ਼ੇ ਹੇਠ ਹਨ। ਇਹ ਵੀ ਗ਼ੌਰਤਲਬ ਹੈ ਕਿ 94% ਕਰਜ਼ਾਈ ਪਰਿਵਾਰਾਂ ਦਾ ਖ਼ਰਚ ਉਨ੍ਹਾਂ ਦੀ ਆਮਦਨੀ ਤੋਂ ਵਧੇਰੇ ਹੈ।

ਨਤੀਜੇ ਵਜੋਂ, ਆਮਦਨੀ ਘਟਦੇ ਜਾਣ ਨਾਲ ਖੇਤੀ ਕਰਜ਼ਾ ਵਧ ਰਿਹਾ ਹੈ। ਕਿਸਾਨਾਂ ਦੀਆਂ ਜਾਨਾਂ ਲੈ ਰਹੇ ਕਰਜ਼ਾਈਪਣ ਵਿਚ ਵਾਧਾ ਹੁੰਦੇ ਜਾਣ ਦੇ ਬਾਵਜੂਦ, ਖੜ੍ਹੇ ਕਰਜ਼ਿਆਂ ਉਪਰ ਲੀਕ ਮਾਰਨ ਦੀ ਮੰਗ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਜ਼ਰਾ ਚੇਤੇ ਕਰੋ, ਥੋੜ੍ਹੇ ਮਹੀਨੇ ਪਹਿਲਾਂ ਹੀ ਅਮਰੀਕਨ ਬੈਂਕ ਮੈਰਿਲ ਲਿੰਚ ਨੇ ਹਿਸਾਬ-ਕਿਤਾਬ ਲਗਾ ਕੇ ਚਿਤਾਵਨੀ ਦਿੱਤੀ ਸੀ ਕਿ 2019 ਦੀਆਂ ਆਮ ਚੋਣਾਂ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਦਾ 2.57 ਲੱਖ ਕਰੋੜ ਰੁਪਏ ਦੇ ਕਰਜ਼ੇ ਉਪਰ ਲੀਕ ਮਾਰੇ ਜਾਣ ਦੀ ਉਮੀਦ ਹੈ, ਜੋ ਹਿੰਦੁਸਤਾਨ ਦੀ ਕੁਲ ਜੀ.ਡੀ.ਪੀ. ਦੇ 2 ਫ਼ੀਸਦੀ ਦੇ ਬਰਾਬਰ ਹੋਵੇਗਾ। ਮੈਰਿਲ ਲਿੰਚ ਦਾ ਇਹ ਅੰਕੜਾ ਕਾਲਪਨਿਕ ਅੰਦਾਜ਼ੇ ਉਪਰ ਅਧਾਰਤ ਸੀ, ਜੋ ਹਕੀਕਤ ਵਿਚ ਕਦੇ ਨਹੀਂ ਵਾਪਰਨਾ। ਹੁਣ ਤਕ ਯੂ.ਪੀ., ਮਹਾਰਾਸ਼ਟਰ, ਪੰਜਾਬ, ਕਰਨਾਟਕ ਅਤੇ ਤਾਮਿਲਨਾਡੂ ਵਿਚ ਖੇਤੀਬਾੜੀ ਦਾ ਕੇਵਲ 80000 ਕਰੋੜ ਰੁਪਏ ਦਾ ਕਰਜ਼ਾ ਮਾਫ਼ ਕਰਨ ਦਾ ਵਾਅਦਾ ਕੀਤਾ ਗਿਆ ਹੈ, ਹਕੀਕਤ 'ਚ ਇਸ ਦਾ ਨਿੱਕਾ ਜਿਹਾ ਹਿੱਸਾ ਹੀ ਅਮਲ 'ਚ ਲਿਆਂਦਾ ਗਿਆ ਹੈ।

ਇਸ ਸਾਲ (2017) ਵਿੱਤੀ ਸਾਲ ਦੇ ਪਹਿਲੇ ਛੇ ਮਹੀਨਿਆਂ ਵਿਚ ਹੀ ਸਨਅਤਾਂ ਵੱਲ 55356 ਕਰੋੜ ਰੁਪਏ ਦੇ ਡੁੱਬੇ ਕਰਜ਼ਿਆਂ ਉਪਰ ਲੀਕ ਮਾਰ ਦਿੱਤੀ ਗਈ। ਹਾਲਾਂਕਿ ਮੈਰਿਲ ਲਿੰਚ ਨੇ ਇਹ ਜੋੜ ਲਗਾ ਕੇ ਕਦੇ ਨਹੀਂ ਦੱਸਿਆ ਕਿ ਕਾਰਪੋਰੇਟਾਂ ਨੂੰ ਦਿੱਤੀਆਂ ਗਈਆਂ ਟੈਕਸ ਛੋਟਾਂ ਟੈਕਸ-ਜੀ.ਡੀ.ਪੀ. ਅਨੁਪਾਤ ਦੀ ਸ਼ਕਲ ਵਿਚ ਕਿੰਨੀ ਰਕਮ ਬਣ ਜਾਂਦੀਆਂ ਹਨ, ਨਾ ਹੀ ਮੀਡੀਆ ਦੇ ਪ੍ਰਾਈਮ ਟਾਈਮ ਸ਼ੋਅ ਜੋ ਕਰਜ਼ਿਆਂ 'ਤੇ ਲੀਕ ਮਾਰਨ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਹਨ, ਸਾਨੂੰ ਦੱਸਦੇ ਹਨ ਕਿ ਸਰਕਾਰੀ ਬੈਂਕਾਂ ਵਲੋਂ 2007 ਤੋਂ ਲੈ ਕੇ 2017 ਤਕ ਦੇ ਦਸ ਸਾਲਾਂ ਵਿਚ ਕਾਰਪੋਰੇਟਾਂ ਦੇ ਮੁਆਫ਼ ਕੀਤੇ ਗਏ ਡੁੱਬੇ ਕਰਜ਼ਿਆਂ ਦਾ ਕੁਲ ਜੋੜ 3.60 ਲੱਖ ਕਰੋੜ ਰੁਪਏ ਬਣਦਾ ਹੈ। ਇਹ ਜੀ.ਡੀ.ਪੀ. ਦਾ 2.8 ਫ਼ੀਸਦੀ ਹੈ।

ਇਸ ਤੋਂ ਇਲਾਵਾ, ਬੈਂਕਾਂ ਦੇ ਅੰਦਾਜ਼ਨ 10 ਲੱਖ ਕਰੋੜ ਰੁਪਏ ਦੇ ਐਸੇ ਅਸਾਸੇ ਹਨ ਜਿਨ੍ਹਾਂ ਨੂੰ ਸਟਰੈਸਡ ਕਰਜ਼ੇ (ਜੋ ਮੋੜੇ ਨਹੀਂ ਜਾ ਰਹੇ) ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ, ਇਨ੍ਹਾਂ ਵਿਚ ਉਹ ਵੀ ਸ਼ਾਮਲ ਹਨ ਜਿਨ੍ਹਾਂ ਉਪਰ ਬੈਂਕਾਂ ਵਲੋਂ ਲੀਕ ਮਾਰੀ ਜਾ ਰਹੀ ਹੈ। ਇਨ੍ਹਾਂ ਨੂੰ ਵਿਆਜ ਦਰਾਂ ਘਟਾ ਕੇ ਅਤੇ ਮੋੜਨ ਦਾ ਸਮਾਂ ਵਧਾ ਕੇ ਇਕ ਹੋਰ ਕਰਜ਼ੇ ਵਿਚ ਬਦਲਿਆ ਜਾ ਰਿਹਾ ਹੈ ਅਤੇ ਕਾਰਪੋਰੇਟਾਂ ਨੂੰ ਇਹ ਇਜਾਜ਼ਤ ਦਿੱਤੀ ਜਾ ਰਹੀ ਹੈ ਕਿ ਉਹ ਇਨ੍ਹਾਂ ਕਰਜ਼ਿਆਂ ਦਾ ਨਿਬੇੜਾ ਕਰਨ ਲਈ ਜਿੰਨਾ ਕੁ ਹਿੱਸਾ ਦੇਣਾ ਵਾਜਬ ਸਮਝਦੇ ਹਨ, ਉਹ ਮੋੜ ਦੇਣ। ਇਕ ਹਾਲੀਆ ਅਖ਼ਬਾਰੀ ਰਿਪੋਰਟ ਇਹ ਦੱਸਦੀ ਹੈ ਕਿ 2004 ਵਿਚ ਆਈ.ਡੀ.ਬੀ.ਆਈ. (ਇੰਡਸਟ੍ਰੀਅਲ ਡਿਵੈਲਪਮੈਂਟ ਬੈਂਕ ਆਫ ਇੰਡੀਆ) ਦੇ ਡੁੱਬੇ ਕਰਜ਼ਿਆਂ ਦੀ ਵਸੂਲੀ ਲਈ ਜੋ ਸਟਰੈਸਡ ਅਸੈੱਟ ਸਟੇਬਲਾਈਜੇਸ਼ਨ ਫੰਡ ਬਣਾਇਆ ਗਿਆ ਸੀ, ਕੁਝ ਮਾਮਲਿਆਂ ਵਿਚ ਉਸ ਨੇ ਮਾਮਲੇ ਨਿਬੇੜਨ ਲਈ ਕਰਜ਼ੇ ਦਾ 90 ਫ਼ੀਸਦੀ ਤੋਂ ਵੱਧ ਹਿੱਸਾ ਛੱਡ ਦਿੱਤਾ। 'ਹੇਅਰਕੱਟ' ਨਾਂ ਦੀ ਇਸ ਛੋਟ ਦੀ ਮੁਰਾਦ ਕਰਜ਼ੇ ਦੀ ਉਸ ਰਕਮ ਤੋਂ ਹੈ ਜਿਸ ਨੂੰ ਬੈਂਕ ਵਸੂਲ ਨਹੀਂ ਸਕਦਾ। ਮੈਨੂੰ ਸਮਝ ਨਹੀਂ ਆਉਂਦੀ, ਪੰਜਾਬ ਦੇ ਛੋਟੇ ਕਿਸਾਨਾਂ (5 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ) ਨੂੰ ਇਸੇ ਤਰ੍ਹਾਂ ਦੀ ਛੋਟ ਕਿਉਂ ਨਹੀਂ ਦਿੱਤੀ ਜਾ ਰਹੀ ਜਿਨ੍ਹਾਂ ਸਿਰ ਖੜ੍ਹੇ ਕਰਜ਼ੇ ਦੀ ਰਕਮ ਜੇ ਸਰਕਾਰ ਵਲੋਂ ਮਿੱਥੀ ਰਕਮ ਤੋਂ 100 ਰੁਪਏ ਵੀ ਵੱਧ ਹੈ। ਉਸ ਹਾਲਤ ਵਿਚ ਉਨ੍ਹਾਂ ਦੇ ਦੋ ਲੱਖ ਰੁਪਏ ਦੇ ਕਰਜ਼ੇ ਮੁਆਫ਼ ਕਰਨ ਤੋਂ ਵੀ ਸਾਫ਼ ਨਾਂਹ ਕਰ ਦਿੱਤੀ ਗਈ ਹੈ।

# ਵਿਵਸਥਾ ਹੀ ਬਣਾਉਂਦੀ ਹੈ ਗੈਂਗਸਟਰ

**ਪ੍ਰੋ. ਹੀਰਾ ਸਿੰਘ**
ਫੋਨ: 91-94175-34823

ਪਿਛਲੇ ਮਹੀਨੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਵਿੱਕੀ ਗੌਂਡਰ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਰੋਜ਼ ਆ ਰਹੀਆਂ ਹਨ। ਇਹ ਵਿੱਕੀ ਗੌਂਡਰ ਕੌਣ ਹੈ? ਇਹ ਕੋਈ ਬੇਗਾਨਾ ਨਹੀਂ, ਸਾਡੇ ਤੁਹਾਡੇ ਧੀਆਂ ਪੁੱਤਰਾਂ ਵਿਚੋਂ ਹੀ ਇਕ ਹੈ। ਜ਼ਿਲ੍ਹਾ ਮੁਕਤਸਰ ਦੇ ਪਿੰਡ ਸਰਾਵਾਂ ਬੋਦਲਾ ਦਾ ਵਸਨੀਕ ਹਰਜਿੰਦਰ ਸਿੰਘ ਭੁੱਲਰ ਉਰਫ਼ ਵਿੱਕੀ ਗੌਂਡਰ 28 ਸਾਲ ਦੀ ਭਰ ਜਵਾਨ ਉਮਰ ਵਿਚ ਮਾਰਿਆ ਗਿਆ। ਸਰਕਾਰ ਦੀਆਂ ਰਿਪੋਰਟਾਂ ਨੂੰ ਹੀ ਸਹੀ ਮੰਨੀਏ ਤਾਂ ਇਸ ਵੇਲੇ ਪੰਜਾਬ ਵਿਚ ਹਜ਼ਾਰਾਂ ਨੌਜਵਾਨ ਹਨ ਜੋ ਜੀਵਨ ਦੀ ਸਹੀ ਤੋਰ ਤੋਂ ਭਟਕ ਕੇ ਗੈਂਗਸਟਰਾਂ ਦਾ ਜੀਵਨ ਜੀਅ ਰਹੇ ਹਨ। ਸਿੱਧੇ ਸਾਦੇ ਨੌਜਵਾਨ ਪੜ੍ਹਨ ਦੀ ਉਮਰੇ ਅਜਿਹੇ ਪੁੱਠੇ ਕਾਰਿਆਂ ਵਿਚ ਕਿਉਂ ਫਸ ਜਾਂਦੇ ਹਨ, ਜੋ ਉਨ੍ਹਾਂ ਦੀ ਬਰਬਾਦੀ ਦਾ ਕਾਰਨ ਬਣਦੇ ਹਨ? ਮੈਨੂੰ ਚਾਰ ਕਾਰਨ ਅਜਿਹੇ ਲੱਗਦੇ ਹਨ ਜਿਹੜੇ ਨੌਜਵਾਨਾਂ ਨੂੰ ਗ਼ਲਤ ਰਸਤਿਆਂ 'ਤੇ ਪਾਉਂਦੇ ਹਨ।

ਸਭ ਤੋਂ ਪਹਿਲਾ ਅਤੇ ਵੱਡਾ ਕਾਰਨ ਸਾਡੇ ਰਾਜਨੀਤਕ ਲੀਡਰ ਹਨ। ਇਕ ਲੀਡਰ (ਵਿਸ਼ੇਸ਼ ਤੌਰ 'ਤੇ ਵਿਧਾਇਕ) ਅਤੇ ਉਸ ਦੇ ਇਲਾਕੇ ਵਿਚ ਰਹਿਣ ਵਾਲੇ ਉਸ ਦੇ ਨੇੜਲੇ ਆਦਮੀਆਂ ਦੁਆਲੇ ਅਜਿਹੇ ਨੌਜਵਾਨ ਜੁੜ ਜਾਂਦੇ ਹਨ ਜੋ ਨਾਜਾਇਜ਼ ਕਬਜ਼ੇ ਕਰਨ ਅਤੇ ਇਲਾਕੇ ਵਿਚ ਹੁੰਦੇ ਝਗੜਿਆਂ ਵਿਚ ਘੜੰਮ ਚੌਧਰੀ ਬਣਨ ਦੀ ਲਾਲਸਾ ਰੱਖਦੇ ਹਨ। ਇਹ ਛੋਟੇ ਛੋਟੇ ਲੀਡਰ ਵੱਡੇ ਲੀਡਰ ਦੀ ਹਮਾਇਤ ਅਤੇ ਪੁਲਿਸ ਦੀ ਮਦਦ ਨਾਲ ਆਪਣੀ ਚੱਕਵੀਂ ਕਿਸਮ ਦੀ ਲੀਡਰੀ ਕਰਨ ਲੱਗ ਪੈਂਦੇ ਹਨ। ਲੀਡਰ ਅਤੇ ਉਸ ਦੇ ਆਦਮੀਆਂ ਨੇ ਇਨ੍ਹਾਂ ਨੌਜਵਾਨਾਂ ਨੂੰ ਕਿਉਂਕਿ ਹਰ ਚੋਣ ਵਿਚ ਜਾਇਜ਼ ਨਾਜਾਇਜ਼ ਕੰਮਾਂ ਲਈ ਵਰਤਣਾ ਹੁੰਦਾ ਹੈ, ਇਸ ਲਈ ਉਹ ਇਨ੍ਹਾਂ ਨੌਜਵਾਨਾਂ ਦੀ ਹਮਾਇਤ ਕਰਦੇ ਹਨ। ਇਸ ਲੁਕਵੀਂ ਹਮਾਇਤ ਸਦਕਾ ਪੁਲਿਸ ਇਨ੍ਹਾਂ ਦੇ ਕੰਮਾਂ ਤੋਂ ਅੱਖਾਂ ਮੀਟ ਰੱਖਦੀ ਹੈ। ਅਕਸਰ ਇਹ ਨੌਜਵਾਨ ਨਸ਼ੇੜੀ ਕਿਸਮ ਦੇ ਹੁੰਦੇ ਹਨ। ਮੁਫ਼ਤ ਵਿਚ ਮਿਲਦੇ ਨਸ਼ਿਆਂ ਕਾਰਨ ਇਹ ਆਪਣੇ ਜੋਟੀਦਾਰਾਂ ਵਿਚ ਵਾਧਾ ਕਰਦੇ ਹਨ। ਜਦੋਂ ਮਹਿੰਗੇ ਨਸ਼ਿਆਂ ਦੀ ਪੂਰਤੀ ਵਿਚ ਕਮੀ ਆਉਂਦੀ ਹੈ ਤਾਂ ਇਹ ਨਸ਼ਿਆਂ ਦੇ ਕਾਰੋਬਾਰ ਵਿਚ ਪੈ ਜਾਂਦੇ ਹਨ। ਇਨ੍ਹਾਂ ਨੌਜਵਾਨਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਕਿ ਨਸ਼ਿਆਂ ਦੀ ਦਲਦਲ ਵਿਚ ਧਕੇਲ ਰਹੇ ਲੀਡਰ ਉਨ੍ਹਾਂ ਦਾ ਭਲਾ ਨਹੀਂ ਕਰ ਰਹੇ। ਜਦੋਂ ਤੁਸੀਂ ਲੀਡਰਾਂ ਦੇ ਕਹਿਣੇ ਵਿਚ ਨਾ ਰਹੋ ਜਾਂ ਉਨ੍ਹਾਂ ਦੇ ਕੰਮ ਦੇ ਨਾ ਰਹੋ, ਤੁਹਾਨੂੰ ਕਾਨੂੰਨ ਦੇ ਸ਼ਿਕੰਜੇ ਵਿਚੋਂ ਬਚਾਉਣ ਵਾਲਾ ਕੋਈ ਨਹੀਂ ਹੋਵੇਗਾ।

ਦੂਸਰਾ ਵੱਡਾ ਕਾਰਨ ਬੇਰੁਜ਼ਗਾਰੀ ਹੈ। ਹਰ ਥਾਂ ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰ ਹਨ। ਸਰਕਾਰਾਂ ਦੀਆਂ ਤਰਜੀਹਾਂ ਬਦਲ ਗਈਆਂ ਹਨ। ਪਹਿਲੀਆਂ ਸਰਕਾਰਾਂ ਆਪਣੇ ਦੇਸ਼ ਦੇ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਬਾਰੇ ਸੋਚਦੀਆਂ ਸਨ, ਪਰ ਅੱਜ ਦੀਆਂ ਸਰਕਾਰਾਂ ਬਹੁ-ਰਾਸ਼ਟਰੀ ਕੰਪਨੀਆਂ ਨੂੰ ਦੇਸ਼ ਦੇ ਕੁਦਰਤੀ ਸਰੋਤ ਵੇਚ ਰਹੀਆਂ ਹਨ। ਨੌਜਵਾਨਾਂ ਦੀ ਭਲਾਈ ਲਈ ਕੋਈ ਸਕੀਮ ਨਹੀਂ, ਜੇ ਸਕੀਮ ਹੈ ਤਾਂ ਮੁਫ਼ਤ ਫੋਨ, ਮੁਫ਼ਤ ਮੋਬਾਈਲ ਡਾਟਾ, ਮੁਫ਼ਤ ਯਾਤਰਾ ਆਦਿ। ਰੁਜ਼ਗਾਰ 'ਤੇ ਲੱਗਿਆ ਨੌਜਵਾਨ ਗੈਂਗਸਟਰ ਨਹੀਂ ਬਣਦਾ, ਪਰ ਬੇਰੁਜ਼ਗਾਰੀ ਦੀ ਹਾਲਤ ਵਿਚ ਗੈਂਗਸਟਰ ਬਣਨ ਦੇ ਬਹੁਤ ਮੌਕੇ ਹੁੰਦੇ ਹਨ।

ਤੀਸਰਾ ਮੁੱਖ ਕਾਰਨ ਪੁਲਿਸ ਅਤੇ ਜੇਲ੍ਹ ਵਿਭਾਗ ਸਮੇਤ ਸਾਡੀ ਨਿਆਂਇਕ ਵਿਵਸਥਾ ਹੈ। ਜਦੋਂ ਵੀ ਕਿਸੇ ਇਲਾਕੇ ਵਿਚ ਕੋਈ ਵੱਡਾ ਜੁਰਮ ਹੁੰਦਾ ਹੈ ਤਾਂ ਪੁਲਿਸ ਨਿਰਪੱਖ ਜਾਂਚ ਕਰਨ ਦੀ ਬਜਾਇ ਇਲਾਕੇ ਦੇ ਰਾਜਨੀਤਕ ਲੀਡਰਾਂ ਦੀ ਰਾਇ ਲੈਣ ਲੱਗਦੀ ਹੈ। ਜੇ ਲੀਡਰ ਇਸ਼ਾਰਾ ਕਰ ਦੇਣ ਤਾਂ ਪੁਲਿਸ ਗੁਨਾਹਗਾਰ ਨੂੰ ਬਚਾਉਣ 'ਤੇ ਲੱਗ ਜਾਂਦੀ ਹੈ। ਜੇ ਲੀਡਰ ਦਾ ਕੋਈ ਹੁਕਮ ਨਹੀਂ ਤਾਂ ਪੁਲਿਸ ਪੈਸਾ ਬਣਾਉਣ 'ਤੇ ਲੱਗ ਜਾਂਦੀ ਹੈ। ਸਾਡੀ ਨਿਆਂ ਵਿਵਸਥਾ ਅਜਿਹੀ ਹੈ ਕਿ ਜੇ ਪੈਸਾ ਹੋਵੇ ਤਾਂ ਅਦਾਲਤਾਂ ਦੋਸ਼ੀ ਨੂੰ ਫਾਂਸੀ ਤੋਂ ਵੀ ਉਤਾਰ ਲੈਂਦੀਆਂ ਹਨ, ਪਰ ਜੇ ਪੈਸਾ ਨਹੀਂ ਤਾਂ ਅੱਧੀ ਬੋਤਲ ਦੇਸੀ ਸ਼ਰਾਬ ਦੇ ਜੁਰਮ ਵਿਚ ਵੀ ਛੇ ਮਹੀਨੇ ਜੇਲ੍ਹ ਵਿਚ ਬੰਦ ਰਹਿ ਸਕਦੇ ਹੋ। ਜੇ ਕਿਸੇ ਮੁਲਜ਼ਮ ਨੂੰ ਜੇਲ੍ਹ ਜਾਣਾ ਵੀ ਪਵੇ ਤਾਂ ਜੇਲ੍ਹ ਪੱਕੇ ਮੁਜਰਿਮਾਂ ਲਈ ਆਰਾਮਦਾਇਕ ਰਿਹਾਇਸ਼ਗਾਹ ਹੁੰਦੀ ਹੈ। ਉਥੇ ਵੱਡੇ ਮੁਜਰਿਮਾਂ ਦਾ ਰਾਜ ਚੱਲਦਾ ਹੈ। ਪਿਛਲੇ ਦਿਨਾਂ ਵਿਚ ਕਈ ਗੈਂਗਸਟਰ ਜੇਲ੍ਹਾਂ ਵਿਚੋਂ ਹੀ ਸੋਸ਼ਲ ਮੀਡੀਆ 'ਤੇ ਸਰਗਰਮ ਰਹੇ ਹਨ। ਅੱਜ ਮੋਬਾਈਲ ਇੰਟਰਨੈੱਟ ਸੇਵਾਵਾਂ ਨੇ ਜੇਲ੍ਹਾਂ ਦੀਆਂ ਦੀਵਾਰਾਂ ਦੀ ਉਚਾਈ ਨੂੰ ਬੇਕਾਰ ਕਰ ਦਿੱਤਾ ਹੈ। ਕਾਨੂੰਨ ਦੀਆਂ ਚੋਰ ਮੋਰੀਆਂ ਛੋਟੇ ਮੋਟੇ ਕੇਸਾਂ ਵਿਚ ਫਸੇ ਨੌਜਵਾਨਾਂ ਨੂੰ ਵੱਡੇ ਜੁਰਮ ਕਰਨ ਲਈ ਉਕਸਾਉਂਦੀਆਂ ਹਨ। ਪੰਜ ਪੰਜ, ਛੇ ਛੇ ਕੇਸ ਪੈਣ 'ਤੇ ਵੀ ਮੁਜਰਿਮਾਂ ਦੀਆਂ ਜ਼ਮਾਨਤਾਂ ਹੋ ਜਾਂਦੀਆਂ ਹਨ। ਕੇਸ ਸਾਲਾਂ ਦੇ ਸਾਲ ਸੁਸਤ ਚਾਲ ਚੱਲਦੇ ਰਹਿੰਦੇ ਹਨ। ਮੁਜਰਿਮ ਬਾਹਰ ਆ ਕੇ ਹੋਰ ਵਾਰਦਾਤਾਂ ਕਰਦੇ ਰਹਿੰਦੇ ਹਨ।

ਚੌਥਾ ਅਤੇ ਸਭ ਤੋਂ ਅਹਿਮ ਨੁਕਤਾ ਜੋ ਨੌਜਵਾਨਾਂ ਵਿਚ ਗੈਂਗਸਟਰ ਬਣਨ ਦੀ ਰੁਚੀ ਪੈਦਾ ਕਰਦਾ ਹੈ, ਉਹ ਹੈ ਸਾਡਾ ਮਨੋਰੰਜਨ ਮੀਡੀਆ। ਟੀ.ਵੀ. ਉਪਰ ਚੱਲਦੇ ਗੀਤਾਂ, ਵਿਸ਼ੇਸ਼ ਕਰ ਕੇ ਪੰਜਾਬੀ ਗੀਤਾਂ ਵਿਚ ਅਜਿਹੇ ਗਾਣਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਨ੍ਹਾਂ ਵਿਚ ਹਥਿਆਰਾਂ ਦੀ ਵਰਤੋਂ ਕਰਨ ਨੂੰ ਨੌਜਵਾਨਾਂ ਵਿਚ ਜਵਾਨੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਬਹੁਤ ਸਾਰੇ ਗੀਤਾਂ ਵਿਚ ਨੌਜਵਾਨ ਕੁੜੀਆਂ ਅਤੇ ਜ਼ਮੀਨਾਂ ਉਤੇ ਹਥਿਆਰਾਂ ਦੇ ਜ਼ੋਰ ਨਾਲ ਸਫ਼ਲ ਕਬਜ਼ੇ ਹੁੰਦੇ ਵਿਖਾਏ ਜਾਂਦੇ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਕਾਰਨ ਗ਼ਲਤ ਰਸਤੇ ਪਏ ਨੌਜਵਾਨਾਂ ਨੂੰ ਪੁਲਿਸ ਮੁਕਾਬਲਿਆਂ ਵਿਚ ਮਾਰਨ ਨਾਲ ਸਮੱਸਿਆ ਦਾ ਹੱਲ ਨਹੀਂ ਹੋਣਾ। ਮੌਤ ਨਾਲ ਖੇਡ ਰਹੇ ਇਨ੍ਹਾਂ ਗੈਂਗਸਟਰਾਂ ਨੂੰ ਸਿੱਧੇ ਰਾਹ ਲਿਆਉਣ ਦੇ ਨਾਲ ਨਾਲ ਸਾਨੂੰ ਆਪਣੀ ਵਿਵਸਥਾ ਨੂੰ ਵੀ ਬਦਲਣ ਦੀ ਲੋੜ ਹੈ। ਰਾਜਨੀਤੀ ਨੂੰ ਕਿੱਤੇ ਨਾਲੋਂ ਸੇਵਾ ਸਮਝਣ ਦੀ ਲੋੜ ਹੈ। ਲੀਡਰਾਂ ਨੂੰ ਚਾਹੀਦਾ ਹੈ ਕਿ ਉਹ ਸਾਕਾਰਾਤਮਕ ਢੰਗ ਵਰਤ ਕੇ ਜਿਵੇਂ ਖੇਡਾਂ/ਕਲੱਬਾਂ ਦੀਆਂ ਗਤੀਵਿਧੀਆਂ ਨਾਲ ਇਲਾਕੇ ਦੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨ। ਸਰਕਾਰੀ ਨੀਤੀਆਂ ਨੂੰ ਲੋਕ-ਕਲਿਆਣ ਵਾਲੀਆਂ ਬਣਾਉਣ। ਨਸ਼ਿਆਂ ਦੇ ਵਪਾਰ ਨੂੰ ਪਾਕਿਸਤਾਨ ਦੇ ਸਿਰ ਮੜ੍ਹਨ ਦੀ ਥਾਂ ਆਪਣੀ ਕਮੀ ਮੰਨ ਕੇ ਇਸ ਦਾ ਖ਼ਾਤਮਾ ਕਰਨ। ਪੁਲਿਸ ਛੋਟੇ ਮੋਟੇ ਜੁਰਮ ਕਰਨ ਵਾਲੇ ਨੌਜਵਾਨਾਂ 'ਤੇ ਨਕੇਲ ਕੱਸ ਕੇ ਉਨ੍ਹਾਂ ਨੂੰ ਵੱਡੇ ਮੁਜਰਿਮ ਬਣਨ ਤੋਂ ਰੋਕੇ। ਨਿਆਂਪਾਲਿਕਾ ਨੂੰ ਚਾਹੀਦਾ ਹੈ ਕਿ ਆਦੀ ਮੁਜਰਮਾਂ ਦੀ ਕੈਟਾਗਰੀ ਬਣਾ ਕੇ ਉਨ੍ਹਾਂ ਦੀਆਂ ਜ਼ਮਾਨਤਾਂ ਦੇ ਰਾਹ ਬੰਦ ਕਰੇ। ਇੰਜ ਹੀ ਪੰਜਾਬ ਦਾ ਜੇਲ੍ਹ ਵਿਭਾਗ ਵੀ ਸਮੇਂ ਦਾ ਹਾਣੀ ਬਣਾਉਣ ਦੀ ਲੋੜ ਹੈ।

ਸਭ ਤੋਂ ਜ਼ਰੂਰੀ ਇਹ ਹੈ ਕਿ ਪੰਜਾਬੀ ਸਭਿਆਚਾਰ ਦੇ ਨਾਮ 'ਤੇ ਅਸ਼ਲੀਲਤਾ, ਨਸ਼ਿਆਂ ਅਤੇ ਹਥਿਆਰਾਂ ਦਾ ਪ੍ਰਚਾਰ ਕਰਨ ਵਾਲੀਆਂ ਫ਼ਿਲਮਾਂ ਅਤੇ ਐਲਬਮਾਂ ਨੂੰ ਰੋਕਣ ਲਈ ਪੰਜਾਬ ਵਿਚ ਸੈਂਸਰ ਬੋਰਡ ਵਰਗੀ ਕੋਈ ਕਾਨੂੰਨੀ/ਸੰਵਿਧਾਨਕ ਸੰਸਥਾ ਬਣਾਈ ਜਾਵੇ। ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਨੂੰ ਵੀ ਚਾਹੀਦਾ ਹੈ ਕਿ ਉਹ ਗੈਂਗਸਟਰਾਂ ਦੀਆਂ ਖ਼ਬਰਾਂ ਨੂੰ ਵਿਸ਼ੇਸ਼ ਤਰਜੀਹ ਦੇ ਕੇ ਨਾ ਦਿਖਾਉਣ/ਛਾਪਣ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕੋਈ ਨੌਜਵਾਨ ਘਰ ਬੈਠਿਆਂ ਗੈਂਗਸਟਰ ਨਹੀਂ ਬਣਦਾ, ਸਾਡੀ ਵਿਵਸਥਾ ਹੀ ਅਜਿਹਾ ਮਾਹੌਲ ਪੈਦਾ ਕਰਦੀ ਹੈ ਕਿ ਸਾਡੇ ਨੌਜਵਾਨ 'ਵਿੱਕੀ ਗੌਂਡਰ' ਬਣਨ ਲਈ ਮਜਬੂਰ ਹੁੰਦੇ ਹਨ। ਇਨ੍ਹਾਂ ਦੀ ਅਥਾਹ ਸ਼ਕਤੀ ਨੂੰ ਸਾਕਾਰਾਤਮਕ ਰੂਪ ਵਿਚ ਵਰਤਣ ਦੀ ਲੋੜ ਹੈ। ਰਾਜਨੀਤਕ ਇੱਛਾ ਤੋਂ ਬਿਨਾਂ ਕੋਈ ਗੈਂਗਸਟਰ ਗਰੁੱਪ ਬਣ/ਚੱਲ ਨਹੀਂ ਸਕਦਾ।

# ਗੁਰਦੁਆਰਾ ਸਾਹਿਬ ਸੈਨ ਹੋਜੇ ਵਿਖੇ ਵਿਸ਼ੇਸ਼ ਰਾਗ ਦਰਬਾਰ

**ਸੈਨ ਹੋਜੇ (ਬਿਊਰੋ):** ਗੁਰਦੁਆਰਾ ਸੈਨ ਹੋਜੇ ਵਿਖੇ ਲੰਘੇ ਐਤਵਾਰ ਪ੍ਰਾਚੀਨ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਅੰਦਰ 31 ਰਾਗਾਂ ਸਬੰਧੀ ਇਕ ਵਿਸ਼ੇਸ਼ ਰਾਗ ਦਰਬਾਰ ਹੋਇਆ।

ਇਸ ਮੌਕੇ ਉਚ ਕੋਟੀ ਦੇ ਰਾਗੀ ਜਥਿਆਂ- ਭਾਈ ਕੁਲਤਾਰ ਸਿੰਘ ਦਿੱਲੀ, ਭਾਈ ਹਰਚਰਨ ਸਿੰਘ ਖਾਲਸਾ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਇੰਦਰਜੀਤ ਸਿੰਘ ਬੰਬਈ ਅਤੇ ਬੇ ਏਰੀਆ ਦੇ 30 ਤੋਂ ਵੱਧ ਵਿਦਿਆਰਥੀਆਂ ਨੇ 4 ਘੰਟੇ 31 ਰਾਗਾਂ ਵਿਚ ਰਸ ਭਿੰਨੇ ਕੀਰਤਨ ਦਾ ਪ੍ਰਵਾਹ ਚਲਾਇਆ।




ਕੀਰਤਨ ਦਰਬਾਰ ਖਚਾ-ਖਚ ਭਰਿਆ ਹੋਇਆ ਸੀ, ਦੂਰ ਦੁਰਾਡੇ ਸ਼ਹਿਰਾਂ ਤੋਂ ਆਈ ਸਮੂਹ ਸੰਗਤ ਨੇ ਕੀਰਤਨ ਦਾ ਅਨੰਦ ਮਾਣਿਆ।






# ਟਰੂਡੋ ਦੇ ਸਵਾਗਤ ਬਾਰੇ ਕੈਪਟਨ ਸਰਕਾਰ ਦੁਚਿਤੀ ਵਿਚ

**ਅੰਮ੍ਰਿਤਸਰ:** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇਸੇ ਮਹੀਨੇ ਦੇ ਤੀਜੇ ਹਫਤੇ ਭਾਰਤ ਫੇਰੀ ਦੌਰਾਨ ਉਨ੍ਹਾਂ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਵੀ ਪੁੱਜਣ ਦੀ ਸੰਭਾਵਨਾ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਤਾਂ ਤਿਆਰੀਆਂ ਜ਼ੋਰਾਂ ਉਤੇ ਹਨ, ਪਰ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਰਸਮੀ ਸਵਾਗਤ ਸਬੰਧੀ ਅਜੇ ਤੱਕ ਕੋਈ ਦਿਲਚਸਪੀ ਜਾਂ ਸਰਗਰਮੀ ਦਿਖਾਈ ਨਹੀਂ ਦੇ ਰਹੀ। ਜਸਟਿਨ ਟਰੂਡੋ ਦੀ ਭਾਰਤ ਫੇਰੀ, ਜੋ 17 ਤੋਂ 23 ਫਰਵਰੀ ਤੱਕ ਹੈ, ਦੌਰਾਨ ਇਕ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਦਾ ਵੀ ਪ੍ਰੋਗਰਾਮ ਹੈ।

ਸਮਝਿਆ ਜਾਂਦਾ ਹੈ ਕਿ ਕੈਨੇਡੀਅਨ ਵਿਦੇਸ਼ ਮੰਤਰਾਲੇ ਵੱਲੋਂ ਕੈਨੇਡਾ 'ਚ ਵਸਦੇ 20 ਲੱਖ ਦੇ ਕਰੀਬ ਸਿੱਖਾਂ ਤੇ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਪ੍ਰਧਾਨ ਮੰਤਰੀ ਟਰੂਡੋ ਦੀ ਭਾਰਤ ਫੇਰੀ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਲਈ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਉਲੀਕਿਆ ਗਿਆ ਹੈ। ਮੌਜੂਦਾ ਟਰੂਡੋ ਸਰਕਾਰ 'ਚ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਤੋਂ ਇਲਾਵਾ ਕੈਨੇਡਾ ਦੇ ਵਿੱਤ ਮੰਤਰੀ ਨਵਦੀਪ ਸਿੰਘ ਬੈਂਸ ਸਮੇਤ 19 ਦੇ ਕਰੀਬ ਐਮ.ਪੀ. ਅਤੇ ਹੋਰ ਵਿਧਾਇਕ ਸਿੱਖ ਜਾਂ ਪੰਜਾਬੀ ਮੂਲ ਦੇ ਹਨ।

ਕੈਨੇਡੀਅਨ ਲੋਕ ਸਿੱਖਾਂ ਦੇ ਮਿਹਨਤਕਸ਼ ਤੇ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੋਣ ਕਾਰਨ ਉਨ੍ਹਾਂ ਨੂੰ ਕਾਫੀ ਪਸੰਦ ਕਰਦੇ ਹਨ ਤੇ ਕੈਨੇਡਾ ਦੇ ਰਾਜਸੀ ਹਲਕਿਆਂ 'ਚ ਸਿੱਖਾਂ ਦਾ ਕਾਫੀ



ਬੋਲਬਾਲਾ ਹੈ। ਇਸ ਵੇਲੇ ਕੈਨੇਡਾ 'ਚ ਵਿਰੋਧੀ ਧਿਰ ਦੇ ਨੇਤਾ ਵਜੋਂ ਵੀ ਅੰਮ੍ਰਿਤਧਾਰੀ ਸਿੱਖ ਨੌਜਵਾਨ ਜਗਮੀਤ ਸਿੰਘ ਜ਼ਿੰਮੇਵਾਰੀਆਂ ਨਿਭਾਅ ਰਹੇ ਹਨ।

ਇਸੇ ਕਾਰਨ ਹੀ ਜਸਟਿਨ ਟਰੂਡੋ, ਜੋ ਕਿ ਕੈਨੇਡਾ ਦੇ ਤੀਜੇ ਪ੍ਰਧਾਨ ਮੰਤਰੀ ਹਨ, ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਪੁੱਜ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੈਨੇਡਾ ਦੇ ਪੰਜਾਬੀ ਤੇ ਸਿੱਖ ਵਸੋਂ ਵਾਲੇ ਸੂਬਿਆਂ ਓਂਟਾਰੀਓ, ਬ੍ਰਿਟਿਸ਼ ਕੋਲੰਬੀਆ ਤੇ ਅਲਬਰਟਾ ਦੇ ਕਈ ਪ੍ਰੀਮੀਅਰ, ਜਿਨ੍ਹਾਂ 'ਚ ਉਜਲ ਦੁਸਾਂਝ, ਗੋਰਡਰ ਕੈਂਬਲ, ਕੈਥਲੀਨ ਵਿਨ ਆਦਿ ਸ਼ਾਮਲ ਹਨ, ਵੀ ਇਸ ਅਸਥਾਨ 'ਤੇ ਆ ਚੁੱਕੇ ਹਨ।

ਕੈਨੇਡਾ ਦੇ ਪਹਿਲੇ ਸਿੱਖ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਜਦੋਂ ਬੀਤੇ ਵਰ੍ਹੇ 20 ਅਪਰੈਲ, 2017 ਨੂੰ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਆਏ ਸਨ, ਤਾਂ ਸ਼੍ਰੋਮਣੀ ਕਮੇਟੀ ਵੱਲੋਂ ਤਾਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਸੀ, ਪਰ ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਸੀ ਤੇ ਕੁਝ ਧਿਰਾਂ ਵਲੋਂ ਉਨ੍ਹਾਂ ਨੂੰ ਖਾਲਿਸਤਾਨ ਸਮਰਥਕ ਤੇ ਗਰਮਦਲੀਏ ਸਿੱਖਾਂ ਦਾ ਹਮਾਇਤੀ ਤੱਕ ਕਿਹਾ ਗਿਆ ਸੀ। ਕੈਨੇਡੀਅਨ ਅਧਿਕਾਰੀਆਂ ਵੱਲੋਂ ਜਸਟਿਨ ਟਰੂਡੋ ਦੇ ਭਾਰਤ ਦੌਰੇ ਦੌਰਾਨ ਨਵੀਂ ਦਿੱਲੀ, ਮੁੰਬਈ, ਆਗਰਾ ਤੇ ਅਹਿਮਦਾਬਾਦ ਆਦਿ ਸ਼ਹਿਰਾਂ ਨੂੰ ਦੌਰੇ 'ਚ ਸ਼ਾਮਲ ਕੀਤਾ ਗਿਆ ਹੈ, ਪਰ ਪੰਜਾਬ ਜਾਂ ਚੰਡੀਗੜ੍ਹ ਨੂੰ ਅਣਗੌਲਿਆ ਕਰ ਕੇ ਸਿਰਫ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਨੂੰ ਹੀ ਇਸ 'ਚ ਸ਼ਾਮਲ ਕੀਤਾ ਗਿਆ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਦੀ ਸ੍ਰੀ ਹਰਿਮੰਦਰ ਸਾਹਿਬ ਫੇਰੀ ਸਬੰਧੀ ਬੀਤੀ 17 ਦਸੰਬਰ ਨੂੰ ਕੈਨੇਡਾ ਸਰਕਾਰ ਦੇ ਪ੍ਰੋਟੋਕਾਲ, ਸੁਰੱਖਿਆ ਤੇ ਮੀਡੀਆ ਅਧਿਕਾਰੀਆਂ ਤੋਂ ਇਲਾਵਾ ਕੈਨੇਡੀਅਨ ਹਾਈ ਕਮਿਸ਼ਨ ਨਵੀਂ ਦਿੱਲੀ ਦੇ ਅਧਿਕਾਰੀਆਂ ਦੀ ਇਕ ਟੀਮ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਦੌਰਾ ਕਰ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਸੀ।

## ਸਵਾਗਤ ਬਾਰੇ ਫੈਸਲਾ ਪੰਜਾਬ ਸਰਕਾਰ ਹੱਥ: ਪ੍ਰਨੀਤ ਕੌਰ

**ਪਟਿਆਲਾ:** ਸਾਬਕਾ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਕਿਹਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਸਵਾਗਤ ਬਾਰੇ ਫੈਸਲਾ ਪੰਜਾਬ ਸਰਕਾਰ ਵੱਲੋਂ ਲਿਆ ਜਾਵੇਗਾ। ਅਜਿਹਾ ਫੈਸਲਾ ਲੈਣ ਦਾ ਹੱਕ ਸੂਬਾ ਸਰਕਾਰ ਦਾ ਹੀ ਹੈ। ਦੱਸਣਯੋਗ ਹੈ ਕਿ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸੱਜਣ ਜਦੋਂ ਪੰਜਾਬ ਆਏ ਸਨ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਨੂੰ ਮਿਲੇ ਵੀ ਨਹੀਂ ਸਨ। ਇਸ ਬਾਰੇ ਸ੍ਰੀਮਤੀ ਪ੍ਰਨੀਤ ਕੌਰ ਦਾ ਕਹਿਣਾ ਸੀ ਕਿ ਉਹ ਚਾਹੁੰਦੇ ਹਨ ਕਿ ਅਜਿਹੀ ਕੜਵਾਹਟ ਘੱਟ ਹੋਵੇ ਕਿਉਂਕਿ ਕੈਨੇਡਾ ਦੀ ਵਸੋਂ ਵਿਚ 40 ਫੀਸਦੀ ਪੰਜਾਬੀ ਹਨ।

## ਸੋਸ਼ਲ ਮੀਡੀਆ 'ਤੇ ਟਰੂਡੋ ਦਾ ਖਾਲਿਸਤਾਨ ਪੱਖੀ ਪ੍ਰਚਾਰ

**ਚੰਡੀਗੜ੍ਹ:** ਸੋਸ਼ਲ ਮੀਡੀਆ ਉਤੇ ਅੰਗਰੇਜ਼ੀ 'ਆਉਟਲੁਕ' ਪੇਜ਼ ਦਾ ਮੈਗਜ਼ੀਨ ਚਰਚਾ 'ਚ ਹੈ। ਜਿਸ ਦਾ ਸਿਰਲੇਖ ਹੈ- 'ਖਾਲਿਸਤਾਨ ਪਾਰਟ-2, ਮੇਡ ਇਨ ਕੈਨੇਡਾ' ਤੇ ਨਾਲ ਫੋਟੋ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲੱਗੀ ਹੋਈ ਹੈ ਜਿਹੜੇ 16 ਫਰਵਰੀ ਤੋਂ ਭਾਰਤ ਦੌਰੇ 'ਤੇ ਆ ਰਹੇ ਹਨ। ਇਹ ਮੈਗਜ਼ੀਨ 12 ਫਰਵਰੀ ਨੂੰ ਛਪ ਕੇ ਬਾਜ਼ਾਰ 'ਚ ਆਉਣਾ ਹੈ ਪਰ ਮੈਗਜ਼ੀਨ ਨੇ ਆਪਣੇ ਫੇਸਬੁੱਕ ਪੇਜ਼ 'ਤੇ ਇਸ ਦਾ ਮੁੱਖ ਪੰਨਾ ਸਾਂਝਾ ਕੀਤਾ ਹੈ।

ਮੈਗਜ਼ੀਨ ਦੇ ਇਸ ਅੰਕ 'ਚ ਕੀ ਹੈ, ਇਹ ਤਾਂ ਅਜੇ ਤੱਕ ਪਤਾ ਨਹੀਂ ਲੱਗਾ ਹੈ ਪਰ ਇਕ ਗੱਲ ਇਸੇ ਸਿਰਲੇਖ ਤੋਂ ਤੈਅ ਹੈ ਕਿ ਕੈਨੇਡਾ 'ਚ ਹੋ ਰਹੀਆਂ ਖਾਲਿਸਤਾਨੀ ਸਰਗਰਮੀਆਂ ਬਾਰੇ ਹੀ ਇਸ 'ਚ ਚਰਚਾ ਕੀਤੀ ਗਈ ਹੋਵੇਗੀ। ਇਸ ਨੂੰ ਲੈ ਕੇ ਕੈਨੇਡਾ ਦੇ ਸਿੱਖ ਭਾਈਚਾਰੇ ਵੱਲੋਂ ਸੋਸ਼ਲ ਮੀਡੀਆ 'ਤੇ ਵੱਖ ਵੱਖ ਤਰ੍ਹਾਂ ਦੀਆਂ ਪ੍ਰਤੀਕ੍ਰਿਆਵਾਂ ਦਿੱਤੀਆਂ ਜਾ ਰਹੀਆਂ ਹਨ।

# ਕੇਂਦਰੀ ਯੋਜਨਾਵਾਂ 'ਚ ਢਿੱਲਮੱਠ: ਮੰਤਰੀ ਵੱਲੋਂ ਕੈਪਟਨ ਨੂੰ ਸਵਾਲ

**ਚੰਡੀਗੜ੍ਹ:** ਭਵਨ ਅਤੇ ਸ਼ਹਿਰੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਪੰਜਾਬ ਸਰਕਾਰ ਦੀ ਕੇਂਦਰੀ ਯੋਜਨਾਵਾਂ ਵਿਚ ਢਿੱਲਮੱਠ 'ਤੇ ਇਤਰਾਜ਼ ਕੀਤਾ ਹੈ। ਖਾਸ ਕਰ ਕੇ ਪੰਜਾਬ ਦੇ ਸਮਾਰਟ ਸਿਟੀ 'ਤੇ ਚੱਲ ਰਹੀਆਂ ਯੋਜਨਾਵਾਂ ਵਿਚ ਪਿੱਛੇ ਰਹਿਣ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਦਾ ਇਹ ਵੀ ਦੋਸ਼ ਹੈ ਕਿ ਸੂਬਾ ਸਰਕਾਰ ਇਨ੍ਹਾਂ ਯੋਜਨਾਵਾਂ ਨੂੰ ਗੰਭੀਰਤਾ ਨਹੀਂ ਲੈ ਰਹੀ।

ਉਨ੍ਹਾਂ ਨੇ ਚੰਡੀਗੜ੍ਹ ਵਿਚ ਕੇਂਦਰ ਦੇ ਸ਼ਹਿਰੀ ਵਿਕਾਸ ਮਿਸ਼ਨ ਤਹਿਤ ਪੰਜਾਬ ਅਤੇ ਹਰਿਆਣਾ ਵਿਚ ਚੱਲਦੀਆਂ ਸਕੀਮਾਂ- ਖੁੱਲ੍ਹੇ ਵਿਚ ਪਖਾਨਾ, ਘਰ-ਘਰ ਕੂੜਾ ਚੁੱਕਣ, ਸਵੱਛ ਭਾਰਤ ਮਿਸ਼ਨ, ਸਮਾਰਟ ਸਿਟੀ ਮਿਸ਼ਨ, ਪ੍ਰਧਾਨ ਮੰਤਰੀ ਆਵਾਸ ਯੋਜਨਾ ਆਦਿ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਹਰਿਆਣਾ ਦੀ ਸਥਾਨਕ ਸਰਕਾਰਾਂ ਬਾਰੇ ਮੰਤਰੀ ਕਵਿਤਾ ਜੈਨ ਸਮੇਤ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ।

ਇਸ ਮਗਰੋਂ ਸ੍ਰੀ ਪੁਰੀ ਨੇ ਦੋਵਾਂ ਰਾਜਾਂ ਨੂੰ ਪ੍ਰੋਜੈਕਟਾਂ ਲਈ ਨਿਰਧਾਰਤ ਟੀਚੇ ਪੂਰੇ ਕਰਨ ਲਈ ਕਿਹਾ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰ ਕੇ ਸੂਬੇ ਵਿਚ ਵਿਕਾਸ ਦੇ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ। ਇਸ ਮੌਕੇ ਉਨ੍ਹਾਂ ਆਪਣੇ ਵੱਲੋਂ ਲਿਖੀ ਪੁਸਤਕ 'ਪੈਰੀਲੀਅਸ ਇੰਟਰਵੈਨਸ਼ਨਜ਼: ਦਿ ਸਕਿਓਰਿਟੀ ਕੌਂਸਲ ਐਂਡ ਪਾਲਿਟਿਕਸ ਆਫ ਕਿਔਸ' ਵੀ ਮੁੱਖ ਮੰਤਰੀ ਨੂੰ ਭੇਟ ਕੀਤੀ।



ਇਸ ਮੌਕੇ ਸ੍ਰੀ ਨਵਜੋਤ ਸਿੱਧੂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਸੂਬੇ ਦੇ 61 ਸ਼ਹਿਰਾਂ ਨੂੰ ਖੁੱਲ੍ਹੇ ਵਿਚ ਪਖਾਨਾ ਕਰਨ ਤੋਂ ਮੁਕਤ ਕੀਤਾ ਜਾ ਚੁੱਕਿਆ ਹੈ ਅਤੇ 30 ਜੂਨ 2018 ਤੱਕ ਇਸ ਤੋਂ ਪੰਜਾਬ ਨੂੰ ਪੂਰੀ ਤਰ੍ਹਾਂ ਮੁਕਤ ਕਰ ਦਿੱਤਾ ਜਾਵੇਗਾ। ਸ੍ਰੀ ਸਿੱਧੂ ਨੇ ਦੱਸਿਆ ਕਿ ਛੇ ਮਹੀਨਿਆਂ ਦੌਰਾਨ ਕੂੜਾ-ਕਰਕਟ ਤੇ ਹੋਰ ਸੁੱਟਣਯੋਗ ਪਦਾਰਥਾਂ ਦੀ ਪ੍ਰੋਸੈਸਿੰਗ ਦਾ ਕੰਮ 15 ਫੀਸਦੀ ਤੋਂ ਵਧਾ ਕੇ 40 ਫੀਸਦੀ ਹੋਣ ਦੀ ਆਸ ਹੈ। ਇਸ ਮੌਕੇ ਸ੍ਰੀ ਪੁਰੀ ਨੇ ਫਰਵਰੀ ਵਿਚ ਅੰਮ੍ਰਿਤਸਰ ਵਿਚ ਹਿਰਦੇ ਸਕੀਮ ਦੇ ਉਦਘਾਟਨ ਦਾ ਸੱਦਾ ਕਬੂਲ ਕੀਤਾ।

ਹਰਿਆਣਾ ਸਰਕਾਰ ਨੇ ਪੀ.ਐਮ.ਏ.ਵਾਈ. ਸਕੀਮ ਤਹਿਤ ਸੂਬੇ ਵਿਚ 3.50 ਲੱਖ ਨਵੇਂ ਮਕਾਨ ਬਣਾਉਣ ਦਾ ਟੀਚਾ ਮਿਥਿਆ ਹੈ। ਸ੍ਰੀ ਪੁਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਲਈ 1743 ਕਰੋੜ ਰੁਪਏ ਦੀ ਰਾਸ਼ੀ ਲੋੜੀਂਦੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੀ ਮਦਦ ਨਾਲ ਅਜਿਹੇ 85 ਪ੍ਰੋਜੈਕਟਾਂ ਲਈ 375 ਕਰੋੜ ਰੁਪਏ ਮਨਜ਼ੂਰ ਕਰ ਦਿੱਤੇ ਹਨ, ਜਿਸ ਨਾਲ 24,980 ਮਕਾਨ ਬਣਨਗੇ। ਫਿਲਹਾਲ ਸਿਰਫ 720 (ਇਕ ਫੀਸਦੀ) ਮਕਾਨ ਹੀ ਬਣੇ ਹਨ। ਇਸੇ ਤਰ੍ਹਾਂ ਏ. ਐਮ. ਆਰ. ਯੂ. ਟੀ. ਸਕੀਮ ਤਹਿਤ ਪਾਣੀ ਦੇ 2.74 ਕਰੋੜ ਨਵੇਂ ਕੁਨੈਕਸ਼ਨ ਦੇਣ ਦਾ ਪ੍ਰੋਜੈਕਟ ਤਿਆਰ ਕੀਤਾ ਹੈ, ਜਿਸ ਤਹਿਤ 80,000 ਕੁਨੈਕਸ਼ਨ ਦਿੱਤੇ ਜਾ ਚੁੱਕੇ ਹਨ।



ਸ਼ਹੀਦ ਬਾਬਾ ਦੀਪ ਸਿੰਘ ਜੀ

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

"ਮੈਂ ਸਰੀਰ ਦੀ ਮੌਤ ਨੂੰ ਮੌਤ ਨਹੀਂ ਮੰਨਦਾ,
ਪਰ ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।"



ਸ. ਸਿਮਰਨਜੀਤ ਸਿੰਘ ਮਾਨ



ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

## ਸ਼ਹੀਦ ਬਾਬਾ ਦੀਪ ਸਿੰਘ ਅਤੇ ਬਾਬਾ-ਏ-ਕੌਮ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ 'ਤੇ ਸਮੂਹ ਸਿੱਖ ਭਾਈਚਾਰੇ ਨੂੰ

# ਲੱਖ-ਲੱਖ ਵਧਾਈਆਂ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੈਲੀਫੋਰਨੀਆ ਦੀ ਬੇਕਰਜ਼ਫੀਲਡ ਇਕਾਈ ਵਲੋਂ ਸ਼ਹੀਦ ਬਾਬਾ ਦੀਪ ਸਿੰਘ ਅਤੇ ਬਾਬਾ-ਏ-ਕੌਮ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼ ਸਮਾਗਮ ਗੁਰਦੁਆਰਾ ਸਿੱਖ ਟੈਂਪਲ (2400 South P. St.), ਬੇਕਰਜ਼ਫੀਲਡ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ। ਆਓ ਹੁਮ ਹਮਾ ਕੇ ਆਪਣੇ ਮਹਾਨ ਯੋਧਿਆਂ ਦੀ ਯਾਦ ਨੂੰ ਤਾਜ਼ਾ ਕਰੀਏ ਤੇ ਉਨ੍ਹਾਂ ਦੀ ਪੰਥ ਲਈ ਕੀਤੀ ਕੁਰਬਾਨੀ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਕੌਮੀ ਨਿਸ਼ਾਨੇ 'ਖਾਲਿਸਤਾਨ' ਦੀ ਪ੍ਰਾਪਤੀ ਲਈ ਪ੍ਰਣ ਕਰੀਏ।

## ਪ੍ਰੋਗਰਾਮ ਦਾ ਵੇਰਵਾ

16 ਫਰਵਰੀ 2018 (ਸ਼ੁੱਕਰਵਾਰ) ਅਰੰਭ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

18 ਫਰਵਰੀ 2018 (ਐਤਵਾਰ) ਭੋਗ ਸ੍ਰੀ ਅਖੰਡ ਪਾਠ ਸਵੇਰੇ 9 ਵਜੇ ਉਪਰੰਤ ਸ਼ਬਦ ਕੀਰਤਨ

ਭਾਈ ਸਰਵਣ ਸਿੰਘ ਦਾ ਕਵੀਸ਼ਰੀ ਜਥਾ ਸੰਗਤਾਂ ਨਾਲ ਕਵੀਸ਼ਰੀ ਵਾਰਾਂ ਰਾਹੀਂ ਸਾਂਝ ਪਾਏਗਾ

## ਕਾਨਫਰੰਸ

ਮੋਗਾ ਪੈਲੇਸ (3510 Wible Rd.), ਬੇਕਰਜ਼ਫੀਲਡ ਵਿਖੇ ਕਾਨਫਰੰਸ ਦੁਪਹਿਰ ਇਕ ਵਜੇ ਤੋਂ 4 ਵਜੇ ਤੱਕ ਹੋਵੇਗੀ ਜਿੱਥੇ ਹੇਠ ਲਿਖੇ ਪੰਥਕ ਬੁਲਾਰੇ ਸੰਬੋਧਨ ਕਰਨਗੇ

ਸ. ਸੁਰਜੀਤ ਸਿੰਘ ਕੁਲਾਰ (ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ ਅਮਰੀਕਾ), ਸ. ਸੁਖਮਿੰਦਰ ਸਿੰਘ ਹੰਸਰਾ (ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ, ਕੈਨੇਡਾ ਈਸਟ), ਜੀਤ ਸਿੰਘ ਆਲੋਅਰਖ (ਜਨਰਲ ਸੈਕਟਰੀ ਅਕਾਲੀ ਦਲ ਅੰਮ੍ਰਿਤਸਰ), ਰਵਿੰਦਰ ਸਿੰਘ (ਪ੍ਰਧਾਨ ਯੂਥ ਅਕਾਲੀ ਦਲ ਅੰਮ੍ਰਿਤਸਰ-ਕੈਲੀਫੋਰਨੀਆ), ਗੁਰਦੀਪ ਸਿੰਘ (ਸੀਨੀਅਰ ਮੀਤ ਪ੍ਰਧਾਨ)

## ਬੇਨਤੀ ਕਰਤਾ

ਭਾਈ ਤਾਰਾ ਸਿੰਘ ਖਾਲਸਾ, ਭਾਈ ਅਮਰੀਕ ਸਿੰਘ ਖਾਲਸਾ, ਭਾਈ ਚਤਰ ਸਿੰਘ ਖਾਲਸਾ, ਭਾਈ ਦਲਜੀਤ ਸਿੰਘ ਖਾਲਸਾ, ਭਾਈ ਸੁੱਖਾ ਸਿੰਘ ਖਾਲਸਾ, ਭਾਈ ਹਰਦੀਪ ਸਿੰਘ ਖਾਲਸਾ, ਭਾਈ ਅਵਤਾਰ ਸਿੰਘ ਖਾਲਸਾ, ਭਾਈ ਗੁਰਪ੍ਰੀਤ ਸਿੰਘ ਖਾਲਸਾ, ਭਾਈ ਕੁਲਦੀਪ ਸਿੰਘ ਖਾਲਸਾ, ਭਾਈ ਗੁਰਤੇਜ ਸਿੰਘ ਖਾਲਸਾ, ਭਾਈ ਕੁਲਵਿੰਦਰ ਸਿੰਘ, ਭਾਈ ਸਵਰਨ ਸਿੰਘ ਰਾਏ, ਸਰਬਜੀਤ ਸਿੰਘ ਬਿੱਟੂ, ਪਲਵਿੰਦਰ ਸਿੰਘ ਗਰੇਵਾਲ, ਦਲਵੰਤ ਸਿੰਘ ਰੰਧਾਵਾ, ਮੰਦਰ ਸਿੰਘ, ਅਮਰਜੀਤ ਸਿੰਘ, ਬਹਾਦਰ ਸਿੰਘ, ਹਰਮਨ ਬੱਬੀ, ਜਤਿੰਦਰ ਸਿੰਘ, ਰਾਜਵੀਰ ਸਿੰਘ ਤੇ ਲਾਡੀ ਚੀਮਾ।

## ਵਲੋਂ: ਸ਼੍ਰੋਮਣੀ ਅਕਾਲੀ ਦਲ-ਅੰਮ੍ਰਿਤਸਰ (ਕੈਲੀਫੋਰਨੀਆ) ਬੇਕਰਜ਼ਫੀਲਡ ਯੂਨਿਟ

ਜਾਰੀ ਕਰਤਾ: ਤਰਸੇਮ ਸਿੰਘ ਟੁਲੈਰੀ (ਪ੍ਰਧਾਨ ਕੈਲੀਫੋਰਨੀਆ) ਅਤੇ ਪ੍ਰੀਤਮ ਸਿੰਘ ਜੋਗਾ ਨੰਗਲ

ਹੋਰ ਜਾਣਕਾਰੀ ਲਈ ਸੰਪਰਕ ਕਰੋ, ਫੋਨ: 559-331-1326

# ਅਮਿੱਟ ਯਾਦਾਂ ਛੱਡ ਗਈਆਂ ਕਿਲ੍ਹਾ ਰਾਏਪੁਰ ਦੀਆਂ ਪੇਂਡੂ ਉਲੰਪਿਕ ਖੇਡਾਂ

**ਡੇਹਲੋਂ:** ਪੇਂਡੂ ਉਲੰਪਿਕ ਦੇ ਨਾਂ ਨਾਲ ਮਸ਼ਹੂਰ ਕਿਲ੍ਹਾ ਰਾਏਪੁਰ ਦਾ 82ਵਾਂ ਖੇਡ ਮੇਲਾ ਅਮਿੱਟ ਯਾਦਾਂ ਛੱਡਦਾ ਸਮਾਪਤ ਹੋਇਆ। ਮੇਲੇ ਦੌਰਾਨ ਬਜ਼ੁਰਗਾਂ ਦੀ ਦੌੜ, ਅਥਲੈਟਿਕਸ, ਮੋਟਰਸਾਈਕਲਾਂ ਉਤੇ ਕਰਤਬ ਤੇ ਕੁੱਤਿਆਂ ਦੀਆਂ ਦੌੜਾਂ ਦਾ ਲੋਕਾਂ ਨੇ ਖੂਬ ਅਨੰਦ ਮਾਣਿਆਂ। ਨਿਹੰਗ ਸਿੰਘਾਂ ਦਾ ਜਾਹੋ-ਜਲਾਲ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣਿਆ।

ਇਸ ਮੌਕੇ ਰਵਾਇਤੀ ਖੇਡਾਂ ਤੋਂ ਇਲਾਵਾ ਹੋਰਨਾਂ ਖੇਡ ਵੰਨਗੀਆਂ ਦੇ ਵੀ ਦਿਲਚਸਪ ਮੁਕਾਬਲੇ ਹੋਏ। ਕਿਲ੍ਹਾ ਰਾਏਪੁਰ ਦੇ ਖੇਡ ਮੈਦਾਨ ਉਤੇ ਸ਼ਿੰਗਾਰੇ ਹੋਏ ਹਾਥੀਆਂ ਅਤੇ ਊਠਾਂ ਦੀ ਮਸਤ ਚਾਲ ਨੇ ਬਲਦਾਂ ਦੀਆਂ ਦੌੜਾਂ 'ਤੇ ਲੱਗੀ ਰੋਕ ਨਾਲ ਪਏ ਖੱਪੇ ਨੂੰ ਕੁਝ ਹੱਦ ਤੱਕ ਪੂਰਿਆ ਤੇ ਦੇਖਣ ਵਾਲਿਆਂ ਦਾ ਖੂਬ ਮਨੋਰੰਜਨ ਕੀਤਾ। ਇਸ ਮੌਕੇ 1984 ਦੀਆਂ ਉਲੰਪਿਕ ਖੇਡਾਂ ਦੇ ਸੋਨ ਤਗਮਾ ਜੇਤੂ ਅਮਰੀਕਾ ਦੇ ਅਲੈਕਸੀ ਗਰੇਵਾਲ ਵੀ ਹਾਜ਼ਰ ਸਨ।





ਇਸ ਮੌਕੇ ਭਗਵੰਤ ਮੈਮੋਰੀਅਲ ਗੋਲਡ ਹਾਕੀ ਕੱਪ ਲਈ ਹੋਏ ਫਸਵੇਂ ਮੁਕਾਬਲੇ 'ਚ ਹਾਂਸ ਕਲਾਂ ਕਲੱਬ ਨੇ ਰੂਮੀ ਕਲੱਬ ਨੂੰ 2-0 ਦੇ ਫਰਕ ਨਾਲ ਹਰਾ ਕੇ ਕੱਪ 'ਤੇ ਕਬਜ਼ਾ ਕੀਤਾ। ਲੜਕੀਆਂ ਦੀ ਹਾਕੀ ਦੇ ਫਾਈਨਲ ਮੁਕਾਬਲੇ ਵਿਚੋਂ ਜਲਾਲਦੀਵਾਲ ਨੇ ਸਰਕਾਰੀ ਕਾਲਜ ਲੁਧਿਆਣਾ ਨੂੰ 4-3 ਨਾਲ ਹਰਾਇਆ। ਇਸ ਦੌਰਾਨ ਲੜਕਿਆਂ ਦੀ 200 ਮੀਟਰ ਦੌੜ 'ਚੋਂ ਅਰਸ਼ਦੀਪ ਸਿੰਘ ਪਟਿਆਲਾ ਨੇ ਪਹਿਲਾ, ਜਗਮੀਤ ਸਿੰਘ ਜਲੰਧਰ ਨੇ ਦੂਸਰਾ, ਰਘਬੀਰ ਸਿੰਘ ਜਲੰਧਰ ਨੇ ਤੀਸਰਾ, ਲੜਕੀਆਂ ਦੀ 200 ਮੀਟਰ ਦੌੜ ਵਿਚੋਂ ਵੀਰਪਾਲ ਕੌਰ ਭਾਈ ਰੂਪਾ ਨੇ ਪਹਿਲਾ, ਪ੍ਰਾਚੀ ਪਟਿਆਲ ਨੇ ਦੂਸਰਾ, ਜਗਮੀਤ ਕੌਰ ਭਾਈ ਰੂਪਾ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਨੈਸ਼ਨਲ ਸਟਾਈਲ ਕਬੱਡੀ ਵਿਚੋਂ ਕੋਟਲਾ ਕੌੜਾ ਨੇ ਕੋਟਲਾ ਭੜੀ ਨੂੰ ਹਰਾ ਕੇ ਜੇਤੂ ਹੋਣ ਦਾ ਮਾਣ ਪ੍ਰਾਪਤ ਕੀਤਾ।

ਵੱਖ-ਵੱਖ ਕਰਤਬਾਂ ਵਿਚ ਰਜਿੰਦਰ ਕੁਮਾਰ ਨੇ ਕੰਨਾਂ ਨਾਲ 88 ਕਿੱਲੋ ਭਾਰ ਚੁੱਕਿਆ, ਨੌਵੀਂ ਜਮਾਤ ਦੇ ਸੰਜੇ ਕੁਮਾਰ ਨੇ 100 ਕਿੱਲੋ ਭਾਰ ਚੁੱਕਿਆ, ਸੱਤਵੀਂ ਜਮਾਤ ਦੇ ਰਾਹੁਲ ਕੁਮਾਰ ਨੇ 200 ਡੰਡ ਲਗਾਏ, ਰਾਜਪਾਲ ਸਿੰਘ ਜੜਤੌਲੀ ਨੇ 152 ਕਿੱਲੋ ਦੀ ਬੈਂਚ ਪ੍ਰੈੱਸ ਲਗਾਈ, ਸੁਖਮਿੰਦਰ ਸਿੰਘ ਨੇ ਸਿਰ ਦੇ ਵਾਲਾਂ ਨਾਲ ਕਾਰ ਖਿੱਚੀ, ਹੈਂਡੀਕੈਪਡ ਧਰਮ ਸਿੰਘ ਨੇ ਦੰਦਾਂ ਨਾਲ 10 ਇੱਟਾਂ ਚੁੱਕੀਆਂ, ਧੀਰਾ ਸਿੰਘ ਪੰਜਗਰਾਈਂ ਨੇ 90 ਕਿੱਲੋ ਦਾ ਚੱਕੀ ਦਾ ਪੁੜ ਚੁੱਕਿਆ, ਗੁਰਮੀਤ ਸਿੰਘ ਡੂਮਛੇੜੀ ਨੇ ਦੰਦਾਂ ਨਾਲ ਸਾਈਕਲ ਚੁੱਕਿਆ, 80 ਸਾਲਾ ਰਾਏ ਸਿੰਘ ਕਕਰਾਲਾ ਨੇ 220 ਕਿੱਲੋ ਦੀ ਬੋਰੀ ਚੁੱਕੀ। ਭਗਵੰਤ ਮੈਮੋਰੀਅਲ ਹਾਕੀ ਕੱਪ ਲਈ ਹੋਏ ਮੁਕਾਬਲਿਆਂ 'ਚੋਂ ਗਰੇਵਾਲ ਕਲੱਬ ਕਿਲ੍ਹਾ ਰਾਏਪੁਰ ਨੇ ਸਹਾਰਨਪੁਰ ਕਲੱਬ ਨੂੰ 3-2 ਨਾਲ ਅਤੇ ਰੋਮੀ ਕਲੱਬ ਨੇ ਜਰਖੜ ਕਲੱਬ ਨੂੰ 6-5 ਨਾਲ ਹਰਾ ਕੇ ਅਗਲੇ ਗੇੜ ਵਿਚ ਦਾਖਲਾ ਹਾਸਲ ਕੀਤਾ।

ਖੇਡਾਂ ਦੇ ਪਹਿਲੇ ਦਿਨ ਕੁੱਤਿਆਂ ਦੀ ਦੌੜ ਦਾ ਮੁਕਾਬਲਾ ਸਾਰਿਆਂ ਲਈ ਖਿੱਚ ਦਾ ਕੇਂਦਰ ਰਿਹਾ। ਇਸ ਮੁਕਾਬਲੇ ਵਿਚ ਕੁੱਲ 22 ਕੁੱਤਿਆਂ ਨੇ ਹਿੱਸਾ ਲਿਆ। ਇਹ ਮੁਕਾਬਲਾ ਗੁਰਦੇਵ ਸਿੰਘ ਗੁੱਜਰਾਂਵਾਲਾ ਦੀ ਕੁੱਤੀ ਲੀਜ਼ਾ ਨੇ ਆਪਣੇ ਨਾਂ ਕੀਤਾ। ਲੜਕੇ ਅੰਡਰ-19 ਵਿਚ ਦੀ 100 ਮੀਟਰ ਦੌੜ 'ਚ ਸ਼ਰਨਦੀਪ ਸਿੰਘ, ਸਾਹਿਲ ਮਹਿਰਾ ਅਤੇ ਜਸ਼ਨਪ੍ਰੀਤ ਸਿੰਘ, 200 ਮੀਟਰ ਵਿਚੋਂ ਸ਼ਰਨਦੀਪ ਸਿੰਘ ਨੂੰ ਪਹਿਲਾ, ਨਵਜੋਤ ਨੂੰ ਦੂਜਾ ਅਤੇ ਜਸ਼ਨਪ੍ਰੀਤ ਸਿੰਘ ਨੂੰ ਤੀਜਾ ਨੰਬਰ ਮਿਲਿਆ, 400 ਮੀਟਰ ਦੌੜ ਵਿਚੋਂ ਜਸ਼ਨਪ੍ਰੀਤ ਸਿੰਘ, ਗੁਰਕੋਮਲ ਸਿੰਘ, ਲਵਜੋਤ ਸਿੰਘ ਨੇ ਕ੍ਰਮਵਾਰ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਪ੍ਰਾਪਤ ਕੀਤੀ। ਲੜਕੀਆਂ ਅੰਡਰ-19 ਦੇ 200 ਮੀਟਰ ਮੁਕਾਬਲੇ ਵਿਚੋਂ ਪਟਿਆਲਾ ਦੀ ਪਰਾਚੀ ਅਤੇ ਰੀਤੂ ਨੂੰ ਕ੍ਰਮਵਾਰ ਪਹਿਲਾ ਅਤੇ ਦੂਜਾ ਜਦਕਿ ਤਰਨ ਤਾਰਨ ਦੀ ਅਮਨਪ੍ਰੀਤ ਕੌਰ ਤੀਜੇ ਸਥਾਨ ਉਤੇ ਆਈ, 400 ਮੀਟਰ ਦੌੜ ਮੁਕਾਬਲੇ ਵਿਚੋਂ ਪਟਿਆਲਾ ਦੀ ਪਰਾਚੀ ਪਹਿਲੇ, ਤਰਨ ਤਾਰਨ ਦੀ ਅਮਨਪ੍ਰੀਤ ਦੂਜੇ ਜਦਕਿ ਲੁਧਿਆਣਾ ਦੀ ਪ੍ਰਵੀਨ ਨੂੰ ਤੀਜਾ ਸਥਾਨ ਮਿਲਿਆ। ਇਕ ਮੀਲ ਸਾਈਕਲ ਰੇਸ ਵਿਚੋਂ ਲੁਧਿਆਣਾ ਦਾ ਸਾਹਿਲ ਪਹਿਲੇ ਜਦਕਿ ਪਟਿਆਲਾ ਦਾ ਅਨਮੋਲਪ੍ਰੀਤ ਅਤੇ ਗੁਰਕਰਨ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ ਉਤੇ ਰਿਹਾ।

### ਬਲਦਾਂ ਦੀਆਂ ਦੌੜਾਂ ਬਾਰੇ ਭਰੋਸਾ

**ਡੇਹਲੋਂ:** ਪੰਜਾਬ ਦੀਆਂ ਪੇਂਡੂ ਖੇਡਾਂ 'ਚ ਛੇਤੀ ਹੀ ਬਲਦਾਂ ਦੀਆਂ ਦੌੜਾਂ ਮੁੜ ਤੋਂ ਸ਼ੁਰੂ ਕਰਵਾਈਆਂ ਜਾਣਗੀਆਂ। ਇਸ ਲਈ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਐਕਟ ਪਾਸ ਕਰਵਾਇਆ ਜਾਵੇਗਾ।

ਇਹ ਐਲਾਨ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੀਤਾ। ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ 'ਚ ਖੇਡਾਂ ਦਾ ਸੱਭਿਆਚਾਰ ਮੁੜ ਤੋਂ ਸਿਰਜਣ ਲਈ ਯਤਨ ਕਰ ਰਹੀ ਹੈ। ਪੰਜਾਬ ਦੇ ਲੋਕ ਜ਼ੋਰ ਦੀਆਂ ਖੇਡਾਂ ਖੇਡਣਾ ਅਤੇ ਦੇਖਣਾ ਜ਼ਿਆਦਾ ਪਸੰਦ ਕਰਦੇ ਹਨ, ਜਿਸ ਕਾਰਨ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਪੇਂਡੂ ਖੇਡ ਮੇਲਿਆਂ 'ਚ ਬਲਦਾਂ ਦੀਆਂ ਦੌੜਾਂ ਮੁੜ ਤੋਂ ਸ਼ੁਰੂ ਕਰਵਾਈਆਂ ਜਾਣ।

# ਅੰਡਰ-19 ਕ੍ਰਿਕਟ: ਭਾਰਤ ਚੌਥੀ ਵਾਰ ਵਿਸ਼ਵ ਚੈਂਪੀਅਨ

**ਮਾਊਂਟ ਮਾਊਂਗਾਨੁਈ:** ਭਾਰਤ ਚੌਥੀ ਵਾਰ ਅੰਡਰ-19 ਵਿਸ਼ਵ ਕ੍ਰਿਕਟ ਕੱਪ ਜਿੱਤ ਕੇ ਵਿਸ਼ਵ ਚੈਂਪੀਅਨ ਬਣ ਗਿਆ। ਭਾਰਤ ਨੇ ਆਸਟਰੇਲੀਆ ਨੂੰ ਅੱਠ ਵਿਕਟਾਂ ਨਾਲ ਕਰਾਰੀ ਮਾਤ ਦੇ ਕੇ ਕ੍ਰਿਕਟ ਕੱਪ ਉਤੇ ਕਬਜ਼ਾ ਕੀਤਾ।



ਭਾਰਤੀ ਗੇਂਦਬਾਜ਼ਾਂ ਨੇ ਦਮਦਾਰ ਪ੍ਰਦਰਸ਼ਨ ਕਰਦਿਆਂ ਪਹਿਲਾਂ ਬੱਲੇਬਾਜ਼ੀ ਲਈ ਉਤਰੀ ਆਸਟਰੇਲੀਅਨ ਟੀਮ ਨੂੰ 216 ਦੌੜਾਂ ਉਤੇ ਹੀ ਢੇਰ ਕਰ ਦਿੱਤਾ। ਇਸ ਬਾਅਦ ਭਾਰਤੀ ਗੱਭਰੂਆਂ ਨੇ 217 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਸ਼ਾਨਦਾਰ ਬੱਲੇਬਾਜ਼ੀ ਕੀਤੀ ਅਤੇ ਮਹਿਜ਼ 38.5 ਓਵਰਾਂ ਵਿਚ ਹੀ ਦੋ ਵਿਕਟਾਂ ਦੇ ਨੁਕਸਾਨ ਉਤੇ ਖਿਤਾਬ ਆਪਣੇ ਨਾਂ ਕਰ ਲਿਆ। ਇਸ ਜਿੱਤ ਨਾਲ ਭਾਰਤ ਸਭ ਤੋਂ ਵੱਧ ਵਾਰ ਅੰਡਰ-19 ਵਿਸ਼ਵ ਕੱਪ ਜਿੱਤਣ ਵਾਲਾ ਦੇਸ਼ ਬਣ ਗਿਆ ਹੈ।

ਭਾਰਤ ਵੱਲੋਂ ਖੇਡ ਰਹੇ ਦਿੱਲੀ ਦੇ ਮਨਜੋਤ ਕਾਲੜਾ ਨੇ ਨਾਬਾਦ ਸੈਂਕੜਾ (101 ਦੌੜਾਂ) ਜੜਿਆ। ਕਪਤਾਨ ਪ੍ਰਿਥਵੀ ਸ਼ਾਅ ਦੇ ਆਊਟ ਹੋਣ ਮਗਰੋਂ ਕਾਲੜਾ ਨੇ ਪਾਰੀ ਨੂੰ ਸੰਭਾਲਿਆ ਅਤੇ ਸ਼ੁਭਮਨ ਗਿੱਲ ਮਗਰੋਂ ਉਹ ਇਸ ਟੂਰਨਾਮੈਂਟ 'ਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਦੂਜਾ ਬੱਲੇਬਾਜ਼ ਬਣ ਗਿਆ ਹੈ। ਗੌਰਤਲਬ ਹੈ ਕਿ ਛੇ ਸਾਲ ਪਹਿਲਾਂ ਭਾਰਤ ਨੇ ਆਸਟਰੇਲੀਆ 'ਚ ਉਨਮੁਕਤ ਚੰਦ ਦੀ ਕਪਤਾਨੀ ਹੇਠ ਮੇਜ਼ਬਾਨ ਟੀਮ ਨੂੰ ਹਰਾ ਕੇ ਖਿਤਾਬ ਚੁੰਮਿਆ ਸੀ। ਭਾਰਤ ਵੱਲੋਂ ਕਪਤਾਨ ਸ਼ਾਅ ਨੇ 29 ਦੌੜਾਂ, ਗਿੱਲ ਨੇ 31 ਅਤੇ ਹਾਰਦਿਕ ਦੇਸਾਈ ਨੇ ਨਾਬਾਦ 47 ਦੌੜਾਂ ਬਣਾਈਆਂ। ਕਾਲੜਾ ਦਾ ਪ੍ਰਦਰਸ਼ਨ ਲਾਜਵਾਬ ਰਿਹਾ ਅਤੇ ਉਸ ਨੇ ਕੰਗਾਰੂ ਸਪਿੰਨਰਾਂ ਦੀਆਂ ਛਾਲਾਂ ਚੁਕਾਈ ਰੱਖੀਆਂ। ਉਸ ਨੇ ਆਪਣੀ ਪਾਰੀ ਵਿਚ ਤਿੰਨ ਛੱਕੇ ਤੇ ਅੱਠ ਚੌਕੇ ਜੜੇ। ਆਸਟਰੇਲੀਅਨ ਟੀਮ ਵੱਲੋਂ ਜੋਨਾਥਨ ਮਾਰਲੋ ਨੇ 76 ਦੌੜਾਂ ਬਣਾਈਆਂ। ਭਾਰਤੀ ਖੱਬੂ ਸਪਿੰਨਰਾਂ ਸ਼ਿਵਾ ਸਿੰਘ ਤੇ ਅਨੁਕੂਲ ਰੌਇ ਨੇ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਆਸਟਰੇਲੀਅਨ ਟੀਮ ਨੂੰ 216 ਦੌੜਾਂ ਉਤੇ ਸਮੇਟ ਦਿੱਤਾ। ਚੰਗੇ ਸਕੋਰ ਵੱਲ ਵੱਧ ਰਹੀ ਆਸਟਰੇਲੀਅਨ ਟੀਮ ਨੇ ਆਖਰੀ ਛੇ ਵਿਕਟਾਂ ਮਹਿਜ਼ 33 ਦੌੜਾਂ ਅੰਦਰ ਹੀ ਗੁਆ ਦਿੱਤੀਆਂ। ਆਸਟਰੇਲੀਆ ਵੱਲੋਂ ਪਰਮ ਉਪਲ ਨੇ 34 ਅਤੇ ਨਾਥਨ ਮੈਕਸਵਿਨੀ ਨੇ 23 ਦੌੜਾਂ ਦਾ ਯੋਗਦਾਨ ਪਾਇਆ। ਭਾਰਤ ਦੇ ਅਨੁਕੂਲ ਨੇ 32 ਦੌੜਾਂ ਦੇ ਕੇ 2 ਵਿਕਟਾਂ ਹਾਸਲ ਕੀਤੀਆਂ।


ਬੱਲੇਬਾਜ਼ ਜੈਕ ਐਡਵਰਡਜ਼ (28) ਅਤੇ ਮੈਕਸ ਬਰਾਇੰਟ (14) ਤੇਜ਼ ਗੇਂਦਬਾਜ਼ ਇਸ਼ਾਨ (30/2) ਦਾ ਸ਼ਿਕਾਰ ਬਣੇ। ਭਾਰਤ ਦੇ ਕਮਲੇਸ਼ ਨਾਗਰਕੋਟੀ ਨੇ 41 ਦੌੜਾਂ ਦੇ ਕੇ ਦੋ ਵਿਕਟਾਂ ਝਟਕਾਈਆਂ। ਮੁਹਾਲੀ ਦੇ ਸ਼ੁਭਮਨ ਗਿੱਲ ਨੂੰ 'ਪਲੇਅਰ ਆਫ ਦਿ ਟੂਰਨਾਮੈਂਟ' ਅਤੇ ਮਨੋਜ ਕਾਲੜਾ ਨੂੰ 'ਮੈਨ ਆਫ ਦਿ ਮੈਚ' ਐਲਾਨਿਆ ਗਿਆ। ਰਾਸ਼ਟਰਪਤੀ ਰਾਮਨਾਥ ਕੋਵਿੰਦ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤੀ ਕ੍ਰਿਕਟ ਟੀਮ ਨੂੰ ਵਿਸ਼ਵ ਕੱਪ ਜਿੱਤਣ 'ਤੇ ਮੁਬਾਰਕਬਾਦ ਦਿੱਤੀ। ਟੀਮ ਨੂੰ ਵਧਾਈਆਂ ਦੇਣ ਵਾਲਿਆਂ 'ਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ, ਸਚਿਨ ਤੇਂਦੁਲਕਰ ਤੇ ਸੀਨੀਅਰ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਵੀ ਸ਼ਾਮਲ ਹਨ।

### ਕੋਚ ਤੇ ਖਿਡਾਰੀਆਂ ਉਤੇ ਨੋਟਾਂ ਦਾ ਮੀਂਹ

**ਨਵੀਂ ਦਿੱਲੀ:** ਬੀ.ਸੀ.ਸੀ.ਆਈ. ਨੇ ਅੰਡਰ-19 ਵਿਸ਼ਵ ਕੱਪ ਜਿੱਤਣ ਵਾਲੀ ਟੀਮ ਦੇ ਖਿਡਾਰੀਆਂ ਨੂੰ 30-30 ਲੱਖ ਰੁਪਏ ਨਗਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਇਸ ਟੀਮ ਦੇ ਕੋਚ ਰਾਹੁਲ ਦ੍ਰਾਵਿੜ ਨੂੰ 50 ਲੱਖ ਰੁਪਏ ਦੇ ਕੇ ਸਨਮਾਨਿਆ ਜਾਵੇਗਾ। ਟੀਮ ਦੇ ਸਹਿਯੋਗੀ ਸਟਾਫ ਫੀਲਡਿੰਗ ਕੋਚ ਅਭੈ ਸ਼ਰਮਾ ਤੇ ਗੇਂਦਬਾਜ਼ੀ ਕੋਚ ਪਾਰਸ ਮਹਾਂਬਰੇ ਨੂੰ 20-20 ਲੱਖ ਇਨਾਮ ਵਜੋਂ ਦਿੱਤੇ ਜਾਣਗੇ।

### ਪੰਜਾਬ ਦਾ ਸ਼ੁਭਮਨ ਬਣਿਆ ਹੀਰੋ


**ਨਵੀਂ ਦਿੱਲੀ:** ਸੈਮੀ ਫਾਈਨਲ ਮੁਕਾਬਲੇ ਵਿਚ ਸੈਂਕੜਾ ਲਗਾ ਕੇ ਪਾਕਿਸਤਾਨ 'ਤੇ ਸ਼ਾਨਦਾਰ ਜਿੱਤ ਦਵਾਉਣ ਵਾਲਾ ਸ਼ੁਭਮਨ ਗਿੱਲ ਚਰਚਾ ਵਿਚ ਹੈ। ਸ਼ੁਭਮਨ ਗਿੱਲ ਨੂੰ 'ਪਲੇਅਰ ਆਫ ਦਿ ਟੂਰਨਾਮੈਂਟ' ਐਲਾਨਿਆ ਗਿਆ। ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਫਾਜ਼ਿਲਕਾ ਸ਼ਹਿਰ ਦੇ 18 ਸਾਲ ਕ੍ਰਿਕਟਰ ਉਤੇ ਆਈ.ਪੀ.ਐਲ. ਨੀਲਾਮੀ ਵਿਚ ਵੀ ਪੈਸਿਆਂ ਦਾ ਮੀਂਹ ਵਰ੍ਹਿਆ ਸੀ। ਕੋਲਕਾਤਾ ਨਾਈਟ ਰਾਈਡਰਜ਼ ਨੇ ਸ਼ੁਭਮਨ ਨੂੰ 1.8 ਕਰੋੜ ਰੁਪਏ ਵਿਚ ਖਰੀਦਿਆ। ਆਪਣੇ ਪੋਤੇ ਦੀ ਸ਼ਾਨਦਾਰ ਪ੍ਰਾਪਤੀ 'ਤੇ ਸ਼ੁਭਮਨ ਦੇ ਦਾਦਾ-ਦਾਦੀ ਬਹੁਤ ਖੁਸ਼ ਹਨ। ਸ਼ੁਭਮਨ ਦੇ ਦਾਦਾ ਦੀਦਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪੋਤੇ ਨੇ ਜੋ ਦੇਸ਼ ਲਈ ਕਰ ਵਿਖਾਇਆ ਹੈ, ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।



# ਇਮੀਗਰੇਸ਼ਨ ਨੀਤੀ: ਭਾਰਤੀ ਕਾਮਿਆਂ ਵੱਲੋਂ ਟਰੰਪ ਦੇ ਹੱਕ ਵਿਚ ਰੈਲੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਇਮੀਗਰੇਸ਼ਨ ਸਬੰਧੀ ਨੀਤੀ ਦੀ ਹਮਾਇਤ ਵਿਚ ਹਜ਼ਾਰਾਂ ਹੁਨਰਮੰਦ ਭਾਰਤੀ ਵਰਕਰਾਂ ਨੇ ਆਪਣੇ ਬੱਚਿਆਂ ਅਤੇ ਪਤਨੀਆਂ ਨਾਲ ਮਿਲ ਕੇ ਵ੍ਹਾਈਟ ਹਾਊਸ ਸਾਹਮਣੇ ਰੈਲੀ ਕੀਤੀ। ਕੈਲੀਫੋਰਨੀਆ, ਟੈਕਸਸ, ਸ਼ਿਕਾਗੋ, ਫਲੋਰਿਡਾ, ਨਿਊ ਯਾਰਕ ਅਤੇ ਮੈਸਾਚੁਸੈਟਸ ਤੋਂ ਆਏ ਇਨ੍ਹਾਂ ਭਾਰਤੀਆਂ ਨੇ ਟਰੰਪ ਨੂੰ ਬੇਨਤੀ ਕੀਤੀ ਕਿ ਉਹ ਕਾਨੂੰਨੀ ਤੌਰ ਉਤੇ ਪੱਕੀ ਨਾਗਰਿਕਤਾ ਸਬੰਧੀ ਹਰ ਮੁਲਕ ਦੀ ਹੱਦ ਨੂੰ ਖਤਮ ਕਰਨ ਤਾਂ ਜੋ ਹੁਨਰਮੰਦ ਭਾਰਤੀਆਂ ਦੇ ਵੱਡੀ ਗਿਣਤੀ 'ਚ ਰੁਕੇ ਹੋਏ ਗਰੀਨ ਕਾਰਡਾਂ ਦੀ ਉਡੀਕ ਖਤਮ ਹੋ ਸਕੇ। ਇਹ ਭਾਰਤੀ ਪਿਛਲੇ ਕਈ ਵਰ੍ਹਿਆਂ ਤੋਂ ਅਮਰੀਕਾ 'ਚ ਰਹਿ ਰਹੇ ਹਨ ਅਤੇ ਕਈ ਤਾਂ ਪਿਛਲੇ ਇਕ ਦਹਾਕੇ ਤੋਂ ਵਧ ਸਮੇਂ ਤੋਂ ਉਥੇ ਵਸੇ ਹੋਏ ਹਨ।

ਰੈਲੀ ਨੂੰ ਸੰਬੋਧਨ ਕਰਦਿਆਂ ਰਿਪਬਲੀਕਨ ਹਿੰਦੂ ਕੋਲੀਸ਼ਨ ਦੇ ਕੌਮੀ ਨੀਤੀ ਅਤੇ ਸਿਆਸੀ ਡਾਇਰੈਕਟਰ ਕ੍ਰਿਸ਼ਨਾ ਬਾਂਸਲ ਨੇ ਕਿਹਾ, ''ਅਸੀਂ ਮੈਰਿਟ ਆਧਾਰਤ ਇਮੀਗਰੇਸ਼ਨ ਨੀਤੀ ਉਤੇ ਗੰਭੀਰਤਾ ਨਾਲ ਵਿਚਾਰ ਰਹੇ ਹਾਂ। ਇਸ ਨਾਲ ਅਮਰੀਕਾ 'ਚ ਖੁਸ਼ਹਾਲੀ ਆਏਗੀ ਅਤੇ ਤੇਜ਼ੀ ਨਾਲ ਮੁਲਕ ਦਾ ਆਰਥਿਕ ਵਿਕਾਸ ਹੋਵੇਗਾ।'' ਟਰੰਪ ਨੂੰ ਹਮਾਇਤ ਦੇਣ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਵ੍ਹਾਈਟ ਹਾਊਸ ਅਤੇ ਕਾਨੂੰਨਸਾਜ਼ਾਂ ਨਾਲ ਵਿਆਪਕ ਇਮੀਗਰੇਸ਼ਨ ਬਿੱਲ ਲਿਆਉਣ ਬਾਰੇ ਉਨ੍ਹਾਂ ਦਾ ਧੜਾ ਕੰਮ ਕਰ ਰਿਹਾ ਹੈ ਜਿਸ 'ਚ ਇਹ ਸਾਰੀਆਂ ਗੱਲਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਸ੍ਰੀ ਬਾਂਸਲ ਨੇ ਕਿਹਾ ਕਿ ਭਾਰਤ ਦੇ ਹਜ਼ਾਰਾਂ ਹੁਨਰਮੰਦ ਮਾਹਿਰਾਂ ਨੂੰ ਗਰੀਨ ਕਾਰਡ ਦੇਣ ਨਾਲ ਉਨ੍ਹਾਂ ਦੀ ਪੂਰੀ ਸਮਰੱਥਾ ਦਾ ਲਾਹਾ ਲਿਆ ਜਾ ਸਕੇਗਾ।




ਰੈਲੀ ਦੌਰਾਨ ਕਈ ਸਾਫਟਵੇਅਰ ਇੰਜੀਨੀਅਰ ਵੀ ਹਾਜ਼ਰ ਸਨ ਅਤੇ ਉਨ੍ਹਾਂ ਬੈਨਰ ਅਤੇ ਪੋਸਟਰ ਹੱਥਾਂ 'ਚ ਫੜੇ ਹੋਏ ਸਨ ਜਿਨ੍ਹਾਂ ਉਤੇ 'ਗਰੀਨ ਕਾਰਡ ਬੈਕਲਾਗ 'ਤੇ ਕਟੌਤੀ ਖਤਮ ਕਰੋ, ਸਖਤੀ ਨਾਲ ਮੈਰਿਟ ਆਧਾਰਤ ਅੰਕ ਪ੍ਰਣਾਲੀ ਲਾਗੂ ਕਰੋ, ਮੁਲਕਾਂ 'ਚੋਂ ਪਰਵਾਸੀਆਂ ਦੀ ਹੱਦ ਸੀਮਾ ਖਤਮ ਕਰੋ, ਕਾਨੂੰਨੀ ਡਰੀਮਰਜ਼ ਦੀ ਹਮਾਇਤ ਕਰਨ ਦੀ ਲੋੜ ਅਤੇ ਅਸੀਂ ਟਰੰਪ ਨੂੰ ਹਮਾਇਤ ਦਿੰਦੇ ਹਾਂ' ਵਰਗੇ ਨਾਅਰੇ ਲਿਖੇ ਹੋਏ ਸਨ। ਵ੍ਹਾਈਟ ਹਾਊਸ 'ਤੇ ਟਰੰਪ ਪੱਖੀ ਇਮੀਗਰੇਸ਼ਨ ਰੈਲੀਆਂ 'ਚੋਂ ਇਹ ਇਕ ਵੱਡੀ ਰੈਲੀ ਸੀ। ਵਰਜੀਨੀਆ ਦੇ ਰੋਨਲਡ ਰੀਗਨ ਮਿਡਲ ਸਕੂਲ 'ਚ ਪੜ੍ਹਦੀ ਅਕਸ਼ਿਤਾ ਰਮੇਸ਼ (13) ਨੇ ਕਿਹਾ ਕਿ ਗਰੀਨ ਕਾਰਡ ਬੈਕਲਾਗ ਹੁਨਰਮੰਦ ਪਰਵਾਸੀਆਂ ਨੂੰ ਪਰੇਸ਼ਾਨ ਕਰ ਰਹੇ ਹਨ ਜੋ ਬਿਹਤਰ ਜ਼ਿੰਦਗੀ ਲਈ ਇਸ ਮੁਲਕ 'ਚ ਆਏ ਸਨ। ਰਿਪਬਲੀਕਨ ਹਿੰਦੂ ਕੋਲੀਸ਼ਨ ਮੁਤਾਬਕ ਭਾਰਤ ਦੇ ਤਕਰੀਬਨ ਦੋ ਲੱਖ ਬੱਚੇ ਅਮਰੀਕਾ 'ਚ ਹਨ ਜਿਨ੍ਹਾਂ ਕਦੇ ਕਾਨੂੰਨ ਨਹੀਂ ਤੋੜਿਆ ਪਰ 21 ਸਾਲ ਦੀ ਉਮਰ ਹੋਣ ਕਰ ਕੇ ਉਨ੍ਹਾਂ ਨੂੰ ਮੁਲਕ ਪਰਤਣਾ ਪਏਗਾ ਕਿਉਂਕਿ ਉਨ੍ਹਾਂ ਦੇ ਮਾਪਿਆਂ ਨੂੰ ਗਰੀਨ ਕਾਰਡ ਦੀ ਉਡੀਕ ਕਰਨੀ ਪੈ ਰਹੀ ਹੈ।

# ਡਾ. ਜੋਗਿੰਦਰ ਸਿੰਘ ਕੈਰੋਂ ਦਾ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨ

**ਚੰਡੀਗੜ੍ਹ (ਬਿਊਰੋ):** ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਨੇ ਉਘੇ ਆਲੋਚਕ ਅਤੇ ਸਾਹਿਤਕਾਰ ਡਾ. ਜੋਗਿੰਦਰ ਸਿੰਘ ਕੈਰੋਂ ਦਾ ਸਾਹਿਤ ਦੇ ਖੇਤਰ ਵਿਚ ਪਾਏ ਗਏ ਵਡਮੁੱਲੇ ਯੋਗਦਾਨ ਲਈ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨ ਕੀਤਾ ਹੈ। ਸਨਮਾਨ ਵਿਚ ਸੋਭਾ ਪੱਤਰ, ਸਨਮਾਨ ਚਿੰਨ੍ਹ ਅਤੇ ਇੱਕ ਲੱਖ ਰੁਪਏ ਨਗਦ ਸ਼ਾਮਲ ਹੈ। ਇਹ ਸਨਮਾਨ ਉਨ੍ਹਾਂ ਇਥੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਕਲਾ ਪ੍ਰੀਸ਼ਦ ਦੇ ਪ੍ਰਧਾਨ ਡਾ. ਸੁਰਜੀਤ ਸਿੰਘ ਪਾਤਰ ਤੋਂ ਹਾਸਲ ਕੀਤਾ। ਸਨਮਾਨ ਹਾਸਲ ਕਰਨ 'ਤੇ ਡਾ. ਕੈਰੋਂ ਨੇ ਖੁਸ਼ੀ ਪ੍ਰਗਟਾਉਂਦਿਆਂ ਸ. ਸਿੱਧੂ ਅਤੇ ਡਾ. ਪਾਤਰ ਦਾ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ ਡਾ. ਜੋਗਿੰਦਰ ਸਿੰਘ ਕੈਰੋਂ ਦੀਆਂ 40 ਦੇ ਕਰੀਬ ਕਿਤਾਬਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ, ਜਿਨ੍ਹਾਂ ਵਿਚ ਲੋਕਧਾਰਾ ਨਾਲ ਸਬੰਧਤ ਆਲੋਚਨਾ ਅਤੇ ਖੋਜ, ਨਾਵਲ, ਜੀਵਨੀਆਂ, ਅਨੁਵਾਦ, ਖੋਜ ਅਤੇ ਸਫਰਨਾਮੇ ਸ਼ਾਮਿਲ ਹਨ। ਉਹ ਮੈਗਜ਼ੀਨ 'ਸ਼ਿਲਾਲੇਖ' ਨੂੰ ਸਫਲਤਾ ਪੂਰਵਕ ਚਲਾ ਰਹੇ ਹਨ। ਉਨ੍ਹਾਂ ਦਾ ਨਾਵਲ 'ਨਾਦ ਬਿੰਦ' ਪਿਛਲੇ 15 ਸਾਲਾਂ ਤੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਐਮ. ਏ. ਪੰਜਾਬੀ ਦੇ ਸਿਲੇਬਸ 'ਚ ਪੜ੍ਹਾਇਆ ਜਾ ਰਿਹਾ ਹੈ। ਨੈਸ਼ਨਲ ਬੁੱਕ ਟਰੱਸਟ ਨੇ 'ਨਾਦ ਬਿੰਦ' ਨੂੰ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਦਾ ਫੈਸਲਾ ਕੀਤਾ ਹੈ ਜਦਕਿ ਹਿੰਦੀ 'ਚ ਇਹ ਪਹਿਲਾਂ ਹੀ ਅਨੁਵਾਦ ਹੋ ਚੁਕਾ ਹੈ।



*ਨਵਜੋਤ ਸਿੰਘ ਸਿੱਧੂ ਅਤੇ ਡਾ. ਸੁਰਜੀਤ ਪਾਤਰ ਤੋਂ ਸਨਮਾਨ ਹਾਸਲ ਕਰਦੇ ਹੋਏ ਡਾ. ਜੋਗਿੰਦਰ ਸਿੰਘ ਕੈਰੋਂ*

# ਮਾਣਿਕ ਸਰਕਾਰ ਸਭ ਤੋਂ ਗਰੀਬ ਮੁੱਖ ਮੰਤਰੀ

**ਅਗਰਤਲਾ:** ਤ੍ਰਿਪੁਰਾ ਦੇ ਕਮਿਊਨਿਸਟ ਮੁੱਖ ਮੰਤਰੀ ਮਾਣਿਕ ਸਰਕਾਰ ਦੇਸ਼ ਦੇ ਸਭ ਤੋਂ ਗਰੀਬ ਮੁੱਖ ਮੰਤਰੀ ਗਿਣੇ ਜਾਂਦੇ ਹਨ। ਉਨ੍ਹਾਂ ਕੋਲ ਕੁੱਲ 1520 ਰੁਪਏ ਨਗਦੀ ਹੈ। ਬਜ਼ੁਰਗ ਕਮਿਊਨਿਸਟ ਆਗੂ ਮਾਣਿਕ ਸਰਕਾਰ ਨੇ ਵਿਧਾਨ ਸਭਾ ਚੋਣਾਂ ਲਈ ਧਨਪੁਰ ਸੀਟ ਤੋਂ ਆਪਣਾ ਨਾਮਜ਼ਦਗੀ ਕਾਗਜ਼ ਦਾਖਲ ਕੀਤਾ। ਇਸ ਮੌਕੇ ਦਿੱਤੇ ਐਫੀਡੇਵਿਟ ਰਾਹੀਂ ਮਾਣਿਕ ਸਰਕਾਰ ਨੇ ਆਪਣੀ ਨਿੱਜੀ ਸਥਿਤੀ ਨੂੰ ਜਨਤਕ ਕੀਤਾ ਹੈ।

ਸੀ.ਪੀ.ਆਈ. (ਐਮ) ਦੀ ਪੋਲਿਟ ਬਿਊਰੋ ਦੇ ਮੈਂਬਰ ਤੇ ਤ੍ਰਿਪੁਰਾ ਦੇ ਮੁੱਖ ਮੰਤਰੀ ਮਾਣਿਕ ਸਰਕਾਰ ਦੇ ਤਾਜ਼ਾ ਐਫੀਡੇਵਿਟ ਅਨੁਸਾਰ ਇਸ ਸਾਲ 20 ਜਨਵਰੀ ਨੂੰ ਉਨ੍ਹਾਂ ਦਾ ਬੈਂਕ ਬੈਲੇਂਸ 2410 ਰੁਪਏ 16 ਪੈਸੇ ਸੀ। ਸਾਲ 2013 ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮਾਣਿਕ ਸਰਕਾਰ ਨੇ ਜੋ ਐਫੀਡੇਵਿਟ ਦਾਖਲ ਕੀਤਾ ਸੀ, ਉਸ ਵਿਚ ਉਨ੍ਹਾਂ ਨੇ ਆਪਣਾ ਬੈਂਕ ਬੈਲੇਂਸ 9720 ਰੁਪਏ 38 ਪੈਸੇ ਦਿਖਾਇਆ ਸੀ। ਮਾਣਿਕ ਸਰਕਾਰ ਲਗਾਤਾਰ ਪੰਜ ਵਾਰੀ ਤ੍ਰਿਪੁਰਾ ਦੇ ਮੁੱਖ ਮੰਤਰੀ ਹਨ। ਭਾਰਤ ਵਿਚ ਸਾਰੇ ਮੌਜੂਦਾ ਮੁੱਖ ਮੰਤਰੀਆਂ ਵਿਚ ਉਹ ਸਭ ਤੋਂ ਲੰਮਾ ਸਮਾਂ ਮੁੱਖ ਮੰਤਰੀ ਰਹੇ ਹਨ। ਉਹ ਪਹਿਲੀ ਵਾਰ ਸਾਲ 1998 ਵਿਚ ਤ੍ਰਿਪੁਰਾ ਦੇ ਮੁੱਖ ਮੰਤਰੀ ਬਣੇ ਸਨ। 69 ਸਾਲਾ ਮਾਣਿਕ ਸਰਕਾਰ ਮੁੱਖ ਮੰਤਰੀ ਹੋਣ ਦੇ ਨਾਤੇ ਮਿਲਣ ਵਾਲੀ ਆਪਣੀ ਪੂਰੀ ਤਨਖਾਹ ਪਾਰਟੀ ਨੂੰ ਦੇ ਦਿੰਦੇ ਹਨ। ਬਦਲੇ ਵਿਚ ਉਨ੍ਹਾਂ ਨੂੰ ਪਾਰਟੀ ਵੱਲੋਂ 10 ਹਜ਼ਾਰ ਰੁਪਏ ਮਹੀਨਾ ਗੁਜ਼ਾਰਾ ਭੱਤਾ ਮਿਲਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਪੰਜ ਵਾਰ ਮੁੱਖ ਮੰਤਰੀ ਬਣ ਚੁੱਕੇ ਮਾਣਿਕ ਸਰਕਾਰ ਆਪਣੇ ਕੋਲ ਮੋਬਾਈਲ ਫੋਨ ਵੀ ਨਹੀਂ ਰੱਖਦੇ। ਮਾਣਿਕ ਸਰਕਾਰ 6ਵੀਂ ਵਾਰ ਮੁੱਖ ਮੰਤਰੀ ਬਣਨ ਲਈ ਚੋਣ ਮੈਦਾਨ ਵਿਚ ਉਤਰੇ ਹਨ।


Friends Of Punjab Foundation




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

www.friendsofpunjabfoundation.org



ਧਾਰਮਿਕ ਆਜ਼ਾਦੀ ਦੀ ਪਹਿਲੀ ਜਿੱਤ
52 ਰਾਜਿਆਂ ਦੀ ਰਿਹਾਈ

ਬੰਦੀ ਛੋੜ ਦਿਵਸ ਦੀ ਲੱਖ ਲੱਖ ਵਧਾਈ

ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਬੰਦੀ ਛੋੜ ਦਿਵਸ ਪਹਿਲੀ ਫੱਗਣ (12 ਫਰਵਰੀ 2018, ਸੋਮਵਾਰ) ਨੂੰ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਵਿਖੇ ਮਨਾਇਆ ਜਾਵੇਗਾ। ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਰਿਹਾਈ ਸਬੰਧੀ ਖਾਸ ਦੀਵਾਨ ਸਜਣਗੇ। ਸ਼ਬਦ ਕੀਰਤਨ ਉਪਰੰਤ ਪੰਥਕ ਵਿਦਵਾਨ ਬੰਦੀ ਛੋੜ ਦਿਵਸ ਸਬੰਧੀ ਵਿਚਾਰਾਂ ਕਰਨਗੇ। ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਨੂੰ ਬੇਨਤੀ ਹੈ ਕਿ ਇਹ ਦਿਹਾੜਾ ਸ਼ਰਧਾ ਤੇ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇ।

ਬੰਦੀ ਛੋੜ ਦਿਵਸ ਸਬੰਧੀ ਸਮਾਗਮ

ਪਹਿਲੀ ਫੱਗਣ 12 ਫਰਵਰੀ 2018, ਸੋਮਵਾਰ
ਸ਼ਾਮ 6 ਵਜੇ ਤੋਂ 8:30 ਵਜੇ ਤੱਕ ਸ਼ਬਦ ਕੀਰਤਨ
7 ਫੱਗਣ 18 ਫਰਵਰੀ 2018, ਐਤਵਾਰ
ਸਵੇਰੇ 9 ਵਜੇ ਤੋਂ 1:30 ਵਜੇ ਤੱਕ

SIKH Religious Society
PALATINE GURDWARA

Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

# ਨੰਨ੍ਹਾ ਸਾਜ਼-ਨਵਾਜ਼

## 12 ਵਰ੍ਹਿਆਂ ਦਾ ਨੀਲ ਨੱਯਰ 44 ਸਾਜ਼ ਵਜਾਉਣ ਦਾ ਮਾਹਰ

ਕਲਾ ਪਰਿਕਰਮਾ

ਐਲਕ ਗਰੋਵ (ਕੈਲੀਫੋਰਨੀਆ) ਵਿਚ ਰਹਿੰਦਾ 12 ਵਰ੍ਹਿਆਂ ਦਾ ਨੀਲ ਨਈਅਰ ਸੱਤਵੇਂ ਗਰੇਡ ਦਾ ਵਿਦਿਆਰਥੀ ਹੈ, ਪਰ ਇਸ ਵੇਲੇ ਉਹ 45 ਸੰਗੀਤ ਸਾਜ਼ ਵਜਾ ਲੈਂਦਾ ਹੈ। ਉਸ ਦਾ ਨਿਸ਼ਾਨਾ ਹੈ ਕਿ ਜਦੋਂ ਤਕ ਉਹ ਆਪਣਾ 13ਵਾਂ ਸਾਲ ਪੂਰਾ ਕਰੇਗਾ, ਉਹ ਸੈਂਕੜਾ ਮਾਰ ਲਵੇਗਾ, ਭਾਵ 100 ਸਾਜ਼ ਵਜਾਉਣੇ ਸਿੱਖ ਲਵੇਗਾ।

ਨੀਲ ਨਈਅਰ ਮਸਾਂ ਪੰਜ ਵਰ੍ਹਿਆਂ ਦਾ ਸੀ, ਜਦੋਂ ਉਸ ਦੇ ਮਾਪਿਆਂ ਨੂੰ ਉਸ ਦੀ ਇਸ ਪ੍ਰਤਿਭਾ ਬਾਰੇ ਚਾਨਣਾ ਹੋਇਆ। ਉਨ੍ਹਾਂ ਤੁਰੰਤ ਉਸ ਨੂੰ ਸਾਜ਼ ਵਿੱਦਿਆ ਵਾਲੇ ਪਾਸੇ ਲਾ ਦਿੱਤਾ। ਸਭ ਤੋਂ ਪਹਿਲਾਂ ਉਸ ਨੇ ਤਬਲਾ (ਡਰੰਮ) ਵਜਾਉਣਾ ਸਿੱਖਣ ਦੀਆਂ ਕਲਾਸਾਂ ਲਾਈਆਂ, ਪਰ ਦੋ ਦਿਨਾਂ ਅੰਦਰ ਹੀ ਕਮਾਲ ਹੋ ਗਈ।

**ਜਗਜੀਤ ਸਿੰਘ ਸੇਖੋਂ**

ਇਸ ਵਿਸ਼ੇਸ਼ ਘਟਨਾ ਨਾਲ ਸਭ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਉਸ ਨੇ ਦੋ ਦਿਨਾਂ ਵਿਚ ਹੀ ਤਬਲਾ ਵਜਾਉਣ ਦੀ ਇੰਨੀ ਕੁ ਮੁਹਾਰਤ ਹਾਸਲ ਕਰ ਲਈ ਸੀ, ਜਿੰਨੀ ਕੋਈ ਨਵਾਂ ਵਿਦਿਆਰਥੀ ਦੋ ਸਾਲ ਦੀ ਮਿਹਨਤ ਤੋਂ ਬਾਅਦ ਸਿੱਖਦਾ ਹੈ। ਬੱਸ ਫਿਰ ਇਸ ਤੋਂ ਬਾਅਦ ਤਾਂ ਚੱਲ ਸੋ ਚੱਲ!

ਅੱਜ ਕੱਲ੍ਹ ਉਹ ਹਰ ਰੋਜ਼ ਛੇ ਘੰਟੇ ਰਿਆਜ਼ ਕਰਦਾ ਹੈ ਅਤੇ ਇਨ੍ਹਾਂ ਛੇ ਘੰਟਿਆਂ ਦੌਰਾਨ ਉਸ ਨੂੰ ਆਪਣਾ ਆਪ ਸੰਪੂਰਨ ਹੋਇਆ ਲੱਗਦਾ ਹੈ। ਉਸ ਨੂੰ ਜਾਪਦਾ ਹੈ, ਜਿਵੇਂ ਸਾਜ਼ ਵਜਾਉਂਦਿਆਂ ਉਹ ਆਰਾਮ ਫਰਮਾ ਰਿਹਾ ਹੋਵੇ। ਸਾਜ਼ਾਂ ਵਿਚੋਂ ਸਿਤਾਰ ਅਤੇ ਚੀਨੀ ਸਾਜ਼ ਗੁਜ਼ੇਂਗ ਉਸ ਨੂੰ ਬਹੁਤ ਨਿਆਰੇ ਅਤੇ ਵਿਲੱਖਣ ਲੱਗਦੇ ਹਨ। ਇਹ ਦੋਵੇਂ ਸਾਜ਼ ਉਹ ਬਹੁਤ ਚਾਅ ਨਾਲ ਵਜਾਉਂਦਾ ਹੈ। ਇਸ ਵੇਲੇ ਨੀਲ ਨਈਅਰ 12 ਸੰਗੀਤ ਮਾਹਿਰਾਂ ਤੋਂ ਇਹ ਸਾਜ਼ ਵਿੱਦਿਆ ਲੈ ਰਿਹਾ ਹੈ। ਆਪਣੇ ਜਿਹੜੇ ਗੁਰੂਆਂ ਕੋਲ ਉਹ ਸਿੱਧਾ ਨਹੀਂ ਜਾ ਸਕਦਾ, ਉਨ੍ਹਾਂ ਤੋਂ ਉਹ ਇਹ ਵਿੱਦਿਆ 'ਸਕਾਈਪ' ਰਾਹੀਂ ਲੈਂਦਾ ਹੈ। ਉਹ ਤਾਂ ਹੁਣ ਆਪਣੀ ਪੜ੍ਹਾਈ ਵੀ ਆਨਲਾਈਨ ਹੀ ਕਰ ਰਿਹਾ ਹੈ। ਉਸ ਦੇ ਇਹ ਉਸਤਾਦ ਭਾਰਤ, ਇਟਲੀ ਅਤੇ ਚੀਨ ਨਾਲ ਸਬੰਧਤ ਹਨ। ਆਪਣੇ ਸਾਜ਼ ਅਧਿਆਪਕਾਂ ਵਿਚੋਂ ਉਹ ਭਾਰਤ ਦੀ ਚੋਟੀ ਦੇ ਵਾਇਲਨ ਵਾਦਕਾਂ ਵਿਚੋਂ ਇਕ ਬੀਬੀ ਐਨ. ਰਾਜਮ ਦਾ ਨਾਂ ਸਭ ਤੋਂ ਪਹਿਲਾਂ ਅਤੇ ਬੜੇ ਚਾਅ ਨਾਲ ਲੈਂਦਾ ਹੈ। ਉਸ ਮੁਤਾਬਕ ਐਨ. ਰਾਜਮ ਦੀ ਸਾਦਗੀ ਤੇ ਸਪਸ਼ਟਤਾ ਉਸ ਨੂੰ ਉਂਗਲੀ ਫੜ੍ਹਨ ਵਾਲਾ ਅਹਿਸਾਸ ਦਿੰਦੀ ਹੈ।

ਆਪਣੀ ਮਸ਼ਹੂਰੀ ਬਾਰੇ ਨੀਲ ਨਈਅਰ ਕਹਿੰਦਾ ਹੈ ਕਿ ਉਹ ਹੁਣ ਹਰ ਵਕਤ ਰੁੱਝਿਆ ਜਿਹਾ ਰਹਿੰਦਾ ਹੈ। ਕਈ ਬੱਚੇ ਉਸ ਨਾਲ ਸੈਲਫੀਆਂ ਵੀ ਲੈਂਦੇ ਹਨ। ਉਹ ਸਪਸ਼ਟ ਆਖਦਾ ਹੈ ਕਿ ਉਹ ਕਦੇ ਆਪਣਾ ਵਕਤ ਖਰਾਬ ਨਹੀਂ ਕਰਦਾ, ਸਗੋਂ ਇਸ ਨੂੰ ਬੜੀ ਅਕਲ ਨਾਲ ਵਰਤਦਾ ਹੈ। ਉਹ ਨਾ ਕਿਤੇ ਖੇਡਣ ਜਾਂਦਾ ਹੈ ਅਤੇ ਨਾ ਹੀ ਬਹੁਤਾ ਟੀ.ਵੀ. ਵੇਖਦਾ ਹੈ। ਹਾਂ, ਕਦੀ ਕਦਾਈਂ ਹਿੰਦੀ ਫਿਲਮਾਂ ਦੇਖ ਲੈਂਦਾ ਹੈ।



ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਉਸ ਦੇ ਪਸੰਦੀਦਾ ਕਲਾਕਾਰ ਹਨ। ਕੁਝ ਪੁਰਾਣੇ ਹਿੰਦੀ ਗੀਤਾਂ ਬਾਰੇ ਗੱਲ ਕਰਦਿਆਂ ਉਸ ਨੇ ਕਿਹਾ ਕਿ ਇਹ ਗੀਤ ਉਸ ਨੂੰ ਬੜੇ ਚੰਗੇ ਲੱਗਦੇ ਹਨ। ਇਸ ਬਾਰੇ ਹੋਰ ਪੁੱਛਣ 'ਤੇ ਉਸ ਨੇ ਮੁਹੰਮਦ ਰਫੀ ਅਤੇ ਕਿਸ਼ੋਰ ਕੁਮਾਰ ਵੱਲੋਂ ਗਾਏ ਗੀਤਾਂ ਦਾ ਉਚੇਚਾ ਜ਼ਿਕਰ ਕੀਤਾ।

ਨੀਲ ਨਈਅਰ ਬਾਂਸੁਰੀ, ਤਬਲਾ, ਜ਼ੀਲੋਫੋਨ,



ਹਾਰਮੋਨੀਅਮ, ਗਿਟਾਰ, ਸਿਤਾਰ ਤੇ ਪਿਆਨੋ ਆਦਿ ਖੂਬ ਵਜਾ ਲੈਂਦਾ ਹੈ। ਇੰਨੇ ਸਾਜ਼ ਵਜਾ ਸਕਣ ਦੀ ਸਮਰੱਥਾ ਬਾਰੇ ਉਸ ਦੇ ਮਾਪਿਆਂ ਨੇ ਪੰਜ ਮਹੀਨੇ ਪਹਿਲਾਂ ਗਿੰਨੀਜ਼ ਵਰਲਡ ਰਿਕਾਰਡਜ਼ ਵਾਲਿਆਂ ਨਾਲ ਸੰਪਰਕ ਸਾਧਿਆ ਸੀ, ਪਰ ਉਨ੍ਹਾਂ ਨੇ ਕੋਈ ਹੁੰਗਾਰਾ ਨਾ ਭਰਿਆ। ਉਨ੍ਹਾਂ ਦਾ ਆਖਣਾ ਸੀ ਕਿ ਇੰਨੇ ਸਾਜ਼ਾਂ ਬਾਰੇ ਕੋਈ ਰਾਇ ਬਣਾਉਣੀ ਸੰਭਵ ਨਹੀਂ ਹੋ ਸਕਦੀ। ਉਨ੍ਹਾਂ ਤਾਂ ਇਹ ਸੁਝਾਅ ਵੀ ਦਿੱਤਾ ਕਿ ਨੀਲ ਕੋਈ ਇਕ ਸਾਜ਼ ਲੰਮਾ ਸਮਾਂ ਵਜਾ ਕੇ ਦਿਖਾ ਦੇਵੇ, ਉਸ ਬਾਰੇ ਕੋਈ ਫੈਸਲਾ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਮਾਪਿਆਂ ਨੇ ਅਸਿਸਟ ਵਰਲਡ ਰਿਕਾਰਡਜ਼ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਹੁੰਗਾਰਾ ਭਰਿਆ। ਅਸਿਸਟ ਵਰਲਡ ਰਿਕਾਰਡ ਨੇ ਆਪਣੀ ਰਿਪੋਰਟ ਵਿਚ ਦਾਅਵਾ ਹੈ ਕਿ ਇੰਨੇ ਸਾਜ਼ ਵਜਾਉਣ ਵਾਲਾ ਨੀਲ ਨਈਅਰ ਸੰਸਾਰ ਦਾ ਸਭ ਤੋਂ ਛੋਟੀ ਉਮਰ ਦਾ ਬਾਲਕ ਹੈ। ਇਸ ਰਿਪੋਰਟ ਤੋਂ ਬਾਅਦ ਹੁਣ ਗਿੰਨੀਜ਼ ਵਰਲਡ ਰਿਕਾਰਡਜ਼ ਵਾਲਿਆਂ ਨੇ ਉਸ ਦੇ ਮਾਪਿਆਂ ਨਾਲ ਖੁਦ ਸੰਪਰਕ ਕੀਤਾ ਹੈ।

ਨੀਲ ਨਈਅਰ ਦੇ ਮਾਪੇ (ਮਾਂ ਸੁਖਬਿੰਦਰ ਕੌਰ ਅਤੇ ਪਿਤਾ ਰਾਜਨ ਨਈਅਰ) ਲਗਭਗ ਇਕ ਦਹਾਕਾ ਪਹਿਲਾਂ ਪੰਜਾਬ ਤੋਂ ਪਰਵਾਸ ਕਰ ਕੇ ਅਮਰੀਕਾ ਆਣ ਵੱਸੇ ਸਨ। ਨੀਲ ਬੇਝਿਜਕ ਆਖਦਾ ਹੈ ਕਿ ਉਸ ਦਾ ਸੰਗੀਤ ਸਫਰ ਉਸ ਦੀ ਮਾਂ ਦੇ ਗਰਭ ਅੰਦਰ ਹੀ ਸ਼ੁਰੂ ਹੋ ਗਿਆ ਸੀ। ਉਹ ਚਾਅ ਨਾਲ ਦੱਸਦਾ ਹੈ ਕਿ ਉਸ ਦੇ ਮਾਪੇ 'ਮੋਜ਼ਾਰਟ' ਬਹੁਤ ਸ਼ੌਕ ਨਾਲ ਸੁਣਦੇ ਸਨ। ਨੀਲ ਨਈਅਰ ਦਾ ਪਿਤਾ ਰਾਜਨ ਨਈਅਰ ਤਾਂ ਖੁਦ ਦੱਸਦਾ ਹੈ ਕਿ ਉਸ ਨੇ ਕਿਤੇ ਕਿਸੇ ਕਿਤਾਬ ਵਿਚ ਪੜ੍ਹਿਆ ਸੀ ਕਿ ਮਾਂ ਦੇ ਗਰਭ ਦੌਰਾਨ ਜਿਹੜੀ ਆਵਾਜ਼ ਬੱਚੇ ਨੂੰ ਸੁਣਦੀ ਹੈ, ਉਹ ਉਸ ਦੇ ਦਿਲ ਅਤੇ ਰੂਹ ਤਕ ਧੂਹ ਜਾਂ ਅਸਰ ਪਾਉਂਦੀ ਹੈ।

ਅਧਿਆਪਕਾਂ ਦੀ ਚੋਣ ਬਾਰੇ ਨੀਲ ਦੇ ਮਾਪਿਆਂ ਨੇ ਉਸ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਨੀਲ ਮੁਤਾਬਕ ਉਸ ਦੇ ਮਾਪਿਆਂ ਨੇ ਉਸ ਲਈ ਸਭ ਤੋਂ ਬਿਹਤਰ ਅਧਿਆਪਕ ਲੱਭਣ ਦੀ ਸਦਾ ਹੀ ਕੋਸ਼ਿਸ਼ ਕੀਤੀ ਹੈ। ਆਪਣੀਆਂ ਭਵਿਖ ਦੀਆਂ ਯੋਜਨਾਵਾਂ ਬਾਰੇ ਉਸ ਨੇ ਸਪਸ਼ਟ ਤੌਰ 'ਤੇ ਤਾਂ ਕੁਝ ਨਹੀਂ ਕਿਹਾ, ਪਰ ਇਹ ਜ਼ਰੂਰ ਕਿਹਾ ਕਿ ਉਹ ਆਪਣਾ ਵੱਖਰਾ ਬੈਂਡ ਗਰੁਪ ਬਣਾਉਣ ਬਾਰੇ ਸੋਚ ਰਿਹਾ ਹੈ। ਹਿੰਦੀ ਫਿਲਮਾਂ ਲਈ ਕੰਮ ਕਰਨ ਬਾਰੇ ਉਸ ਤੁਰੰਤ ਜਵਾਬ ਦਿਤਾ ਕਿ ਉਹ ਆਪਣੇ ਪਸੰਦੀਦਾ ਹੀਰੋ ਸਲਮਾਨ ਖਾਨ ਦੀ ਫਿਲਮ ਲਈ ਕੰਮ ਕਰ ਸਕਦਾ ਹੈ।







# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਫਰਵਰੀ 2018** ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-312



*ਬਹਿ ਗੱਦੀ 'ਤੇ ਟੀਟਣੇ ਮਾਰਦੇ ਨੇ, ਇਹ ਲੋਕਾਈ ਦੇ ਦਰਦ ਤੋਂ ਸੱਖਣੇ ਜੀ।*
*'ਕੱਲੇ 'ਕੱਲੇ ਨੂੰ ਸੁੱਟੀਏ ਦੂਰ ਜਾ ਕੇ, ਵੋਟਾਂ ਨਾਲ ਇਹ ਗਲੋਂ ਨਾ ਲੱਥਣੇ ਜੀ।*

## ਕੈਪਸ਼ਨ ਮੁਕਾਬਲਾ-310



ਕੰਮੀ ਵਿਹੜਿਆਂ ਦੀਆਂ ਇਹ ਜਾਈਆਂ
ਮਰਦਾਂ ਨਾਲੋਂ ਕਰਨ ਵੱਧ ਕਮਾਈਆਂ।
ਘਰ ਦੇ ਸਾਰੇ ਧੰਦੇ ਨਿਪਟਾ ਕੇ
ਕਣਕਾਂ ਵੱਢਣ, ਝੋਨਾ ਝਾੜਨ।
ਘਰ ਬਾਹਰ, ਬੋਲ-ਕਬੋਲ ਸਹਿ ਕੇ
ਸੀਅ ਤੱਕ ਨਾ ਮੂੰਹੋਂ ਉਚਾਰਨ।
***-ਦਵਿੰਦਰ ਕੌਰ***

---

ਘਰ ਦਾ ਸਾਰਾ ਧੰਦਾ ਕਰ ਕੇ
ਕਰਨ ਮਜੂਰੀ ਖੇਤ ਨੂੰ ਜਾਵੇ।
ਟੱਬਰ ਦਾ ਢਿੱਡ ਪਾਲਣ ਖਾਤਰ
ਇੱਜਤ ਆਪਣੀ ਦਾਅ 'ਤੇ ਲਾਵੇ।
ਚੌਵੀ ਘੰਟੇ ਟੁੱਟ ਟੁੱਟ ਮਰਦੀ
ਫਿਰ ਵੀ ਅਬਲਾ ਦਿਹ ਕਹਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮਿਹਨਤ ਤੇ ਮਜਦੂਰੀ ਕਰਕੇ
ਜਦ ਸ਼ਾਮੀਂ ਘਰ ਆਉਂਦੇ ਸੀ।
ਦਸਾਂ ਨਹੁੰਆਂ ਦੀ ਕਮਾਈ 'ਚ
ਖੁਸ਼ੀ ਨਾਲ ਸਮਾਂ ਲੰਘਾਉਂਦੇ ਸੀ।
ਨਾ ਸਿਰ 'ਤੇ ਕਰਜ਼ਾ ਸੀ ਚੜ੍ਹਦਾ
ਨਾ ਗੋਡੇ ਹੀ ਖੜ੍ਹਦੇ ਸੀ।
ਧੀ-ਭੈਣ ਦੀ ਕਦਰ ਸੀ ਹੁੰਦੀ
ਸੋਚ-ਸਮਝ ਕੇ ਚਲਦੇ ਸੀ।
ਮੋਢੀ ਹੁਣ ਨਸ਼ਿਆਂ 'ਚ ਪੈ ਗਏ
ਬੇਰੁਜ਼ਗਾਰੀ ਨਾਲ ਘੁਲਦੇ ਜੀਅ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਪਾਣੀ ਦੇ ਦੇ ਪਾਲਿਆ ਝੋਨਾ
ਪੱਕਿਆਂ ਵੱਢ ਲਾਏ ਸੱਥਰ ਢੇਰ।
ਛੋਟੀਆਂ ਛੋਟੀਆਂ ਬੰਨ੍ਹ ਪੂਲੀਆਂ
ਕੀਤੀ ਤਿਆਰੀ ਝਾੜਨ ਲਈ ਫੇਰ।
ਲੰਮੇ ਪਾਏ ਡਰੰਮ ਉਤੇ
ਝੰਬਣ ਲੱਗੀਆਂ ਵਾਰੋ ਵਾਰੀ।
ਛੱਕ ਛੱਕ ਕਰ ਕੇ ਝੜਦਾ ਆਪੇ
ਹੋਈ ਅੱਡ ਪਰਾਲੀ ਸਾਰੀ।
ਅੱਜ ਕੱਲ ਭਾਵੇਂ ਕੱਟਣ ਮਸ਼ੀਨਾਂ
ਪਰ ਗਰੀਬਾਂ ਦੇ ਹੈ ਵਸੋਂ ਬਾਹਰ।
ਪੇਂਡੂ ਬੀਬੀਆਂ ਕਰਨ ਮੁਸ਼ੱਕਤ
ਇਉਂ ਹੀ ਚੱਲਦਾ ਹੈ ਰੁਜ਼ਗਾਰ।
***-ਸੇਵਾ ਸਿੰਘ ਨੂਰਪੁਰੀ, ਬੰਗਾ***
***ਫੋਨ: 91-98786-91079***

---

ਪੁਸ਼ਤਾਂ ਬੀਤੀਆਂ ਮਜੂਰੀ ਕਰਦਿਆਂ
ਮਿੱਟੀ 'ਚ ਮਿੱਟੀ ਹੋ ਸੋਨਾ ਪੈਦਾ ਕਰਦੇ
ਲੱਖਾਂ ਦੇ ਢਿੱਡਾਂ ਨੂੰ ਝੁਲਕਾ ਪਾਉਂਦੇ।
ਖੁਦ ਅਵਾਜ਼ਾਰ ਲੁੱਟੇ ਖਸੁੱਟੇ
ਰਾਤੀਂ ਬੱਚਿਆਂ ਨੂੰ ਭੁੱਖੇ ਸਲਾਉਂਦੇ।
ਤਪਦਾ ਸੂਰਜ ਫਸਲ ਨੂੰ ਪਕਾਉਂਦਾ
ਅੱਗ ਵਾਂਗ ਤਪ ਜੂਝਣ ਨੂੰ ਪੁਕਾਰਦਾ।
ਮਘਦੇ ਸੂਰਜ ਦਾ ਫਾਇਦਾ ਵੀ
ਸਿਰਫ ਲੋਟੂਆਂ ਨੂੰ ਹੀ ਮਿਲਦਾ।
ਕਾਮਾ ਤਾਂ ਸਰੀਰ ਤੋੜਦਾ
ਵਿਲਕਦਾ ਹੱਡਾਂ ਦੇ ਦਰਦ ਨਾਲ
ਕੋਸਾ ਪਾਣੀ ਪਾ ਪਾ ਟਕੋਰਾਂ ਕਰਦਾ।
ਲੋਟੂ ਲੱਤਾਂ ਚੌੜੀਆਂ ਕਰ
ਠੰਡੇ ਕਮਰਿਆਂ 'ਚ ਫੁੰਕਾਰੇ ਮਾਰਦਾ।
***-ਦਰਸ਼ਨਪਾਲ ਦੋਸਾਂਝ***

---

ਜ਼ੋਰ ਜ਼ੋਰ ਨਾਲ ਪੰਜਾਬ ਦੀਆਂ ਨੱਢੀਆਂ
ਕੰਮ ਕਰਦੀਆਂ ਲਾ ਕੇ ਪੂਰਾ ਤਾਣ।
ਤੰਗੀ ਤੁਰਸ਼ੀ ਦਾ ਜੂਲਾ ਲਾਹੁਣ ਲਈ
ਬਿਨ ਮਸ਼ੀਨੋਂ ਝਾੜ ਰਹੀਆਂ ਨੇ ਧਾਨ।
ਵਿਤਕਰਾ ਤੇ ਔਰਤ ਹੋਣ ਦੀ ਬਿਪਤਾ
ਕਈ ਤਰ੍ਹਾਂ ਦੀਆਂ ਨੇ ਇਹ ਗੁਲਾਮ।
ਜਾਨ ਇਨ੍ਹਾਂ ਦੀ ਰਹੇ ਸੂਲੀ ਟੰਗੀ
ਸਕਦੇ ਇਨ੍ਹਾਂ ਤੋਂ, ਵਾਰ ਵਾਰ ਸਲਾਮ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਕੰਮੀ ਜੰਮੇ, ਕੰਮੀ ਮਰ ਜਾਣਾ
ਮੰਨ ਲੈਣਾ ਹੈ ਰੱਬ ਦਾ ਭਾਣਾ।
ਰੱਖਦੇ ਮਤਲਬ ਨੇਤਾ ਅੱਜ ਦੇ,
ਖੌਰੇ ਕਦੋਂ ਆਉਣੇ ਦਿਨ ਚੱਜ ਦੇ।
ਕੱਢਦੇ ਉਸ ਡਾਢੇ ਅੱਗੇ ਹਾੜ੍ਹੇ,
ਮਘਦਾ ਰਹੀਂ ਸੂਰਜਾ ਸਾਡੇ ਵਿਹੜੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਬਿਰਖ-ਬਾਣੀ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਹੁਣ ਨਵੀਂ ਸ਼ੁਰੂ ਕੀਤੀ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਹਥਲੇ ਲੇਖ ਵਿਚ ਉਨ੍ਹਾਂ ਰੁੱਖਾਂ ਦੀਆਂ ਨਿਆਮਤਾਂ ਦੀ ਗੱਲ ਕਰਦਿਆਂ ਅਫਸੋਸ ਜ਼ਾਹਰ ਕੀਤਾ ਹੈ, "ਕਦੇ ਵੇਲਾ ਸੀ ਕਿ ਖੂਹਾਂ 'ਤੇ ਬਾਬੇ ਬੋਹੜਾਂ ਅਤੇ ਪਿੱਪਲਾਂ ਦੀਆਂ ਛਾਂਵਾਂ, ਖੂਹ ਦੀ ਜੋਗ ਅਤੇ ਰਾਹੀਆਂ ਲਈ ਠੰਢੜੀ ਛਾਂ ਦਾ ਨਿਉਂਦਾ ਸੀ। ਖੂਹਾਂ ਦੇ ਲੁਪਤ ਹੋਣ ਨਾਲ ਬਾਬੇ-ਬਿਰਖਾਂ ਦੇ ਮਿਟੇ ਨਾਮੋ-ਨਿਸ਼ਾਨ ਲਈ ਮਨੁੱਖ ਜਿੰਮੇਵਾਰ। ਜਦ ਇਕ ਬਿਰਖ ਲਾਸ਼ ਬਣ ਕੇ ਧਰਤੀ 'ਤੇ ਵਿਛਦਾ ਅਤੇ ਟੁਕੜਿਆਂ ਵਿਚ ਵੰਡੀਂਦਾ ਤਾਂ ਤੀਲੇ ਤੀਲੇ ਹੋ ਜਾਂਦੇ ਪੰਛੀਆਂ ਦੇ ਆਲ੍ਹਣੇ।" -ਸੰਪਾਦਕ***

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬਿਰਖ, ਕੁਦਰਤ ਦਾ ਅਨਮੋਲ ਤੋਹਫਾ, ਬਨਸਪਤੀ ਦਾ ਮਾਣਮੱਤਾ ਅੰਗ। ਜੀਵਨ-ਦਾਨੀ, ਕਾਇਨਾਤੀ ਪਸਾਰੇ ਦਾ ਧੁਰਾ ਅਤੇ ਕੁਦਰਤੀ ਸੰਤੁਲਨ ਦੀ ਅਹਿਮ ਕੜੀ। ਧਰਤ ਦੀਆਂ ਪਰਜੀਵੀ ਜਾਤੀਆਂ ਲਈ ਆਧਾਰ।

ਬਿਰਖ ਹੈ ਤਾਂ ਪੰਛੀਆਂ ਦਾ ਬਸੇਰਾ ਹੈ, ਪਰਿੰਦਿਆਂ ਦਾ ਚਹਿਕਣਾ ਅਤੇ ਬੋਟਾਂ ਦੇ ਮੂੰਹਾਂ ਵਿਚ ਪੈਂਦੀ ਚੋਗ ਦੇ ਨਜ਼ਾਰੇ। ਪੰਛੀਆਂ ਦਾ ਤੀਲਾ ਤੀਲਾ ਜੋੜ ਕੇ ਆਲ੍ਹਣਾ ਬਣਾਉਣਾ ਅਤੇ ਜੀਵਨੀ-ਰੰਗਤ ਨੂੰ ਬਿਰਖ-ਵਿਹੜੇ ਸਜਾਉਣਾ।

ਬਿਰਖ ਧਰਤ ਨਾਲ ਜੁੜਿਆ, ਅਪਣੱਤ ਦਾ ਨਾਮ, ਕਰੀਬੀ ਰਿਸ਼ਤੇ ਦਾ ਸਬੱਬ, ਮਿੱਟੀ ਨਾਲ ਮੁਹੱਬਤੀ ਪਲਾਂ ਦਾ ਸ਼ਿਲਾਲੇਖ ਅਤੇ ਧਰਤ ਦੇ ਪਿੰਡੇ 'ਤੇ ਹਰਿਆਵਲ ਦਾ ਨਾਮਕਰਨ।

ਬਿਰਖ ਹੈ ਤਾਂ ਬਦਲੋਟੀਆਂ ਦਾ ਅੰਬਰ 'ਤੇ ਛਾਉਣਾ, ਕਾਲੀਆਂ ਘਟਾਵਾਂ ਦਾ ਘੁੰਮ ਕੇ ਬਨੇਰਿਆਂ 'ਤੇ ਆਉਣਾ, ਪਿਆਸੀ ਧਰਤ 'ਤੇ ਜੀਵਾਂ ਦੀ ਪਿਆਸ ਮਿਟਾਉਣਾ ਅਤੇ ਸਵਾਂਤੀ ਬੂੰਦ ਨਾਲ ਧਰਤੀ ਦੀ ਕੁੱਖ ਨੂੰ ਗਰਭਾਉਣਾ, ਨਿਰੰਤਰ ਜਾਰੀ।

ਬਿਰਖ, ਬੰਦਿਆਈ ਦਾ ਸੂਚਕ, ਭਲਿਆਈ ਭਰਪੂਰ ਵਰਤਾਰਾ ਅਤੇ ਚੰਗਿਆਈ ਦੀ ਵਗਦੀ ਜਲਧਾਰਾ।

ਸਮੁੱਚਾ ਬਿਰਖ ਨਿੱਤ ਵਰਤੋਂ ਦੇ ਕੰਮ ਆਉਂਦਾ। ਪੱਤਿਆਂ, ਕਰੂੰਬਲਾਂ, ਟਹਿਣੀਆਂ, ਤਣੇ ਤੋਂ ਜੜ੍ਹਾਂ ਤੀਕ ਵੱਖ-ਵੱਖ ਰੂਪ, ਬਿਰਖੀ ਉਪਯੋਗਤਾ ਦਾ ਨਾਮਕਰਨ। ਬਿਰਖ ਬਿਰਖ ਹੋ ਕੇ ਜਿਉਣ ਵਾਲੇ ਲੋਕ ਬਿਰਖਾਂ ਵਰਗੀ ਜਿੰਦਗੀ ਦਾ ਸਿਰਨਾਵਾਂ ਬਣਦੇ ਤਾਂ ਬਿਰਖੀ ਅਰਾਧਨਾ ਫਿਜ਼ਾ ਦੇ ਨਾਮ ਕਰਦੀ ਜੀਵਨ-ਨਿਉਂਦਾ।



ਬਿਰਖ ਹੇਠ ਸਮਾਧੀ ਵਿਚ ਲੀਨ ਹੋਇਆ ਬੁੱਧ ਬਿਰਖ-ਬੋਧ ਵਿਚੋਂ ਖੁਦ ਨੂੰ ਵਿਸਥਾਰਨ ਅਤੇ ਪਰਿਭਾਸ਼ਤ ਕਰਨ ਦੀ ਆਤਮਿਕਤਾ ਵਿਚੋਂ ਰਿਸ਼ਮਾਂ ਦਾ ਝਲਕਾਰਾ ਦੇਖਦਾ ਤਾਂ ਬੋਧ-ਬਿਰਖ ਸਦੀਆਂ ਤੀਕ ਬਿਰਖ-ਬੰਦਗੀ ਦਾ ਮੁਹਾਂਦਰਾ ਸਿਰਜ ਜਾਂਦਾ।

ਬਿਰਖ ਹੁੰਦਾ ਤਾਂ ਦਰਿਆਵਾਂ ਨੂੰ ਸੀਮਤ ਦਾਇਰਿਆਂ ਵਿਚ ਵਹਿਣ ਦੀ ਨਸੀਹਤ ਮਿਲਦੀ। ਇਸ ਦੇ ਕੰਢਿਆਂ 'ਤੇ ਮਲਾਹਾਂ ਦੀਆਂ ਮਹਿਫਿਲਾਂ ਸਜਦੀਆਂ ਅਤੇ ਪਾਣੀਆਂ ਦਾ ਲਹਿਰੀ-ਸੰਗੀਤ ਵਾਤਾਵਰਣ ਨੂੰ ਤਰੰਗਤ ਕਰਦਾ।

ਕਦੇ ਵੇਲਾ ਸੀ ਕਿ ਖੂਹਾਂ 'ਤੇ ਬਾਬੇ ਬੋਹੜਾਂ ਅਤੇ ਪਿੱਪਲਾਂ ਦੀਆਂ ਛਾਂਵਾਂ, ਖੂਹ ਦੀ ਜੋਗ ਅਤੇ ਰਾਹੀਆਂ ਲਈ ਠੰਢੜੀ ਛਾਂ ਦਾ ਨਿਉਂਦਾ ਸੀ। ਖੂਹਾਂ ਦੇ ਲੁਪਤ ਹੋਣ ਨਾਲ ਬਾਬੇ-ਬਿਰਖਾਂ ਦੇ ਮਿਟੇ ਨਾਮੋ-ਨਿਸ਼ਾਨ ਲਈ ਮਨੁੱਖ ਜਿੰਮੇਵਾਰ। ਜਦ ਇਕ ਬਿਰਖ ਲਾਸ਼ ਬਣ ਕੇ ਧਰਤੀ 'ਤੇ ਵਿਛਦਾ ਅਤੇ ਟੁਕੜਿਆਂ ਵਿਚ ਵੰਡੀਂਦਾ ਤਾਂ ਤੀਲੇ ਤੀਲੇ ਹੋ ਜਾਂਦੇ ਪੰਛੀਆਂ ਦੇ ਆਲ੍ਹਣੇ। ਬਿਰਖ-ਨੈਣਾਂ ਵਿਚ ਲੜਕ ਜਾਂਦੀ ਬੋਟਾਂ ਦੀ ਤ੍ਰਾਸਦੀ, ਉਜੜ ਜਾਂਦੀਆਂ ਸੱਥਾਂ, ਅਬੋਲਾਂ ਵਿਚ ਉਗਦੀ ਉਦਾਸੀ ਅਤੇ ਮਾਨਸਿਕਤਾ ਵਿਚ ਭਾਰੂ ਹੋ ਜਾਂਦੀ ਨਿਰਾਸ਼ਾ। ਪਰਿੰਦਿਆਂ ਦੇ ਵੈਣਾਂ, ਬਿਰਖ ਦੀਆਂ ਲੇਰਾਂ ਅਤੇ ਧਰਤੀ ਦੀ ਪਿੰਡੇ ਦੀ ਤਪਸ਼, ਮਨੁੱਖ ਦੀ ਝੋਲੀ ਵਿਚ ਪਾਵੇਗੀ ਸਰਬਨਾਸ਼ ਦਾ ਸ਼ਗਨ।

ਇਹ ਕੇਹੀ ਤਰੱਕੀ ਕਿ ਅਸੀਂ ਪੱਥਰਾਂ ਅਤੇ ਇੱਟਾਂ ਦੇ ਜੰਗਲ ਉਸਾਰਨ ਵੱਲ ਰੁਚਿਤ ਹਾਂ। ਇਨ੍ਹਾਂ ਵਿਚੋਂ ਪਲ ਪਲ ਮੌਤ ਝਲਕਦੀ। ਜੀਵਨ-ਦਾਨੀ ਜੰਗਲਾਂ ਨੂੰ ਉਗਾਉਣ ਤੋਂ ਮੁਨਕਰ। ਸਿਰਫ ਕੁਝ ਕੁ ਹੀ ਫਿਕਰਮੰਦ ਲੋਕ ਨੇ ਜਿਨ੍ਹਾਂ ਦੀ ਚੇਤਨਾ ਵਿਚ ਹਵਾ ਦੇ ਲੰਗਰ ਲਾਉਣ ਦੀ ਚਾਹਨਾ ਪ੍ਰਬਲ। ਇਨ੍ਹਾਂ ਵਿਚੋਂ ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਨੇ ਪ੍ਰਮੁੱਖ।

ਸ਼ਹਿਰ ਦੀ ਵਧੀਆ ਕਾਲੋਨੀ। ਇਸ ਵਿਚ ਪਿਛਲੇ ਤੀਹ ਸਾਲਾਂ ਤੋਂ ਲਾਏ ਹੋਏ ਛਾਂਦਾਰ ਰੁੱਖਾਂ ਨੇ ਬਣਾਇਆ ਕਾਲੋਨੀ ਵਿਚ ਹਰਿਆਵਲ ਤੇ ਛਾਂ ਦਾ ਮਾਨਵੀ ਚਿੱਤਰਪਟ ਅਤੇ ਕੁਦਰਤੀ ਸਮਤੋਲ ਦਾ ਮਾਹੌਲ। ਲੱਗਦਾ ਸੀ ਕਿ ਇਹ ਕਾਲੋਨੀ ਸੁਚੇਤ ਲੋਕਾਂ ਦੀ ਹੈ। ਪਰਦੇਸ ਬੈਠਿਆਂ ਬੜਾ ਦੁੱਖ ਹੋਇਆ ਜਦ ਪਤਾ ਲੱਗਾ ਕਿ ਕਾਲੋਨੀ ਵਾਲਿਆਂ ਦੇ ਤੁਗਲਕੀ ਫੁਰਮਾਨ ਨੇ ਸਾਰੇ ਰੁੱਖ ਵਢਾਉਣ ਅਤੇ ਕਾਲੋਨੀ ਵਿਚ ਬੇਰੁਖੀ ਤੇ ਉਦਾਸੀਨਤਾ ਭਰੇ ਮਾਹੌਲ ਨੂੰ ਸਿਰਜਣ ਵਿਚ ਪਲ ਵੀ ਨਹੀਂ ਲਾਇਆ। ਕੀ ਉਨ੍ਹਾਂ ਦੇ ਮਨ ਵਿਚ ਬੇਘਰ ਹੋਏ ਪਰਿੰਦਿਆਂ, ਆਲ੍ਹਣਿਆਂ ਦੇ ਬਿੱਖਰੇ ਤੀਲਿਆਂ ਜਾਂ ਛਾਂ ਤੋਂ ਵਿਰਵੇ ਕੀਤੇ ਜੀਵ-ਜੰਤੂਆਂ ਪ੍ਰਤੀ ਜ਼ਰਾ ਵੀ ਦਰਦ ਪੈਦਾ ਨਹੀਂ ਹੋਇਆ? ਜਾਂ ਉਨ੍ਹਾਂ ਦੀ ਚੇਤਨਾ ਵਿਚ ਕੁਦਰਤੀ ਸੁੰਦਰਤਾ ਪ੍ਰਤੀ ਰਤਾ ਵੀ ਫਿਕਰਮੰਦੀ ਨਹੀਂ ਸੀ? ਕੀ ਉਹ ਨਹੀਂ ਜਾਣਦੇ ਕਿ ਗਲੋਬਲ ਵਾਰਮਿੰਗ ਸਰਬਨਾਸ਼ ਦੀ ਨਿਸ਼ਾਨੀ ਏ? ਕੀ ਧਰਤੀ ਦੇ ਨਿਰੰਤਰ ਵੱਧ ਰਹੇ ਤਾਪਮਾਨ ਵਿਚ ਮਨੁੱਖੀ ਜੀਵਨ ਸੰਭਵ ਰਹੇਗਾ? ਏ.ਸੀ./ਕਾਰਾਂ ਵਿਚੋਂ ਨਿਕਲਦੀਆਂ ਗੈਸਾਂ ਨੂੰ ਕੌਣ ਜਜ਼ਬ ਕਰੇਗਾ? ਸਾਡੇ ਜਿਉਣ ਲਈ ਤਾਜ਼ੀ ਆਕਸੀਜਨ ਕਿਥੋਂ ਆਵੇਗੀ? ਪੰਛੀਆਂ ਦੀ ਚਹਿਚਹਾਟ ਅਤੇ ਸੰਗੀਤਕ ਗੁਟਕਣੀ ਤੋਂ ਵਿਰਵੇ ਹੋ ਕੇ ਅਸੀਂ ਮਾਤਮੀ ਖਾਮੋਸ਼ੀ ਤੋਂ ਕੀ ਖੱਟਾਂਗੇ? ਕੀ ਸ਼ਹਿਰੀਕਰਨ ਦਾ ਇਹ ਨਵਾਂ ਮਾਡਲ ਮਨੁੱਖ ਦੇ ਮੱਥੇ 'ਤੇ ਮੌਤ ਦਾ ਪੈਗਾਮ ਤਾਂ ਨਹੀਂ ਖੁਣ ਰਿਹਾ? ਕੀ ਅਸੀਂ ਖੁਦ ਦਾ ਮਰਸੀਆ ਪੜ੍ਹਨ ਦੇ ਰਾਹ ਤੁਰ ਪਏ ਹਾਂ? ਕੀ ਰੁੱਖ ਤੋਂ ਬਿਨਾ ਮਨੁੱਖੀ ਹੋਂਦ ਸੰਭਵ ਏ? ਅਮਰੀਕਾ-ਕੈਨੇਡਾ ਵਿਚ ਸਰਕਾਰੀ ਇਜਾਜ਼ਤ ਤੋਂ ਬਿਨਾ ਤਾਂ ਤੁਸੀਂ ਆਪਣੇ ਘਰ ਵਿਚ ਉਗਿਆ ਜਾਂ ਸੁੱਕਿਆ ਬਿਰਖ ਵੀ ਨਹੀਂ ਕੱਟ ਸਕਦੇ। ਕਲਮ-ਤੜਫਣੀ ਇਕ ਹਰਫੀ-ਹੂਕ ਦਾ ਬਾਣਾ ਪਾਉਂਦੀ ਏ;

ਰੁੰਡ-ਮਰੁੰਡ ਰੁੱਖ
ਬੰਜਰ ਕੁੱਖ
ਕੁਰੰਗਤ ਮੁੱਖ
ਸਹਿਮਿਆ ਸੁੱਖ
ਭਟਕਦੀ ਭੁੱਖ
ਬੇਗੈਰਤ ਮਨੁੱਖ
ਅਤੇ ਉਹ ਅਜੇ ਵੀ ਪੁੱਛਦੇ ਨੇ ਕਿ
ਸਮੇਂ ਨੂੰ ਕਾਹਦਾ ਏ ਦੁੱਖ?

ਬਿਰਖ, ਕਲਮ ਬਣ ਕੇ ਹਰਫਾਂ ਨਾਲ ਸਾਂਝ ਪਾਉਂਦਾ। ਹਰਫ-ਹੱਥਾ ਬਣ ਕੇ ਦੁੱਖ/ਸੁੱਖ ਸੁਣਾਉਂਦਾ। ਸਾਜ਼ ਬਣ ਕੇ ਹਵਾ ਦੇ ਵਿਹੜੇ ਵਿਚ ਸੁਰਾਂ ਦੀ ਛਹਿਬਰ ਲਾਉਂਦਾ। ਹੱਲ, ਪਰਾਣੀ, ਸੁਹਾਗਾ, ਸਲੰਘ, ਫਲ੍ਹਾ ਬਣ ਕੇ ਕਿਰਸਾਨੀ ਦਾ ਹੱਥ ਵਟਾਉਂਦਾ। ਖੂਹ ਜਾਂ ਖਰਾਸ ਦੀ ਗਾਟੀ ਬਣ ਕੇ ਬੱਚਿਆਂ ਨੂੰ ਝੂਟੇ ਦਿੰਦਾ। ਸਾਵਣ ਵਿਚ ਪੀਂਘ ਦੇ ਹੁਲਾਰਿਆਂ ਰਾਹੀਂ ਨੱਢੀਆਂ ਨੂੰ ਸੁਪਨ-ਪਰਵਾਜ਼ ਦਿੰਦਾ। ਛਤੀਰ, ਬਾਲਿਆਂ ਰਾਹੀਂ ਸਿਰ ਦੀ ਛੱਤ ਬਣਦਾ। ਮਣਾ, ਡਰਨਾ ਜਾਂ ਛੰਨ ਬਣ ਕੇ ਫਸਲਾਂ ਦਾ ਪਹਿਰੇਦਾਰ ਬਣਦਾ।

ਬਿਰਖ ਹੀ ਬਣਦਾ ਬੱਚੇ ਲਈ ਗਡੀਰਾ ਤੇ ਬਜ਼ੁਰਗ ਲਈ ਡੰਗੋਰੀ। ਨਿੰਮ ਦੀ ਦਾਤਣ ਵੀ ਤੇ ਦੰਦਾਸਾ ਵੀ ਅਤੇ ਸੱਜ-ਵਿਆਹੀ ਦੇ ਹੱਥਾਂ 'ਤੇ ਚੜ੍ਹੀ ਮਹਿੰਦੀ ਦਾ ਰੰਗ ਵੀ। ਬਾਬਾ ਨਾਨਕ ਦੀ ਛੋਹ ਮਾਣ, ਵੇਈਂ ਦੇ ਕੰਢੇ 'ਤੇ ਸੁਸ਼ੋਭਿਤ ਬੇਰੀ ਰਹਿਬਰੀ ਰਹਿਤਲ ਸਿਰਜ ਗਈ ਅਤੇ ਸੁਲਤਾਨਪੁਰ ਵਿਖੇ ਵੇਈਂ ਦੇ ਕੰਢੇ ਨੂੰ ਸਿੱਖ ਧਰਮ ਦਾ ਮੂਲ ਕੇਂਦਰ ਹੋਣ ਦਾ ਮਾਣ ਮਿਲਿਆ। ਹਰਿਮੰਦਰ ਸਾਹਿਬ ਵਿਖੇ ਦੁੱਖ-ਭੰਜਨੀ ਬੇਰੀ ਜਾਂ ਧਾਰਮਕ ਅਕੀਦਤ ਦਾ ਸੁੱਚਮ ਬਣੇ ਹੋਏ ਹੋਰ ਬੋਧ-ਬਿਰਖ ਵੀ ਅਜਿਹੇ ਹਨ। ਦਰਅਸਲ ਕੁਦਰਤੀ ਪਸਾਰਾ, ਮਨੁੱਖ ਅਤੇ ਰੁੱਖ ਦੀ ਸਦੀਵੀ ਸਾਂਝ ਦਾ ਸੁਗਮ ਸੰਦੇਸ਼।

ਬਿਰਖ ਹੀ ਮਨੁੱਖ ਦਾ ਆਦਿ ਤੇ ਅੰਤ। ਬੱਚੇ ਦੇ ਜਨਮ ਵੇਲੇ ਦਰਵਾਜਿਆਂ 'ਤੇ ਬੱਝੇ ਸਰੀਂਹ ਦੇ ਪੱਤੇ। ਨਵੀਂ ਵਿਆਹੀ ਦਾ ਨਿੰਮ ਦੇ ਘੋਟਣੇ ਲਈ ਤਰਲਾ। ਜ਼ਿੰਦਗੀ ਦੇ ਆਖਰੀ ਸਫਰ 'ਤੇ ਜਾਣ ਲੱਗਿਆਂ ਵੀ ਲੱਕੜ ਦਾ ਤਾਬੂਤ ਜਾਂ ਸਿਵਿਆਂ ਵਿਚ ਬਲਦੀਆਂ ਲਕੜਾਂ ਦਾ ਸੇਕ ਮਨੁੱਖ ਨੂੰ ਮਿੱਟੀ ਵਿਚ ਵਿਲੀਨ ਕਰਦਾ। ਬਿਰਖ ਦੀਆਂ ਲੋੜਾਂ ਅਤੇ ਥੋੜਾਂ ਦਾ ਅਹਿਸਾਸ ਮਨੁੱਖੀ ਸੋਚ ਦਾ ਹਮਸਫਰ।

ਕਦੇ ਸਕੂਲੀ ਪੜ੍ਹਾਈ ਵਾਲੇ ਪੁਰਾਣੇ ਕੁਰਸੀ-ਮੇਜ਼ ਨੂੰ ਯਾਦ ਕਰਨਾ ਅਤੇ ਉਸ ਦੇ ਬੀਤ ਚੁਕੇ ਇਲਾਹੀ ਸਾਥ ਨੂੰ ਨੈਣਾਂ 'ਚ ਉਤਾਰਨਾ ਤੁਹਾਨੂੰ ਉਂਘਲਾਈਆਂ ਰਾਤਾਂ, ਖਿਲਰੀਆਂ ਕਿਤਾਬਾਂ-ਕਾਪੀਆਂ ਅਤੇ ਡੁੱਲ੍ਹੀ ਹੋਈ ਸਿਆਹੀ ਜਰੂਰ ਯਾਦ ਆਵੇਗੀ। ਜਦ ਘਰ ਦੀ ਕਿਸੇ ਨੁੱਕਰੇ ਮਾਂ ਦਾ ਕਾਲੀ ਟਾਹਲੀ ਤੇ ਪਿੱਤਲ ਦੇ ਕੋਕਿਆਂ ਵਾਲਾ ਸੰਦੂਕ ਅਤੇ ਚੰਨਣ ਦਾ ਚਰਖਾ ਬੀਤੇ ਸਮੇਂ ਨੂੰ ਨਿਹਾਰਦਾ ਤਾਂ ਉਸ ਦੇ ਨੈਣਾਂ ਵਿਚ ਹੰਝੂਆਂ ਦਾ ਧੁੰਦਲਕਾ ਮਨੁੱਖੀ ਸੋਚ ਵਿਚ ਪ੍ਰਸ਼ਨ ਪੈਦਾ ਕਰ ਜਾਂਦਾ।

ਬਿਰਖ, ਬਿਰਹਾ ਦਾ ਰਾਗ ਅਲਾਪੇ, ਖੁਦ 'ਚੋਂ ਹੀ ਖੁਦ ਨੂੰ ਨਾਪੇ। ਖੁਦ ਹੀ ਬੱਚੜਾ ਤੇ ਖੁਦ ਹੀ ਮਾਪੇ। ਖੁਦ 'ਚੋਂ ਹੀ ਖੁਦਾ ਦੀ ਸੂਰਤ ਜਾਪੇ। ਬਿਰਖ-ਬੂਹਾ, ਜਿੰਦ-ਮੁਹਾਣ। ਬਿਰਖ ਹੀ ਸਭ ਦਾ ਜੀਅ-ਪਰਾਣ। ਬਿਰਖ ਹੀ ਬਣਦਾ ਸਾਂਝ-ਸਿਆਣ। ਬਿਰਖ ਜਦ ਬਣਦਾ ਬਿਰਖ ਪਛਾਣ, ਤਾਂ ਬਿਰਖ ਕਰੇਂਦਾ ਬਿਰਖ 'ਤੇ ਮਾਣ। ਬਿਰਖ ਸੋਝੀ ਤੇ ਬਿਰਖ ਗਿਆਨ। ਬਿਰਖ ਅੱਲਾ ਤੇ ਬਿਰਖ ਭਗਵਾਨ। ਬਿਰਖ ਨੂੰ ਆਪਣਾ ਆੜੀ ਬਣਾਓ। ਬਿਰਖ ਦੀ ਜੂਹੀਂ ਆਵੋ ਜਾਵੋ। ਬਿਰਖ ਦੇ ਸਾਹੀਂ ਸੱਦ ਲਗਾਓ ਅਤੇ ਬਿਰਖ ਦਾ ਨਗਮਾ ਜਿੰਦ-ਬੀਹੀਂ ਗਾਵੋ।

ਰੁੱਖ ਅਤੇ ਮਨੁੱਖ ਦੀ ਪੀਢੀ ਸਾਂਝ ਤੇ ਸਾਂਝੀ ਸੋਚ। ਮਨੁੱਖ ਬਿਰਖ ਕੋਲੋਂ ਬਹੁਤ ਕੁਝ ਸਿੱਖ ਸਕਦਾ। ਜੇਠ ਹਾੜ ਦੀਆਂ ਲੂਆਂ 'ਚ ਪਿੰਡਾ ਤਪਾਉਂਦਾ। ਪੋਖ ਸਿਆਲਾਂ ਵਿਚ ਰੁੰਡ-ਮਰੁੰਡ ਹੋਣ ਦਾ ਦਰਦ ਹੰਢਾਉਂਦਾ। ਬਿਰਖ ਕਦੇ ਵੀ ਪੀੜ ਪੀੜ ਨਹੀਂ ਹੁੰਦਾ। ਸਗੋਂ ਰੁੱਤ ਬਦਲਣ 'ਤੇ ਹਰੇ ਕਚੂਰ ਪੱਤਿਆਂ ਅਤੇ ਲੈਰੀਆਂ ਲਗਰਾਂ ਸੰਗ ਨਵੀਂ ਰੁੱਤ ਨੂੰ ਖੁਸ਼ਆਮਦੀਦ ਕਹਿੰਦਾ। ਮਨੁੱਖੀ ਮਨ ਵਿਚ ਤਾਜ਼ਗੀ ਤੇ ਜਿਉਣ ਦਾ ਵਿਸਮਾਦ ਧਰਦਾ ਅਤੇ ਯੁੱਗ-ਜਿਉਣ ਦੀ ਆਸ ਤੇ ਧਰਵਾਸ ਦਾ ਸਿਰਨਾਵਾਂ ਖੁਣ ਜਾਂਦਾ। ਝੱਖੜ ਤੋਂ ਬਾਅਦ ਫਿਰ ਬਿਰਖ 'ਤੇ ਬੈਠੇ ਪਰਿੰਦੇ ਗਾਉਂਦੇ, ਪੱਤੇ 'ਚ ਉਪਜਦਾ ਰੁਮਕਣ-ਰਾਗ ਅਤੇ ਜੀਵਨਧਾਰਾ ਦਾ ਚਲਦਾ ਨਿਰੰਤਰ ਪ੍ਰਵਾਹ।

ਕਦੇ ਰੁੱਖ ਦੇ ਵਿਹੜੇ ਆਏ ਰੰਗ-ਬਿਰੰਗੇ ਫੁੱਲਾਂ ਨੂੰ ਕਿਆਸਣਾ, ਰਸੀਲੇ ਫਲਾਂ ਨਾਲ ਲਿਫੀਆਂ ਟਹਿਣੀਆਂ ਵਿਚਲੀ ਨਿਮਰਤਾ ਨੂੰ ਅੰਤਰੀਵ ਵਿਚ ਉਤਾਰਨਾ ਅਤੇ ਝੋਲੀਆਂ ਭਰ ਭਰ ਵੰਡਣ ਨਾਲ ਪੈਦਾ ਹੋਈ ਬਿਰਖੀ-ਸੰਤੁਸ਼ਟੀ ਨੂੰ ਜੀਵਨ-ਸ਼ੈਲੀ ਦੇ ਨਾਮ ਕਰਨਾ, ਤੁਸੀਂ ਜੀਵਨ-ਦਿਸਹੱਦੇ 'ਤੇ ਸੁਰਜੀ ਜੀਵਨ-ਜਾਚ ਦੀ ਦਸਤਕ ਜਰੂਰ ਸੁਣੋਗੇ।

ਬਿਰਖ, ਬਹੁਲਾਤ, ਬੰਦਗੀ, ਬੰਦਨਾ ਅਤੇ ਬੇਪ੍ਰਵਾਹੀ ਦਾ ਨਾਮ। ਬਿਨਾ ਕਿਸੇ ਭੇਦਿਸ਼, ਬੇਲਿਹਾਜ਼ੀ ਜਾਂ ਬੇਗਾਨਗੀ ਦੇ ਬਿਰਖ ਹਰੇਕ ਲਈ ਸਾਹ, ਸੰਵੇਦਨਾ, ਸੰਜੀਵਨੀ, ਸੰਜੀਦਗੀ ਅਤੇ ਸਾਦਗੀ ਧਰ ਜਿਉਣ-ਨਗਮਾ ਜੀਵਨ-ਹੋਠ 'ਤੇ ਗੁਣਗੁਣਾਉਂਦਾ।

ਕਦੇ ਕਦਾਈਂ ਬਿਰਖ ਬਿਰਖ ਹੋ ਕੇ ਜਿਉਣ ਦੀ ਤਮੰਨਾ ਮਨ ਵਿਚ ਪੈਦਾ ਕਰਨਾ, ਤੁਹਾਨੂੰ ਬਿਰਖੀ ਸਾਧਨਾ, ਸਮਰਪਣ ਅਤੇ ਸਿਦਕਦਿਲੀ ਦਾ ਸੂਚਾਰੂ ਸਮਰੂਪ ਜਰੂਰ ਨਜ਼ਰ ਆਵੇਗਾ। ਬਹੁਤ ਹੀ ਨੇਕਬਖਤ ਇਨਸਾਨ ਹੁੰਦੇ ਨੇ ਜੋ ਬਿਰਖ ਵਿਚੋਂ ਹੀ ਖੁਦ ਦਾ ਬਿੰਬ ਦੇਖ ਬਿਰਖੀ ਲੋਚਾ ਨੂੰ ਤਰਜੀਹ ਬਣਾਉਂਦੇ।

ਬਿਰਖ, ਮਨੁੱਖ ਨੂੰ ਸਹਿਜ ਰੂਪ ਵਿਚ ਸਰਬੱਤ ਦੇ ਭਲੇ ਦਾ ਸੁਨੇਹਾ ਦਿੰਦੇ, ਆਪਣੀ ਤੋਰੇ ਵਿਗਸਦੇ, ਫੁੱਲਦੇ, ਫਲਦੇ ਅਤੇ ਜੀਵਨ-ਸਫਰ ਤੈਅ ਕਰਨ ਦਾ ਗੁਰ ਮਨੁੱਖੀ ਤਲੀ 'ਤੇ ਧਰ ਜਾਂਦੇ।

ਬਿਰਖ-ਸੰਗਤ ਦੀ ਆਬ-ਓ-ਹਵਾ ਹੀ ਅਜਿਹੀ ਮਨਮੋਹਣੀ ਹੁੰਦੀ ਕਿ ਪੱਥਰਾਂ ਦੇ ਸ਼ਹਿਰ ਵਿਚ ਸੌੜੇ ਘਰਾਂ ਤੇ ਦੀਵਾਰਾਂ ਦਾ ਕੈਦੀ ਮਨੁੱਖ ਸੁਗੰਧੀ ਭਰਪੂਰ ਸਾਹ ਲੈਣ ਲਈ ਪਹਾੜਾਂ ਅਤੇ ਜੰਗਲਾਂ ਵੱਲ ਨੂੰ ਅਹੁਲਦਾ। ਪਰ ਫਿਰ ਵੀ ਉਹ ਬਿਰਖਾਂ ਨੂੰ ਪਾਲਣ-ਪੋਸ਼ਣ ਤੋਂ ਕੰਨੀਂ ਕਤਰਾਉਂਦਾ।

ਬਿਰਖ ਰੱਬ ਵਰਗੇ ਹੁੰਦੇ ਜਿਨ੍ਹਾਂ ਵਿਚ ਮਨੁੱਖੀ ਰਿਸ਼ਤਿਆਂ ਦੀਆਂ ਸਾਰੀਆਂ ਪਰਤਾਂ ਅਤੇ ਰੂਪ ਸਮੋਏ ਹੁੰਦੇ। ਐਵੇਂ ਤਾਂ ਨਹੀਂ ਲੋਕ ਬਿਰਖਾਂ ਨੂੰ ਪੂਜਦੇ!

ਕਿਸੇ ਦੇ ਘਰ ਦਾ ਚੌਗਿਰਦਾ ਕਿਸ ਤਰ੍ਹਾਂ ਦਾ ਹੈ? ਕਿਹੜੇ ਰੁੱਖ ਹਨ ਅਤੇ ਉਨ੍ਹਾਂ ਦੀ ਦਸ਼ਾ ਕੀ ਹੈ? ਉਨ੍ਹਾਂ ਦਾ ਰੱਖ-ਰਖਾਓ ਅਤੇ ਦਿੱਖ ਹੀ ਤੁਹਾਨੂੰ ਘਰ ਦੇ ਬਾਸ਼ਿੰਦਿਆਂ ਦੀ ਮਾਨਸਿਕਤਾ ਦਾ ਸੰਪੂਰਨ ਬਿੰਬ ਪੇਸ਼ ਕਰ ਦੇਣਗੇ। ਬਿਰਖ ਵਿਹੂਣਾ ਘਰ ਸੁੱਕੇ ਹੋਏ ਪੱਤਿਆਂ ਦੀ ਲਾਚਾਰਗੀ ਹੰਢਾਉਂਦਾ ਚਮਨ ਜਾਂ ਪਾਣੀ ਲਈ ਤਰਸਦੇ ਬੂਟੇ ਉਜਾੜ ਦਾ ਨਾਮ ਹੁੰਦਾ ਜਿਥੋਂ ਕਦੇ ਵੀ ਪਿਆਰ-ਮੁਹੱਬਤ ਦਾ ਛੱਰਾਟਾ ਜਾਂ ਮਿਠਬੋਲੜੇ ਬੋਲ ਸੁਣਾਈ ਨਹੀਂ ਦਿੰਦੇ। ਸਗੋਂ ਵੈਣ, ਲੇਰਾਂ ਜਾਂ ਹਉਕਿਆਂ ਭਰਿਆ ਚੌਗਿਰਦਾ ਲਿੱਲਕੜੀਆਂ ਜੋਗਾ ਰਹਿ ਜਾਂਦਾ। ਰੁੱਖਾਂ ਨਾਲ ਪ੍ਰੇਮ ਕਰਨ ਵਾਲੇ ਸ਼ਖਸ ਦਾ ਬੰਦਿਆਂ ਨਾਲ ਪ੍ਰੇਮ। ਉਹ ਨਿੱਘ ਭਰਪੂਰ ਰਿਸ਼ਤਿਆਂ ਦਾ ਸਬੱਬ।



***ਕਦੀ ਫੱਬਦੀਆਂ ਸਨ ਪਿੱਪਲਾਂ ਤੇ ਬੋਹੜਾਂ ਛਾਂਵੇਂ ਬਾਬਿਆਂ ਦੀਆਂ ਮਜਲਿਸਾਂ***

ਬਿਰਖ ਆਉਣ ਵਾਲੀਆਂ ਪੀੜ੍ਹੀਆਂ ਲਈ ਵਰਦਾਨ। ਭਵਿੱਖੀ ਨਸਲਾਂ ਲਈ ਸਾਫ-ਸੁਥਰਾ ਵਾਤਾਵਰਣ, ਹਵਾ ਦਾ ਲੰਗਰ ਅਤੇ ਜੀਵਨੀ ਧੜਕਣ ਦਾ ਦਾਨ। ਅਸੀਂ ਬਜ਼ੁਰਗਾਂ ਵਲੋਂ ਲਾਏ ਬਿਰਖਾਂ ਦੀਆਂ ਨਿਆਮਤਾਂ ਮਾਣਦੇ, ਕਦੇ ਕਦਾਈਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹੋ, ਅਕੀਦਤੀ ਸ਼ਰਧਾ ਜਰੂਰ ਅਰਪਿਤ ਕਰੀਏ।

ਧੂੰਏਂ, ਸ਼ੋਰ ਅਤੇ ਦੁਨਿਆਵੀ ਭੱਜ-ਦੌੜ ਦਾ ਚਸ਼ਮਦੀਦ ਗਵਾਹ ਬਣੇ ਬਿਰਖ ਦੀ ਇਹ ਕੇਹੀ ਫਿਕਰਮੰਦੀ ਏ ਕਿ ਉਹ ਸਾਹ-ਵਿਹੂਣਾ ਹੋ ਕੇ ਵੀ ਮਨੁੱਖ ਨੂੰ ਸਾਹ ਜੋਗੀ ਆਕਸੀਜਨ ਦੇਣ ਲਈ ਖੁਦ ਨਾਲ ਜਦੋਜਹਿਦ ਕਰਦਾ। ਕਈ ਵਾਰ ਬਿਰਖ ਮਨੁੱਖੀ ਅਕ੍ਰਿਤਘਣਤਾ ਦਾ ਸ਼ਿਕਾਰ ਹੋ ਸਦਾ ਦੀ ਨੀਂਦਰ ਸੌਂ ਜਾਂਦਾ।

ਗੁਰੂਆਂ ਵਲੋਂ 'ਬਲਿਹਾਰੀ ਕੁਦਰਤ ਵਸਿਆ' ਦਾ ਸੁਨੇਹਾ ਜਦ ਮਨੁੱਖੀ ਪੈਗਾਮ ਬਣ ਕੇ ਧਾਰਮਕ ਫਿਜ਼ਾ ਵਿਚ ਪਨਪਦਾ ਤਾਂ ਇਹ ਮਨੁੱਖੀ ਹੋਂਦ ਨੂੰ ਕੁਦਰਤੀ ਹੋਂਦ ਦੇ ਸਾਹੀਂ ਜਿਉਣ ਦਾ ਵੱਲ ਸਿਖਾਉਂਦਾ।

ਬੱਚਾ ਜਦ ਬਿਰਖ ਲਾਉਣ ਲਈ ਟੋਆ ਪੁੱਟਦਾ, ਪਨੀਰੀ ਲਾਉਂਦਾ, ਪਾਣੀ ਪਾਉਂਦਾ, ਨਿਸ ਦਿਨ ਵਧਦੇ ਬਿਰਖ ਨੂੰ ਨਿਹਾਰਦਾ, ਬਿਰਖ ਦੀਆਂ ਪੱਤੀਆਂ ਨਾਲ ਲਾਡ ਲਡਾਉਂਦਾ, ਫੁੱਲਾਂ ਨੂੰ ਚੁੰਮਦਾ ਅਤੇ ਤਿੱਤਲੀਆਂ ਨਾਲ ਤਿੱਤਲੀ ਬਣਿਆ ਜੀਵਨ-ਬਗੀਚੇ ਨੂੰ ਰੰਗਤ ਬਖਸ਼ਦਾ ਤਾਂ ਉਹ ਤੁਹਾਡੇ ਪਰਿਵਾਰ ਦਾ ਵੱਡ-ਅਕਾਰੀ ਛਾਂਦਾਰ ਬਿਰਖ ਬਣ ਕੇ ਨਵੀਨਤਮ ਰਹਿਤਲ ਦਾ ਆਧਾਰ ਜਰੂਰ ਬਣੇਗਾ। ਅਜਿਹੇ ਬੱਚੇ ਬਿਰਖ ਦੇ ਪੱਤੇ ਨਹੀਂ ਮਰੁੰਡਦੇ ਅਤੇ ਨਾ ਹੀ ਫੁੱਲਾਂ ਨੂੰ ਪੱਤੀ ਪੱਤੀ ਕਰਕੇ ਪੈਰਾਂ ਵਿਚ ਰੋਲਦੇ ਨੇ। ਸਗੋਂ ਉਨ੍ਹਾਂ ਦੀ ਅੱਖ ਨਮ ਹੋ ਜਾਂਦੀ ਜਦ ਪੱਤਝੜ ਵਿਚ ਬਿਰਖ ਨਿਪੱਤਰੀ ਜੂਨ ਹੰਢਾਉਣ ਲਈ ਮਜਬੂਰ ਹੋ ਜਾਂਦਾ।

ਪਰਿੰਦੇ, ਬਿਰਖ ਦੀ ਸੰਗਤ ਵਿਚੋਂ ਆਪਣੀ ਹੋਂਦ ਨੂੰ ਚਿਤਾਰਦੇ। ਇਸੇ ਲਈ ਪੰਛੀ ਕਦੇ ਬਿਰਖ ਨੂੰ ਆਪਣੇ ਜੀਵਨ ਵਿਚੋਂ ਮਨਫੀ ਕਰਨ ਦਾ ਕਿਆਸ ਵੀ ਨਹੀਂ ਸਕਦੇ। 'ਕੇਰਾਂ ਸੜ ਰਹੇ ਬਿਰਖ ਦੇ ਸੇਕ ਕਾਰਨ ਸਾਰੇ ਪਰਿੰਦੇ ਜਾਨ ਬਚਾਉਣ ਲਈ ਉਡਾਰੀ ਮਾਰ ਗਏ। ਪਰ ਉਨ੍ਹਾਂ ਪਰਿੰਦਿਆਂ ਵਿਚੋਂ ਇਕ ਚਿੜੀ ਵਾਪਸ ਪਰਤ ਆਈ ਅਤੇ ਉਹ ਨਿੱਕੀ ਜਿਹੀ ਚੁੰਝ ਨਾਲ ਨੇੜੇ ਦੇ ਛੱਪੜ ਵਿਚੋਂ ਪਾਣੀ ਲਿਆ ਕੇ ਬਿਰਖ ਨੂੰ ਲੱਗੀ ਅੱਗ ਨੂੰ ਬੁਝਾਉਣ ਵਿਚ ਰੁੱਝ ਗਈ। ਰਾਹਗੀਰ ਨੇ ਚਿੜੀ ਨੂੰ ਅਜਿਹਾ ਕਰਦਿਆਂ ਦੇਖ, ਹੈਰਾਨ ਹੋ ਕੇ ਕਿਹਾ ਕਿ ਕੀ ਉਸ ਦੀ ਕੋਸ਼ਿਸ਼ ਨਾਲ ਅੱਗ ਬੁੱਝ ਜਾਵੇਗੀ? ਤਾਂ ਚਿੜੀ ਦਾ ਉਤਰ ਸੀ, "ਜਦ ਬਲਦੇ ਬਿਰਖ ਦੀ ਗਾਥਾ ਲਿਖੀ ਜਾਵੇਗੀ ਤਾਂ ਮੇਰਾ ਨਾਮ ਉਨ੍ਹਾਂ ਪਰਿੰਦਿਆਂ ਵਿਚ ਸ਼ਾਮਲ ਹੋਵੇਗਾ ਜਿਨ੍ਹਾਂ ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਤਾਂ ਕੀਤੀ। ਪਰ ਮੇਰਾ ਨਾਮ ਉਨ੍ਹਾਂ ਵਿਚ ਨਹੀਂ ਆਵੇਗਾ ਜੋ ਬਲਦੇ ਬਿਰਖ ਨੂੰ 'ਕੱਲਾ ਛੱਡ ਉਡਾਰੀ ਮਾਰ ਗਏ।" ਨਿਰੁੱਤਰ ਹੋਇਆ ਰਾਹਗੀਰ ਵੀ ਅੱਗ ਬੁਝਾਉਣ ਲੱਗ ਪਿਆ। ਕੀ ਅਸੀਂ ਵੀ ਬਲਦੇ ਬਿਰਖ ਦੇ ਦਰਦ ਨੂੰ ਮਹਿਸੂਸ ਕੀਤਾ ਏ ਅਤੇ ਇਸ ਨੂੰ ਪਾਣੀ ਦੇ ਤਰੌਂਕਿਆਂ ਦਾ ਨਿਉਂਦਾ ਪਾਇਆ ਏ? ਜਾਂ ਸੜਦੇ ਸੁਪਨਿਆਂ ਦੀ ਰੁੱਤੇ ਸਾਵਣ ਦੀ ਫੁਹਾਰ ਨਾਲ ਠੰਢਕ ਪਹੁੰਚਾਉਣ ਬਾਰੇ ਸੋਚਿਆ ਏ?

ਚਿੜੀ ਦਾ ਚੇਤਨਾ ਭਰਪੂਰ ਸੁਨੇਹਾ ਤੁਹਾਡੀ ਸੰਵੇਦਨਾ ਨੂੰ ਕਿਵੇਂ ਝੰਜੋੜਦਾ ਏ, ਇਸ ਬਾਰੇ ਜਰੂਰ ਸੋਚਣਾ!

# ਦੁਖਦੀ ਰਗ ਤੇ ਧੁਖਦਾ ਸੀਨਾ: ਸੱਤਪਾਲ ਗੌਤਮ

**ਸ਼ਰਧਾਂਜਲੀ**

1986-87 ਦੀ ਗੱਲ ਹੋਵੇਗੀ। ਪੰਜਾਬ ਯੂਨੀਵਰਸਿਟੀ ਦੇ ਇਮਤਿਹਾਨ ਹੋ ਰਹੇ ਸਨ, ਜਿਸ ਦੇ ਕੰਟ੍ਰੋਲਰ ਡਾ. ਹਰਦੇਵ ਸਿੰਘ ਸੱਚਰ ਸਨ। ਉਨ੍ਹੀਂ ਦਿਨੀਂ ਮੈਂ ਡਾ. ਸੱਚਰ ਦਾ ਪੁੱਜ ਕੇ ਉਪਾਸ਼ਕ ਸਾਂ; ਇਕ ਕਿਸਮ ਦਾ ਭਗਤ ਹੀ ਸਾਂ, ਜਿਸ ਕਰਕੇ ਮੈਂ ਹਮੇਸ਼ਾ ਉਨ੍ਹਾਂ ਦੇ ਨਾਲ ਨਾਲ ਜਾਂ ਨੇੜੇ ਨੇੜੇ ਹੀ ਰਹਿੰਦਾ ਸਾਂ।

ਉਸੇ ਸੈਂਟਰ ਵਿਚ ਇਕ ਦਰਮਿਆਨੇ ਕੱਦ ਦਾ ਸੈਂਟਰ ਸੁਪਰਡੈਂਟ, ਸ਼ਕਲੋਂ ਸੂਰਤੋਂ ਅਤੇ ਤੁਰਤ ਫੁਰਤ ਲਹਿਜੇ ਤੋਂ ਖੱਬੀ ਸੋਚ ਵਾਲਾ ਸਿਆਣਾ ਅਧਿਆਪਕ ਪ੍ਰਤੀਤ ਹੁੰਦਾ ਸੀ। ਉਸ ਦਾ ਲੰਬਾ

**ਅਵਤਾਰ ਸਿੰਘ (ਪ੍ਰੋ)**
ਫੋਨ: 91-94175-18384

ਅਤੇ ਖਾਦੀ ਕੁੜਤਾ, ਚੁਸਤ ਜੀਨ, ਦਾੜ੍ਹੀ ਦਾ ਲੈਨਿਨ ਕੱਟ ਅਤੇ ਸਿਰ ਦੇ ਬੇਚੀਰ, ਬੇਸੰਵਰਦਾ, ਬੇਤਰਤੀਬੇ ਵਾਲ ਉਸ ਦੀ ਵਿਦਵਤਾ ਦੀ ਕਿਸਮ ਅਤੇ ਜ਼ਿੰਦਗੀ ਦੀ ਤਰਜ਼ ਦੇ ਜ਼ਾਮਨ ਸਨ। ਮੈਂ ਉਸ ਨੂੰ ਨੀਝ ਨਾਲ ਤੱਕਿਆ ਤੇ ਕਿਸੇ ਨੂੰ ਪੁੱਛਿਆ। ਉਹ ਫਿਲਾਸਫੀ ਦਾ ਪ੍ਰੋਫੈਸਰ, ਸੱਤਪਾਲ ਗੌਤਮ ਸੀ। ਰਤਾ ਕੁ ਵਡੇਰੇ ਕੰਨ ਉਸ ਦੇ ਸਾਬਰ ਸਰੋਤਾ ਹੋਣ ਦੀ ਦੱਸ ਪਾਉਂਦੇ। ਭਲਾ ਕਿਸੇ ਦੇ ਕੰਨ ਵੀ ਕਦੀ ਬੋਲਦੇ ਹਨ? ਪਰ ਉਸ ਦੇ ਬੋਲਦੇ ਸਨ, ਜੋ ਉਸ ਦੇ ਗੋਤ 'ਗੌਤਮ' ਦਾ ਗੌਤਮ ਬੁੱਧ ਨਾਲ ਕੋਈ ਜ਼ਿਹਨੀ ਰਿਸ਼ਤਾ ਬਿਆਨਦੇ ਸਨ। ਉਸ ਦੀ ਤੋਰ, ਤੌਰ ਅਤੇ ਲਬੋ ਲਿਬਾਸ ਮੇਰੇ ਜ਼ਿਹਨ 'ਚ ਟਿਕ ਗਏ।

ਉਹ ਸਦਾ ਸਾਈਕਲ 'ਤੇ ਆਉਂਦਾ। ਖੱਬੇ ਮੋਢੇ 'ਤੇ ਹਮੇਸ਼ਾ ਇੱਕ ਲੰਬੀ ਵੱਧਰ ਵਾਲਾ ਕੱਪੜੇ ਦਾ ਝੋਲਾ ਲਟਕਦਾ, ਜੋ ਉਸ ਦੀ ਦਿੱਖ ਵਿਚ ਦਾਨਿਸ਼ਵਰਾਨਾ ਇਜ਼ਾਫਾ ਕਰਦਾ। ਨਿਰਮਲ ਨੈਣ ਅਤੇ ਜਿਗਿਆਸੂ ਨਕਸ਼ ਉਸ ਦਾ ਤੁਆਰਫ ਸਨ।

ਸਿਗਰਟਨੋਸ਼ੀ ਦਾ ਇਸ ਕਦਰ ਸ਼ੌਕੀਨ ਸੀ ਕਿ ਜੇ ਹੱਥ ਵਿਚ ਸਿਗਰਟ ਨਾ ਵੀ ਹੋਣੀ ਤਾਂ ਵੀ ਲੱਗਦਾ ਕਿ ਉਸ ਦੇ ਹੱਥ ਵਿਚ ਸਿਗਰਟ ਹੈ। ਮੂੰਹ 'ਚੋਂ ਹਮੇਸ਼ਾ ਮੱਠਾ ਮੱਠਾ ਧੂੰਆਂ ਨਿਕਲਦਾ ਲਗਦਾ। ਦੇਖ ਕੇ ਮਹਿਦੀ ਹਸਨ ਦੀ ਗ਼ਜ਼ਲ ਚੇਤੇ ਆਉਂਦੀ: "ਯੇ ਧੂੰਆਂ ਸਾ ਕਹਾਂ ਸੇ ਉਠਤਾ ਹੈ।"

ਉਸ ਨਾਲ ਕਈ ਦਫਾ ਗੱਲਬਾਤ ਹੋਈ। ਧੂੰਆਂ ਨੇੜਤਾ 'ਚ ਰੁਕਾਵਟ ਬਣ ਜਾਂਦਾ ਅਤੇ ਧੂੰਏ ਦੀ ਦੁਰਗੰਧ ਵਿਚਾਰਾਂ 'ਚ ਵਿੱਥ ਬਣ ਜਾਂਦੀ। ਮੈਂ ਉਸ ਨੂੰ ਉਸ ਦੇ ਵਿਦਿਆਰਥੀਆਂ ਦੇ ਜ਼ਰੀਏ ਮਿਲਦਾ। ਉਹ ਦੱਸਦੇ ਕਿ ਕਲਾਸ ਰੂਮ ਵਿਚ ਸਰ ਦਾ ਮੰਜ਼ਰ ਦੇਖਣ ਵਾਲਾ ਹੁੰਦਾ ਹੈ। ਉਹ ਆਪਣੇ ਸਰ ਨੂੰ ਸੁਣਦੇ-ਸੁਣਦੇ ਦੇਖਦੇ ਵੀ ਹਨ। ਕਲਾਸ 'ਚ ਆਉਂਦੇ ਸਾਰ ਸਰ ਦਾ ਚਿਹਰਾ ਗਹਿਰੀ ਝੀਲ ਬਣ ਜਾਂਦਾ ਹੈ, ਜਿਸ ਦੀ ਤਹਿ ਹੇਠ ਵਿਚਾਰਾਂ ਦੀਆਂ ਤੇਜ਼ ਰਫਤਾਰ ਪਣਡੁੱਬੀਆਂ, ਇੱਧਰ-ਉੱਧਰ ਦੌੜਦੀਆਂ, ਜਿਵੇਂ ਜੰਗ ਮਚੀ ਹੋਵੇ।

ਸਤਹ ਉਤੇ, ਵਿਚਾਰਧਾਰਾਈ ਲਹਿਰਾਂ ਦੇ ਨਜ਼ਾਰਿਆਂ ਦਰਮਿਆਨ ਕਾਗਜ਼ੀ ਕਿਸ਼ਤੀਆਂ 'ਤੇ ਵਿਚਾਰਾਂ ਦੇ ਚੱਪੂ ਚੱਲਦੇ। ਫਲਸਫਾਨਾ ਜਹਾਜ਼ਰਾਨੀ ਦਾ ਅਜੀਬ ਅਤੇ ਸਜੀਵ ਦ੍ਰਿਸ਼ ਸਾਕਾਰ ਹੁੰਦਾ। ਜਿਵੇਂ ਫਲਸਫੇ ਦੇ ਵਜ਼ੀਰ, ਸਫੀਰ ਅਤੇ ਦੂਤ ਸੱਭਿਅਤਾਵਾਂ ਦਾ ਆਦਾਨ ਪ੍ਰਦਾਨ ਕਰਦੇ ਹੋਣ; ਸ਼ਾਸਤਰਾਰਥ ਅਤੇ ਗੋਸ਼ਟਾਂ ਰਚਾਉਂਦੇ ਹੋਣ। ਉਹ ਫਲਸਫੇ ਦੇ ਜੁਗਰਾਫੀਏ ਦੀ ਖੋਜ ਕਰਦਾ, ਜੁਗਰਾਫੀਏ ਦਾ ਫਲਸਫਾ ਲੱਭ ਲੈਂਦਾ ਤੇ ਲੌਜਿਕ ਦਾ ਲੁਤਫ ਦੂਣਾ-ਚੌਣਾ ਹੋ ਜਾਂਦਾ। ਵਿਚਾਰਾਂ ਦੀ ਜੰਗ, ਜੰਗਾਲ ਧੋ ਸੁੱਟਦੀ।

ਵਿਦਿਆਰਥੀ ਹੱਕੇ ਬੱਕੇ ਰਹਿ ਜਾਂਦੇ। ਉਹ ਕਲਾਸ ਰੂਮ 'ਚੋਂ ਇਸ ਤਰ੍ਹਾਂ ਬਾਹਰ ਨਿਕਲਦੇ, ਜਿਵੇਂ ਯੂਨਾਨ, ਰੋਮ, ਜਰਮਨ ਅਤੇ ਰੂਸ ਦੀ ਲੰਬੀ ਯਾਤਰਾ ਤੋਂ ਪਰਤੇ ਹੋਣ। ਕਈਆਂ ਨੂੰ ਤਾਂ ਮਸਾਂ ਸੁੱਖ ਦਾ ਸਾਹ ਆਉਂਦਾ। ਕਈ ਧੁਰ ਅੰਦਰੋਂ ਨਿਛਾਵਰ ਹੋਏ ਆਖਦੇ, "ਫਿਲਾਸਫੀ ਹੈ, ਕੋਈ ਖਾਲਾ ਜੀ ਦਾ ਵਾੜਾ ਨਹੀਂ।"

ਗੌਤਮ ਅਕਸਰ ਵਿਚਾਰਧਾਰਕ ਕਸ਼ਮਕਸ਼ ਵਿਚ ਹਾਕਲ ਬਾਕਲ ਜਿਹਾ ਰਹਿੰਦਾ। ਪ੍ਰਤੀਬੱਧਤਾ ਉਸ ਦਾ ਇਸ਼ਟ ਸੀ, ਨਿਰਪੱਖਤਾ ਇਸ਼ਕ ਸੀ ਤੇ ਪੱਖਪਾਤ ਰਕੀਬ। ਧੁਰ ਅੰਦਰੋਂ ਖੱਬੀ ਸੋਚ ਤੇ ਖੱਬੇ ਪੱਖ ਦਾ ਏਨਾ ਪੁਜਾਰੀ ਕਿ ਉਸ ਨੂੰ ਦੇਖ ਕੇ ਲਗਦਾ ਜਿਵੇਂ ਉਹ ਹਰ ਕੰਮ ਖੱਬੇ ਹੱਥ ਨਾਲ ਹੀ ਕਰਦਾ ਹੋਵੇ। ਉਹ ਮੈਨੂੰ ਹਮੇਸ਼ਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਸਿਗਨੇਚਰ ਅਤੇ ਫਿਲਾਸਫੀ ਵਿਭਾਗ ਦਾ ਤੁਰਦਾ-ਫਿਰਦਾ ਲੋਗੋ ਲਗਦਾ। ਉਸ ਦੇ ਚਿਹਰੇ 'ਤੇ ਖਿਆਲ ਤੈਰਦੇ ਦਿਸਦੇ।

ਹੈਰਾਨੀ ਹੁੰਦੀ ਕਿ ਇਸ ਕਦਰ ਵੀ ਕੋਈ ਆਪਣੇ ਸਬਜੈਕਟ ਨੂੰ ਮੁਹੱਬਤ ਕਰਦਾ ਹੈ ਕਿ ਉਸ ਦੀ ਚੁੱਪ ਵਿਚੋਂ ਵੀ ਉਸ ਦਾ ਸਬਜੈਕਟ ਬੋਲਣ ਲੱਗ ਪਵੇ! ਸਬਜੈਕਟ ਵੀ ਉਹ ਜੋ ਸਿਰ ਚੜ੍ਹ ਬੋਲੇ ਯਾਨਿ ਫਿਲਾਸਫੀ!

ਸਾਇਕਾਲੋਜੀ ਵਿਭਾਗ ਦਾ ਮੇਰਾ ਦੋਸਤ ਬਲਜੀਤ ਤੇ ਮੈਂ ਉਸ ਵਿਚੋਂ ਰਾਜਿੰਦਰ ਸਿੰਘ ਬੇਦੀ ਦੀ ਕਹਾਣੀ 'ਲੰਮੀ ਕੁੜੀ' ਦੇ ਮੰਗੇਤਰ ਗੌਤਮ ਨੂੰ ਲੱਭਦੇ ਤੇ ਹੱਸ ਛੱਡਦੇ। ਉਹ ਸਾਨੂੰ ਸੱਚਮੁਚ ਉਹੀ ਗੌਤਮ ਲੱਗਦਾ; ਜਿਵੇਂ ਬੇਦੀ ਸਾਹਿਬ ਨੇ ਉਸੇ ਨੂੰ ਦੇਖ ਕੇ ਉਹ ਕਹਾਣੀ ਲਿਖੀ ਹੋਵੇ।

ਉਸ ਦੇ ਦੋਸਤ ਦੱਸਦੇ ਕਿ ਉਹ ਫਿਲਾਸਫੀ ਦੇ ਨਾਲ ਨਾਲ ਹੋਰ ਕਲਾਵਾਂ ਦਾ ਵੀ ਕਾਇਲ ਹੈ। ਸ਼ਾਮ ਦੇ ਇਕੱਲ ਨੂੰ ਦੂਰ ਕਰਨ ਲਈ ਸੰਗੀਤ ਦਾ ਸਾਥ ਮਾਣਦਾ ਹੈ; ਗੱਪ-ਸ਼ੱਪ ਦਾ ਸ਼ੌਕੀਨ ਅਤੇ ਕਵਿਤਾ ਦਾ ਆਸ਼ਕ ਹੈ। ਕਵੀਆਂ 'ਚ ਬੈਠਾ ਬੇਮੁਮਤਾਜ ਸ਼ਹਿਨਸ਼ਾਹ ਸ਼ਾਹਜਹਾਨ ਲੱਗਦਾ। ਦਿਨ ਭਰ ਦੋਸਤਾਂ ਤੇ ਵਿਦਿਆਰਥੀਆਂ ਨਾਲ ਗੁਜ਼ਾਰਦਾ। ਪਰ ਰਾਤ ਇਕੱਲਿਆਂ ਬਤੀਤ ਕਰਦਾ। ਕੋਈ ਮੁਮਤਾਜ ਤਾਉਮਰ ਉਸ ਦੇ ਦਿਲ ਨੂੰ ਨਾ ਛੂਹ ਸਕੀ ਤੇ ਨਾ ਉਸ ਦੀ ਖ਼ੁਆਬਗਾਹ ਦਾ ਸ਼ਿੰਗਾਰ ਬਣ ਸਕੀ। ਮੰਜਾ, ਬਿਸਤਰਾ ਤੇ ਚਾਹ ਜੋਗੇ ਭਾਂਡੇ ਉਸ ਦੇ ਘਰ ਦਾ ਸਮਾਨ ਸਨ। "ਤਸਵੀਰੇ ਬੁੱਤਾਂ ਔਰ ਹਸੀਨੋ ਕੇ ਖ਼ਤੂਤ" ਦਾ ਰਾਜ਼, ਕੋਈ ਹਮਰਾਜ ਹੀ ਜਾਣਦਾ ਹੋਵੇਗਾ। ਉਂਜ ਉਸ ਦਾ ਕੋਈ ਹਮਰਾਜ ਨਹੀਂ ਸੀ। ਉਸ ਦੇ ਬਹੁਤੇ ਦੋਸਤ ਖੁਦ ਨੂੰ ਉਸ ਦੇ ਹਮਰਾਜ ਵੀ ਸਮਝਦੇ ਹਨ। ਪਰ ਦੋਸਤ ਅਤੇ ਹਮਰਾਜ ਦੋ ਗੱਲਾਂ ਹਨ। ਹਮਰਾਜ ਦੋਸਤ ਵੀ ਹੁੰਦਾ ਹੈ, ਪਰ ਦੋਸਤ ਹਮਰਾਜ ਨਹੀਂ ਹੁੰਦਾ। ਹਮਰਾਜ ਕੋਈ ਵਿਰਲਾ ਹੁੰਦਾ ਹੈ। ਉਸ ਲਈ ਕੋਈ ਵੀ 'ਵਿਰਲਾ' ਨਹੀਂ ਸੀ; 'ਵਿਰਲਾ' ਤਾਂ ਉਹ ਖੁਦ ਸੀ।

ਕੱਪੜਿਆਂ ਦਾ ਉਹ ਗੁਲਾਮ ਨਹੀਂ ਸੀ। ਕਿਤਾਬਾਂ ਤੇ ਕੱਚ ਦਾ ਸਮਾਨ ਉਸ ਦੇ ਦਿਲ ਦੀ ਜਾਇਦਾਦ ਸਨ, ਜਿਨ੍ਹਾਂ ਨੂੰ ਉਹ ਵਕਤ ਬੇਵਕਤ ਸੰਭਾਲ ਸੰਭਾਲ ਰੱਖਦਾ ਤੇ ਉਚੇਚੇ ਆਏ-ਗਏ ਨੂੰ ਨਿਰਉਚੇਚ ਰੱਜ ਰੱਜ ਦੀਦਾਰ ਕਰਵਾਉਂਦਾ। ਨਸ਼ੇ ਦੀ ਨਿਸ਼ਾ ਹੁੰਦੇ ਹੁੰਦੇ, ਫਿਲਾਸਫੀ ਦੇ ਬੰਦ ਬੂਹੇ ਖੋਲ੍ਹ ਬੈਠਦਾ ਤੇ ਗਿਆਨ ਦੀ ਨਿਸ਼ਾ ਨਾਲ ਨਸ਼ਾ ਗਾਇਬ ਹੋ ਜਾਂਦਾ। ਕਈ ਇਤਰਾਜ਼ ਕਰਦੇ ਕਿ ਉਹ ਚੱਤੋ ਪਹਿਰ ਚਹੇਤੇ-ਚਹੇਤੀਆਂ ਵਿਚ ਘਿਰਿਆ ਰਹਿੰਦਾ ਹੈ, ਪਰ ਉਸ ਦੇ ਦਿਲ ਦੀਆਂ



ਉਹੀ ਜਾਣਦਾ ਸੀ। ਉਹ ਮੁਹੱਬਤੀ ਸੈਨਤਾਂ ਨੂੰ ਕਿਤਾਬ ਨਾਲ ਨਿਹਾਲ ਕਰਕੇ ਗਿਆਨ ਦੇ ਖੂਹ 'ਚ ਧੱਕ ਦਿੰਦਾ। ਚੰਦ ਦਿਨਾਂ 'ਚ ਉਹ ਕਿਤਾਬ ਛਿੱਥੀ ਜਿਹੀ ਹੋ ਕੇ ਸੈਕਟਰ-15 'ਚ ਰੱਦੀ ਦਾ ਸ਼ਿੰਗਾਰ ਬਣ ਜਾਂਦੀ ਤੇ ਜਿਸ ਦੇ ਮੁੱਖ ਪੰਨੇ 'ਤੇ ਉਸ ਦੇ ਸਿਗਨੇਚਰ, ਮੁਹੱਬਤ ਦਾ ਮੂੰਹ ਚਿੜਾਉਂਦੇ ਤੇ ਗਿਆਨ ਦੀਆਂ ਦੰਦੀਆਂ ਚਿਘਾਉਂਦੇ। ਉਹ ਕਿਸੇ ਵੀ ਅਫਸਾਨੇ ਨੂੰ 'ਤਕਮੀਲ' ਦੇ ਰਾਹ ਨਾ ਪੈਣ ਦਿੰਦਾ।

ਉਸ ਦੇ ਕਰੀਬੀ ਦੱਸਦੇ ਕਿ ਉਹ ਪੰਜਾਬ ਲਈ ਚੱਪਾ ਚੱਪਾ ਫਿਕਰਮੰਦ ਸੀ। ਇਸ ਫਿਕਰ ਵਿਚ ਉਸ ਦੀ ਰਗ ਰਗ ਦੁਖਦੀ ਸੀ ਤੇ ਸੀਨਾ ਧੁਖਦਾ ਸੀ। ਉਹ ਪੰਜਾਬ ਨੂੰ ਨਿਰਲੱਜਤਾ ਅਤੇ ਦਰਿਦਰਤਾ ਦੇ ਸਲੱਮ ਅਤੇ ਸਲੰਬਰ ਤੋਂ ਮੁਕਤ ਦੇਖਣ ਦਾ ਚਾਹਵਾਨ ਸੀ।

ਸੁਣਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪੰਜਾਬੀ ਨੂੰ ਵਿਕਸਤ ਕਰਨ ਲਈ ਹਾਈ ਪਾਵਰ ਕਮੇਟੀ ਬਣਾਈ, ਜਿਸ ਦੇ ਸਿਰਕਰਦਾ ਮੈਂਬਰਾਂ ਵਿਚ ਪ੍ਰੋ. ਗੌਤਮ ਨੂੰ ਲਿਆ ਗਿਆ। ਪਹਿਲੀ ਮੀਟਿੰਗ ਹੋਈ, ਪ੍ਰੋ. ਗੌਤਮ ਬਰੇਲੀ ਤੋਂ, ਸਭ ਤੋਂ ਪਹਿਲਾਂ ਪੁੱਜ ਗਏ। ਇੱਥੇ ਆ ਕੇ ਅਸਲੀਅਤ ਸਾਹਮਣੇ ਆਈ। ਪਛਤਾਵੇ ਦੀ ਪੰਡ ਸਿਰ 'ਤੇ ਚੁੱਕੀ ਅਤੇ ਦਿਲ ਨੂੰ ਨਿਰਾਸ਼ਾ ਦੀ ਗੰਢ ਦੇ ਕੇ ਵਾਪਸ ਬਰੇਲੀ ਜਾ ਕੇ ਸਾਹ ਲਿਆ।

1992 'ਚ ਮੈਂ ਫਗਵਾੜੇ ਆਣ ਲੱਗਾ। ਯੂਨੀਵਰਸਿਟੀ ਚੇਤਿਆਂ 'ਚੋਂ ਧੁੰਦਲੀ ਹੋਣ ਲੱਗੀ; ਏਨੀ ਧੁੰਦਲੀ ਕਿ ਕਈ ਯਾਦਾਂ ਵਿੱਸਰ ਗਈਆਂ। ਸਾਲ ਕੁ ਪਹਿਲਾਂ, ਫੇਸਬੁੱਕ 'ਤੇ ਫਰੈਂਡ ਰਿਕੁਐਸਟ ਆਈ। ਨਾਂ ਪੜ੍ਹਿਆ ਤਾਂ ਉਹ ਸੱਤਿਅਪ ਗੌਤਮ ਸੀ। ਮੈਂ ਓ ਕੇ ਕੀਤੀ; ਦੋਸਤੀ ਕਨਫਰਮ ਹੋਈ। ਫੇਸਬੁੱਕ 'ਤੇ ਉਹ ਮੇਰੀਆਂ ਪੋਸਟਾਂ ਦੀ ਅਕਸਰ ਤਾਰੀਫ ਕਰਦੇ। ਮੈਂ ਲਾਈਕ ਕਰ ਛੱਡਦਾ।

ਦੋ ਮਹੀਨੇ ਪਹਿਲਾਂ ਮੈਨੂੰ ਫੋਨ ਆਇਆ; ਓਹੀ ਸੱਤਿਅਪ ਗੌਤਮ ਸੀ। ਪਤਾ ਲੱਗਾ ਕਿ ਉਹ ਪੰਜਾਬ ਯੂਨੀਵਰਸਿਟੀ ਵਾਲਾ, ਉਹੀ ਸੁਪਰਡੈਂਟ, ਪ੍ਰੋ. ਸੱਤਪਾਲ ਗੌਤਮ ਸੀ।

ਉਹ ਫਲਸਫੇ ਦਾ ਅਧਿਆਪਕ ਸੀ। ਜੇ. ਐਨ. ਯੂ. 'ਚ ਪੜ੍ਹਾ ਚੁਕਾ ਸੀ। ਕਿਤੇ ਵਾਈਸ ਚਾਂਸਲਰ ਵੀ ਬਣ ਗਿਆ ਸੀ। ਸ਼ਕਲ ਤੋਂ, ਆਵਾਜ਼ ਤੋਂ ਅਤੇ ਗੱਲਬਾਤ ਤੋਂ ਲਿੱਸਾ ਤੇ ਬਿਮਾਰ ਜਿਹਾ ਲੱਗਦਾ ਸੀ। ਲਹਿਜੇ ਤੋਂ ਲੱਗਾ ਕਿ ਉਹ ਪੰਜਾਬ ਯੂਨੀਵਰਸਿਟੀ ਲਈ ਉਦਾਸ ਹੈ। ਜਿਵੇਂ ਪੰਜਾਬ ਯੂਨੀਵਰਸਿਟੀ ਦੀ ਦੂਰੀ ਨੇ ਉਸ ਨੂੰ ਖਾ ਲਿਆ ਹੋਵੇ। ਜਿਵੇਂ ਇਹ ਦੂਰੀ ਉਸ ਲਈ ਚਿੰਤਾ ਰੋਗ ਬਣ ਗਈ ਹੋਵੇ।

ਉਸ ਨੇ ਮੇਰੇ ਬਾਬਤ ਪੁੱਛਿਆ। ਮੈਂ ਦੱਸਿਆ ਤਾਂ ਉਸ ਨੂੰ ਉਹ ਸੁਪਰਡੈਂਟੀ ਦੇ ਦਿਨ ਯਾਦ ਆਏ। ਪੰਜਾਬ ਦੇ ਹਾਲਾਤ-ਏ-ਹਾਜ਼ਿਰਾ 'ਤੇ ਚਰਚਾ ਛਿੜੀ, ਤਬਸਰਾ ਹੋਇਆ। ਉਸ ਦੀਆਂ ਗੱਲਾਂ 'ਚ ਗਹਿਰੀ ਟੀਸ ਸੀ। ਸੁਣਿਆ ਸੀ, ਕਿਸੇ ਅੜਬੀਲੇ, ਬੜਬੋਲੇ, ਤਬੀਅਤ ਦੇ ਤੱਤੇ ਅਤੇ ਰੰਗ ਦੇ ਪੱਕੇ 'ਸਿੱਖ' ਨੌਜਵਾਨ ਨੇ, ਕਿਸੇ ਸੈਮੀਨਾਰ 'ਚ ਉਸ ਦੀ ਸ਼ਾਨ ਦੇ ਖਿਲਾਫ ਬਠਿੰਡੇ ਦੀ ਬੋਲੀ ਵਿਚ ਕੋਈ ਕੁਬੋਲ ਬੋਲ ਦਿੱਤਾ, ਜਿਸ ਦਾ ਸਿੱਧਾ ਪੱਛ ਉਸ ਦੇ ਹੁਸ਼ਿਆਰਪੁਰੀ ਦਿਲ 'ਤੇ ਜਾ ਲੱਗਾ। ਮੈਂ ਪੁੱਛਿਆ, ਪਰ ਉਸ ਨੇ ਨਾਂ ਨਾ ਦੱਸਿਆ; ਸੰਕੇਤ ਕੀਤਾ ਕਿ ਉਹ ਅੱਜ ਕਲ ਅਮਰੀਕਨ ਗਲੀਆਂ ਦੀ ਰੀਣ ਫੱਕ ਰਿਹਾ ਹੈ ਤੇ ਖੁਦ ਨੂੰ ਸਿੱਖੀ ਦਾ ਅਤੇ ਉਤਰ ਆਧੁਨਿਕਤਾ ਦਾ ਅਣਐਲਾਨਿਆ ਅਫਲਾਤੂਨ ਮੰਨੀ ਬੈਠਾ ਹੈ। ਉਸ ਨੇ ਆਖਿਆ, "ਮੈਂ ਉਸ ਟੀਸ ਤੋਂ ਮੁਕਤ ਹੋਣ ਲਈ, ਸਿਰਫ ਇੱਕੋ ਵੇਰ ਅਰਦਾਸ ਕੀਤੀ ਸੀ ਕਿ ਵਾਹਿਗੁਰੂ ਉਸ ਦੀ 'ਉਖਲ ਮੱਤ' ਨੂੰ ਸੁਮੱਤ ਬਖਸ਼ੇ।" ਇਹੋ ਜਿਹੀ ਅਰਦਾਸ ਸਲੀਬ 'ਤੇ ਟੰਗਿਆ ਈਸਾ ਕਰ ਸਕਦਾ ਹੈ ਜਾਂ ਅਹਿੰਸਾ ਦੀ ਸੂਲੀ 'ਤੇ ਅਟਕਿਆ ਗੌਤਮ।

ਬੜੇ ਉਤਸ਼ਾਹ ਵਿਚ ਨਿੱਘ ਭਰਪੂਰ ਮੁਬਾਇਲ ਮਿਲਣੀ ਹੋਈ। ਉਸ ਨੇ ਮੈਨੂੰ ਸ਼ਾਬਾਸ਼ ਦਿੱਤੀ; ਲਿਖਦੇ ਰਹਿਣ ਲਈ ਪ੍ਰੇਰਿਆ। ਮੇਰਾ ਮਾਣ ਵਧਿਆ, ਦ੍ਰਿੜਤਾ ਵਧੀ। ਦਿਲ 'ਚ ਰੌਸ਼ਨੀ ਦਿਸੀ ਤੇ ਮੇਰੀ ਕਲਮ 'ਚ ਚਮਕ ਆਈ।

ਅੱਜ ਅਚਾਨਕ ਪਤਾ ਲੱਗਾ ਕਿ ਉਹ ਨਹੀਂ ਰਿਹਾ। ਪ੍ਰੋ. ਸੱਤਪਾਲ ਗੌਤਮ ਧਨੀਰਾਮ ਚਾਤ੍ਰਿਕ ਵਾਲੇ ਸਾਂਝੇ ਪੰਜਾਬ ਦਾ ਉਪਾਸ਼ਕ ਅਤੇ ਗੌਰਵ ਸੀ। ਉਹ ਪੰਜਾਬ ਦਾ ਪੜ੍ਹਨ-ਲਿਖਣ ਵਾਲਾ ਸਪੁੱਤਰ ਸੀ। ਉਸ ਜਿਹੇ ਫਰਾਖ ਇਨਸਾਨ ਤੇ ਪ੍ਰਤਿਬੱਧ ਵਿਦਵਾਨ ਵਾਰ ਵਾਰ ਜਹਾਨ 'ਚ ਨਹੀਂ ਆਉਂਦੇ; ਜੇ ਆਉਂਦੇ ਹਨ ਤਾਂ ਜਲਦੀ ਚਲੇ ਜਾਂਦੇ ਹਨ।

ਮਨ ਉਦਾਸ ਹੈ, ਦਿਲ ਗਮਗੀਨ ਹੈ। ਪੰਜਾਬ ਦੇ ਪਿਆਰੇ ਸਪੂਤ ਇੱਕ ਇੱਕ ਕਰਕੇ ਕਿਰ ਰਹੇ ਹਨ। ਕਿਸੇ ਨੂੰ ਕੋਈ ਖਬਰ ਨਹੀਂ। ਇੱਥੇ ਕਿਸੇ ਗੈਂਗਸਟਰ ਦਾ ਮਰ ਜਾਣਾ ਹੀ ਵੱਡੀ ਖਬਰ ਹੈ। ਕਿਸੇ ਦਾਨਿਸ਼ਵਰ ਦਾ ਤੁਰ ਜਾਣਾ ਤਾਂ ਇਸ ਤਰ੍ਹਾਂ ਹੈ, ਜਿਵੇਂ ਮਹਿਜ ਕਿਸੇ ਰੁੱਖ ਤੋਂ ਕੋਈ ਚਿੜੀ ਉਡ ਗਈ ਹੋਵੇ।

ਕਿਸੇ ਨੂੰ ਕੁਝ ਪਤਾ ਨਹੀਂ ਕਿ ਪੰਜਾਬ ਵਿਚ ਦਾਨਿਸ਼ਮੰਦੀ ਭੋਰਾ ਭੋਰਾ ਕਰਕੇ ਨਿੱਤ ਮਰ ਰਹੀ ਹੈ। ਪੰਜਾਬ ਦੇਹ ਨਹੀਂ, ਧੜਕਦਾ ਦਿਲ ਸੀ। ਸਿਆਸਤ ਨੇ ਇਸ ਵੱਡੇ ਦਿਲ ਨੂੰ ਨਿੱਕੀ ਜਿਹੀ ਦੇਹ ਬਣਾ ਲਿਆ ਹੈ।

ਇੰਜ ਮਹਿਸੂਸ ਹੋ ਰਿਹਾ ਹੈ, ਜਿਵੇਂ ਪੰਜਾਬ ਦੀ ਸਿਆਸਤ ਬਲਦੀ ਹੋਈ ਚਿਖਾ ਹੋਵੇ, ਜਿਸ ਵਿਚ ਗੌਤਮ ਜਿਹੇ ਪੰਜਾਬ ਦੇ ਲਾਡਲੇ ਪੁੱਤਰ ਉਦਰੇਵੇਂ ਅਤੇ ਨਿਰਾਸ਼ਾ ਵਿਚ ਰੋਜ਼ ਸਤੀ ਹੋ ਰਹੇ ਹੋਣ।

ਲੋਕ ਸਮਝਦੇ ਹੋਣਗੇ ਕਿ ਪੰਜਾਬ ਵਿਚ ਕਿਤਾਬਾਂ ਮਰ ਰਹੀਆਂ ਹਨ ਜਾਂ ਕਿਤਾਬਾਂ ਪੜ੍ਹਨ ਵਾਲੇ ਮਰ ਰਹੇ ਹਨ; ਅਸਲ ਵਿਚ ਦੋਵੇਂ ਮਰ ਰਹੇ ਹਨ। ਇਸ ਲਈ ਪੰਜਾਬ ਮਰ ਰਿਹਾ ਹੈ। ਇਸ ਦਾ ਇੱਕ ਸਬੂਤ ਇਹ ਵੀ ਹੈ ਕਿ ਪ੍ਰੋ. ਸੱਤਪਾਲ ਗੌਤਮ ਦੇ ਤੁਰ ਜਾਣ ਦੀ ਖਬਰ, ਦਿੱਲੀ ਦੇ ਫਲੈਟ ਤੋਂ ਜਪਾਨ 'ਚ ਹੋ ਕੇ ਆਈ; ਉਹ ਵੀ ਫੇਸਬੁੱਕ ਰਾਹੀਂ। ਪਰਮਿੰਦਰ ਸੋਢੀ ਨਾ ਦੱਸਦੇ ਤਾਂ ਖਬਰੇ ਹੋਰ ਕਿੰਨੇ ਦਿਨ ਇਸ ਖਬਰ ਦਾ ਪਤਾ ਹੀ ਨਾ ਲਗਦਾ।

ਪੰਜਾਬ ਨੂੰ ਉਸ ਦੀ ਕੋਈ ਖਬਰ ਨਹੀਂ ਸੀ, ਪਰ ਉਹ ਪੰਜਾਬ ਤੋਂ ਬੇਖਬਰ ਨਹੀਂ ਸੀ। ਉਹ ਲਗਾਤਾਰ ਪੰਜਾਬ ਨਾਲ ਰਾਬਤੇ ਵਿਚ ਰਹਿੰਦਾ। ਪੰਜਾਬ ਨੂੰ ਉਹ ਆਪਣਾ ਮਾਈ ਬਾਪ ਮੰਨਦਾ। ਹਰ ਸਾਲ, ਹਰ ਹਾਲ ਉਹ ਆਪਣੇ ਬਾਪ ਦੇ ਜਨਮ ਦਿਨ 'ਤੇ ਆਉਂਦਾ। ਇਸ ਵਾਰ ਉਸ ਨੇ ਮਨ੍ਹਾਂ ਕਰ ਦਿੱਤਾ ਸੀ; ਅਖੇ ਕੋਈ ਕਾਨਫਰੰਸ ਹੈ। ਕੀ ਜਾਣੀਏ, ਇਹ ਬਹਾਨਾ ਸੀ ਜਾਂ ਉਸ ਨੂੰ ਪਤਾ ਸੀ ਕਿ ਗੌਤਮ ਦੇ ਫਲਸਫੇ ਦੀ ਆਖਰੀ ਕਾਨਫਰੰਸ ਉਸ 'ਫੈਲਸੂਫ' ਨਾਲ ਹੋਣ ਵਾਲੀ ਹੈ, ਜਿਸ ਨੂੰ ਲੋਕੀਂ ਰੱਬ ਆਖਦੇ ਹਨ।

ਦੱਸਦੇ ਹਨ ਕਿ ਉਹ ਆਖਰੀ ਵਕਤ ਇਕੱਲ ਦੇ ਬਿਸਤਰੇ ਤੋਂ ਹੇਠਾਂ ਡਿੱਗਾ; ਦੋ ਰਾਤਾਂ ਮੱਥਾ ਜਮੀਨ ਨਾਲ ਲੱਗਾ ਰਿਹਾ। ਇਹ ਉਸ ਦਾ ਪਹਿਲਾ ਤੇ ਆਖਰੀ ਸਜ਼ਦਾ ਸੀ। ਉਸ ਦੇ ਸਿਰ 'ਤੇ ਕੋਈ ਚੋਟ ਆਈ; ਲਹੂ ਸਿੰਮਿਆ ਤੇ ਉਸ ਨੇ ਧਰਤੀ ਮਾਂ ਨੂੰ ਸੁਤੇ ਸਿੱਧ ਆਪਣਾ ਲਹੂ ਅਰਪਣ ਕੀਤਾ। ਕੇਹਾ ਸਜ਼ਦਾ ਤੇ ਕੈਸਾ ਅਰਪਣ! ਨਮ ਨੈਣਾਂ ਦੀ ਕਹਾਣੀ ਤਮਾਮ ਹੋਈ।

ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦੇ ਉਸ ਦੇ ਪਿੰਡ ਮਸਾਣੀਆਂ 'ਚ ਜ਼ਰੂਰ ਮਸਾਣਾਂ ਜਿਹੀ ਚੁੱਪ ਪਸਰ ਗਈ ਹੋਵੇਗੀ। ਉਸ ਚੁੱਪ ਅਤੇ ਸੋਗੀ ਸੁੰਨਮਸਾਨ ਵਿਚ ਮੇਰੇ ਵੱਲੋਂ ਪ੍ਰੋ. ਸਾਹਿਬ ਦੀ ਹਸਤੀ ਅਤੇ ਦੇਣ ਨੂੰ ਭਾਵ ਭਿੰਨੀ ਸ਼ਰਧਾਂਜਲੀ ਅਰਪਣ ਹੈ।

**ਦੱਸਦੇ ਹਨ ਕਿ ਉਹ ਆਖਰੀ ਵਕਤ ਇਕੱਲ ਦੇ ਬਿਸਤਰੇ ਤੋਂ ਹੇਠਾਂ ਡਿੱਗਾ; ਦੋ ਰਾਤਾਂ ਮੱਥਾ ਜਮੀਨ ਨਾਲ ਲੱਗਾ ਰਿਹਾ। ਇਹ ਉਸ ਦਾ ਪਹਿਲਾ ਤੇ ਆਖਰੀ ਸਜ਼ਦਾ ਸੀ। ਉਸ ਦੇ ਸਿਰ 'ਤੇ ਕੋਈ ਚੋਟ ਆਈ; ਲਹੂ ਸਿੰਮਿਆ ਤੇ ਉਸ ਨੇ ਧਰਤੀ ਮਾਂ ਨੂੰ ਸੁਤੇ ਸਿੱਧ ਆਪਣਾ ਲਹੂ ਅਰਪਣ ਕੀਤਾ। ਕੇਹਾ ਸਜ਼ਦਾ ਤੇ ਕੈਸਾ ਅਰਪਣ! ਨਮ ਨੈਣਾਂ ਦੀ ਕਹਾਣੀ ਤਮਾਮ ਹੋਈ।**

# ਸਿਧਾਰਥ ਰਾਹੀਂ ਗੌਤਮ ਨੂੰ ਸ਼ਰਧਾਂਜਲੀ

ਡਾ. ਸੱਤਪਾਲ ਗੌਤਮ ਦੇ ਸਦੀਵੀ ਵਿਛੋੜੇ ਦੀ ਖਬਰ ਪੜ੍ਹ ਕੇ ਮਨ ਉਦਾਸ ਹੋਣਾ ਸੁਭਾਵਿਕ ਹੈ। ਕਦੀ ਦਿੱਲੀ, ਕਦੀ ਚੰਡੀਗੜ੍ਹ, ਕਦੀ ਪਟਿਆਲੇ ਉਨ੍ਹਾਂ ਨਾਲ ਮੁਲਾਕਾਤ ਹੁੰਦੀ ਤਾਂ ਖ਼ੁਦ ਵਿਚ ਨਵੀਨਤਾ, ਮੌਲਿਕਤਾ ਦੇ ਅੰਕੁਰ ਫੁੱਟਦੇ। ਉਨ੍ਹਾਂ ਜਿਹਾ ਅਧਿਆਪਕ, ਸਹਿਯੋਗੀ, ਪ੍ਰਸ਼ਾਸਕ

**ਪ੍ਰੋ. ਹਰਪਾਲ ਸਿੰਘ ਪੰਨੂ**
ਫੋਨ: 91-94642-51454

ਤੇ ਦਲੇਰ ਯੂਨੀਅਨਿਸਟ ਘਟ ਮਿਲੇਗਾ। ਫਲਸਫੇ ਦੀਆਂ ਪਰਤਾਂ ਨਜ਼ਮਾਂ ਵਾਂਗ ਖੁਲ੍ਹਦੀਆਂ।

ਉਨ੍ਹਾਂ ਨਾਲ ਆਖਰੀ ਮੁਲਾਕਾਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ 3 ਦਸੰਬਰ 2016 ਨੂੰ ਹੋਈ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਬਾਰੇ ਗੱਲਾਂ ਹੋਣ ਲੱਗੀਆਂ। ਮੈਨੂੰ ਪੁੱਛਿਆ, "ਕਿਸ ਕਿਸ ਬਾਣੀ ਨੂੰ ਤੁਸੀਂ ਗੁਰੂ ਗੋਬਿੰਦ ਸਿੰਘ ਦੀ ਕ੍ਰਿਤ ਮੰਨਦੇ ਹੋ?"

ਮੈਂ ਕਿਹਾ, "ਸਾਰਾ ਦਸਮ ਗ੍ਰੰਥ, ਸਮੇਤ ਚਰਿਤ੍ਰੋਪਾਖਿਆਨ ਦੇ।"

ਉਹ ਹੱਸ ਪਏ ਤੇ ਬੋਲੇ, "ਸ਼ਰਧਾ ਹੋਰ ਗੱਲ ਹੈ, ਦਲੀਲ ਹੋਰ ਗੱਲ। ਪ੍ਰੋਫੈਸਰ ਲਈ ਦਲੀਲ ਦੀ ਕਦਰ ਕਰਨੀ ਬਣਦੀ ਹੈ, ਡੀਅਰ।"

ਮੈਂ ਕਿਹਾ, "ਮੇਰੀ ਸ਼ਰਧਾ ਦਲੀਲੋਂ ਸੱਖਣੀ ਨਹੀਂ ਭਰਾ। ਆਪਣੀ ਗੱਲ ਦੇ ਹੱਕ ਵਿਚ ਮੇਰੇ ਪਾਸ ਭਰਪੂਰ ਮਜ਼ਬੂਤ ਸਮੱਗਰੀ ਹੈ।"

ਉਨ੍ਹਾਂ ਨੂੰ ਮੈਂ ਸਿਧਾਰਥ ਦੀ ਸਾਖੀ ਸੁਣਾਈ। ਪਿੰਡ ਵਿਚ ਪ੍ਰਵਚਨ ਸੁਣਨ ਵਾਲਿਆਂ ਵਿਚ ਇਕ ਵਿਦਵਾਨ ਸਰੋਤਾ ਸਾਰਿਪੁੱਤ ਵੀ ਸੀ। ਬਚਨ ਸੁਣਾ ਕੇ ਸਿਧਾਰਥ ਅਗਲੇ ਪਿੰਡ ਜਾਣ ਲਈ ਉਠੇ ਤਾਂ ਸਾਰਿਪੁੱਤ ਤੇਜ਼ ਕਦਮੀਂ ਅੱਗੇ ਆਇਆ, ਪ੍ਰਣਾਮ ਕਰਨ ਪਿੱਛੋਂ ਬੋਲਿਆ, "ਜਿਹੋ ਜਿਹਾ ਤੁਹਾਡੇ ਬਾਰੇ ਸੁਣਿਆ ਸੀ, ਉਹੋ ਜਿਹੇ ਹੀ ਹੋ-ਤੁਸੀਂ ਸਾਕਯਮੁਨੀ। ਤੁਹਾਡੇ ਜਿਹਾ ਨਾ ਕੋਈ ਹੋਇਆ, ਨਾ ਹੈ, ਨਾ ਹੋਵੇਗਾ। ਮੇਰਾ ਨਾਮ ਸਾਰਿਪੁੱਤ ਹੈ।"

ਸਿਧਾਰਥ ਬੋਲੇ, "ਮੈਂ ਤੁਹਾਡੇ ਬਾਰੇ ਸੁਣਿਆ ਹੈ, ਬ੍ਰਾਹਮਣ ਪੁੱਤਰ। ਤੁਸੀਂ ਵਿਦਵਾਨ ਹੋ। ਲੋਕ ਤੁਹਾਡਾ ਨਾਂ ਆਦਰ ਨਾਲ ਲੈਂਦੇ ਹਨ। ਪਰ ਜੋ ਵਾਕ ਤੁਸੀਂ ਹੁਣ ਕਹੇ, ਨਾ ਕੋਈ ਹੋਇਆ, ਨਾ ਹੈ, ਨਾ ਹੋਵੇਗਾ, ਕੀ ਇਹ ਸਹੀ ਹਨ?"

ਸਾਰਿਪੁੱਤ ਨੇ ਕਿਹਾ, "ਹਾਂ ਮਹਾਰਾਜ ਸਹੀ ਹਨ।"

ਸਿਧਾਰਥ ਨੇ ਪੁੱਛਿਆ, "ਭੂਤਕਾਲ ਵਿਚ ਜਿੰਨੇ ਬੁੱਧ ਹੋਏ, ਤੁਸੀਂ ਉਨ੍ਹਾਂ ਨੂੰ ਜਾਣਦੇ ਹੋਵੋਗੇ?"

"ਨਹੀਂ ਮਹਾਰਾਜ, ਮੈਂ ਸਭ ਨੂੰ ਨਹੀਂ ਜਾਣਦਾ।"

"ਭਵਿੱਖ ਵਿਚ ਜਿਹੜੇ ਬੁੱਧ ਹੋਣਗੇ, ਫਿਰ ਤੁਸੀਂ ਉਨ੍ਹਾਂ ਨੂੰ ਜਾਣਦੇ ਹੋਵੋਗੇ?"

"ਨਹੀਂ ਤਥਾਗਤ, ਮੇਰਾ ਅਜਿਹਾ ਦਾਅਵਾ ਨਹੀਂ ਕਿ ਮੈਂ ਭਵਿੱਖ ਦੇ ਬੁੱਧਾਂ ਨੂੰ ਜਾਣਦਾ ਹੋਵਾਂ।"

"ਵਰਤਮਾਨ ਕਾਲ ਵਿਚ ਵੱਖ-ਵੱਖ ਭੂ-ਖੰਡਾਂ ਉਪਰ ਅਨੇਕ ਬੁੱਧ, ਧਰਮ ਦਾ ਪ੍ਰਕਾਸ਼ ਕਰ ਰਹੇ ਹਨ, ਕੀ ਉਨ੍ਹਾਂ ਨੂੰ ਜਾਣ ਗਏ ਹੋ?"

"ਨਹੀਂ ਮਹਾਰਾਜ, ਮੇਰਾ ਅਜਿਹਾ ਕੋਈ ਦਾਅਵਾ ਨਹੀਂ ਹੈ।"


ਸਿਧਾਰਥ ਬੋਲੇ, "ਮਿਥਿਆ ਬਚਨ ਆਖਣੇ ਤਾਂ ਆਮ ਬੰਦੇ ਲਈ ਵੀ ਸ਼ੋਭਨੀਕ ਨਹੀਂ ਬ੍ਰਾਹਮਣ ਪੁੱਤਰ, ਤੁਸੀਂ ਵਿਦਵਾਨ ਹੋ ਕੇ ਮਿਥਿਆ ਬੋਲ ਕਿਉਂ ਕਹੇ?"

ਸਾਰਿਪੁੱਤ ਨੇ ਕਿਹਾ, "ਤੁਹਾਡੇ ਬਾਰੇ ਪਹਿਲੋਂ ਸੁਣਿਆ, ਫਿਰ ਤੁਹਾਡੇ ਦਰਸ਼ਨ ਹੋਏ, ਫਿਰ ਤੁਹਾਡੇ ਮਨੋਹਰ ਵਾਕ ਸੁਣੇ ਤਾਂ ਮੇਰੇ ਦਿਲ ਵਿਚ ਤੁਹਾਡੇ ਪ੍ਰਤੀ ਸ਼ਰਧਾ ਪੈਦਾ ਹੋਈ ਤਥਾਗਤ ਮੇਰੇ ਵਾਕ ਮੇਰੀ ਸ਼ਰਧਾ ਵਿਚੋਂ ਉਤਪੰਨ ਹੋਏ ਹਨ।"

ਸਿਧਾਰਥ ਨੇ ਕਿਹਾ, "ਇਹੋ ਜਿਹੇ ਮਿੱਠੇ ਬੋਲ ਸੁਣਨ ਵਾਲੇ ਦੇ ਕੰਨਾਂ ਲਈ ਸੁਖਦਾਇਕ ਹਨ ਤੇ ਬੋਲਣ ਵਾਲੇ ਦੀ ਜ਼ੁਬਾਨ ਲਈ ਰਸਦਾਇਕ। ਅਸੀਂ ਤੁਹਾਨੂੰ ਇਹ ਦੱਸਣਾ ਹੈ ਵਿਦਵਾਨ ਸਾਰਿਪੁੱਤ ਕਿ ਸ਼ਰਧਾ ਦੀ ਜੜ੍ਹ ਜੇ ਗਿਆਨ ਵਿਚ ਨਾ ਹੋਈ ਤਾਂ ਫਿਰ ਇਸ ਦੀ ਉਮਰ ਲੰਮੀ ਨਹੀਂ ਹੋਵੇਗੀ।"

ਸੱਤਪਾਲ ਗੌਤਮ ਸਾਖੀ ਸੁਣ ਕੇ ਹੱਸ ਪਏ, ਕਿਹਾ, "ਤੂੰ ਗਲਤ ਗੱਲ ਨੂੰ ਠੀਕ ਸਿੱਧ ਕਰਨ ਦੀ ਕਲਾ ਕੁਸ਼ਲਤਾ ਜਾਣ ਗਿਆ ਹੈਂ। ਅਧਿਆਪਕ ਵਿਚ ਇਹ ਗੁਣ ਹੋਣਾ ਚਾਹੀਦਾ ਹੈ। ਨਿਆਇ ਦਰਸ਼ਨ ਇਸੇ ਨੂੰ ਕਹਿੰਦੇ ਹਨ।"

# ਗਿਆਨੀ ਝਾਬੇਵਾਲ ਨੂੰ ਕਲਾ ਵੀ ਸਲਾਮ ਕਰਦੀ ਸੀ




"ਕੋਈ ਮੰਨੇ ਭਾਵੇਂ ਨਾ ਮੰਨੇ ਪਰ ਇਹ ਸਦੀਵੀ ਸੱਚ ਹੈ ਕਿ ਜਿਸ ਇਨਸਾਨ ਕੋਲ ਕਲਾ ਹੈ ਤੇ ਉਹਦੇ ਅੰਦਰ ਕਲਾ ਦੀ ਧੂਫ-ਬੱਤੀ ਜਗ ਰਹੀ ਹੈ, ਉਹਨੂੰ ਜ਼ਿੰਦਗੀ ਵਿਚ ਬਿਮਾਰੀਆਂ ਤੇ ਉਲਝਣਾਂ ਦਾ ਸੇਕ ਵੀ ਠੰਡਾ-ਠਾਰ ਹੀ ਲੱਗਦਾ ਰਹਿੰਦਾ ਹੈ। ਕਲਾ ਅਸਲ ਵਿਚ ਜਿਉਂਦੇ ਰਹਿਣ ਵਿਚ ਦਿਲਚਸਪੀ ਬਣਾਈ ਰੱਖਦੀ ਹੈ। ਜਿਹੜੇ ਇਹ ਕਹਿੰਦੇ ਹਨ ਕਿ ਰੱਜ ਕੇ ਖਾਵੋ, ਰਾਤ ਨੂੰ ਲੰਮੀਆਂ ਤਾਣ ਕੇ ਸੌਂਵੋ, ਸਵੇਰੇ ਉਠ ਕੇ ਢਿੱਡ ਖਾਲੀ ਕਰੋ, ਉਹ ਜ਼ਿੰਦਗੀ ਮਾਣਨ ਦਾ ਪਹਿਲਾ ਪਾਠ ਵੀ ਕਦੇ ਨਹੀਂ ਪੜ੍ਹ ਸਕਣਗੇ।"

ਜਦੋਂ ਵੀ ਕਦੇ ਢਾਡੀ ਰਾਮ ਸਿੰਘ ਝਾਬੇਵਾਲ ਨਾਲ ਮੁਲਾਕਾਤ ਹੁੰਦੀ ਸੀ, ਉਹ ਅਕਸਰ ਅਜਿਹਾ ਸਤਿਸੰਗ ਨਾ ਸਿਰਫ ਮੇਰੇ ਨਾਲ ਸਗੋਂ ਹਰ ਉਸ ਇਨਸਾਨ ਨਾਲ ਕਰਨ ਲੱਗ ਪੈਂਦਾ ਸੀ ਜਿਹੜਾ ਉਹਨੂੰ ਲੱਗਦਾ ਸੀ ਕਿ ਇਹ ਸਿਰਫ ਜਿਉਣ ਲਈ ਹੀ ਖਾਂਦਾ ਹੈ। ਜਗਰਾਉਂ ਲਾਗੇ ਕੰਮੇ ਜੱਟਪੁਰੇ ਉਹ ਇੱਕ ਵਾਰ ਧਾਰਮਕ ਦੀਵਾਨ 'ਤੇ ਮਿਲ ਪਿਆ, ਵਾਹਵਾ ਰਾਗੀ ਢਾਡੀ ਆਏ ਹੋਏ ਸਨ। ਮੇਰੇ ਰੜੇ ਮੈਦਾਨ ਵਰਗੇ ਸਿਰ 'ਤੇ ਹੱਥ ਫੇਰ ਕੇ ਕਹਿਣ ਲੱਗਾ, "ਨਿਆਣੀ ਉਮਰ ਐ, ਬੇਰ ਹਾਲੇ ਡੁੱਲ੍ਹੇ ਨੀਂ ਹੈਗੇ, ਰਹਿੰਨੈਂ ਰਾਗੀਆਂ ਢਾਡੀਆਂ ਨਾਲ ਐਂ, ਲਗ ਜਾ ਗੁਰੂ ਲੜ, ਰਲ ਜਾਹ ਸਾਡੇ ਨਾਲ।"

ਖੈਰ! ਰਾਹ ਆਪੋ ਆਪਣੇ ਹੀ ਹੁੰਦੇ ਹਨ ਤੇ ਕਈ ਵਾਰ ਘਟਾ ਵੀ ਕਾਲੀ ਚੜ੍ਹੀ ਹੁੰਦੀ ਹੈ, ਮਹੀਨਾ ਵੀ ਸਾਉਣ ਦਾ ਹੁੰਦਾ ਹੈ, ਜੀਭਾਂ ਪਸ਼ੂਆਂ-ਪੰਛੀਆਂ ਦੀਆਂ ਵੀ ਨਿਕਲੀਆਂ ਹੁੰਦੀਆਂ ਹਨ ਪਰ ਇੰਦਰ ਦੇਵਤਾ ਅੱਖ ਦੱਬ ਕੇ ਫਿਰ ਵੀ ਕਈ ਵੇਰ ਬਿਨ ਵਰ੍ਹਿਆਂ ਹੀ ਲੰਘ ਜਾਂਦਾ ਹੈ। ਜਿਹੜੇ ਰਾਮ ਸਿੰਘ ਝਾਬੇਵਾਲ ਨੂੰ ਅਦਬੀ ਅਤੇ ਕਲਾ ਪੱਖੋਂ ਵੀ ਪੰਥਕ ਹਸਤੀ ਵਜੋਂ ਵੀ ਢਾਡੀ ਦੇ ਤੌਰ 'ਤੇ ਵੀ ਜਾਣਦੇ ਰਹੇ ਹਨ, ਉਹ ਉਹਦੀ ਫੋਟੋ ਨੂੰ ਮੱਥੇ ਨਾਲ ਤਾਂ ਲਾਉਣਗੇ ਹੀ ਸਗੋਂ ਇਹ ਵੀ ਕਹਿਣਗੇ, "ਆਹ ਹੁੰਦਾ ਸੀ ਰਾਮ ਸਿੰਘ ਝਾਬੇਵਾਲ ਆਪਣੇ ਸਮਿਆਂ ਦਾ ਮੁਕੰਮਲ ਢਾਡੀ ਗ੍ਰੰਥ।"

ਕਈ ਬੰਦਿਆਂ ਦੇ ਪੈਰ ਵੀ ਪਾਥੀਆਂ ਵਰਗੇ ਭਾਰੇ ਹੁੰਦੇ ਹਨ, ਸਰੀਰ ਦਾ ਭਾਰ ਵੀ ਸੌਖਿਆਂ ਹੀ ਚੁੱਕ ਸਕਦੇ ਹੁੰਦੇ ਹਨ ਪਰ ਉਨ੍ਹਾਂ ਕੋਲ ਨਾ ਮੰਜ਼ਿਲ ਹੁੰਦੀ ਹੈ, ਨਾ ਉਦੇਸ਼ ਹੁੰਦਾ ਹੈ ਤੇ ਨਾ ਕੋਈ ਨਕਸ਼ਾ, ਫਿਰ ਆਸ ਨਹੀਂ ਕੀਤੀ ਜਾ ਸਕਦੀ ਕਿ ਇਹ ਕਦੇ ਸਫਰਨਾਮਾ ਵੀ ਲਿਖਣਗੇ। ਪਰ ਜਿਨ੍ਹਾਂ ਦੇ ਪੈਰਾਂ 'ਚ ਝਾਂਜਰਾਂ ਤੇ ਹੱਥਾਂ 'ਚ ਰੁਮਾਲ ਹੋਵੇ, ਉਨ੍ਹਾਂ ਲਈ ਠੁਮਰੀ ਹੋਵੇ ਜਾਂ ਕਥਾਕਲੀ-ਕੁਝ ਵੀ ਫਰਕ ਨਹੀਂ ਪੈਣਾ ਹੁੰਦਾ। ਕਲਾ ਦੇ ਖੇਤਰ ਵਿਚ ਰਾਮ ਸਿੰਘ ਝਾਬੇਵਾਲ ਉਹ ਵਾਰਦਾਤਾਂ ਕਰਕੇ ਗਿਆ ਹੈ ਜਿਨ੍ਹਾਂ ਨੂੰ ਸੱਚੀਆਂ ਕਰਨ ਲਈ ਗਿਆਨ ਤੇ ਸ਼ਰਧਾ ਦੇ ਦੀਵੇ ਬਲਦੇ ਹੀ ਰਹਿਣਗੇ।


ਗਿਆਨੀ ਝਾਬੇਵਾਲ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਜਿਹੜਾ ਅਨੁਭਵ ਮੈਂ ਸਾਰਿਆਂ ਨਾਲ ਸਾਂਝਾ ਕਰਨਾ ਚਾਹਾਂਗਾ, ਉਹ ਇਹ ਕਿ ਸਿੱਖ ਜਗਤ ਅੰਦਰ ਢਾਡੀ ਕਲਾ ਨੇ ਇਹ ਦੱਸਿਆ ਹੈ ਕਿ ਸੰਗੀਤ ਨਾ 'ਕੱਲਾ ਪੂਜਣਯੋਗ ਹੁੰਦਾ ਹੈ ਸਗੋਂ ਜੂਝਣਯੋਗ ਵੀ ਬਣਾਉਂਦਾ ਹੈ। ਛੇਵੇਂ ਪਾਤਸ਼ਾਹ ਨੇ ਮੀਰੀ ਪੀਰੀ ਨੂੰ 'ਕੱਠਿਆਂ ਕਰਕੇ ਢਾਡੀਆਂ ਨੂੰ ਗਲ ਨਾਲ ਇਸ ਕਰਕੇ ਲਾਇਆ ਸੀ ਕਿ ਸ਼ਰਧਾ ਨਾਲ ਹਥਿਆਰ ਰੱਖਣ ਵਿਚ ਵੀ ਕੋਈ ਹਰਜ ਨਹੀਂ ਹੁੰਦਾ ਕਿਉਂਕਿ ਕੁਰਬਾਨ ਹੋਣ ਤੋਂ ਪਹਿਲਾਂ ਸਿਰਾਂ ਦੇ ਮੁੱਲ ਵੀ ਪੁਆਉਣੇ ਪੈਂਦੇ ਹਨ।

ਗਿਆਨੀ ਰਾਮ ਸਿੰਘ ਝਾਬੇਵਾਲ ਢਾਡੀ ਖੇਤਰ ਦਾ ਇੱਕ ਮਾਣਯੋਗ ਨਾਂ ਹੈ। ਤੁਸੀਂ ਮੰਨੋਗੇ ਕਿ ਜਿਸ ਢਾਡੀ ਨੇ ਆਪਣੀ ਮੁਕੰਮਲ ਹੁਨਰਮੰਦੀ ਕਰਕੇ ਚਾਰ ਵੱਡੇ ਸਨਮਾਨ ਹਾਸਿਲ ਕੀਤੇ, ਉਹਨੇ ਰੇਡੀਓ ਜਾਂ ਟੀ. ਵੀ. ਤੋਂ ਕਦੇ ਵੀ ਇੱਕ ਬੋਲ ਨਹੀਂ ਬੋਲਿਆ, ਵਾਰਾਂ ਗਾਉਣ ਦੀ ਗੱਲ ਤਾਂ ਬਹੁਤ ਦੂਰ ਦੀ ਸੀ। ਉਹ ਇਸ ਪਲ ਨੂੰ ਇਹ ਕਹਿ ਕੇ ਪਿੱਛੇ ਛੱਡ ਦਿੰਦਾ ਸੀ ਕਿ ਬਾਂਸ ਦੇ ਟੁਕੜੇ 'ਚੋਂ ਜਦੋਂ ਮੂੰਹ ਰਾਹੀਂ ਬੰਨ੍ਹ ਕੇ ਹਵਾ ਲੰਘਦੀ ਹੈ ਤਾਂ ਇਹ ਧੁਨ ਬਣ ਜਾਂਦੀ ਹੈ ਤੇ ਬਾਂਸ ਬੰਸਰੀ ਹੋ ਨਿਬੜਦਾ ਹੈ। ਮੇਰੇ ਸਿੱਧੇ ਹੱਥ ਆਪਣੇ ਪ੍ਰਸ਼ੰਸਕਾਂ ਨਾਲ ਜੁੜਦੇ ਰਹੇ ਹਨ ਤੇ ਰਾਹ ਜਦੋਂ ਦਿਲ ਤੋਂ ਦਿਲ ਵੱਲ ਜਾਂਦਾ ਹੋਵੇ ਤਾਂ ਮੋਟਰ-ਗੱਡੀ ਕੋਈ ਵੀ ਹੋ ਸਕਦੀ ਹੈ।

ਪੱਖਪਾਤ ਨਹੀਂ, ਸਗੋਂ ਹਕੀਕਤ ਹੈ ਕਿ ਢਾਡੀ ਕਲਾ ਦੇ ਮੁਰੀਦ ਲੋਕਾਂ ਵਿਚ ਉਹਦਾ ਰੁਤਬਾ ਸੰਗੀਤ ਤੇ ਕਲਾ ਦੀ ਮਹਾਂ ਸ਼ਕਤੀ ਵਾਲਾ ਹੈ ਅਤੇ ਇਹ ਵੀ ਕਹਿ ਸਕਦੇ ਹਾਂ ਕਿ ਜੇ ਢਾਡੀ ਰਾਗ ਜਾਂ ਕਲਾ ਦੇ ਆਸ਼ਕ ਲੋਕਾਂ ਨੂੰ ਇੱਕ ਕਤਾਰ ਵਿਚ ਖੜ੍ਹੇ ਕਰ ਲਈਏ ਤਾਂ ਹਰ ਤੀਜਾ ਬੰਦਾ ਝਾਬੇਵਾਲ ਦੇ ਹੱਕ ਵਿਚ ਭੁਗਤਦਾ ਵੇਖਿਆ ਜਾ ਸਕਦਾ ਹੈ। ਉਹਦੇ ਕੱਟੜ ਹਮਦਰਦ ਇਸ ਸਥਿਤੀ 'ਤੇ ਦੰਦ ਟੁੱਕਦੇ ਰਹੇ ਹਨ ਕਿ ਕੀ ਹੋਇਆ ਜੇ ਸਰਕਾਰੀ ਪ੍ਰਚਾਰ ਸਾਧਨਾਂ ਨੇ ਉਹਨੂੰ ਨਹੀਂ ਪੁੱਛਿਆ ਪਰ ਊਂ ਉਹਦੀ ਸਰਕਾਰੀ ਅੰਕੜਿਆਂ ਵਿਚ ਪੁੱਛ-ਗਿੱਛ ਪੂਰੀ ਰਹੀ ਹੈ। ਪੰਜਾਬ ਦੇ ਸੱਭਿਆਚਾਰ ਤੇ ਪੁਰਾਤੱਤਵ ਵਿਭਾਗ ਵੱਲੋਂ ਢਾਡੀ ਕਲਾ ਸੰਭਾਲਣ ਲਈ ਜਿਹੜੀਆਂ ਤਿੰਨ ਪ੍ਰਮੁੱਖ ਆਵਾਜ਼ਾਂ ਰਿਕਾਰਡ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਇੱਕ ਆਵਾਜ਼ ਗਿਆਨੀ ਰਾਮ ਸਿੰਘ ਝਾਬੇਵਾਲ ਦੀ ਸੀ।

ਪਹਿਲੀ ਕਤਾਰ ਦੇ ਢਾਡੀਆਂ ਵਿਚ ਮੂਹਰੇ ਖੜ੍ਹੇ ਢਾਡੀ ਰਾਮ ਸਿੰਘ ਝਾਬੇਵਾਲ ਦਾ ਜਨਮ ਤਕਰੀਬਨ ਇੱਕ ਸਦੀ ਪਹਿਲਾਂ 1918 ਵਿਚ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਝਾਬੇਵਾਲ ਵਿਚ ਹੋਇਆ। ਘਰ ਦਾ ਧਾਰਮਕ ਮਾਹੌਲ ਉਹਨੂੰ ਕੱਦ-ਕਾਠ ਦੇ ਨਾਲ ਸੰਗੀਤ ਵਿਚ ਵੀ ਗਿੱਠ ਉਚਾ ਕਰਨ ਲਈ ਰਾਹ ਪੱਧਰਾ ਕਰਦਾ ਰਿਹਾ। ਸ਼ੁਰੂ ਵਿਚ ਹੀ ਉਹਦੇ ਅੰਦਰ ਇੱਕ ਉਹ ਲੋਅ ਹੋ ਗਈ ਸੀ ਕਿ ਇਤਿਹਾਸ ਦਾ ਹਿੱਸਾ ਬਣਨ ਵਾਲਿਆਂ ਲਈ ਬਚਪਨ, ਜਵਾਨੀ ਤੇ ਬੁਢਾਪੇ ਦੇ ਪੜਾਅ ਬਹੁਤੇ ਅਸਰ ਪਾਉਣ ਵਾਲੇ ਨਹੀਂ ਹੁੰਦੇ। ਛੋਟੇ ਸਾਹਿਬਜ਼ਾਦਿਆਂ ਦੀ ਧਰਮ ਤੇ ਅਣਖ ਲਈ ਮਰ ਮਿਟਣ ਦੀ ਕੁਰਬਾਨੀ ਨੂੰ ਚੇਤੇ ਕਰਕੇ ਉਨ੍ਹਾਂ ਦੇ ਜਵਾਨ ਜਾਂ ਬੁੱਢੇ ਹੋਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗਿਆਨੀ ਝਾਬੇਵਾਲ ਆਰਥਕ ਤੰਗੀਆਂ ਕਰਕੇ ਫੌਜ ਵਿਚ ਭਰਤੀ ਹੋ ਗਿਆ। ਹਾਲਾਂਕਿ ਸੰਗੀ ਸਾਥੀ ਸਵਾਲ ਕਰਿਆ ਕਰਦੇ ਸਨ ਕਿ ਰਾਮ ਸਿਹਾਂ ਗੋਰੀ ਸਰਕਾਰ ਦੀ ਨੌਕਰੀ ਕਰ ਵੀ ਲਵੇਂਗਾ? ਫਿਰ ਉਹ ਬਚਪਨ ਤੋਂ ਹੀ ਬੜਾ ਸਿਰੜੀ, ਸਿਦਕੀ ਤੇ ਦਿਲਲਗੀ ਵਾਲਾ ਇਨਸਾਨ ਸੀ ਤੇ ਖਿੱਚ ਧੂਹ ਕੇ ਦਸ ਸਾਲ ਫੌਜ 'ਚ ਬੂਟ ਤੇ ਸਲੂਟ ਤੋਂ ਕੱਠਿਆਂ ਕੰਮ ਲੈ ਹੀ ਲਿਆ। ਬਟਵਾਰੇ ਤੋਂ ਇੱਕ ਸਾਲ ਪਹਿਲਾਂ ਉਹ ਸੇਵਾ ਮੁਕਤ ਹੋ ਗਿਆ ਸੀ।

ਸਾਲ 1987 ਵਿਚ ਜਦੋਂ ਗਿਆਨੀ ਝਾਬੇਵਾਲ ਨੂੰ ਮੈਂ ਸਾਖਸ਼ਾਤ ਰੂਪ ਵਿਚ ਵੇਖਿਆ ਤਾਂ ਫੌਜ ਦੇ ਦਸ ਸਾਲ ਦੀ ਰਾਮ ਕਹਾਣੀ ਦਾ ਵੇਰਵਾ ਉਹ ਇਉਂ ਦੇ ਰਿਹਾ ਸੀ, "ਫੌਜ ਵਿਚ ਨੌਕਰੀ ਕਰਨ ਦਾ ਹੋਰ ਕੋਈ ਲਾਭ ਹੋਇਆ ਹੋਵੇ ਜਾਂ ਨਾ ਪਰ ਮੈਂ 1938 ਦਾ ਵਿਸ਼ਵਯੁੱਧ ਲੜਿਆ ਹੈ, ਹਿੱਕ ਤਾਣ ਕੇ ਮੂਹਰੇ ਹੋ ਕੇ ਸਿੰਘਾਂ ਵਾਂਗ, ਪਿੱਠ ਨ੍ਹੀਂ ਘੁਮਾਈ ਸੀ ਕਦੇ। ਉਥੇ ਵੀ ਸਿੱਖ ਇਤਿਹਾਸ ਸੁਣਾ ਕੇ ਚੋਟਾਂ ਕਰੀਦੀਆਂ ਸਨ।" ਉਹਦਾ ਖੈਰ ਇਹ ਲਹਿਜਾ ਜ਼ਿੰਦਗੀ ਦੇ ਬਾਕੀ ਰੰਗਾਂ ਵਿਚ ਵੀ ਮੰਨਿਆ ਜਾਂਦਾ ਰਿਹਾ ਕਿ ਝਾਬੇਵਾਲ ਅੱਖਾਂ ਤੇ ਮੁੱਠੀਆਂ ਮੀਚ ਕੇ ਬੜਾ ਕੁਝ ਸੁਣਾ ਦਿੰਦਾ ਸੀ।



*ਗਿਆਨੀ ਰਾਮ ਸਿੰਘ ਝਾਬੇਵਾਲ ਦਾ ਇਕ ਚਿੱਤਰ*

ਆਜ਼ਾਦੀ ਤੋਂ ਅਗਲੇ ਵਰ੍ਹੇ ਯਾਨਿ 1948 ਵਿਚ ਉਹਨੇ ਪਹਿਲਾਂ ਢਾਡੀ ਜਥਾ ਬਣਾਇਆ। ਧਰਤੀ ਅਤੇ ਮਨੁੱਖਤਾ ਦੀ ਵੰਡ ਦਾ ਇਹ ਦੌਰ ਉਸ ਨੇ ਅੱਖੀਂ ਵੇਖਿਆ ਸੀ। ਲਹੂ ਭਿੱਜੀਆਂ ਮਜ਼ਹਬੀ ਤੇ ਫਿਰਕੂਪੁਣੇ ਦੀਆਂ ਕਟਾਰਾਂ ਉਹਨੇ ਮਨੁੱਖਤਾ ਦੇ ਅੰਦਰ ਧਸਦੀਆਂ ਵੇਖੀਆਂ। ਜਦੋਂ ਉਹਨੇ ਆਪਣਿਆਂ ਦੇ ਆਪਣੇ ਵੈਰੀ ਬਣਦੇ ਦੇਖੇ ਤਾਂ ਦਿਲ ਦੇ ਇਸ ਦਰਦ ਦਾ ਭਾਰ ਨਾ ਝੱਲਿਆ ਤੇ ਅੱਖਾਂ ਪੀੜ ਦੇ ਅੱਥਰੂ ਛਲਕਣ ਲੱਗੀਆਂ। ਉਹਨੇ ਵਾਰ ਲਿਖਣਾ ਇੱਥੋਂ ਹੀ ਅਰੰਭ ਕੀਤਾ ਤੇ ਸੀਨੇ ਅੰਦਰ ਮਚਦੀ ਅੱਗ ਜਦੋਂ ਥੋੜੀ ਮੱਠੀ ਪਈ ਤਾਂ ਉਹਨੇ ਸਿੱਖ ਇਤਿਹਾਸ ਦੀ ਖੋਜ ਅਰੰਭ ਕਰਕੇ ਸਿੰਘ ਸੂਰਮਿਆਂ ਦੀਆਂ ਵਾਰਾਂ ਰਚੀਆਂ ਤੇ ਗਾਈਆਂ। ਸੋਹਣ ਸਿੰਘ ਸੀਤਲ ਆਖਦਾ ਹੁੰਦਾ ਸੀ ਕਿ ਝਾਬੇਵਾਲ ਨੂੰ ਲੋਕ ਕਿੱਸੇ ਗਾਉਣ ਦੇ ਹਾਲਾਤ ਨਹੀਂ ਮਿਲੇ, ਵਰਨਾ ਜਿਹੜੀ ਸੋਜ਼ ਭਰੀ ਆਵਾਜ਼ ਉਹਦੇ ਗਲੇ 'ਚ ਸੀ, ਸਾਹਿਬਾਂ ਤੇ ਸੋਹਣੀ ਝਾਬੇਵਾਲ ਦੀਆਂ ਮਸ਼ਹੂਰ ਹੋ ਜਾਣੀਆਂ ਸਨ।

ਝਾਬੇਵਾਲ ਦਾ ਉਸਤਾਦ ਗਿਆਨੀ ਵਰਿਆਮ ਸਿੰਘ ਮਸਤ ਸੀ। ਉਹਨੇ ਮੋਢਿਆਂ ਪਰਨੇ ਹੋ ਕੇ ਉਸਤਾਦ ਪ੍ਰਤੀ ਨਿਮਰਤਾ ਵਾਲੇ ਫਰਜ਼ ਨਿਭਾਏ, ਇਸ ਕਰਕੇ ਉਹਦੀ ਕਲਾ ਮੂੰਹੋਂ ਵੀ ਬੋਲਦੀ ਰਹੀ ਤੇ ਅੰਦਰੋਂ ਵੀ। ਉਹ ਹੱਸ ਕੇ ਕਈ ਵਾਰ ਆਖ ਦਿੰਦਾ ਸੀ ਕਿ ਪਹਿਲਾਂ ਨਾਂ ਵਾਹਿਗੁਰੂ ਦਾ ਲਈਦਾ ਤੇ ਫਿਰ ਉਸਤਾਦ ਦਾ। ਪ੍ਰੇਰਨਾ ਉਹਨੂੰ ਸੰਤ ਈਸ਼ਰ ਸਿੰਘ ਹੋਰਾਂ ਤੋਂ ਮਿਲਦੀ ਰਹੀ ਹੈ ਤੇ ਪੱਕਾ ਪੈਰੋਕਾਰ ਉਹ ਰਾੜੇਵਾਲੇ ਸੰਤਾਂ ਦਾ ਸੀ। ਸੂਝਵਾਨ ਤੇ ਵਿਦਵਾਨ ਲੋਕਾਂ ਦੀ ਸੰਗਤ, ਸੰਗਤ ਦਾ ਮੋਹ ਉਹਨੂੰ ਗੁਣੀ ਵੀ ਤੇ ਗਿਆਨੀ ਵੀ ਬਣਾਉਣ ਵਿਚ ਸਹਾਈ ਹੋਇਆ ਹੈ।

ਉਹਦੀ ਕਲਾ ਨੂੰ ਰਿਕਾਰਡ ਕਰਨ ਜਾਂ ਰਿਕਾਰਡਿੰਗ ਕੰਪਨੀਆਂ ਦੇ ਮਾਮਲੇ ਵਿਚ ਜੇ ਸਾਹਿਤਕ ਸੋਚ ਨਾਲ ਕਹਿਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਨਾ ਤਬਲਾ ਵੱਜਿਆ ਤੇ ਨਾ ਹੀ ਪੈਰ ਉਠੇ। ਇਹੋ ਕਿ ਨਾ ਕੰਪਨੀਆਂ ਵਾਲਿਆਂ ਨੇ ਉਹਦੇ ਤੱਕ ਪਹੁੰਚ ਕੀਤੀ ਤੇ ਨਾ ਝਾਬੇਵਾਲ ਆਪ ਉਨ੍ਹਾਂ ਦੇ ਬੂਹੇ ਖੜਕਾਉਣ ਗਿਆ। ਇੱਕ ਹੋਰ ਗੱਲ ਜਿਹੜੀ ਢਾਡੀ ਇਤਿਹਾਸ ਵਿਚ ਹਵਾਲੇ ਜਾਂ ਅੰਕੜੇ ਵਰਗੀ ਹੈ, ਉਹ ਇਹ ਕਿ ਝਾਬੇਵਾਲ ਦੇ ਜਥੇ ਵਿਚ ਜਿਨ੍ਹਾਂ ਨੇ ਵੀ ਸ਼ਰਧਾ ਨਾਲ ਹਾਜ਼ਰੀ ਭਰੀ ਜਾਂ ਕਹਿ ਲਈਏ ਕਿ ਜਿਹੜੇ ਵੀ ਉਹਦੇ ਢਾਡੀ ਮੰਚ ਤੋਂ ਲੰਘੇ, ਉਨ੍ਹਾਂ ਨੂੰ ਸਰਵ ਪ੍ਰਵਾਨਗੀ ਮਿਲੀ। ਰਣਬੀਰ ਸਿੰਘ ਰਾਣਾ ਆਬੂਵਾਲ, ਨਿਰਮਲ ਸਿੰਘ ਮੈਹਲੀ ਕਲਾਂ ਤੇ ਕੁਲਵਿੰਦਰ ਸਿੰਘ ਘੁੰਮਣ ਨੇ ਉਹਦੇ ਨਾਲ ਕੰਮ ਕਰਕੇ ਬੜਾ ਜਸ ਖੱਟਿਆ। ਝਾਬੇਵਾਲ ਆਪਣੇ ਜਥੇ ਵਿਚ ਸ਼ੁਰੂ-ਸ਼ੁਰੂ ਵਿਚ ਢੱਡ ਵੀ ਵਜਾਉਂਦਾ ਰਿਹਾ, ਗਾਉਂਦਾ ਵੀ ਰਿਹਾ ਤੇ ਫਿਰ ਛੇ ਫੁੱਟੀ ਤਲਵਾਰ ਨਾਲ ਗੁਰੂ ਦਾ ਨਿਮਾਣਾ ਢਾਡੀ ਬਣ ਕੇ ਇਤਿਹਾਸ ਦੇ ਵਰਕਿਆਂ ਦੀ ਮਿੱਠੜੇ ਬੋਲਾਂ ਨਾਲ ਵਿਆਖਿਆ ਕਰਦਾ ਰਿਹਾ। ਕੁਝ ਰੰਗ ਝਾਬੇਵਾਲ ਦੇ ਸੰਗ ਦੇਖੋ:

ਲਿਖਿਆ ਸਭ ਕੁਝ ਖੋਲ੍ਹ ਕੇ ਮੈਂ ਤੇਰੇ ਤਾਈਂ
ਤੇ ਅੰਮ੍ਰਿਤ ਪੀਤਾ ਰੱਜ ਕੇ ਖੰਡੇ ਦਾ ਪਾਣੀ
ਤੇਰੇ ਹੱਥ ਵਿਚ ਫੜ੍ਹੀ ਜਾਪਦੀ ਵੈਰੀ ਦਲ ਖਾਣੀ
ਤੂੰ ਪੱਗ ਵਟਾਈ ਜਿਸ ਨਾਲ ਮੈਂ ਉਸ ਦੀ ਰਾਣੀ
ਉਸ ਰਾਜਾ ਰਣਜੀਤ ਤੂੰ ਲਾਜ ਬਚਾਈ
ਵਿਗੜੀ ਝਾਬੇਵਾਲੀਆਂ ਦੋ ਜਣਿਆਂ ਦੀ ਢਾਣੀ।
(ਮਹਾਂਰਾਣੀ ਜਿੰਦਾਂ ਦੀ ਚਿੱਠੀ-ਵਾਰ ਸ਼ਾਮ ਸਿੰਘ ਅਟਾਰੀ)

ਰੋ ਰੋ ਕੇ ਦੁਹਾਈਆਂ ਦਿੱਤੀਆਂ
ਸਿੰਘ ਤੇ ਦਰਬਾਰੇ
ਪਿੱਟਿਆ ਮਾਰ ਦੁਹੱਥੜਾ ਪਾ ਵੈਣ ਕਰਾਰੇ
ਮੇਰਾ ਸੱਜਰਾ ਡੋਲਾ ਖੋਹ ਲਿਆ
ਬਹੁ ਜਾਂਜੀ ਮਾਰੇ
ਮਰ ਗਏ ਹਿੰਦੂ ਰਾਜਪੂਤ
ਪਰ੍ਹਾਂ ਹਟੇ ਸਾਰੇ
ਜਾਂਦੇ ਤੇਰੇ ਹੁੰਦਿਆਂ (ਹਰੀ ਸਿਹਾਂ)
ਦੱਸ ਕੀਹਦੇ ਦੁਆਰੇ
ਛੱਡ ਪੁਰੀ ਅਨੰਦ ਗੁਰਾਂ ਨੇ ਪਾਏ ਚਾਲੇ
ਅੱਜ ਪਾਂਧੀ ਬਣ ਕੇ ਤੁਰ ਪਏ
ਖੱਲ ਤਖਤਾਂ ਵਾਲੇ!
ਫਤਿਹ ਪਿਤਾ ਨੂੰ ਬੁਲਾ ਕੇ ਆਖਰੀ
ਚੜ੍ਹੇ ਜੰਗ ਨੂੰ ਅਜੀਤ ਸਿੰਘ ਵੀਰ।

ਸਾਲ 1985 ਵਿਚ ਗਿਆਨੀ ਰਾਮ ਸਿੰਘ ਝਾਬੇਵਾਲ ਨੂੰ ਭਾਸ਼ਾ ਵਿਭਾਗ ਨੇ ਸ਼੍ਰੋਮਣੀ ਅਵਾਰਡ ਦਾ ਸਨਮਾਨ ਦਿੱਤਾ, ਕਿਸੇ ਵੇਲੇ ਜਥੇਦਾਰ ਬੁੱਢਾ ਅਕਾਲੀ ਦਲ ਨੇ ਵੀ। ਈਸਟ ਅਫਰੀਕਾ ਗਿਆ ਤਾਂ ਮਾਵੇ ਵਾਲੀ ਪੱਗ ਬੰਨ੍ਹਣ ਵਾਲੇ ਸਿੰਘਾਂ ਨੇ ਨਗਦ ਇਨਾਮ ਬੜੇ ਦਿੱਤੇ। ਪ੍ਰੋਫੈਸਰ ਮੋਹਨ ਸਿੰਘ ਮੇਲੇ 'ਤੇ ਉਹਨੂੰ ਸ਼੍ਰੋਮਣੀ ਢਾਡੀ ਅਵਾਰਡ ਦਿੱਤਾ ਗਿਆ ਸੀ। ਉਂਜ ਸਿੰਘਾਪੁਰ, ਥਾਈਲੈਂਡ, ਮਲੇਸ਼ੀਆ, ਸਕਾਟਲੈਂਡ ਤੇ ਇੰਗਲੈਂਡ ਵੀ ਝਾਬੇਵਾਲ ਨੇ ਆਪਣੇ ਜਥੇ ਨਾਲ ਦੂਹਰੇ-ਤੀਹਰੇ ਗੇੜੇ ਮਾਰੇ। ਢਾਡੀ ਪਰੰਪਰਾ ਦੇ ਵਿਕਾਸ ਲਈ ਕੰਮ ਕਰਨ ਲਈ ਸ੍ਰੀ ਗੁਰੂ ਹਰਿਗੋਬਿੰਦ ਢਾਡੀ ਸਭਾ ਦਾ ਉਹ ਜਨਰਲ ਸਕੱਤਰ ਵੀ ਬੜੀ ਦੇਰ ਰਿਹਾ। ਉਹ ਮਰਦੇ ਦਮ ਤੱਕ ਆਖਦਾ ਰਿਹਾ ਕਿ ਮਾਸਟਰ ਤਾਰਾ ਸਿੰਘ, ਪ੍ਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ ਤਲਵੰਡੀ ਤੇ ਸੁਰਜੀਤ ਸਿੰਘ ਬਰਨਾਲਾ ਨਾ ਸਿਰਫ ਉਹਦੇ ਕਦਰਦਾਨਾਂ ਵਿਚ ਰਹੇ ਸਗੋਂ ਜਦੋਂ ਵੀ ਬੁਰਾ ਵਕਤ ਆਇਆ, ਉਹਦੀ ਬਾਂਹ ਆਪਣੇ ਗਲ 'ਚ ਪਾਉਂਦੇ ਰਹੇ।

ਢਾਡੀ ਝਾਬੇਵਾਲ ਦੇ ਦੋਹਾਂ ਪੁੱਤਰਾਂ 'ਚੋਂ ਕੋਈ ਵੀ ਢਾਡੀ ਨਹੀਂ ਬਣ ਸਕਿਆ। ਉਹ ਇਹ ਝੋਰਾ ਵੀ ਕਰਦਾ ਰਿਹਾ ਕਿ ਇਹ ਮਹਾਨ ਕਲਾ ਉਹਦੇ ਪਰਿਵਾਰ 'ਚੋਂ ਉਹਦੇ ਨਾਲ ਹੀ ਚਲੀ ਜਾਵੇਗੀ। ਜਦੋਂ ਉਹ ਭਰਤੀ ਹੋ ਕੇ ਫੌਜੀ ਬਣਿਆ ਤਾਂ ਸੁਨੱਖਾ ਬੜਾ ਸੀ ਤੇ ਅੱਖਾਂ ਦੀ ਕਹਾਣੀ ਪਾ ਕੇ ਉਹਨੇ ਪੰਡਿਤਾਂ ਦੀ ਕੁੜੀ ਦਵਿੰਦਰ ਨਾਲ ਵਿਆਹ ਕਰਵਾ ਕੇ ਫਿਰ ਉਹਦੇ ਨਾਂ ਪਿੱਛੇ ਕੌਰ ਜੋੜ ਦਿੱਤਾ। ਇਹ ਗ੍ਰਹਿਸਥੀ ਘਟਨਾ 1950 ਦੀ ਹੈ ਤੇ ਹੁੱਬ ਕੇ ਦੱਸਦਾ ਹੁੰਦਾ ਸੀ ਕਿ ਆਪਾਂ ਗੁਰੂ ਘਰ ਦੇ ਢਾਡੀ ਵੀ ਸੀ ਤੇ...।

ਆਖਰੀ ਸਾਹ ਲੈਂਦੇ ਨੂੰ ਉਹਨੂੰ ਮੈਂ ਲੁਧਿਆਣੇ ਬਾਬਾ ਦੀਪ ਸਿੰਘ ਨਗਰ ਵਿਚ ਮਿਲਣ ਗਿਆ ਤਾਂ ਉਹ ਔਖਾ ਸੌਖਾ ਉਠ ਕੇ ਬੈਠ ਗਿਆ ਤੇ ਇੱਕੋ ਸਾਹੇ ਕਈ ਕੁਝ ਕਹਿ ਗਿਆ, "ਵਿਆਹ-ਸ਼ਾਦੀਆਂ ਜਾਂ ਧਾਰਮਕ ਸਮਾਗਮਾਂ 'ਤੇ ਲੱਖਾਂ ਰੁਪਏ ਖਰਚਣ ਵਾਲੇ ਲੋਕ ਸਾਡੀ ਵਾਰੀ ਪੁੱਛਦੇ ਨੇ ਭਲਾ ਢਾਡੀ ਸਿੰਘੋ ਤੁਸੀਂ ਕੁਝ ਘੱਟ ਨਹੀਂ ਕਰ ਲਵੋਗੇ ਤੇ ਸਾਨੂੰ ਤਾਂ ਇਹ ਰਸਦ ਤੇ ਸੱਦਣਾ ਚਾਹੁੰਦੇ ਨੇ ਅਤੇ ਢੱਡ ਨਾਲ ਤੂੰਬੀ ਨੇ ਇੱਕ ਢਿੱਡ ਅੜਿੱਕਾ ਬਹੁਤ ਲਿਆ ਹੈ!"

ਚਲੇ ਗਿਐ ਡੇਢ ਦਹਾਕਾ ਪਹਿਲਾਂ ਰਾਮ ਸਿੰਘ ਝਾਬੇਵਾਲ ਪਰ ਇੱਕ ਮਹਾਨ ਢਾਡੀ ਨਾਲ ਗੁਜ਼ਾਰੇ ਪਲਾਂ ਤੇ ਮਾਣ ਵੀ ਕਰੀਦਾ, ਉਂਜ ਪ੍ਰਸ਼ੰਸਾ ਆਉਣ ਵਾਲੀਆਂ ਪੀੜ੍ਹੀਆਂ ਨੇ ਹੀ ਕਰਨੀ ਹੁੰਦੀ ਹੈ।

# ਅਸ਼ੋਕ ਭੌਰਾ ਤੇ ਉਸ ਦੀ ਕਲਮ

ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਪਰਵਰਦਗਾਰ ਦਾ ਢਾਡੀ ਕਿਹਾ ਹੈ ਜਿਸ ਨੇ ਆਪਣੇ ਗੁਣਾਂ ਦੇ ਗਾਇਨ ਲਈ ਉਨ੍ਹਾਂ ਨੂੰ ਥਾਪਿਆ, ਇਸੇ ਤੋਂ ਸਿੱਖ ਧਰਮ ਵਿਚ ਢਾਡੀ ਪਰੰਪਰਾ ਦੀ ਅਹਿਮੀਅਤ ਦਾ ਪਤਾ ਲਗਦਾ ਹੈ। ਅਸ਼ੋਕ ਭੌਰਾ ਦੀ ਕਲਮ ਵਿਚ ਜਾਦੂ ਹੈ, ਉਹ ਜਿਸ ਵਿਸ਼ੇ 'ਤੇ ਵੀ ਲਿਖਦਾ ਹੈ, ਕਮਾਲ ਕਰ ਦਿੰਦਾ ਹੈ; ਭਾਵੇਂ ਲਿਖਤ ਆਮ ਚੋਣਾਂ ਬਾਰੇ ਹੋਵੇ, ਪਿੰਡ ਦੀ ਸੱਥ ਜਾਂ ਕਿਸੇ ਕਿਰਦਾਰ ਬਾਰੇ ਹੋਵੇ, ਪੰਜਾਬ ਦੇ ਗਾਇਕਾਂ ਜਾਂ ਫਿਰ ਢਾਡੀ ਪਰੰਪਰਾ ਬਾਰੇ।

ਬਚਪਨ ਤੋਂ ਢਾਡੀ ਦਇਆ ਸਿੰਘ ਦਿਲਬਰ, ਗਿਆਨੀ ਸੋਹਣ ਸਿੰਘ ਸੀਤਲ, ਪਮਾਲ ਵਾਲੇ ਕਵੀਸ਼ਰੀ ਜਥੇ, ਨਰੈਣ ਸਿੰਘ ਟੂਸਿਆਂ ਵਾਲੇ ਨੂੰ ਸੁਣਦੀ ਆਈ ਹਾਂ। ਜੇ ਮੈਂ ਆਪਣੀ ਗੱਲ ਕਰਨੀ ਹੋਵੇ ਤਾਂ ਕਹਾਂਗੀ ਕਿ ਸਿੱਖ ਧਰਮ ਬਾਰੇ ਗੁੜ੍ਹਤੀ ਜਿੱਥੇ ਮੈਨੂੰ ਤੇ ਮੇਰੇ ਭੈਣ-ਭਰਾਵਾਂ ਨੂੰ ਸਾਡੇ ਮਾਂ-ਬਾਪ ਅਤੇ ਮਾਮਾ ਜੀ ਤੋਂ ਮਿਲੀ ਹੈ, ਉਥੇ ਇਸ ਦੇ ਇਤਿਹਾਸ ਬਾਰੇ ਗਿਆਨ, ਸਿੱਖੀ ਦਾ ਜੋਸ਼ ਇਨ੍ਹਾਂ ਢਾਡੀ ਜਥਿਆਂ ਨੂੰ ਸੁਣ ਸੁਣ ਕੇ ਹੀ ਆਇਆ ਹੈ। ਜਦੋਂ ਬਹੁਤ ਛੋਟੀ ਸਾਂ, ਹਾਲੇ ਪੜ੍ਹਨਾ-ਲਿਖਣਾ ਵੀ ਨਹੀਂ ਸੀ ਆਇਆ, ਉਦੋਂ ਸਾਡੇ ਘਰ ਖੇਤੀ ਵਾਸਤੇ ਸਾਧੂ ਸਿੰਘ ਦਾ ਮੁੰਡਾ ਦੇਵ ਸਾਂਝੀ ਹੁੰਦਾ ਸੀ। ਪਿੰਡਾਂ ਵਿਚ ਜੰਮੇ ਪਲੇ ਬਹੁਤਿਆਂ ਨੂੰ ਪਤਾ ਹੀ ਹੋਵੇਗਾ ਕਿ ਬੁਣਕਰ ਬਰਾਦਰੀ ਨਾਲ ਸਬੰਧਤ ਲੋਕ ਜੱਟਾਂ ਤੋਂ ਵੀ ਵਧੀਆ ਸਿੱਖ, ਕਹਿਣ ਤੋਂ ਭਾਵ ਰਹਿਤ ਵਿਚ ਵਧੀਆ ਸਿੱਖ ਹੁੰਦੇ ਸੀ। ਮੇਰੇ ਬਾਪੂ ਜੀ ਤੇ ਵੀਰ ਅੰਮ੍ਰਿਤਧਾਰੀ ਹੋਣ ਕਰਕੇ ਦੇਵ ਵਰਗੇ ਮੁੰਡਿਆਂ ਨੂੰ ਕੰਮ ਲਈ ਰੱਖਣਾ ਵੱਧ ਪਸੰਦ ਕਰਦੇ ਸੀ। ਦੇਵ ਨੂੰ ਕਵੀਸ਼ਰੀ ਦਾ ਬਹੁਤ ਸ਼ੌਕ ਸੀ। ਸਰਦੀਆਂ ਵਿਚ ਰਾਤ ਦੀ ਰੋਟੀ ਤੋਂ ਬਾਅਦ ਬਾਪੂ ਜੀ ਨੇ ਅੱਗ ਦੀ ਧੂਣੀ ਦੁਆਲੇ ਸਾਨੂੰ ਬੱਚਿਆਂ ਨੂੰ ਵੀ ਬਿਠਾ ਲੈਣਾ, ਆਪ ਸਣ ਕੱਢਣ ਲੱਗ ਪੈਣਾ, ਬਲਦੀ ਧੂਣੀ 'ਤੇ ਸਣ ਦੇ ਡੱਕੇ ਪਾਈ ਜਾਣੇ ਤੇ ਦੇਵ ਨੂੰ ਕਹਿਣਾ, ਸੀਤਲ ਦੀਆਂ ਵਾਰਾਂ ਸੁਣਾ ਜੋ ਉਨ੍ਹਾਂ ਫਤਿਹਗੜ੍ਹ ਸਾਹਿਬ ਜਾਂ ਚਮਕੌਰ ਸਾਹਿਬ ਦੇ ਸ਼ਹੀਦੀ ਜੋੜ ਮੇਲਿਆਂ ਤੋਂ ਖਰੀਦ ਕੇ ਲਿਆਂਦੀਆਂ ਹੁੰਦੀਆਂ। ਇਸ ਤਰ੍ਹਾਂ ਬਚਪਨ ਤੋਂ ਹੀ ਸਿੱਖ ਕੌਮ ਦੇ ਇਨ੍ਹਾਂ ਮਹਾਨ ਢਾਡੀਆਂ ਨੂੰ ਸੁਣਨ ਦਾ ਸ਼ੌਕ ਪੈ ਗਿਆ ਜੋ ਅੱਖਰ ਗਿਆਨ ਆ ਜਾਣ ਨਾਲ ਹੋਰ ਪਰਪੱਕ ਹੋ ਗਿਆ ਅਤੇ ਇਨ੍ਹਾਂ ਦੀ ਇੱਕ ਇੱਕ ਲਿਖਤ ਆਪ ਪੜ੍ਹੀ।

ਗੱਲ ਹੋਰ ਪਾਸੇ ਪੈ ਗਈ, ਗੱਲ ਤਾਂ ਅਸ਼ੋਕ ਭੌਰਾ ਨੇ ਜੋ ਅਹਿਸਾਨ ਸਿੱਖ ਕੌਮ ਦੇ ਮਹਾਨ ਢਾਡੀਆਂ ਬਾਰੇ ਲਿਖਣਾ ਸ਼ੁਰੂ ਕਰਕੇ ਕੀਤਾ ਹੈ, ਉਸ ਦੀ ਕਰਨੀ ਸੀ। ਅਸ਼ੋਕ ਭੌਰਾ ਨੇ ਕਿੰਨਾ ਸਹੀ ਕਿਹਾ ਹੈ, "ਖੁਰਾਕ ਦੀ ਤਬਦੀਲੀ ਕਾਰਨ ਮਨੁੱਖ ਦਾ ਸੁਭਾਅ ਅਤੇ ਆਦਤਾਂ ਬਦਲ ਗਈਆਂ ਹਨ। ਪਰ ਇਸ ਯੁੱਗ ਵਿਚ ਖਾਣ-ਪੀਣ ਨੇ ਜੋ ਸਭ ਤੋਂ ਵੱਡਾ ਨੁਕਸਾਨ ਕੀਤਾ ਹੈ, ਉਹ ਹੈ, ਮਨੁੱਖ ਨੇ ਸੰਜਮ ਦਾ ਗਲਾ ਘੁੱਟ ਦਿੱਤਾ ਹੈ ਅਤੇ ਸਬਰ ਦਾ ਪਿਆਲਾ ਸਾਰੇ ਦਾ ਸਾਰਾ ਮੂਧਾ ਹੀ ਕਰ ਦਿੱਤਾ ਹੈ। ਅਸੀਂ ਸੰਗੀਤ ਦੀ ਕਲਾ ਪ੍ਰਤੀ ਸ਼ਰਧਾਵਾਨ ਹੋਣ ਦੀ ਗੱਲ ਤਾਂ ਕਰ ਰਹੇ ਹਾਂ ਪਰ ਇਸ ਦੇ ਵਿਰਾਸਤੀ ਪੰਨਿਆਂ 'ਤੇ ਇੱਕ ਤਰ੍ਹਾਂ ਨਾਲ ਕਾਟਾ ਹੀ ਫੇਰ ਦਿੱਤਾ ਹੈ। ਜਦੋਂ ਪੱਬ ਨਾ ਚੁੱਕੇ ਜਾਂਦੇ ਹੋਣ ਤੇ ਸਿਰ ਨਾ ਵੀ ਝੂੰਮਦਾ ਹੋਵੇ ਪਰ ਅੰਦਰੋਂ ਅਣਖ ਜੈਕਾਰੇ ਛੱਡ ਰਹੀ ਹੋਵੇ ਤਾਂ ਸਥਿਤੀ ਸਾਫ ਹੋ ਜਾਂਦੀ ਹੈ ਕਿ ਢਾਡੀ ਰਾਗ ਦੀ ਬਾਤ ਪੈ ਰਹੀ ਹੈ।"

ਇਹ ਸਿਰਫ ਅਸ਼ੋਕ ਭੌਰਾ ਹੀ ਲਿਖ ਸਕਦਾ ਹੈ, ਕਿਸੇ ਹੋਰ ਕੋਲੋਂ ਨਹੀਂ ਸੀ ਹੋ ਸਕਣਾ। ਸਿੱਖ ਧਰਮ ਬਾਰੇ ਜੋ ਜਜ਼ਬਾ ਉਸ ਦੇ ਇਤਿਹਾਸ ਰਾਹੀਂ ਢਾਡੀ ਉਭਾਰ ਸਕਦੇ ਹਨ, ਉਹ ਕੋਈ ਵੱਡੇ ਤੋਂ ਵੱਡਾ ਵਿਦਵਾਨ ਵੀ ਨਹੀਂ ਕਰ ਸਕਦਾ ਕਿਉਂਕਿ ਜੋ ਜੋਸ਼ ਢਾਡੀਆਂ ਨੂੰ ਸੁਣ ਕੇ ਆਉਂਦਾ ਹੈ, ਉਸ ਦੀ ਕੋਈ ਹੋਰ ਰੀਸ ਹੀ ਨਹੀਂ ਕਰ ਸਕਦਾ। ਗੁਰੂ ਜਾਣੀ ਜਾਣ ਸਨ ਇਸੇ ਲਈ 'ਵਾਰਾਂ' ਨੂੰ ਨਾ ਸਿਰਫ ਬਾਣੀ ਰਚਨਾ ਦੀ ਇੱਕ ਵੰਨਗੀ ਵੱਜੋਂ ਅਪਨਾਇਆ ਗਿਆ ਸਗੋਂ ਉਨ੍ਹਾਂ ਨੂੰ ਕਿਸ ਜੋਧੇ ਦੀ ਵਾਰ ਦੀ ਧੁਨੀ 'ਤੇ ਗਾਉਣਾ ਹੈ, ਇਹ ਵੀ ਨਿਰਧਾਰਤ ਕੀਤਾ। ਢਾਡੀ ਗੁਰੂ ਦਰਬਾਰ ਦੇ ਮੁੱਢ ਤੋਂ ਹੀ ਹਿੱਸਾ ਰਹੇ ਹਨ, ਇਸ ਦਾ ਸਬੂਤ ਰਾਮਕਲੀ ਰਾਗ ਵਿਚ ਰਚੀ ਸੱਤੇ ਤੇ ਬਲਵੰਡ ਦੀ ਵਾਰ ਦਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਹਿੱਸਾ ਹੋਣ ਤੋਂ ਵੀ ਲੱਗ ਜਾਂਦਾ ਹੈ।

ਅਸ਼ੋਕ ਭੌਰਾ ਨੇ ਅਮਰ ਸਿੰਘ ਸ਼ੌਂਕੀ ਤੋਂ ਲੈ ਕੇ ਅਵਤਾਰ ਸਿੰਘ ਰਟੈਂਡਾ, ਗੁਰਚਰਨ ਸਿੰਘ ਗੋਹਲਵੜ, ਢਾਡੀ ਸੋਹਣ ਸਿੰਘ ਸੀਤਲ, ਬਲਵੰਤ ਸਿੰਘ ਪਮਾਲ ਦੇ ਕਵੀਸ਼ਰੀ ਜਥੇ (ਜਿਸ ਨੂੰ ਮੈਂ ਆਪਣੇ ਪਿੰਡ ਦੇ ਸਾਲਾਨਾ ਦੀਵਾਨਾਂ ਵਿਚ ਬਹੁਤ ਸੁਣਿਆ ਹੈ), ਸੁਦਾਗਰ ਸਿੰਘ ਬੇਪਰਵਾਹ, ਢਾਡੀ ਅਵਤਾਰ ਸਿੰਘ ਭੌਰਾ-ਬਾਰੇ ਲਿਖ ਕੇ ਕੀਮਤੀ ਜਾਣਕਾਰੀ ਦਿੱਤੀ ਹੈ। ਸ਼੍ਰੋਮਣੀ ਗੁਰਦੁਆਰਾ

## ਸੰਪਾਦਕ ਦੀ ਡਾਕ

ਪ੍ਰਬੰਧਕ ਕਮੇਟੀ ਨੇ ਕੌਮ ਦੇ ਰਾਗੀਆਂ, ਢਾਡੀਆਂ, ਪ੍ਰਚਾਰਕਾਂ, ਵਿਦਵਾਨਾਂ ਜਾਂ ਕਿਸੇ ਦੀ ਵੀ ਕੀ ਮਦਦ ਕਰਨੀ ਹੈ, ਇਹ ਤਾਂ ਆਪਣੇ ਮੁਲਾਜ਼ਮਾਂ ਨੂੰ ਵੀ ਨਹੀਂ ਪੁੱਛਦੀ। ਮੌਜੂਦਾ ਸਮੇਂ ਵਿਚ ਤਾਂ ਇਸ ਦਾ ਇੱਕੋ ਇੱਕ ਮਕਸਦ ਰਹਿ ਗਿਆ ਹੈ ਜੋ ਸਭ ਨੂੰ ਪਤਾ ਹੈ। ਸ਼ਾਇਦ ਅਸ਼ੋਕ ਹੋਰਾਂ ਨੂੰ ਪਤਾ ਹੀ ਹੋਵੇ ਕਿ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਕੋਈ ਰਾਗੀ, ਢਾਡੀ ਜਾਂ ਪ੍ਰਚਾਰਕ ਜੇ ਕਿਤੇ ਸਮਾਗਮ 'ਤੇ ਜਾਂਦਾ ਹੈ ਤਾਂ ਜੋ ਭੇਟਾ ਮਿਲਦੀ ਹੈ, ਉਸ ਦਾ ਅੱਧਾ ਹਿੱਸਾ ਕਮੇਟੀ ਕੋਲ ਜਮ੍ਹਾਂ ਕਰਾਉਣਾ ਹੁੰਦਾ ਹੈ। ਇਸ ਦਾ ਪਤਾ ਮੈਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ 'ਚ ਕੰਮ ਕਰਦਿਆਂ ਲੱਗਾ ਕਿਉਂਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਹਾੜੇ 'ਤੇ ਕੀਰਤਨੀ ਜਥਾ ਗੁਰਦੁਆਰਾ ਦੁਖ ਨਿਵਾਰਨ ਤੋਂ ਸੱਦਦੇ ਹੁੰਦੇ ਸੀ (ਅੱਜ ਕੱਲ ਤਾਂ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਤੋਂ ਆਪਣੇ ਵਿਦਿਆਰਥੀ ਹੀ ਇਹ ਸੇਵਾ ਨਿਭਾ ਦਿੰਦੇ ਹਨ)। ਮੇਰੀ ਅਰਦਾਸ ਹੈ ਕਿ ਵਾਹਿਗੁਰੂ ਅਸ਼ੋਕ ਭੌਰਾ ਦੀ ਕਲਮ ਨੂੰ ਇਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਰੱਖੇ।

**-ਡਾ. ਗੁਰਨਾਮ ਕੌਰ, ਕੈਨੇਡਾ**

ਗੁਰਮਤਿ ਵਿਚਾਰ

# ਜਪੁਜੀ ਦਾ ਰੱਬ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਗੁਰੂ ਸਾਹਿਬ ਦੀ ਬਾਣੀ ਨੂੰ ਕਿਸੇ ਦੇ ਸਮਝਾਉਣ ਦੀ ਕੋਈ ਬਹੁਤੀ ਲੋੜ ਨਹੀਂ। ਗੁਰੂ ਸਾਹਿਬ ਨੇ ਆਪ ਸਭ ਕੁਝ ਸਪਸ਼ਟ ਕੀਤਾ ਹੋਇਆ ਹੈ। ਵਿਧੀ-ਸੂਤਰ ੴ ਤੋਂ ਅੱਗੇ ਸਤਿ ਨਾਮੁ ਲਿਖਿਆ ਹੋਇਆ ਹੈ। ਸਤਿ ਦਾ ਭਾਵ ਸੱਚਾ ਜਾਂ ਅਸਲ ਹੈ ਤੇ ਨਾਮ ਦਾ ਅਰਥ 'ਨਾਂ' ਹੈ। ਇਸ ਤਰ੍ਹਾਂ ੴ ਸਤਿ ਨਾਮੁ ਦੀ ਵਿਆਖਿਆ ਦੋ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ। ਪਹਿਲਾ, ਸਤਿ ਦਾ ਅਸਲ ਨਾਮ ੴ ਦੀ ਵਿਗਿਆਨਕ ਵਿਧੀ ਨਾਲ ਭਾਲਿਆ ਜਾਵੇ। ਦੂਜਾ, ੴ ਦੀ ਵਿਗਿਆਨਕ ਵਿਧੀ ਹੀ ਸਤਿ ਹੈ, ਭਾਵ ਇਸ ਨੂੰ ਹੀ ਉਦੋਂ ਤੀਕ ਸਤਿ ਦਾ ਅਸਥਾਈ ਨਾਂ ਮੰਨਿਆ ਜਾਵੇ, ਜਦੋਂ ਤੀਕ ਇਸ ਦੇ ਅਸਲ ਨਾਂ ਦਾ ਪਤਾ ਨਾ ਲਗ ਜਾਵੇ। ਦੋਵੇਂ ਅਰਥ ਇਕੋ ਹੀ ਦਿਸ਼ਾ ਦੇ ਹਨ। ਗਣਿਤ ਵਿਚ ਵੀ ਉਤਰ ਦਾ ਪਤਾ ਨਾ ਹੋਣ ਦੀ ਸੂਰਤ ਵਿਚ ਉਸ ਨੂੰ ਪਹਿਲਾਂ ਇਵੇਂ ਹੀ ਮੰਨ ਲਿਆ ਜਾਂਦਾ ਹੈ ਤੇ ਫਿਰ ਇਸ ਉਤਰ ਨੂੰ ਵਿਧੀ ਅਨੁਸਾਰ ਹੱਲ ਕੀਤਾ ਜਾਂਦਾ ਹੈ।

ਪਰ ਸਤਿ ਕੀ ਹੈ? ਗੁਰੂ ਸਾਹਿਬ ਦੀ ਪੱਕੀ ਧਾਰਨਾ ਹੈ ਕਿ ਇਸ ਸੰਸਾਰ ਦਾ ਇਕ ਮੂਲ ਸੱਚ ਹੈ। ਇਹ ਗਿਆਨ ਇੰਦਰੀਆਂ ਦੀ ਪਕੜ ਤੋਂ ਪਰੇ ਹੈ। ਇਸ ਦੀ ਅੰਤਿਮ ਸੱਚਾਈ ਤੇ ਕਾਰਜ ਵਿਧੀ ਬਾਰੇ ਕਿਸੇ ਨੂੰ ਕੋਈ ਪਤਾ ਨਹੀਂ ਹੈ। ਜੇ ਕੋਈ ਇਸ ਕਥਨ ਨੂੰ ਤਰੋੜ-ਮਰੋੜ ਕੇ ਕਹੇ (ਜੇ ਕੋ ਆਖੈ ਬੋਲੁਵਿਗਾੜੁ) ਕਿ ਉਸ ਨੂੰ ਪਤਾ ਹੈ ਤਾਂ ਉਸ ਨੂੰ ਗਵਾਰਾਂ ਦੇ ਗਵਾਰਾਂ ਦਾ ਮੁਖੀ ਕਹਿਣਾ ਚਾਹੀਦਾ ਹੈ। ਜੇ ਬ੍ਰਹਿਮੰਡ ਦੀ ਅਸਲ ਸੱਚਾਈ ਬਾਰੇ ਹਾਲੇ ਪਤਾ ਹੀ ਕੁਝ ਨਹੀਂ ਹੈ, ਤੇ ਜੋ ਕੁਝ ਪਤਾ ਹੈ, ਉਸ ਦਾ ਕੋਈ ਠੋਸ ਆਧਾਰ ਨਹੀਂ ਹੈ ਤਾਂ ਉਸ ਸੱਚਾਈ ਦਾ ਕੋਈ ਨਾਂ ਕਿਵੇਂ ਰੱਖਿਆ ਜਾ ਸਕਦਾ ਹੈ? ਲੋਕਾਂ ਨੇ ਇਸ ਦੇ ਰੱਬ, ਈਸਵਰ, ਅੱਲਾ ਆਦਿ ਅਣਗਿਣਤ ਨਾਂ ਰੱਖੇ ਹੋਏ ਹਨ ਪਰ ਉਨ੍ਹਾਂ ਦੇ ਰੱਖੇ ਨਾਂ ਸਹੀ ਨਹੀਂ ਹਨ।

ਇਹ ਇਸੇ ਪ੍ਰਕਾਰ ਹੈ ਜਿਵੇਂ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਵਿਗਿਆਨੀ ਸਮਝਦੇ ਸਨ ਕਿ ਰੇਡੀਅਮ 'ਚੋਂ ਨਿਕਲਦੀ ਊਰਜਾ ਰੇਡੀਅਮ ਦੇ ਐਟਮ ਵਿਚੋਂ ਨਿਕਲਦੀ ਹੈ। ਉਦੋਂ ਐਟਮ (Atom) ਨੂੰ ਹੀ ਪਦਾਰਥ ਦਾ ਸਭ ਤੋਂ ਛੋਟਾ ਕਣ ਸਮਝਿਆ ਜਾਂਦਾ ਸੀ। ਇਸ ਲਈ ਉਨ੍ਹਾਂ ਨੇ ਇਸ ਊਰਜਾ ਦਾ ਨਾਂ ਅਟਾਮਿਕ ਐਨਰਜੀ (Atomic Energy) ਰੱਖ ਦਿੱਤਾ। ਇਹ ਨਾਂ ਬੜੀ ਦੇਰ ਪ੍ਰਚਲਿਤ ਰਿਹਾ। ਪਰ ਜਦੋਂ 1915 ਵਿਚ ਰੁਦਰਫੋਰਡ ਨੇ ਖੋਜ ਕਰ ਕੇ ਐਟਮ ਵਿਚ ਨਿਊਕਲੀਅਸ ਦਾ ਪਤਾ ਲਾਇਆ ਤੇ ਸਿੱਧ ਕੀਤਾ ਕਿ ਰੇਡੀਏਸ਼ਨ ਦੀਆਂ ਕਿਰਣਾਂ ਐਟਮ ਦੇ ਨਿਊਕਲੀਅਸ ਵਿਚੋਂ ਉਪਜਦੀਆਂ ਹਨ ਤਾਂ ਅਟਾਮਿਕ ਐਨਰਜੀ ਗਲਤ ਨਾਂ ਲੱਗਣ ਲੱਗਾ। ਇਸ ਲਈ ਇਹ ਨਾਂ ਬਦਲ ਕੇ ਨਿਊਕਲੀਅਰ ਐਨਰਜੀ ਕਰਨਾ ਪਿਆ।

ਗੁਰੂ ਨਾਨਕ ਜਾਣਦੇ ਸਨ ਕਿ ਨਾਂ ਦਾ ਖੋਜ ਤੇ ਗਿਆਨ ਨਾਲ ਗੂੜ੍ਹਾ ਸਬੰਧ ਹੈ। ਉਨ੍ਹਾਂ ਅਨੁਭਵ ਕੀਤਾ ਕਿ ਪਰਮ-ਸੱਤ ਦੇ ਜੋ ਅਣਗਿਣਤ ਅਜੋਕੇ ਨਾਂ ਹਨ, ਉਹ ਸਹੀ ਨਹੀਂ ਹਨ। ਇਨ੍ਹਾਂ ਨੂੰ ਅਸਲ ਮੰਨ ਕੇ ਗਿਆਨ ਬਾਰੇ ਕਿਸੇ ਲਾਹੇਵੰਦ ਸਿੱਟੇ 'ਤੇ ਨਹੀਂ ਅੱਪੜਿਆ ਜਾ ਸਕਦਾ। ਇਨ੍ਹਾਂ ਮਨ-ਘੜਤ ਨਾਂਵਾਂ ਨੇ ਸਗੋਂ ਝੂਠ ਦੀ ਪਾਲ ਬਣ ਕੇ ਸੱਚਾਈ ਦੀ ਭਾਲ ਰੋਕੀ ਹੋਈ ਹੈ। ਇਸ ਲਈ ਸਤਿ ਦੇ ਸਾਰਥਕ ਨਾਂ ਦੀ ਮੁੱਢੋਂ ਭਾਲ ਹੋਣੀ ਚਾਹੀਦੀ ਹੈ।

ਇਸ ਕੰਮ ਲਈ ਸਭ ਤੋਂ ਪਹਿਲਾਂ ਸੱਚ ਦੀਆਂ ਵਿਸ਼ੇਸ਼ਤਾਈਆਂ (ਵਡਿਆਈਆਂ) ਨੂੰ ਜਾਣਨਾ ਜਰੂਰੀ ਹੈ। ਇਸ ਦੇ ਰੰਗ, ਰੂਪ, ਗੁਣ, ਵਿਸਥਾਰ, ਆਦਿ, ਅੰਤ, ਸੁਭਾਅ, ਨਿਯਮ ਤੇ ਕਾਰਜਸ਼ੀਲਤਾ ਸਮੇਤ ਹੋਰ ਸਭ ਵਡਿਆਈਆਂ (Properties) ਦੇ ਸਹੀ ਗਿਆਨ ਜਾਂ ਨਿਸ਼ਾਨਦੇਹੀ ਤੋਂ ਬਿਨਾ ਇਸ ਦਾ ਸਹੀ ਨਾਮਕਰਣ ਸੰਭਵ ਨਹੀਂ ਹੈ। ਸੰਸਾਰ ਵਿਚ ਹਰ ਸ਼ੈਅ ਦਾ ਨਾਂ ਉਸ ਦੇ ਗੁਣਾਂ ਅਨੁਸਾਰ ਹੀ ਪੈਂਦਾ ਹੈ। ਇੱਥੋਂ ਤੀਕ ਕਿ ਨਵ-ਜੰਮੇ ਬੱਚੇ ਦਾ ਨਾਂ ਰੱਖਣ ਲਈ ਵੀ ਪਹਿਲਾਂ ਉਸ ਦੇ ਲਿੰਗ ਸਮੇਤ ਕਈ ਹੋਰ ਗੱਲਾਂ ਦਾ ਧਿਆਨ ਕੀਤਾ ਜਾਂਦਾ ਹੈ। ਜਿਸ ਕਿਸੇ ਨੇ ਨਾਂਵਾਂ ਤੇ ਗੁਣਾਂ ਸਬੰਧੀ ਚੰਗੀ ਤਰ੍ਹਾਂ ਜਾਣਨਾ ਹੋਵੇ, ਉਹ ਜੀਵ ਰਸਾਇਣ ਵਿਗਿਆਨ ਤੇ ਦਵਾਈ ਵਿਗਿਆਨ ਦਾ ਅਧਿਐਨ ਕਰੇ। ਫਿਰ ਪਤਾ ਲੱਗੇਗਾ ਕਿ ਵਿਗਿਆਨੀ ਪਹਿਲਾਂ ਨਾਂ ਰੱਖਣ ਨੂੰ ਕਿਵੇਂ ਤੇ ਕਿਉਂ ਪਹਿਲ ਦਿੰਦੇ ਹਨ।

ਸੱਤ ਦੇ ਗੁਣਾਂ ਦੀ ਭਾਲ ਇਸ ਦੀ ਯਥਾਰਥਕ ਨਿਸ਼ਾਨਦੇਹੀ ਕਰਨ ਲਈ ਕੀਤੀ ਜਾਣੀ ਹੈ, ਇਸ ਲਈ ਇਸ ਵਿਚ ਖਾਲੀ ਕਲਪਨਾਵਾਂ, ਮਨਘੜਤ ਵਿਚਾਰਾਂ ਜਾਂ ਹਵਾਈ ਦਲੀਲਾਂ ਦੀ ਕੋਈ ਗੁੰਜਾਇਸ਼ ਨਹੀਂ। ਇਸ ਵਿਚ ਗਣਿਤ ਤੇ ਵਿਗਿਆਨ ਜਿਹੀ ਪਰਖੀ-ਸਮਝੀ ਪ੍ਰਮਾਣਿਕਤਾ ਦੀ ਲੋੜ ਹੈ ਤਾਂ ਜੋ ਗਲਤੀ ਦੀ ਕੋਈ ਗੁੰਜਾਇਸ਼ ਨਾ ਰਹੇ, ਭਾਵ ਇਹ ਖੋਜ ੴ ਦੇ ਵਿਗਿਆਨਕ ਵਿਧੀ-ਵਿਧਾਨ ਰਾਹੀਂ ਹੋਣੀ ਚਾਹੀਦੀ ਹੈ। ਯਾਦ ਰਹੇ, ਉਨ੍ਹਾਂ ਦਿਨਾਂ ਵਿਚ ਵਿਗਿਆਨ ਬਹੁਤਾ ਵਿਕਸਿਤ ਨਾ ਹੋਣ ਕਾਰਨ ਗਣਿਤ ਹੀ ਵਿਗਿਆਨ ਦਾ ਮੁੱਖ ਵਿਸ਼ਾ ਸਮਝਿਆ ਜਾਂਦਾ ਸੀ। ਅੱਜ ਕੱਲ ਵਿਗਿਆਨ ਦੇ ਵਿਸ਼ੇ ਕਈ ਹੋ ਗਏ ਹਨ ਪਰ ਗਣਿਤ ਦੀ ਮਹੱਤਤਾ ਫਿਰ ਵੀ ਇੰਨੀ ਹੈ ਕਿ ਇਸ ਦੀ ਵਰਤੋਂ ਤੋਂ ਬਿਨਾ ਅੱਜ ਤੀਕ ਕੋਈ ਵਿਗਿਆਨ ਵਿਕਸਿਤ ਨਹੀਂ ਹੋਇਆ। ਇਸ ਲਈ ਜਪੁਜੀ ਦੇ ਅਰੰਭ ਵਿਚ ਹੀ ਗੁਰੂ ਜੀ ਦੇ ਦਿੱਤੇ ਸੂਤਰ ਦਾ ਅਰਥ ਹੈ ਕਿ ਸ੍ਰਿਸ਼ਟੀ ਦੇ ਪਰਮ-ਸੱਤ ਦੀ ਖੋਜ ਵਿਗਿਆਨਕ ਭਾਵ ਗਣਿਤੀ ਢੰਗ ਨਾਲ ਕੀਤੀ ਜਾਵੇ ਤਾਂ ਜੋ ਉਸ ਦੀਆਂ ਪ੍ਰਮਾਣੀਕ ਵਿਸ਼ੇਸ਼ਤਾਈਆਂ ਅਨੁਸਾਰ ਹੀ ਉਸ ਦਾ ਸਹੀ ਨਾਮਕਰਣ ਕੀਤਾ ਜਾ ਸਕੇ।

ਇਸ ਗੱਲ ਨੂੰ ਸੰਖੇਪ ਕਰਕੇ ਦੂਜੇ ਢੰਗ ਨਾਲ ਵੀ ਕਿਹਾ ਜਾ ਸਕਦਾ ਹੈ। ਗੁਰੂ ਜੀ ਅਨੁਸਾਰ ਪਰਮ-ਸੱਤ ਬਾਰੇ ਹਾਲੇ ਕਿਸੇ ਨੂੰ ਕੋਈ ਠੋਸ ਜਾਣਕਾਰੀ ਨਹੀਂ ਹੈ। ਹੁਣ ਤੀਕ ਦੀ ਸਾਰੀ ਜਾਣਕਾਰੀ ਪ੍ਰਮਾਣੀਕ ਨਹੀਂ ਹੈ ਕਿਉਂਕਿ ਇਹ ਲੋਕਾਂ ਦੇ ਭਰਮ-ਭੁਲੇਖਿਆਂ 'ਤੇ ਉਸਰੀ ਝੂਠ ਦੀ ਢੇਰੀ ਹੈ। ਸੱਚੀ ਜਾਣਕਾਰੀ ਲਈ ਇਸ ਬੁਨਿਆਦੀ ਮੁੱਦੇ ਬਾਰੇ ਤਰਕ-ਸੰਗਤ ਤੇ ਹਿਸਾਬੀ ਖੋਜ ਹੋਣੀ ਜਰੂਰੀ ਹੈ। ਅਜਿਹੀ ਖੋਜ ਨਾਲ ਹੀ ਪਰਮ-ਸੱਤ ਦੇ ਗੁਣਾਂ ਦਾ ਅਸਲੀ ਪਤਾ ਲੱਗ ਸਕੇਗਾ ਤੇ ਉਸ ਦਾ ਸਹੀ ਨਾਂ ਰੱਖਿਆ ਜਾ ਸਕੇਗਾ। ਜਦੋਂ ਤੀਕ ਅਜਿਹਾ ਨਹੀਂ ਹੋ ਜਾਂਦਾ, ਉਦੋਂ ਤੀਕ ਉਸ ਦੀ ਖੋਜ ਵਿਧੀ ਦੇ ਸੂਤਰ ੴ ਨੂੰ ਹੀ ਉਸ ਦਾ ਨਾਮ ਮੰਨਣਾ ਚਾਹੀਦਾ ਹੈ ਤਾਂ ਜੋ ਉਸ ਦੀ ਖੋਜ ਦਾ ਸਹੀ ਮਨੋਰਥ ਸਾਹਮਣੇ ਬਣਿਆ ਰਹੇ। ਇਸ ਤਰ੍ਹਾਂ ੴ ਹੀ ਪਰਮ-ਸੱਤ ਦਾ ਖੋਜ-ਢੰਗ ਹੈ, ਇਹੀ ਇਸ ਦਾ ਖੋਜ-ਉਦੇਸ਼ ਹੈ, ਇਹੀ ਇਸ ਦੀ ਸੇਧ ਹੈ ਤੇ ਇਹੀ ਇਸ ਦਾ ਹਾਲੀਆ ਨਾਮ ਹੈ। ਦੂਜੇ ਸਬਦਾਂ ਵਿਚ ਵਿਗਿਆਨਕ ਸੂਤਰ ੴ ਸਿੱਖ ਮੱਤ ਦਾ ਧੁਰਾ ਹੈ।

ਇਸ ਉਪਰੰਤ ਗੁਰੂ ਜੀ ਪਰਮ-ਸੱਤ ਦੇ ਕੁਝ ਗੁਣਾਂ ਦਾ ਆਪ ਵਰਣਨ ਕਰਦਿਆਂ ਦੱਸਦੇ ਹਨ ਕਿ ਇਹ ਗੁਣ ਕਰਤਾ, ਪੁਰਖੁ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ ਅਤੇ ਸੈਭੰ ਹਨ। ਅੰਤ ਵਿਚ ਗੁਰਪ੍ਰਸਾਦਿ ਲਿਖ ਕੇ ਉਹ ਮੂਲਮੰਤਰ ਦੀ ਰਚਨਾ ਸਮਾਪਤ ਕਰਦੇ ਹਨ। ਉਪਰੋਕਤ ਗੁਣਾਂ ਵਿਚ ਇਕ ਇਕ ਸ਼ਬਦ ਬੜੇ ਗੂੜ੍ਹੇ ਅਰਥਾਂ ਵਾਲਾ ਹੈ। ਹਰ ਇਕ ਵਿਚ ਪਰਮ-ਸੱਤ ਦੀ ਕੋਈ ਨਾ ਕੋਈ ਖਾਸ ਵਡਿਆਈ (ਖਾਸੀਅਤ) ਦੱਸੀ ਗਈ ਹੈ। ਸਤਿਨਾਮ ਤੋਂ ਬਾਅਦ ਇਨ੍ਹਾਂ ਵਡਿਆਈ-ਭਰਪੂਰ ਸ਼ਬਦਾਂ ਨੂੰ ਇਵੇਂ ਲਿਖਣਾ ਵੀ ਗੁਰੂ ਸਾਹਿਬ ਦੀ ਇਕ ਨਾਟਕੀ ਤਰਕੀਬ ਹੈ ਜਿਸ ਦਾ ਅਚੰਭਾਮਈ ਬੋਧ ਅੰਤ ਵਿਚ ਭਾਵ ਗੁਰਪ੍ਰਸਾਦਿ 'ਤੇ ਜਾ ਕੇ ਹੁੰਦਾ ਹੈ। ਅਜਿਹਾ ਹੀ ਪੈਂਤੜਾ ਗੁਰੂ ਜੀ ਨੇ ਇਕ ਵਾਰ ਅੱਗੇ ਜਾ ਕੇ ਵਰਤਿਆ ਹੈ ਜਦੋਂ 'ਮੰਨੈ' ਦਾ ਵਿਸ਼ਾ ਛੱਡ ਕੇ ਉਹ ਇਕਾ-ਇਕ 'ਪੰਚਾਂ' ਦੀ ਗੱਲ ਅਰੰਭ ਕਰਦੇ ਹਨ। ਉਨ੍ਹਾਂ ਦੀ ਇਸ ਤਰਕੀਬ ਨੂੰ ਆਸਾਨੀ ਨਾਲ ਸਮਝਣ ਲਈ ਇੱਥੇ ਗੁਰਪ੍ਰਸਾਦਿ ਸ਼ਬਦ ਨੂੰ ਪਹਿਲਾਂ ਵੀ ਵਿਚਾਰਿਆ ਜਾ ਸਕਦਾ ਹੈ ਪਰ ਉਨ੍ਹਾਂ ਦੀ ਆਪਣੀ ਬਣਾਈ ਤਰਤੀਬ ਹੀ ਵੱਧ ਠੀਕ ਹੈ।

ਸਤਿਨਾਮ ਤੋਂ ਬਾਅਦ ਲਿਖੇ ਦੋ ਸ਼ਬਦ ਕਰਤਾ ਪੁਰਖੁ ਹਨ। ਗੁਰੂ ਜੀ ਅਨੁਸਾਰ ਉਹ ਪਰਮ-ਸੱਤ, ਜਿਸ ਦੀਆਂ ਵਡਿਆਈਆਂ ਦਾ ਸਹੀ ਢੰਗ ਨਾਲ ਪਤਾ ਕਰਨਾ ਹੈ, ਕਰਤਾ ਪੁਰਖੁ ਹੈ। ਉਹ ਉਤਪਤੀ ਦਾ ਕਾਰਨ ਹੈ। ਉਪਰ ਵਿਰਾਟ ਬ੍ਰਹਿਮੰਡੀ ਪਿੰਡਾਂ ਤੋਂ ਲੈ ਕੇ ਹੇਠਾਂ ਬਾਰੀਕ ਕੀੜੇ ਕਿਰਮਾਂ ਤੀਕ ਜੋ ਕੁਝ ਵੀ ਵਿਖਾਈ ਦਿੰਦਾ ਹੈ, ਉਹ ਉਸੇ ਦਾ ਪ੍ਰਗਟਾਵਾ ਹੈ, ਭਾਵ ਉਸੇ ਤੋਂ ਪ੍ਰਗਟ ਹੋਇਆ ਹੈ। ਕੇਵਲ ਸਮਝਣ ਦੇ ਤੌਰ 'ਤੇ ਪਰਮ-ਸੱਤ ਨੂੰ ਦੋ ਮੁੱਖ ਰੂਪਾਂ ਵਿਚ ਵੰਡਿਆ ਗਿਆ ਹੈ, ਇਹ ਹਨ-ਅੰਤਿਮ ਸੱਚ (Ultimate Reality) ਤੇ ਪ੍ਰਤੀਤੀ ਸੱਚ (Manifest Reality). ਪਹਿਲੇ ਰੂਪ ਵਿਚ ਉਹ ਉਦਾਸੀਨ (Passive) ਤੇ ਨਿਰ-ਚੱਲ (Dormant) ਹੁੰਦਾ ਹੈ ਤੇ ਦੂਜੇ ਰੂਪ ਵਿਚ ਗਤੀਸ਼ੀਲ ਤੇ ਸਰਗਰਮ (Active) ਬਣ ਜਾਂਦਾ ਹੈ। ਪਹਿਲਾ ਰੂਪ ਦੇਹ, ਹੋਂਦ, ਸਰੀਰ ਤੇ ਪੁਰਖ ਵਾਲਾ ਹੈ ਅਤੇ ਦੂਜਾ ਰੂਪ ਸਿਰਜਣਹਾਰ, ਸੂਤਰਧਾਰ, ਰਚਨਾਕਾਰ ਤੇ ਕਰਤਾਰ ਦਾ ਹੈ। ਜਦੋਂ ਅੰਤਿਮ ਸੱਚਾਈ ਕਰਵਟ ਬਦਲ ਕੇ ਆਪਣੇ ਅਦ੍ਰਿਸ਼ਟ ਤੇ ਉਦਾਸੀਨ ਰੂਪ ਤੋਂ ਸਾਕਾਰ ਜਾਂ ਮਾਯਾਵੀ ਰੂਪ (Manifest Reality) ਧਾਰਨ ਕਰਦੀ ਹੈ ਤਾਂ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ। ਇਸ ਦਾ ਭਾਵ ਇਹ ਨਹੀਂ ਕਿ ਇਸ ਤੋਂ ਪਹਿਲਾਂ ਕੁਝ ਨਹੀਂ ਸੀ। ਇਸ ਤੋਂ ਪਹਿਲਾਂ ਸੱਚ ਆਪਣੀ ਮਾਯਾ-ਰਹਿਤ ਹੋਂਦ ਵਿਚ ਸੀ। ਪ੍ਰਤੀਤੀ ਰੂਪ ਧਾਰਨ ਉਪਰੰਤ ਇਹ 'ਤਿਸ ਤੇ ਹੋਇ ਲਖ ਦਰਿਆਓ' ਦੇ ਵਾਕ ਅਨੁਸਾਰ ਬਹੁ-ਭਾਂਤੀ ਖੇਡਾਂ ਕਰਦਾ ਨਿਯਮਿਤ ਢੰਗ ਨਾਲ ਵਿਕਸਿਤ ਹੁੰਦਾ ਆ ਰਿਹਾ ਹੈ।

ਸਪਸ਼ਟ ਹੈ, ਬ੍ਰਹਿਮੰਡ ਰਚਨਾ ਪਰਮ-ਸੱਤ ਦੇ ਸੁੱਤੇ-ਸੁੱਧ ਆਪਣਾ ਰੂਪ ਬਦਲਣ ਨਾਲ ਹੋਈ ਹੈ ਤੇ ਇਹ ਕਿਸੇ ਇੱਛਤ ਢੰਗ ਨਾਲ ਨਹੀਂ ਹੋਈ। ਗੁਰੂ ਸਾਹਿਬ ਨੇ ਸਾਰੇ ਜਪੁਜੀ ਸਾਹਿਬ ਵਿਚ ਕਿਤੇ ਇਹ ਸੰਕੇਤ ਨਹੀਂ ਕੀਤਾ ਕਿ ਸ੍ਰਿਸ਼ਟੀ ਰਚਨਾ ਕਿਸੇ ਇੱਛਾ-ਵਸ ਹੋਈ ਹੈ। ਜਿਨ੍ਹਾਂ ਦੋ ਥਾਂਵਾਂ 'ਤੇ ਉਹ ਇਸ ਦਾ ਜ਼ਿਕਰ ਕਰ ਸਕਦੇ ਸੀ, ਉਥੇ ਵੀ ਨਹੀਂ ਕੀਤਾ। ਇਹੀ ਉਨ੍ਹਾਂ ਦੀ ਵਡਿਆਈ ਹੈ ਤੇ ਇਹੀ ਗੱਲ ਉਨ੍ਹਾਂ ਦੀ ਇਸ ਬਾਣੀ ਨੂੰ ਵਿਗਿਆਨਾਂ ਦੇ ਵਿਗਿਆਨ ਦਾ ਦਰਜਾ ਦਿੰਦੀ ਹੈ। ਇਹ ਉਨ੍ਹਾਂ ਦੇ ਸੰਕਲਪ ਦੀ ਇਸ ਧਾਰਨਾ ਨੂੰ ਦਰਸਾਉਂਦੀ ਹੈ ਕਿ ਪਰਮ-ਸੱਤ ਵੀ ਆਪਣੇ ਮਾਯਾਵੀ ਰੂਪ ਵਾਂਗ ਇੱਛਾ-ਚਾਲਕ ਨਹੀਂ ਸਗੋਂ ਨਿਯਮ-ਚਾਲਕ ਜਾਂ ਹੁਕਮ ਚਾਲਕ ਹੈ। ਮਨੁੱਖ ਸਮੇਤ ਸਾਰੀ ਸ੍ਰਿਸ਼ਟੀ ਭਾਵ ਇਹ ਆਪ ਵੀ ਇਨ੍ਹਾਂ ਹੁਕਮਾਂ ਦਾ ਬੰਨ੍ਹਿਆ ਹੋਇਆ ਹੈ। ਇਹ ਬ੍ਰਹਿਮੰਡ ਹਜ਼ਾਰ ਵਾਰ ਖਤਮ ਹੋਵੇ ਤੇ ਹਜ਼ਾਰ ਵਾਰ ਮੁੜ ਕੇ ਬਣੇ, ਤਦ ਵੀ ਗੁਰੂ ਸਾਹਿਬ ਦਾ ਇਹ ਵਿਚਾਰ ਇੰਨਾ ਹੀ ਸੱਚ ਰਹੇਗਾ।

ਇਸ ਤਰ੍ਹਾਂ ਕਰਤਾ ਪੁਰਖੁ ਦਾ ਭਾਵ ਕੋਈ ਸੱਚ ਮੁੱਚ ਦਾ ਜਾਂ ਮਨੁੱਖੀ ਜਾਮੇ ਵਾਲਾ ਇੱਛਾਧਾਰੀ ਜੀਵ, ਸ਼ਖਸੀਅਤ ਜਾਂ ਸ਼ਕਤੀ ਨਹੀਂ ਜੋ ਹੱਥੀਂ-ਪੈਰੀਂ ਜਾਂ ਸੋਚ ਸੰਕਲਪ ਨਾਲ ਕਿਸੇ ਸ਼ੈਅ ਨੂੰ ਪੈਦਾ ਕਰਨ ਵਾਲਾ ਹੋਵੇ। ਉਹ ਕੋਈ ਪਰਾ-ਪੂਰਬਲਾ ਪਿਤਾ ਪੁਰਖ ਵੀ ਨਹੀਂ ਜਿਸ ਨੇ ਇਕ ਵੰਸ਼-ਦਾਤੇ ਵਾਂਗ ਇਸ ਸ੍ਰਿਸ਼ਟੀ ਨੂੰ ਪੈਦਾ ਕੀਤਾ ਜਾਂ ਚਲਾਇਆ ਹੋਵੇ। ਉਹ ਤਾਂ ਦਰਿਆ ਵਿਚ ਚਲਦੇ ਪਾਣੀ ਵਾਂਗ ਹੈ ਜੋ ਆਪਣੇ ਉਤੇ, ਆਪਣੇ ਵਿਚੋਂ, ਆਪਣੇ ਆਪ ਹੀ ਲੱਖਾਂ ਪ੍ਰਕਾਰ ਦੀਆਂ ਤਰੰਗਾਂ ਦੀ ਉਤਪਤੀ ਕਰਦਾ ਹੈ, ਜੋ ਉਸ ਵਿਚ ਹੀ ਅਭੇਦ ਹੋ ਜਾਂਦੀਆਂ ਹਨ। ਉਹ ਆਪਣੀ ਸ਼ਕਲ ਸੂਰਤ ਜਾਂ ਪੈਦਾਇਸ਼-ਕਾਰਜ ਕਰਕੇ ਕਰਤਾ ਨਹੀਂ ਸਗੋਂ ਆਪਣੇ ਉਸ ਗੁਣ ਕਰਕੇ ਕਰਤਾ ਹੈ ਜਿਸ ਰਾਹੀਂ ਉਹ ਅਪ੍ਰਤੱਖ ਤੋਂ ਪ੍ਰਤੱਖ ਰੂਪ ਵਟਾਉਂਦਾ ਹੈ ਤੇ ਫਿਰ ਲੱਖਾਂ ਪ੍ਰਕਾਰ ਦੇ ਵਜੂਦਾਂ ਵਿਚ ਪ੍ਰਗਟ ਹੁੰਦਾ ਹੈ। ਉਸ ਨੂੰ 'ਪੁਰਖੁ' ਇਸ ਕਰਕੇ ਨਹੀਂ ਕਿਹਾ ਗਿਆ ਕਿ ਉਸ ਦੀ ਛਵੀ ਪੁਰਖਾਂ ਵਾਲੀ ਹੈ। ਉਹ ਪੁਰਖ ਇਸ ਲਈ ਹੈ ਕਿ ਉਸ ਦੇ ਸੂਖਮ ਵਜੂਦ ਉਤੇ ਸੰਸਾਰਕ ਉਤਪਤੀ ਦੀ ਨੀਂਹ ਟਿਕੀ ਹੋਈ ਹੈ, ਭਾਵ ਉਹ ਹੀ ਸੰਸਾਰ ਦਾ ਜਿਣਸੀ ਵਜੂਦ ਹੈ। ਦੁਆਲੇ ਘੁੰਮਦੇ ਸੂਰਜ, ਚੰਦ, ਤਾਰੇ, ਸਿਤਾਰੇ ਤੇ ਉਨ੍ਹਾਂ ਤੋਂ ਬਣਿਆ ਸਮੁੱਚਾ ਬ੍ਰਹਿਮੰਡ ਸਭ ਉਸੇ ਦਾ ਸਰੀਰ ਹਨ। ਹੇਠਾਂ ਪਸਰੀ ਧਰਤ ਤੇ ਇਸ ਦੇ ਪਰਬਤ, ਝੀਲਾਂ, ਬੱਦਲ, ਆਕਾਸ਼, ਜੰਗਲ, ਪਸ਼ੂ, ਪੰਛੀ ਤੇ ਮਾਨਵ ਵੀ ਸਭ ਉਸੇ ਦੀ ਦੇਹ ਦੇ ਵੱਖ ਵੱਖ ਪ੍ਰਗਟਾਵੇ ਹਨ। ਉਸ ਨੂੰ ਕੋਈ ਦੇਹਧਾਰੀ ਪੁਰਖ ਜਾਂ ਮਨੁੱਖੀ ਜਾਮੇ ਵਿਚ ਵਿਚਰਦਾ ਵਿਸ਼ਾਲ ਇੱਛਾਧਾਰੀ ਨਿਗਰਾਨ ਸਮਝਣਾ ਮਨੁੱਖੀ ਸੋਚ ਦੀ ਗਲਤੀ ਹੈ ਤੇ ਕਮਜ਼ੋਰੀ ਵੀ।

ਇੰਦਾਂ ਉਹੀ ਲੋਕ ਕਰਦੇ ਹਨ, ਜੋ ਗੁਰਬਾਣੀ ਨੂੰ ਪੂਜਾ-ਪਾਠ ਦਾ ਸਾਧਨ ਸਮਝ ਕੇ ਇਸ ਦੇ ਤਰਕ-ਸੰਗਤ ਅਧਿਐਨ ਦੀ ਲੋੜ ਨਹੀਂ ਸਮਝਦੇ। ਅਜਿਹਾ ਸੋਚਣ ਵਾਲਿਆਂ ਲਈ ਅਗਿਆਨ ਤੇ ਅੰਧ-ਵਿਸ਼ਵਾਸ ਤੋਂ ਮੁਕਤੀ ਪ੍ਰਾਪਤ ਕਰਨਾ ਮੁਸ਼ਕਿਲ ਹੀ ਨਹੀਂ, ਅਸੰਭਵ ਹੈ।

***ਇਸ ਤਰ੍ਹਾਂ ਕਰਤਾ ਪੁਰਖੁ ਦਾ ਭਾਵ ਕੋਈ ਸੱਚ ਮੁੱਚ ਦਾ ਜਾਂ ਮਨੁੱਖੀ ਜਾਮੇ ਵਾਲਾ ਇੱਛਾਧਾਰੀ ਜੀਵ, ਸ਼ਖਸੀਅਤ ਜਾਂ ਸ਼ਕਤੀ ਨਹੀਂ ਜੋ ਹੱਥੀਂ-ਪੈਰੀਂ ਜਾਂ ਸੋਚ ਸੰਕਲਪ ਨਾਲ ਕਿਸੇ ਸ਼ੈਅ ਨੂੰ ਪੈਦਾ ਕਰਨ ਵਾਲਾ ਹੋਵੇ। ਉਹ ਕੋਈ ਪਰਾ-ਪੂਰਬਲਾ ਪਿਤਾ ਪੁਰਖ ਵੀ ਨਹੀਂ ਜਿਸ ਨੇ ਇਕ ਵੰਸ਼-ਦਾਤੇ ਵਾਂਗ ਇਸ ਸ੍ਰਿਸ਼ਟੀ ਨੂੰ ਪੈਦਾ ਕੀਤਾ ਜਾਂ ਚਲਾਇਆ ਹੋਵੇ। ਉਹ ਤਾਂ ਦਰਿਆ ਵਿਚ ਚਲਦੇ ਪਾਣੀ ਵਾਂਗ ਹੈ ਜੋ ਆਪਣੇ ਉਤੇ, ਆਪਣੇ ਵਿਚੋਂ, ਆਪਣੇ ਆਪ ਹੀ ਲੱਖਾਂ ਪ੍ਰਕਾਰ ਦੀਆਂ ਤਰੰਗਾਂ ਦੀ ਉਤਪਤੀ ਕਰਦਾ ਹੈ, ਜੋ ਉਸ ਵਿਚ ਹੀ ਅਭੇਦ ਹੋ ਜਾਂਦੀਆਂ ਹਨ। ਉਹ ਆਪਣੀ ਸ਼ਕਲ ਸੂਰਤ ਜਾਂ ਪੈਦਾਇਸ਼-ਕਾਰਜ ਕਰਕੇ ਕਰਤਾ ਨਹੀਂ ਸਗੋਂ ਆਪਣੇ ਉਸ ਗੁਣ ਕਰਕੇ ਕਰਤਾ ਹੈ ਜਿਸ ਰਾਹੀਂ ਉਹ ਅਪ੍ਰਤੱਖ ਤੋਂ ਪ੍ਰਤੱਖ ਰੂਪ ਵਟਾਉਂਦਾ ਹੈ ਤੇ ਫਿਰ ਲੱਖਾਂ ਪ੍ਰਕਾਰ ਦੇ ਵਜੂਦਾਂ ਵਿਚ ਪ੍ਰਗਟ ਹੁੰਦਾ ਹੈ। ਉਸ ਨੂੰ 'ਪੁਰਖੁ' ਇਸ ਕਰਕੇ ਨਹੀਂ ਕਿਹਾ ਗਿਆ ਕਿ ਉਸ ਦੀ ਛਵੀ ਪੁਰਖਾਂ ਵਾਲੀ ਹੈ। ਉਹ ਪੁਰਖ ਇਸ ਕਰਕੇ ਹੈ ਕਿ ਉਸ ਦੇ ਸੂਖਮ ਵਜੂਦ ਉਤੇ ਸੰਸਾਰਕ ਉਤਪਤੀ ਦੀ ਨੀਂਹ ਟਿਕੀ ਹੋਈ ਹੈ, ਭਾਵ ਉਹ ਹੀ ਸੰਸਾਰ ਦਾ ਜਿਣਸੀ ਵਜੂਦ ਹੈ।***

**(ਚਲਦਾ)**

**Punjab Times**
*Ph: 847-359-0746*
***Punjabtimes1@gmail.com***
*Visit us on the web:*
***punjabtimesusa.com***

ਗੁਰਬਾਣੀ ਗਿਆਨ

# ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ

**ੴ ਸਤਿਗੁਰ ਪਰਸਾਦਿ॥**
ਰਾਗੁ ਸੂਹੀ ਅਸਟਪਦੀਆ
ਮਹਲਾ ੪ ਘਰੁ ੨
ਸਿਮਰਿ ਸਿਮਰਿ ਸਿਮਰਿ ਗੁਰੁ
ਅਪੁਨਾ ਸੋਇਆ ਮਨੁ ਜਾਗਾਈ॥
ਇਕੁ ਦਾਨੁ ਮੰਗੈ ਨਾਨਕੁ ਵੇਚਾਰਾ
ਹਰਿ ਦਾਸਨਿ ਦਾਸੁ ਕਰਾਈ॥
ਜੇ ਗੁਰੁ ਝਿੜਕੇ ਤ ਮੀਠਾ ਲਾਗੈ
ਜੇ ਬਖਸੇ ਤ ਗੁਰ ਵਡਿਆਈ॥
ਗੁਰਮੁਖ ਬੋਲਹਿ ਸੋ ਥਾਇ ਪਾਏ
ਮਨਮੁਖਿ ਕਿਛੁ ਥਾਇ ਨ ਪਾਈ॥
ਪਾਲਾ ਕਕਰੁ ਵਰਫ ਵਰਸੈ
ਗੁਰਸਿਖ ਗੁਰ ਦੇਖਣ ਜਾਈ॥
ਸਭ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ
ਵਿਚਿ ਅਖੀ ਗੁਰ ਪੈਰ ਧਰਾਈ॥
ਅਨੇਕ ਉਪਾਵ ਕਰੀ ਗੁਰ ਕਾਰਣਿ
ਗੁਰ ਭਾਵੈ ਸੋ ਥਾਇ ਪਾਈ॥
ਰੈਣਿ ਦਿਨਸੁ ਗੁਰ ਚਰਣ ਅਰਾਧੀ
ਦਇਆ ਕਰਹੁ ਮੇਰੇ ਸਾਈ॥
ਨਾਨਕ ਕਾ ਜੀਉ ਪਿੰਡੁ ਗੁਰੂ ਹੈ
ਗੁਰ ਮਿਲਿ ਤ੍ਰਿਪਤਿ ਅਘਾਈ॥
ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ
ਜਤ ਕਤ ਤਤ ਗੋਸਾਈ॥

ਗੁਰੂ ਰਾਮਦਾਸ ਜੀ ਆਖਦੇ ਹਨ, ਸਿਮਰਿ ਸਿਮਰਿ ਸਿਮਰਿ ਪ੍ਰਭ ਅਪੁਨਾ॥ ਹੇ ਮੇਰੇ ਮਿਹਰਬਾਨ ਪ੍ਰਭ ਜੀਓ! ਤੇਰੀ ਮਿਹਰ ਨਾਲ ਮੈਂ ਆਪਣੇ ਗੁਰੂ ਨੂੰ ਮੁੜ ਮੁੜ ਯਾਦ ਕਰਕੇ ਮਾਇਆ ਦੇ ਮੋਹ ਦੀ ਨੀਂਦ ਵਿਚ ਸੁਤੇ ਆਪਣੇ ਮਨ ਨੂੰ ਜਗਾਉਂਦਾ ਰਹਾਂਗਾ। ਹੇ ਮੇਰੇ ਪ੍ਰੀਤਮ ਪਿਆਰੇ ਪ੍ਰਭ ਜੀ, ਤੇਰੇ ਦਰ ਤੋਂ ਤੇਰਾ ਇਹ ਗਰੀਬ ਦਾਸ ਨਾਨਕ ਇਕ ਦਾਨ ਮੰਗਦਾ ਹੈ, ਆਪਣੀ ਮਿਹਰ ਕਰ ਅਤੇ ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾਈ ਰੱਖੋ।

ਜੇ ਗੁਰੁ ਝਿੜਕੇ ਤ ਮੀਠਾ ਲਾਗੈ
ਜੇ ਬਖਸੇ ਤ ਗੁਰ ਵਡਿਆਈ॥
ਗੁਰਮੁਖ ਬੋਲਹਿ ਸੋ ਥਾਇ ਪਾਏ
ਮਨਮੁਖਿ ਕਿਛੁ ਥਾਇ ਨ ਪਾਈ॥

ਗੁਰੂਦੇਵ ਆਖਦੇ ਹਨ, ਹੇ ਭਾਈ ਜੇ ਮੇਰੀ ਕਿਸੇ ਗਲਤੀ ਜਾਂ ਭੁੱਲ ਕਰਕੇ ਗੁਰੂ ਮੈਨੂੰ ਝਿੜਕ ਦੇਵੇ ਤਾਂ ਗੁਰੂ ਦੀ ਉਹ ਝਿੜਕ ਮੈਨੂੰ ਬਹੁਤ ਹੀ ਪਿਆਰੀ ਲੱਗਦੀ ਹੈ, ਜੇ ਗੁਰੂ ਮੈਨੂੰ ਬਖਸ਼ਸ਼ ਦਿੰਦਾ ਹੈ ਤਾਂ ਇਹ ਗੁਰੂ ਦੀ ਵਡਿਆਈ ਹੈ, ਮੇਰੇ ਵਿਚ ਤਾਂ ਕੋਈ ਗੁਣ ਨਹੀਂ। ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁਖ ਜੋ ਬਚਨ ਬੋਲਦੇ ਹਨ, ਗੁਰੂ ਉਨ੍ਹਾਂ ਨੂੰ ਪ੍ਰਵਾਨ ਕਰ ਲੈਂਦਾ ਹੈ ਪਰ ਮਨਮੁਖ ਮਨ ਦੇ ਪਿਛੇ ਤੁਰਨ ਵਾਲਿਆਂ ਦਾ ਬੋਲਿਆ ਪ੍ਰਵਾਨ ਨਹੀਂ ਹੁੰਦਾ।

ਪਾਲਾ ਕਕਰੁ ਵਰਫ ਵਰਸੈ
ਗੁਰਸਿਖ ਗੁਰ ਦੇਖਣ ਜਾਈ॥
ਸਭ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ
ਵਿਚਿ ਅਖੀ ਗੁਰ ਪੈਰ ਧਰਾਈ॥

ਸਤਿਗੁਰੂ ਬਚਨ ਕਰਦੇ ਹਨ, ਭਾਵੇਂ ਪਾਲਾ ਹੋਵੇ, ਭਾਵੇਂ ਕੱਕਰ ਪੈ ਰਿਹਾ ਹੋਵੇ ਅਤੇ ਭਾਵੇਂ ਬਰਫ ਪਈ ਪੈਂਦੀ ਹੋਵੇ, ਫਿਰ ਭੀ ਗੁਰੂ ਦਾ ਸਿੱਖ ਗੁਰੂ ਦਾ ਦਰਸ਼ਨ ਕਰਨ ਲਈ ਜਾਂਦਾ ਹੈ। ਮੈਂ ਭੀ ਦਿਨ ਰਾਤ ਹਰ ਵੇਲੇ ਆਪਣੇ ਗੁਰੂ ਦੇ ਦਰਸ਼ਨ ਕਰਦਾ ਰਹਿੰਦਾ ਹਾਂ, ਆਪਣੇ ਗੁਰੂ ਦੇ ਚਰਨਾਂ ਨੂੰ ਆਪਣੀਆਂ ਅੱਖਾਂ ਵਿਚ ਹਰ ਵੇਲੇ ਵਸਾਈ ਰੱਖਦਾ ਹਾਂ ਭਾਵ ਗੁਰੂ ਚਰਨਾਂ 'ਚ ਜੁੜਿਆ ਰਹਿੰਦਾ ਹਾਂ।

ਅਨੇਕ ਉਪਾਵ ਕਰੀ ਗੁਰ ਕਾਰਣਿ
ਗੁਰ ਭਾਵੈ ਸੋ ਥਾਇ ਪਾਈ॥
ਰੈਣਿ ਦਿਨਸੁ ਗੁਰ ਚਰਣ ਅਰਾਧੀ
ਦਇਆ ਕਰਹੁ ਮੇਰੇ ਸਾਈ॥

ਗੁਰਦੇਵ ਜੀ ਆਖਦੇ ਹਨ, ਜੇ ਮੈਂ ਗੁਰੂ ਨੂੰ ਪ੍ਰਸੰਨ ਕਰਨ ਲਈ ਅਨੇਕਾਂ ਹੀ ਯਤਨ ਕਰਦਾ ਰਹਾਂ ਪਰ ਉਹੀ ਯਤਨ ਕਬੂਲ ਹੁੰਦਾ ਹੈ ਜੋ ਗੁਰੂ ਨੂੰ ਪਸੰਦ ਅਉਂਦਾ ਹੈ, ਜਿਹੜਾ ਗੁਰੂ ਨੂੰ ਚੰਗਾ ਲੱਗਦਾ ਹੈ। ਹੇ ਮੇਰੇ ਮਿਹਰਬਾਨ ਮਾਲਕ ਪ੍ਰਭ ਜੀਉ! ਮਿਹਰ ਕਰੋ, ਮੈਂ ਤੇਰੀ ਮਿਹਰ ਸਦਕਾ ਦਿਨ ਰਾਤ ਹਰ ਵੇਲੇ ਹੀ ਆਪਣੇ ਗੁਰੂ ਦੇ ਚਰਨਾਂ ਦਾ ਧਿਆਨ ਧਰਦਾ ਰਹਾਂ, ਗੁਰੂ ਦੇ ਚਰਨਾਂ ਨਾਲ ਜੁੜਿਆ ਰਹਾਂ।

ਨਾਨਕ ਕਾ ਜੀਉ ਪਿੰਡੁ ਗੁਰੂ ਹੈ
ਗੁਰ ਮਿਲਿ ਤ੍ਰਿਪਤਿ ਅਘਾਈ॥
ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ
ਜਤ ਕਤ ਤਤ ਗੋਸਾਈ॥

ਸ਼ਬਦ ਦੇ ਅਖੀਰ ਵਿਚ ਗੁਰੂ ਰਾਮਦਾਸ ਜੀ ਆਖਦੇ ਹਨ, 'ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ॥' ਨਾਨਕ ਦੀ ਜਾਨ ਅਤੇ ਸਰੀਰ ਗੁਰੂ ਦੇ ਚਰਨਾਂ ਵਿਚ ਅਰਪਨ ਹੈ; ਭਾਈ ਗੁਰੂ ਨੂੰ ਮਿਲ ਕੇ ਮੈਂ ਤ੍ਰਿਪਤ ਹੋ ਜਾਂਦਾ ਹਾਂ, ਰੱਜ ਜਾਂਦਾ ਹਾਂ ਅਤੇ ਮਾਇਆ ਦੀ ਭੁੱਖ ਨਹੀਂ ਰਹਿ ਜਾਂਦੀ। ਹੇ ਭਾਈ! ਗੁਰੂ ਦੀ ਕਿਰਪਾ ਨਾਲ ਹੀ ਇਹ ਸਮਝ ਆਉਂਦੀ ਹੈ ਕਿ ਨਾਨਕ ਦਾ ਪ੍ਰਭੂ ਜੋ ਇਸ ਸੰਸਾਰ ਦਾ ਮਾਲਕ ਹੈ, ਉਹ ਇਥੇ-ਉਥੇ ਭਾਵ ਹਰ ਥਾਂ ਹੀ ਪਿਆ ਵੱਸਦਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਬੇਗਮਪੁਰੇ ਦੀ ਬਾਤ ਪਾਉਣ ਵਾਲੇ ਗੁਰੂ ਰਵੀਦਾਸ

ਰਮੇਸ਼ ਬੱਗਾ ਚੋਹਲਾ
ਫੋਨ: 91-94631-32719

ਭਾਰਤ ਦੀ ਧਰਤੀ ਸੰਤਾਂ, ਗੁਰੂਆਂ-ਪੀਰਾਂ, ਰਿਸ਼ੀਆਂ-ਮੁਨੀਆਂ ਅਤੇ ਭਗਤਾਂ-ਪਿਆਰਿਆਂ ਦੀ ਧਰਤੀ ਹੈ। ਸਮੇਂ-ਸਮੇਂ ਇਨ੍ਹਾਂ ਮਹਾਂਪੁਰਖਾਂ ਨੇ ਮਨੁੱਖ ਦੀਆਂ ਪਦਾਰਥਵਾਦੀ ਬਿਰਤੀਆਂ ਨੂੰ ਅਧਿਆਤਮਕ ਰੰਗ ਵਿਚ ਰੰਗ ਕੇ ਜਿਥੇ ਜੀਵਨ ਦੇ ਅਸਲ ਮਨੋਰਥ ਤੋਂ ਗਿਆਤ ਕਰਵਾਇਆ, ਉਥੇ ਇਸ ਮਨੋਰਥ ਦੀ ਸਿੱਧੀ ਹਿੱਤ ਭਗਤੀ ਮਾਰਗ ਨੂੰ ਵੀ ਵਡਿਆਇਆ ਹੈ। ਇਸ ਮਾਰਗ 'ਤੇ ਚੱਲਣ ਵਾਲੇ ਭਗਤਾਂ ਨੇ ਆਪਣੇ ਵਿਸ਼ੇਸ਼ ਵਿਹਾਰ ਅਤੇ ਕਿਰਦਾਰ ਰਾਹੀਂ ਆਪਣੀ ਭਗਤੀ ਦੇ ਨਿਰਾਲੇਪਨ ਨੂੰ ਕਾਇਮ ਰੱਖਿਆ ਹੈ ਜਿਸ ਬਾਰੇ ਗੁਰੂ ਅਮਰਦਾਸ ਦੇ ਬਚਨ ਹਨ:

ਭਗਤ ਕੀ ਚਾਲ ਨਿਰਾਲੀ
ਚਾਲ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗ ਚਲਣਾ॥
ਲਬੁ ਲੋਭੁ ਅੰਹਕਾਰ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ॥ (ਪੰਨਾ 918)

ਇਸ ਨਿਰਾਲੀ ਚਾਲ ਕਾਰਨ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਬੈਠਦਾ ਹੈ। ਵਿਲੱਖਣਤਾ ਭਰਪੂਰ ਸੋਚ ਤੇ ਲੋਚ ਰੱਖਣ ਵਾਲੇ ਭਗਤਾਂ ਨੂੰ ਅਜ਼ਮਾਉਣ ਅਤੇ ਸਤਾਉਣ ਲਈ ਦੁਨੀਆਂਦਾਰਾਂ ਨੇ ਕਈ ਕੋਝੇ ਕਾਰਨਾਮੇ ਵੀ ਕੀਤੇ ਹਨ ਪਰ ਪ੍ਰਭੂ ਨੇ ਆਪਣੇ ਪਿਆਰੇ ਭਗਤਾਂ ਦੀ ਹਮੇਸ਼ਾ ਹੀ ਰੱਖ ਦਿਖਾਈ ਹੈ। ਆਪਣੀ ਸੱਚੀ ਸੁੱਚੀ ਭਗਤੀ ਭਾਵਨਾ ਸਦਕਾ ਇਹ ਭਗਤ ਪਰਮਾਤਮਾ ਵੱਲੋਂ ਹਮੇਸ਼ਾ ਹੀ ਸਤਿਕਾਰੇ ਅਤੇ ਪਿਆਰੇ ਜਾਂਦੇ ਰਹੇ ਹਨ।

ਸ਼੍ਰੋਮਣੀ ਭਗਤਾਂ ਵਿਚ ਸ਼ੁਮਾਰ ਭਗਤ-ਗੁਰੂ ਰਵੀਦਾਸ ਦਾ ਜਨਮ 1376 (ਸੰਮਤ 1433) ਵਿਚ ਇਕ ਚਮਾਰ ਭਾਈਚਾਰੇ ਦੇ ਭਾਈ ਸੰਤੋਖ ਦਾਸ ਅਤੇ ਮਾਤਾ ਧੁਰਬਿਨੀਆ ਉਰਫ ਕਰਮੋ ਦੇਵੀ ਦੇ ਗ੍ਰਹਿ ਵਿਖੇ ਬ੍ਰਾਹਮਣੀ ਸਭਿਆਚਾਰ ਦਾ ਧੁਰਾ ਕਰਕੇ ਜਾਣੇ ਜਾਂਦੇ ਸ਼ਹਿਰ ਬਨਾਰਸ ਵਿਚ ਹੋਇਆ। ਭਾਵੇਂ ਭਗਤ ਜੀ ਦੀ ਜਨਮ ਮਿਤੀ ਬਾਬਤ ਵਿਦਵਾਨ ਇੱਕ ਮਤ ਨਹੀਂ ਹਨ ਪਰ ਰਵਿਦਾਸੀ ਭਾਈਚਾਰੇ ਨਾਲ ਸਬੰਧਤ ਸੰਤ ਕਰਮ ਦਾਸ ਦਾ ਇੱਕ ਦੋਹਰਾ ਉਪਰੋਕਤ ਹਵਾਲੇ ਦੇ ਹੱਕ ਵਿਚ ਇੰਜ ਬੋਲਦਾ ਹੈ:

ਚੌਦਾਂ ਸੈ ਤੇਤੀਸ ਕੀ ਮਾਘ ਸੁਦੀ ਪੰਦ੍ਰਾਸ।
ਦੁਖੀਓ ਕੇ ਕਲਿਆਨ ਹਿੱਤ ਪ੍ਰਗਟੇ ਸ੍ਰੀ ਰਵਿਦਾਸ।

ਭਗਤ ਜੀ ਦੇ ਪੁਰਖਿਆਂ ਦਾ ਸਬੰਧ ਅਜਿਹੇ ਪਰਿਵਾਰ ਨਾਲ ਸੀ ਜਿਸ ਨੂੰ ਸਮਾਜਕ ਵਰਣ-ਵਖਰੇਵੇਂ ਕਾਰਨ ਨੀਚ ਸਮਝ ਕੇ ਨਫਰਤ ਕੀਤੀ ਜਾਂਦੀ ਸੀ। ਇਸ ਦੀ ਪੁਸ਼ਟੀ ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ:

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ॥

ਪਵਿੱਤਰ ਨਦੀ ਕਰਕੇ ਪੂਜੀ ਜਾਂਦੀ ਗੰਗਾ ਦੇ ਕਿਨਾਰਿਉਂ ਕਈ ਤਰ੍ਹਾਂ ਦੀਆਂ ਵਿਚਾਰਧਾਰਵਾਂ ਪ੍ਰਚਲਿਤ ਹੋਈਆਂ। ਇਨ੍ਹਾਂ ਵਿਚਾਰਧਾਰਾਵਾਂ ਵਿਚੋਂ ਕੁਝ ਕੁ ਤਾਂ ਪੂਰਨ ਰੂਪ ਵਿਚ ਮਾਨਵ ਹਿੱਤਕਾਰੀ ਸਾਬਤ ਹੋਈਆਂ ਪਰ ਕੁਝ ਕੁ (ਕੱਟੜਵਾਦੀ ਸੁਭਾਅ ਦੀਆਂ) ਵਿਚਾਰਧਾਰਾਵਾਂ (ਜਿਵੇਂ ਕਿ ਜਾਤ-ਪਾਤ ਨਾਲ ਸਬੰਧਤ) ਨੇ, ਸਮਾਜਕ ਵਿਥਾਂ ਵਧਾਉਣ ਵਿਚ ਆਪਣਾ ਨਾਂਹ ਪੱਖੀ ਰੋਲ ਅਦਾ ਕੀਤਾ। ਭਗਤ ਰਵੀਦਾਸ ਦੇ ਜੀਵਨ-ਕਾਲ ਵਿਚ ਸਮਾਜ ਧਾਰਮਕ ਖੇਤਰ ਵਿਚ ਪੁਜਾਰੀਆਂ ਦੇ ਕਰਮਕਾਂਡ ਤੇ ਕੱਟੜਵਾਦ, ਸਮਾਜਕ ਪੱਧਰ ਉਤੇ ਵਰਣ-ਵੰਡ ਤੇ ਜਾਤ-ਪਾਤ ਦੀ ਮਨੁੱਖੀ ਵੰਡ ਅਤੇ ਰਾਜਨੀਤਕ ਤੇ ਆਰਥਕ ਪੱਖੋਂ ਵਿਦੇਸ਼ੀ ਹਕੂਮਤ ਦੇ ਅਧੀਨ ਹੋਣ ਕਰਕੇ ਸੰਤੁਲਿਤ ਨਹੀਂ ਸੀ। ਹਾਲਾਤ ਇਹ ਸਨ ਕਿ ਆਮ ਜਨਤਾ ਵਿਦੇਸ਼ੀ ਰਾਜ ਦੇ ਡਰ ਅਤੇ ਪੁਜਾਰੀ ਸ਼੍ਰੇਣੀ ਦੀ ਨਫਰਤ ਕਾਰਨ ਸਾਹ-ਸਤ ਹੀਣ ਹੋ ਚੁਕੀ ਸੀ ਅਤੇ ਮਾਣ-ਸਨਮਾਨ ਵਾਲੀ ਜ਼ਿੰਦਗੀ ਜਿਉਣ ਦੀ ਜਾਚ ਭੁੱਲ ਚੁਕੀ ਸੀ। ਜਨਤਾ ਦੇ ਇਸ ਧੂਹ-ਘਸੀਟ ਵਾਲੇ ਜੀਵਨ ਬਾਰੇ ਭਗਤ ਰਵੀਦਾਸ ਲਿਖਦੇ ਹਨ:

ਜਾਤੀ ਓਛਾ ਪਾਤੀ ਓਛਾ
ਓਛਾ ਜਨਮੁ ਹਮਾਰਾ॥

ਜਿਥੋਂ ਤੱਕ ਭਗਤ ਰਵੀਦਾਸ ਜੀ ਦੀ ਫਿਲਾਸਫੀ ਦਾ ਸਬੰਧ ਹੈ, ਉਸ ਨੂੰ ਪੜ੍ਹ-ਸੁਣ ਕੇ ਕਈ ਹੈਰਾਨੀਜਨਕ ਭਾਵ ਉਪਜਦੇ ਹਨ। ਉਨ੍ਹਾਂ ਦੇ ਸਮਕਾਲੀ ਸ਼ਾਸਕਾਂ ਤੇ ਠਾਕੁਰਾਂ ਦਾ ਸੁਭਾਅ ਨਿਰਦਈ ਅਤੇ ਜ਼ਾਲਮਾਨਾ ਸੀ। ਪੰਡਿਤਾਂ ਅਤੇ ਮੁਲਾਣਿਆਂ ਦਾ ਵਰਗ ਕਰਮ-ਕਾਂਡ ਵਿਚ ਬੱਝਿਆ ਹੋਇਆ ਸੀ। ਜੇ ਕੋਈ ਨੀਵੀਂ ਜਾਤ ਵਾਲਾ ਵਿਅਕਤੀ ਇਨ੍ਹਾਂ ਦੀ ਹੁਕਮ ਅਦੂਲੀ ਕਰਦਾ ਤਾਂ ਉਸ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣੇ ਪੈ ਜਾਂਦੇ ਸਨ। ਜਿਥੇ ਹੁਕਮਰਾਨ ਸ਼ਸਤਰਧਾਰੀ ਤੇ ਧੰਨਵਾਨ ਹੋਣ ਕਰਕੇ ਅਸੀਮ ਸ਼ਕਤੀ ਦੇ ਮਾਲਕ ਸਨ, ਉਥੇ ਭਗਤ ਰਵੀਦਾਸ ਜੀ ਕੋਲ ਇਸ ਸ਼ਕਤੀ ਦਾ ਮੁਕਾਬਲਾ ਕਰਨ ਲਈ ਨਾ ਤਾਂ ਹਾਥੀ ਘੋੜੇ ਸਨ ਅਤੇ ਨਾ ਹੀ ਕੋਈ ਸਿਖਲਾਈਯਾਫਤਾ ਹਥਿਆਰਬੰਦ ਫੌਜ। ਪਰ ਜਿਸ ਦਲੇਰੀ ਤੇ ਹੌਂਸਲੇ ਨਾਲ ਉਹ ਗੁੰਮਰਾਹਕੁਨ ਫੋਕੇ ਕਰਮਕਾਂਡ ਨਕਾਰਦੇ ਹਨ, ਉਸ ਨੂੰ ਬਹੁਤ ਹੀ ਕਾਬਲ-ਏ-ਤਰੀਫ ਅਤੇ ਨਿਵੇਕਲੀ ਪਹੁੰਚ ਵਾਲਾ ਹੈ। ਆਪਣੀ ਅਤੇ ਆਪਣੇ ਭਾਈਚਾਰੇ ਦੀ ਇਸ ਤਰਸੀਲੀ ਹਾਲਤ ਨੂੰ ਬਿਆਨ ਕਰਦਿਆਂ ਭਗਤ ਜੀ ਲਿਖਦੇ ਹਨ:


ਭਗਤ ਰਵੀਦਾਸ ਜੀ ਦਾ ਇਕ ਚਿੱਤਰ

ਦਾਰਿਦੁ ਦੇਖਿ ਸਭ ਕੋ ਹਸੈ
ਐਸੀ ਦਸਾ ਹਮਾਰੀ॥

ਭਗਤ ਰਵੀਦਾਸ ਜੀ ਦੇ ਜੀਵਨ-ਦਰਸ਼ਨ ਦੀ ਇਹ ਵਿਸ਼ੇਸ਼ਤਾ ਹੈ ਕਿ ਆਪਣੇ ਸਮਕਾਲੀ ਸਮਾਜ ਦੇ ਸ਼ਾਸਕ ਵਰਗ ਦੀ ਜ਼ਾਲਮਾਨਾ ਰੁਚੀ ਅਤੇ ਪੁਜਾਰੀ ਸ਼੍ਰੇਣੀ ਦੇ ਹੰਕਾਰੀ ਵਤੀਰੇ ਨੂੰ ਰੱਦ ਕਰਦਿਆਂ ਨਾ ਤਾਂ ਉਨ੍ਹਾਂ ਨੇ ਕਿਸੇ ਹਿੰਸਾਤਮਕ ਵਿਹਾਰ ਦੀ ਵਕਾਲਤ ਕੀਤੀ ਹੈ ਅਤੇ ਨਾ ਹੀ ਕਿਸੇ ਕੌੜੀ ਭਾਵਨਾ ਵਾਲੀ ਸ਼ਬਦਾਵਲੀ ਦੀ ਵਰਤੋਂ। ਆਪਣੀ ਭਗਤੀ-ਭਾਵਨਾ ਅਤੇ ਕਰਮਸ਼ੀਲ-ਵਿਹਾਰ ਨਾਲ ਉਨ੍ਹਾਂ ਨੇ ਆਪਣੇ ਜੀਵਨ ਨੂੰ ਇੰਨਾ ਉਚਾ ਤੇ ਸੁੱਚਾ ਬਣਾ ਲਿਆ ਸੀ ਕਿ ਕਈ ਰਾਜੇ-ਰਾਣਿਆਂ ਅਤੇ ਪੁਜਾਰੀਆਂ ਨੇ ਉਨ੍ਹਾਂ ਦੇ ਚਰਨਾਂ 'ਤੇ ਆਪਣਾ ਸੀਸ ਝੁਕਾਇਆ। ਇਸ ਗੱਲ ਦੀ ਗਵਾਹੀ ਗੁਰੂ ਗ੍ਰੰਥ ਸਾਹਿਬ ਵਿਚਲੀ ਉਨ੍ਹਾਂ ਦੀ ਬਾਣੀ ਇਸ ਪ੍ਰਕਾਰ ਦਿੰਦੀ ਹੈ:

ਅਬ ਬਿਪ੍ਰ ਪਰਧਾਨ
ਤਿਹਿ ਕਰਹਿ ਡੰਡਾਉਤਿ
ਤੇਰੇ ਨਾਮ ਸਰਣਾਇ ਰਵੀਦਾਸ ਦਾਸਾ॥

ਆਪਣੇ ਉਦੇਸ਼ ਦੀ ਪੂਰਤੀ ਲਈ ਪ੍ਰੇਮ-ਪਿਆਰ ਦੀ ਜੁਗਤ ਨੂੰ ਵਰਤਣ ਵਾਲੇ ਭਗਤ ਰਵੀਦਾਸ ਜੀ ਮਨੁੱਖਤਾ ਨੂੰ ਇੱਕ ਅਜਿਹੇ ਸ਼ਹਿਰ ਦੀ ਵਾਸੀ ਬਣਾਉਣਾ ਚਾਹੁੰਦੇ ਹਨ ਜਿਸ ਨੂੰ ਬੇਗਮਪੁਰੇ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਇਹ ਸ਼ਹਿਰ ਦੁਨਿਆਵੀ ਫਿਕਰ-ਫਾਕਿਆਂ ਤੋਂ ਰਹਿਤ ਹੋਣ ਦੇ ਨਾਲ-ਨਾਲ ਦੁੱਖਾਂ-ਤਕਲੀਫਾਂ ਅਤੇ ਲੁੱਟ-ਖਸੁੱਟ ਦੇ ਮਨੋਰਥ ਨਾਲ ਲਾਏ ਜਾਂਦੇ ਟੈਕਸਾਂ ਤੋਂ ਵੀ ਮੁਕਤ ਹੈ। ਇਸ ਸ਼ਹਿਰ ਦਾ ਜ਼ਿਕਰ ਆਪਣੀ ਬਾਣੀ ਵਿਚ ਉਹ ਇਸ ਤਰ੍ਹਾਂ ਕਰਦੇ ਹਨ:

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨਾ ਖਤਾ ਨ ਤਰਸੁ ਜਵਾਲੁ॥

ਭਗਤ ਰਵੀਦਾਸ ਜੀ ਮਨੁੱਖੀ ਬਰਾਬਰੀ ਵਾਲੇ ਸਮਾਜ ਦੇ ਹਾਮੀ ਹਨ ਅਤੇ ਇੱਕ ਅਜਿਹੇ ਰਾਜ ਦੀ ਕਲਪਨਾ ਕਰਦੇ ਹਨ ਜਿਥੇ ਛੋਟੇ-ਵੱਡੇ ਸਾਰੇ ਇੱਕ ਸਮਾਨ ਰਹਿੰਦੇ ਹੋਏ ਲੋੜ ਅਨੁਸਾਰ ਪ੍ਰਸ਼ਾਦੇ-ਪਾਣੀ ਦਾ ਅਨੰਦ ਮਾਣ ਸਕਣ ਅਤੇ ਬਰਾਬਰੀ ਦੇ ਅਹਿਸਾਸ ਨਾਲ ਆਪਣਾ ਜੀਵਨ ਬਸਰ ਕਰ ਸਕਣ। ਭਗਤ ਜੀ ਦਾ ਜਨਮ ਭਾਵੇਂ (ਉਸ ਸਮੇਂ) ਨੀਵੀਂ ਸਮਝੀ ਜਾਂਦੀ ਚਮਾਰ ਜਾਤੀ ਵਿਚ ਹੋਇਆ ਪਰ ਉਨ੍ਹਾਂ ਵਿਚ ਇਸ ਗੱਲ ਦੀ ਕਿਤੇ ਰੱਤੀ ਭਰ ਵੀ ਹੀਣ ਭਾਵਨਾ ਨਹੀਂ ਹੈ। ਸਗੋਂ ਉਹ ਤਾਂ ਬੜੇ ਮਾਣ ਨਾਲ ਕਹਿੰਦੇ ਹਨ:

ਨਾਗਰ ਜਨਾਂ ਮੇਰੀ ਜਾਤਿ
ਬਿਖਿਆਤ ਚੰਮਾਰੰ॥

ਇਸ ਦੀ ਵਜ੍ਹਾ ਵੀ ਉਨ੍ਹਾਂ ਦੀ ਸਮਵਰਤੀ ਸੋਚ ਦਾ ਹੀ ਹਿੱਸਾ ਹੈ, ਜਿਸ ਅਨੁਸਾਰ:

ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੈ ਸੋਈ॥

ਮਨੁੱਖੀ-ਜੀਵਨ ਦੀ ਉਤਮਤਾ ਨੂੰ ਧਿਆਨ ਵਿਚ ਰੱਖਦਿਆਂ ਭਗਤ ਜੀ ਕਹਿੰਦੇ ਹਨ ਕਿ ਬੇਸ਼ਕੀਮਤੀ ਹੋਣ ਦੇ ਨਾਲ-ਨਾਲ ਮਨੁੱਖੀ-ਜੀਵਨ ਦੁਰਲੱਭ ਵੀ ਹੈ, ਇਸ ਕਰਕੇ ਇਸ ਜੀਵਨ ਨੂੰ ਵਿਅਰਥ ਦੇ ਕਾਰਜਾਂ ਵਿਚ ਨਹੀਂ ਲਾਈ ਰੱਖਣਾ ਚਾਹੀਦਾ ਸਗੋਂ ਇਸ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਫੁਰਮਾਨ ਹੈ:

ਦੁਲਭ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬਕੈ॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਰਵੀਦਾਸ ਜੀ ਨੂੰ ਰੱਜਵਾਂ ਮਾਣ-ਸਤਿਕਾਰ ਦਿੰਦਿਆਂ ਉਨ੍ਹਾਂ ਦੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੇ ਹਨ। ਇਨ੍ਹਾਂ ਸ਼ਬਦਾਂ ਵਿਚ ਜਿਥੇ ਭਗਤ ਜੀ ਨੇ ਆਪਣੇ ਸਮਕਾਲੀ ਸਮਾਜਕ, ਰਾਜਨੀਤਕ ਅਤੇ ਧਾਰਮਕ ਹਾਲਾਤ ਦਾ ਬਾਖੂਬੀ ਚਿਤਰਣ ਕੀਤਾ ਹੈ, ਉਥੇ ਸੱਚੇ-ਸੁੱਚੇ ਕਾਰ-ਵਿਹਾਰ ਰਾਹੀਂ ਰੱਬੀ ਨੇੜਤਾ-ਇੱਕਮਿਕਤਾ ਹਾਸਲ ਕਰਨ ਦੀ ਜੁਗਤ (ਪ੍ਰੇਮਾ-ਭਗਤੀ) ਵੀ ਬਿਆਨ ਕੀਤੀ ਹੈ। ਇਸ ਜੁਗਤ ਨੂੰ ਅਪਨਾ ਕੇ ਕੋਈ ਵੀ ਮਨੁੱਖ ਪਰਮ-ਪਿਤਾ ਪਰਮਾਤਮਾ ਦੀਆਂ ਬਖਸ਼ਿਸ਼ਾਂ ਦਾ ਪਾਤਰ ਬਣ ਸਕਦਾ ਹੈ ਅਤੇ ਆਪਣਾ ਲੋਕ-ਪ੍ਰਲੋਕ ਸੰਵਾਰ ਸਕਦਾ ਹੈ।

# ਵਿਆਹ ਸ਼ਰਾਬ, ਕੰਨ ਪਾੜਵਾਂ ਸੰਗੀਤ ਤੇ 'ਬੇਵੱਸ' ਬੁੱਧੀਜੀਵੀ



ਗੱਜਣਵਾਲਾ ਸੁਖਮਿੰਦਰ
ਫੋਨ: 91-99151-06449

ਸ਼ੋਰ ਅਤੇ ਸ਼ਰਾਬ ਦਾ ਮਿਸ਼ਰਣ ਬਣ ਕੇ ਰਹਿ ਗਿਆ ਹੈ, ਵਿਆਹ-ਸ਼ਾਦੀਆਂ ਦਾ ਦਿਨ। ਪਤਾ ਨਹੀਂ ਦਾਰੂ 'ਚ ਕੀ ਰੰਗਤ ਘੁਲੀ ਹੁੰਦੀ ਹੈ ਕਿ ਦੋ ਦੋ ਘੁੱਟਾਂ ਪੀ ਕੇ ਸੱਤਰਿਆਂ-ਪਚੱਤਰਿਆਂ ਦੇ ਸਿਰ ਦੀ ਛਤਰੀ ਖੁੱਲ੍ਹ ਜਾਂਦੀ ਹੈ ਅਤੇ ਧਮਾਕੇਦਾਰ ਮਿਉਜ਼ਿਕ 'ਤੇ ਬਾਹਾਂ 'ਚ ਜ਼ੁੰਬਿਸ਼ ਆ ਜਾਂਦੀ ਹੈ ਤੇ ਪੈਰ ਥਿੜਕਣ ਲੱਗ ਪੈਂਦੇ ਹਨ। ਪਿਛਲੇ ਦਿਨੀਂ ਸਾਡੇ ਯਾਰ ਪ੍ਰੋ. ਬਾਵਾ ਸਿੰਘ ਦੇ ਫਰਜ਼ੰਦ 'ਦੀਪ' ਦੇ ਵਿਆਹ ਦੀ ਪਾਰਟੀ ਸੀ, ਪਟਿਆਲੇ ਕੋਲ। ਮਾਘ ਮਹੀਨੇ ਦੀ ਕੋਸੀ ਕੋਸੀ ਧੁੱਪ ਤੇ ਪਿਆਰਾ ਮੌਸਮ। ਸੂਟਾਂ-ਬੂਟਾਂ ਵਿਚ ਟਹਿਕਦੇ ਚਿਹਰੇ ਤੇ ਦੁਆ-ਪਾਣੀ ਘੁੰਮ ਰਿਹਾ।

ਮਹਿਮਾਨਾਂ ਦਾ ਜਮਾਵੜਾ ਦੋ ਵਰਗਾਂ ਵਿਚ ਤਕਸੀਮ ਹੋ ਚੁਕਾ ਸੀ। ਇਕ ਪਾਸੇ ਸੋਫਿਆਂ ਕੁਰਸੀਆਂ 'ਤੇ ਬਿਰਾਜਮਾਨ ਬੁੱਧੀਜੀਵੀ, ਦਾਨਿਸ਼ਵਰ, ਸੁਚੇਤ ਵਰਗ ਸੀ; ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਦਾ 'ਮੁਤਬੰਨਾ' ਦਰਸ਼ਨ ਜ਼ੀਦਾ, ਪੰਜਾਬ ਦਾ ਸੁਚੇਤ ਅਰਥ ਸ਼ਾਸਤਰੀ ਸੁੱਚਾ ਸਿੰਘ ਗਿੱਲ, ਡਾ. ਸਰਬਜਿੰਦਰ ਸਿੰਘ, ਪ੍ਰਿੰ. ਤਰਸੇਮ ਬਾਹੀਆ, ਮਨਜੀਤ ਖੱਟੜਾ, ਡਾ. ਦਰਸ਼ਨ ਪਾਲ, ਨਕਸਲੀਆਂ ਦਾ 'ਕਾਗ ਭਸੁੰਡ' ਡਾ. ਪਿਆਰੇ ਮੋਹਣ ਤੇ ਉਸ ਦਾ ਚੇਲਾ ਮਾਸਟਰ ਕੁਲਦੀਪ, ਭਾਰਤੀ ਕਿਸਾਨ ਯੂਨੀਅਨ ਦਾ ਦਿਗੰਬਰ ਰੁਕਨ ਜਗਮੋਹਣ ਉਪਲ-ਕੋਲ ਹੀ ਬੈਠੇ ਸਨ ਬੀਬੀ ਪ੍ਰੀਤਮਾ, ਉਸ ਦਾ ਸਾਥੀ ਯੂ. ਐਨ. ਆਈ. ਵਾਲਾ ਜਸਪਾਲ ਸਿੱਧੂ; ਸਾਈਂ ਮੀਆਂ ਮੀਰ ਦੇ ਸੰਦੇਸ਼ ਦਾ ਝੰਡਾ ਬਰਦਾਰ ਹਰਭਜਨ ਬਰਾੜ ਅਤੇ ਕਾਲਜ ਵੇਲੇ ਦਾ ਉਨ੍ਹਾਂ ਦਾ ਸਾਥੀ ਜਸਵੰਤ ਬਰਾੜ ਤੇ ਹੋਰ ਬਹੁਤ ਸਾਰੇ।

ਡਾ. ਕੇਹਰ ਸਿੰਘ ਆਂਹਦਾ, "ਡਾ. ਬਲਕਾਰ ਸਿੰਘ ਦਾ ਹੁਣੇ ਹੁਣੇ ਬਾਈਪਾਸ ਹੋਇਆ ਪਰ ਫਿਰ ਵੀ ਅੰਮ੍ਰਿਤਸਰੀ ਮੱਛੀ ਉਸ ਦੇ ਹਲਕ ਵਿਚ ਦੀ ਅਸਾਨੀ ਅਤੇ ਤੇਜ਼ੀ ਨਾਲ ਤੁਰੀ ਜਾ ਰਹੀ ਸੀ।" ਪਟਿਆਲੇ ਵਾਲਾ ਡਾ. ਧਰਮਵੀਰ ਗਾਂਧੀ ਨੌਜਵਾਨਾਂ ਨੂੰ ਸਿੰਥੈਟਿਕ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਲਈ ਪੰਜਾਬ ਵਿਚ ਔਰਗੈਨਿਕ ਖਸਖਸ ਦੀ ਖੇਤੀ ਸ਼ੁਰੂ ਕਰਵਾਉਣ ਦੀ ਵਕਾਲਤ ਪੂਰੇ ਉਮਾਹ ਤੇ ਉਤਸ਼ਾਹ ਨਾਲ ਕਰਦਿਆਂ ਨਾਲ ਨਾਲ ਮਨਚੂਰੀਅਨ ਨੂੰ ਰਗੜੀ ਜਾ ਰਿਹਾ ਸੀ।

ਪਰ ਇਸ ਦੇ ਵਿਪਰੀਤ ਦੂਜਾ ਵਰਗ ਬਹੁਤ ਹੀ ਨਾਬਰ ਸੀ। ਉਹ ਸੀ, ਖੌਲਦਾ ਉਬਾਲੇ ਖਾਂਦਾ ਨਵਾਂ ਖੂਨ। ਇਸ ਵਰਗ ਕੋਲ ਰਕਬਾ ਤਾਂ ਥੋੜਾ ਸੀ, ਪਰ ਇਨ੍ਹਾਂ ਦੀ ਧਮਕ ਅਤੇ ਥਰਿਲ ਸਦਕਾ ਉਮਰਾਂ (ਜੁਆਨੀਆਂ) ਵਿਹਾ ਚੁਕੇ ਪਹਿਲੇ ਦਾਨਸ਼ਵਰ ਵਰਗ ਉਪਰ ਉਨ੍ਹਾਂ ਦਾ ਦਬਦਬਾ ਉਤੋਂ ਦੀ ਪੈਂਦਾ ਜਾ ਰਿਹਾ ਸੀ। ਬੁੱਧੀਜੀਵੀ ਵਰਗ ਇਸ ਨੌਜਵਾਨੀ ਰਵੱਈਏ ਵੱਲ ਬਹੁਤ ਹੀ ਕੁੜੱਤਣ ਭਰੇ ਅੰਦਾਜ਼ ਨਾਲ ਵੇਖ ਰਿਹਾ ਸੀ, ਪਰ ਇਨ੍ਹਾਂ ਦੀ ਇਕ ਨਹੀਂ ਸੀ ਚੱਲ ਰਹੀ। ਐਂ ਲੱਗਿਆ ਜਿਵੇਂ ਸ਼ਹਿਰ ਤੇ ਪਿੰਡ ਦਾ ਆਪਸ ਵਿਚ ਟਕਰਾਓ ਹੋ ਗਿਆ ਹੋਵੇ। ਇਸ ਨਾਬਰ ਵਰਗ ਦੇ ਜੁੱਸੇ ਨੂੰ ਵੇਖ ਕੇ ਲੱਗਿਆ ਜਿਵੇਂ ਨੌਜਵਾਨੀ ਨਵੇਂ ਮਾਡਰਨ ਯੁੱਗ 'ਚ ਤਬਦੀਲ ਹੋ ਰਹੀ ਹੋਵੇ; ਰੂਪ-ਸਰੂਪ ਤੋਂ ਕਿਸੇ ਇਸਲਾਮੀ ਸਟਾਈਲ ਨਾਲ ਜੁੜ ਰਹੀ ਹੋਵੇ; ਜਿਵੇਂ ਹਾਲੀਵੁੱਡ ਸਟੰਟੀ ਯੁਗ ਦਾ ਹਿੱਸਾ ਬਣ ਰਹੀ ਹੋਵੇ; ਜਿਵੇਂ ਆਲਮੀ ਮੰਡੀ ਨਾਲ ਸਿੱਧਾ ਮਿੱਕਣ ਦਾ ਮਨ ਬਣਾਈ ਬੈਠੀ ਹੋਵੇ। ਡੀ. ਜੇ. ਦੇ ਡਾਇਨਾਸੋਰ ਨੁਮਾ ਸਪੀਕਰਾਂ 'ਚੋਂ ਰਾਕਟ ਲਾਂਚਰਾਂ ਵਰਗੀ ਨਿਕਲਦੀ ਚੀਕਦੀ ਆਵਾਜ਼ ਨੇ ਆਪਸ ਵਿਚ ਗੱਲਾਂ ਕਰਨ ਜੋਗੀ ਗੁੰਜਾਇਸ਼ ਹੀ ਨਹੀਂ ਸੀ ਛੱਡੀ। ਗੱਲ ਇਕੱਲੀ ਸ਼ੋਰ ਦੀ ਨਹੀਂ ਸਗੋਂ ਨਿਕਲਦੇ ਅਲਫਾਜ਼ ਦੀ ਵੀ ਸੀ, "ਉਏ ਜੱਟ ਓਥੇ ਫੈਰ ਕਰਦਾ, ਜਿੱਥੇ ਹੁੰਦੀ ਐ ਪਾਬੰਦੀ ਹਥਿਆਰ ਦੀ...।"

ਦਾਨਿਸ਼ਵਰ ਵਰਗ ਸੋਚ ਕੇ ਆਇਆ ਸੀ, ਬਈ ਉਥੇ ਬੁੱਧੀਜੀਵੀ 'ਕੱਠੇ ਹੋਏ ਹੋਣਗੇ, ਚਟਕਾਰੇ ਲੈ ਲੈ ਸਿਆਸੀ-ਸਮਾਜੀ ਘਰੋੜਾਂ ਕਰਾਂਗੇ। ਉਨ੍ਹਾਂ ਨੂੰ ਸਮਾਜ ਦਾ ਫਿਕਰ ਵੱਢ ਵੱਢ ਖਾਈ ਜਾਂਦਾ ਸੀ। ਉਹ ਮੱਚੇ ਪਏ ਸਨ, "ਹਾਏ ਉਏ ਮਸਾਂ ਮਸਾਂ ਸੂਝਵਾਨ ਇਕੱਠੇ ਹੋਏ ਹਾਂ; ਸਾਨੂੰ ਬਦਲਦੇ ਨਵੇਂ ਸੰਦਰਭਾਂ ਦੀ ਗੱਲ ਕਿਉਂ ਨਹੀਂ ਕਰਨ ਦਿੰਦੇ...।" ਵੱਟ ਖਾ ਕੇ ਉਸ ਵੇਲੇ ਕਈਆਂ ਨੇ ਉਠ ਕੇ ਡੀ. ਜੇ. ਵੱਲ ਮੂੰਹ ਕਰ ਕੇ ਕਿਹਾ, "ਉਏ ਆਵਾਜ਼ ਘੱਟ ਕਰੋ। 'ਵਾਜ਼ ਘੱਟ ਕਰ ਦਿਉ ਉਏ...।" ਤਦ ਮੂੰਹ ਰੱਖਣ ਲਈ ਥੋੜਾ ਜਿਹਾ ਸ਼ੋਰ ਘੱਟ ਹੋਇਆ, ਪਰ ਪਲਾਂ ਬਾਅਦ ਉਦੂੰ ਵੀ ਤੱਤੇ ਗੀਤ ਗੂੰਜਣ ਲੱਗ ਪਏ, "ਜਦ ਵੀ ਵਗਾਰ ਪੈਂਦੀ ਜੱਟ ਨੂੰ ਖਿੜੇ ਮੱਥੇ ਪੂਰਦੇ ਲਿਹਾਜ਼ ਨੀ। ਯਾਰਾਂ ਦੇ ਪਿੱਛੇ ਹੱਡ ਤੋੜਦੇ...।"

ਜਾਣ ਲਵੋ ਸਾਰਾ ਸੰਗੀਤ ਅਤੇ ਨੌਜਵਾਨੀ ਦਾ ਅੰਦਾਜ਼ ਇਕ ਤਰਫਾ ਰੋਹ ਵਾਲਾ, ਮਰਦਾਨਗੀ ਵਾਲਾ, ਬੁਲੰਦ ਜੁੱਸੇ ਤੇ ਜਬ੍ਹੇ ਵਾਲਾ ਸੀ-ਜਾਣੋ ਇਹ ਵਰਗ ਕਹਿ ਰਿਹਾ ਹੋਵੇ, 'ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ।' ਵੇਖ ਕੇ ਐਂ ਲੱਗੇ ਜਿਵੇਂ ਪੰਜਾਬ ਵਿਚ ਕੋਈ ਬਿਮਾਰ ਹੀ ਹੈ ਨ੍ਹੀਂ, ਕਿਸੇ ਕਿਸਮ ਦਾ ਕਿਸਾਨੀ-ਬੇਰੁਜ਼ਗਾਰੀ ਦਾ ਸੰਕਟ ਹੀ ਹੈ ਨਹੀਂ, ਐਂਵੇ ਅਖਬਾਰ ਹੀ ਲਿਖ ਲਿਖ ਵਰਕੇ ਕਾਲੇ ਕਰੀ ਜਾਂਦੇ ਹਨ, ਵੀਹ ਵੀਹ ਸਫੇ ਭਰੀ ਜਾਂਦੇ ਹਨ। ਇਸ ਡਾਇਨਾਸੋਰੀ ਚੀਖਵੇਂ ਸ਼ੋਰਗੁਲ ਕਾਰਨ ਸਭ ਤੋਂ ਵੱਧ ਪ੍ਰੇਸ਼ਾਨ ਦਰਸ਼ਨ ਸਿੰਘ ਜੀਦਾ ਲਗਦਾ ਸੀ। ਉਹ ਪਿਛਲੇ ਛੀ ਮਹੀਨਿਆਂ ਤੋਂ ਇਸ ਵਿਆਹ ਨੂੰ ਇਸ ਆਸ ਨਾਲ ਉਡੀਕ ਰਿਹਾ ਸੀ ਕਿ ਸੱਜੇ ਤੇ ਖੱਬੇ ਦਾਅ ਦੇ ਭਾਂਤ ਭਾਂਤ ਦੇ ਚਿੰਤਕਾਂ ਅਤੇ ਪ੍ਰੋਫੈਸਰਾਂ ਦੇ ਇਸ ਮੇਲੇ ਵਿਚ ਪੰਜਾਬ ਦੇ ਭਵਿੱਖ ਬਾਰੇ ਗਹਿਰ ਗੰਭੀਰ ਵਿਚਾਰਾਂ ਦਾ ਸਬੱਬ ਬਣੇਗਾ। ਉਸ ਨੂੰ ਪ੍ਰੋਫੈਸਰਾਂ ਦੇ ਸਭ ਤੋਂ ਨੇੜਲੇ ਯਾਰ ਬਾਬੇ ਬੱਲ ਦੀ ਗੈਰਹਾਜ਼ਰੀ ਰੜਕ ਰਹੀ ਸੀ ਕਿ ਉਹ ਹੁੰਦਾ ਤਾਂ ਯਕੀਨ ਜਾਣੋ ਕਿ ਮੌਕਾ ਸੰਭਾਲ ਲੈਣਾ ਸੀ ਅਤੇ ਗੋਸ਼ਟ ਦੀ ਕੋਈ ਨਾ ਕੋਈ ਜੁਗਤ ਬਣਾ ਲੈਣੀ ਸੀ। ਅੰਮ੍ਰਿਤਸਰ ਜਾ ਕੇ ਪਿਛਲੇ ਕਈ ਦਹਾਕਿਆਂ ਤੋਂ ਖੁਲ੍ਹੀ ਡੁਲ੍ਹੀ ਮਲਵਈ ਮਹਿਮਾਨ ਨਿਵਾਜ਼ੀ ਦਾ ਝੰਡਾ ਬਰਦਾਰ ਬਣੇ ਬੈਠੇ ਹਰਭਜਨ ਬਰਾੜ ਦੀ ਵੀ ਇਹੋ ਰਾਏ ਸੀ।

ਗੁਰਦਿਆਲ ਬੱਲ ਦੀ ਗੈਰਹਾਜ਼ਰੀ ਦੀਆਂ ਗੱਲਾਂ ਵਿਚਾਲੇ ਹੀ ਸਨ ਕਿ ਉਥੇ ਇਰਾਕੀ ਘੋੜੀ ਵਾਂਗੂੰ ਵਗਦਾ ਰਾਮੂਵਾਲੀਆ ਬਲਵੰਤ ਆ ਪਹੁੰਚਿਆ। ਉਹ ਆ ਕੇ ਬੈਠਾ ਨਹੀਂ, 'ਕੱਲੇ 'ਕੱਲੇ ਨੂੰ ਜਾ ਕੇ ਮਿਲਿਆ। ਮਜਲਸ ਸਜੀ। ਰਾਮੂਵਾਲੀਆ ਪਿੰਡ ਸਭਿਅਚਾਰ ਦੀਆਂ ਗੱਲਾਂ ਦਾ ਭੰਡਾਰ ਹੈ। ਨਿਕਟਵਰਤੀ ਚੱਲ ਕੇ ਉਸ ਦੇ ਨੇੜੇ ਹੋ ਗਏ। ਪਰ ਡੀ. ਜੇ. 'ਤੇ ਨੌਜਵਾਨੀ ਵਰਗ ਨੇ ਅਸਮਾਨ ਸਿਰ 'ਤੇ ਚੁੱਕਣਾ ਲਿਆ ਹੋਇਆ ਸੀ। ਗੱਲ ਤਾਂ ਕੰਨ ਦੇ ਨਾਲ ਮੂੰਹ ਲਾ ਕੇ ਵੀ ਨਹੀਂ ਸੀ ਸੁਣਦੀ। ਰਾਮੂਵਾਲੀਏ ਦੀਆਂ ਕਰਾਰੀਆਂ ਸੁਣਨ ਦੇ ਖਿਆਲ ਨਾਲ ਇਕ ਨੇ ਫੇਰ ਹੁੱਬ ਕੇ ਆਖਿਆ, "ਉਏ ਆਵਾਜ਼ ਘੱਟ ਕਰੋ। ਉਏ ਆਵਾਜ਼ ਘੱਟ ਕਰ ਦਿਉ, ਗੱਲ ਤਾਂ ਕਰ ਲੈਣ ਦਿਉ...।" ਗੱਲ ਕੀ, ਦਾਨਸ਼ਵਰਾਂ ਦੇ ਚਿੱਤਾਂ ਦੀਆਂ ਚਿੱਤ 'ਚ ਹੀ ਰਹਿ ਗਈਆਂ। ਜਵਾਨੀ ਦੇ ਸ਼ੋਰ-ਓ-ਗੁੱਲ ਦੇ ਫਲੱਡ ਅੱਗੇ ਐਂ ਹੋ ਗਏ ਜਿਵੇਂ ਜੇਠ-ਹਾੜ ਦੀ ਲੋ ਨੇ ਸੁਸਤ, ਗੁੰਮਸੁੰਮ ਜਿਹੇ ਕਰ ਦਿੱਤੇ ਹੋਣ। ਤਿਆਰੀ ਕਰ ਕੇ ਆਏ ਸਿੱਧੂ ਜਸਪਾਲ ਦੀ ਇੰਡੀਅਨ ਸਟੇਟ ਵਾਲੀ ਗੱਲ ਵੀ ਵਿਚੇ ਰਹਿ ਗਈ। ਪਤਾ ਨਹੀਂ ਕੀ ਕੀ ਹੋਰ; ਕਈਆਂ ਨੇ ਹਿੰਦੂਤਵ ਦੇ ਮੁੱਦੇ 'ਤੇ ਤਰਕ-ਵਿਤਰਕ ਕਰਨਾ ਸੀ ਅਤੇ ਨਵੀਂ ਪੰਜਾਬ ਸਰਕਾਰ ਦਾ ਮੰਥਨ ਕਰਨਾ ਸੀ। ਕਈ ਘਰੋਂ ਹੋਮ-ਵਰਕ ਕਰ ਕੇ ਆਏ ਸਨ ਕਿ ਕਿਸਾਨੀ ਸੰਕਟ ਤੇ ਖੁਰਦੇ ਸਭਿਆਚਾਰ ਦੇ ਕੀਰਨੇ ਪਾਵਾਂਗੇ। ਨੌਜਵਾਨੀ ਦੇ ਰੋਹ ਅੱਗੇ ਸਭ ਮਨਸੂਬੇ ਅਸਫਲ ਹੋ ਗਏ। ਫਿਰ ਘਰ ਦੇ ਮੁਹਤਬਰ ਸੁੱਚਾ ਸਿੰਹੁ ਮਾਸਟਰ ਨੂੰ ਭੇਜਿਆ ਗਿਆ। ਜਾਹ ਜਾ ਕੇ ਤੂੰ ਅਵਾਜ਼ ਘੱਟ ਕਰਾ ਕੇ ਆ, ਤੇਰੀ ਝੇਬ੍ਹ ਮੰਨਣਗੇ। ਪਰ ਐਤਕੀਂ ਉਸ ਦੀ ਵੀ ਕਿਸੇ ਨੇ ਗੱਲ ਹੀ ਨਹੀਂ ਸੁਣੀ। ਸਗੋਂ ਹੋਰ ਉਚੀ ਆਵਾਜ਼ ਅਸਮਾਨ ਚੜ੍ਹਾ ਦਿੱਤੀ, "ਜਗ੍ਹਾ ਤੇਰੀ ਟੈਮ ਤੇਰਾ ਡਾਂਗ ਮੇਰੀ, ਵਹਿਮ ਤੇਰਾ, ਖੜਾ ਰਹੀਂ, ਯਾਰ ਤੇਰਾ ਕੱਢੂ ਆਣ ਕੇ...।"

ਪੰਜਾਬੀ ਸਭਿਆਚਾਰ ਦੇ ਤੱਤਸਾਰ 'ਚੋਂ ਸ਼ਾਦੀ ਨਾਮ ਹੈ, ਖੁਸ਼ੀ ਦਾ, ਜਸ਼ਨ ਦਾ। ਫਰਾਂਸੀਸੀ ਫਿਲਾਸਫਰ ਬਾਤੱਈ ਕਹਿੰਦਾ ਹੈ, ਵਿਆਹ ਤਾਂ ਹੈ ਹੀ, ਜ਼ਿੰਦਗੀ ਹੀ ਆਪਣੇ ਆਪ ਵਿਚ ਜਸ਼ਨ ਹੈ। ਇਹ ਜ਼ਿੰਦਗੀ ਹੈ ਹੀ ਜਸ਼ਨ-ਓ-ਖਰਚ ਦੀ ਆਮੇਜ਼ਸ਼। ਨੌਜਵਾਨ ਵਰਗ ਦਾ ਮੱਤ ਹੈ ਬਈ ਦਿਨ ਜਸ਼ਨ ਦਾ ਹੈ ਅਸੀਂ ਵਿਆਹ ਨੂੰ ਸੈਲੀਬਰੇਟ ਕਿਉਂ ਨਾ ਕਰੀਏ? ਮਸਾਂ ਮਸਾਂ ਦੋਸਤ ਗੱਭਰੂ ਇਕੱਠੇ ਹੋਏ ਹਾਂ। ਬੁੱਧੀਜੀਵੀ ਵਰਗ ਇਸ ਸ਼ੋਰ ਸ਼ਰਾਬੇ ਤੋਂ ਅਲਕਤ ਮੰਨਦਾ ਹੈ। ਉਨ੍ਹਾਂ ਨੂੰ ਦੁੱਖ-ਸੁੱਖਾਂ ਦੀ ਸੀ। ਕਿੱਸਾ-ਕੋਤਾ ਇਹ ਹੈ ਕਿ ਸ਼ਹਿਰ ਪਿੰਡ ਦੀਆਂ ਬਰੂਹਾਂ ਤੀਕ ਜਾ ਪਹੁੰਚਿਆ ਹੈ ਤੇ ਪੇਂਡੂ ਸਭਿਆਚਾਰ ਨੂੰ ਇਹ ਨਿਗਲੀ ਜਾ ਰਿਹਾ ਹੈ। ਰੀਤਾਂ ਰਸਮਾਂ ਦਾ ਹੋ ਰਿਹਾ ਸ਼ਹਿਰੀਕਰਨ ਸਾਡੇ ਚਾਅ-ਮਲ੍ਹਾਰਾਂ ਦੀ ਰੰਗਤ ਨੂੰ ਫਿੱਕਾ ਕਰੀ ਜਾ ਰਿਹਾ ਹੈ। ਪਿੰਡ ਦੀ ਮਿੱਟੀ 'ਤੇ ਜਦ ਵਿਆਹ ਹੁੰਦਾ ਸੀ ਤਾਂ ਉਸ ਦੇ ਰੰਗ-ਰੂਪ 'ਚ ਮਹਿਕ ਹੁੰਦੀ ਸੀ। ਜਿਵੇਂ ਹੀ ਇਹ ਪਵਿੱਤਰ ਰਸਮ ਸ਼ਹਿਰ ਦੇ ਮੈਰਿਜ ਪੈਲੇਸ ਵਿਚ ਜਾ ਦਾਖਲ ਹੋਈ, ਜਾਣੋ ਸਾਡੇ ਹੁਸੀਨ ਲਮਹੇ ਹੀ ਗੁਆਚ ਗਏ। ਸਾਰਾ ਕੁਝ ਮਸਨੂਈ ਹੀ ਲੱਗਣ ਲੱਗ ਪਿਆ। ਸ਼ਹਿਰ ਨੇ ਸਾਡੇ ਨਿੱਘੇ ਮੁਹੱਬਤੀ ਪੇਂਡੂ ਜਸ਼ਨ 'ਤੇ ਆਪਣਾ ਮੁਲੰਮਾ ਚਾੜ੍ਹ ਕੇ ਸਾਡੀ ਅਮੀਰ ਵਿਰਾਸਤ ਨੂੰ ਨਸ਼ਟ ਕਰ ਦਿੱਤਾ। ਇਥੇ ਰੌਲਾ ਸ਼ੋਰ ਦਾ ਨਹੀਂ, ਸਖਤ ਅਲਫਾਜ਼ ਅਤੇ ਪਸਤੌਲਾਂ ਡੌਲਿਆਂ ਦਾ ਵੀ ਨਹੀਂ-ਮਸਲਾ ਕਿਸੇ ਗੁਪਤ-ਗੈਬੀ ਵਿਰੋਧ ਦਾ ਹੈ। ਵਿਰਸੇ ਨੂੰ ਜੇ ਸਲਾਮਤ ਰੱਖਣਾ ਹੈ ਤਾਂ ਆਪਾਂ ਨੂੰ ਇਕ ਦਿਨ ਵਾਪਸ ਪਰਤਣਾ ਪਊ; ਆਪਾਂ ਨੂੰ ਆਪਣਾ ਗੁਆਚਿਆ ਪਿੰਡ ਤਲਾਸ਼ਣਾ ਪਊ। ਆਪਾਂ ਨੂੰ ਮੁੜ ਪਿੰਡ ਦੀ ਮਿੱਟੀ ਨੂੰ ਪਛਾਣਨਾ ਪਊ ਅਤੇ ਆਪਣੇ ਸਦ-ਪੁਰਖਿਆਂ ਦੀ ਭੋਇੰ ਨੂੰ ਸਜਦਾ ਕਰਨਾ ਪਊ।

# ਮੰਟੋ ਦੇ ਗਰਦਿਸ਼ ਦੇ ਦਿਨ

***ਉਘੇ ਹਿੰਦੀ ਲੇਖਕ ਨਰੇਂਦਰ ਮੋਹਨ ਨੇ ਮਸ਼ਹੂਰ ਉਰਦੂ ਲੇਖਕ ਸਆਦਤ ਹਸਨ ਮੰਟੋ ਦੀ ਜੀਵਨੀ ਲਿਖੀ ਹੈ ਜਿਸ ਵਿਚ ਉਨ੍ਹਾਂ ਮੰਟੋ ਦੇ ਜੀਵਨ ਅਤੇ ਲਿਖਤਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਹੁਣੇ ਹੁਣੇ ਛਪ ਕੇ ਆਇਆ ਹੈ। ਇਹ ਤਰਜਮਾ ਡਾ. ਬਲਦੇਵ ਸਿੰਘ ਬੱਦਨ ਨੇ ਕੀਤਾ ਹੈ ਜੋ ਲੰਮਾ ਸਮਾਂ ਨੈਸ਼ਨਲ ਬੁੱਕ ਟਰਸਟ ਨਾਲ ਜੁੜੇ ਰਹੇ ਹਨ। ਕਿਤਾਬ ਦਾ ਇਕ ਕਾਂਡ 'ਗਰਦਿਸ਼ ਦੇ ਦਿਨ' ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਵਿਚ ਮੰਟੋ ਦੇ ਔਖ ਵਾਲੇ ਦਿਨਾਂ ਦਾ ਜ਼ਿਕਰ ਹੈ। -ਸੰਪਾਦਕ***

**ਨਰੇਂਦਰ ਮੋਹਨ**
**ਤਰਜਮਾ: ਬਲਦੇਵ ਸਿੰਘ ਬੱਦਨ**

ਸਆਦਤ ਹਸਨ ਮੰਟੋ 19 ਵਰ੍ਹਿਆਂ ਦਾ ਸੀ, ਜਦੋਂ ਉਹ ਪੜ੍ਹਨ-ਲਿਖਣ ਦੀ ਦੁਨੀਆਂ ਵਿਚ ਨਾਂ ਕਮਾ ਰਿਹਾ ਸੀ, ਵੱਖ ਵੱਖ ਪਰਚਿਆਂ ਦੇ ਰੂਸੀ ਅਤੇ ਫਰਾਂਸੀਸੀ ਸਾਹਿਤ ਵਿਸ਼ੇਸ਼ ਅੰਕਾਂ ਦਾ ਸੰਪਾਦਨ ਕਰ ਰਿਹਾ ਸੀ। ਉਸ ਦੇ ਵਿਚਾਰਾਂ ਵਿਚ ਪਕਿਆਈ, ਤਿੱਖਾਪਣ ਤੇ ਪ੍ਰਚੰਡਤਾ ਆ ਰਹੀ ਸੀ। ਲਿਖਣ ਵੱਲ ਉਸ ਦਾ ਝੁਕਾਅ ਵਧ ਰਿਹਾ ਸੀ। ਉਹ ਸ਼ਬਦ, ਵਿਚਾਰ ਅਤੇ ਅਮਲ ਵਿਚ ਅੰਦਰੂਨੀ ਤਾਲਮੇਲ ਬਿਠਾਉਣ ਵਿਚ ਜੁਟਿਆ ਹੋਇਆ ਸੀ। ਉਦੋਂ ਕੁ ਹੀ 23 ਫਰਵਰੀ 1932 ਨੂੰ ਉਸ ਦੇ ਅੱਬਾ ਦਾ ਦੇਹਾਂਤ ਹੋ ਗਿਆ। ਇਹ ਉਹਦੇ ਲਈ ਬੜਾ ਦੁਖਦਾਈ ਸਮਾਂ ਸੀ। ਅੱਬਾ ਦੀ ਸੇਵਾ ਮੁਕਤੀ ਤੋਂ ਬਾਅਦ ਪਰਿਵਾਰ ਜਿਸ ਤੰਗੀ 'ਚੋਂ ਗੁਜ਼ਰ ਰਿਹਾ ਸੀ, ਉਨ੍ਹਾਂ ਦੇ ਚਲੇ ਜਾਣ ਬਾਅਦ, ਉਹ ਹੋਰ ਵਧ ਗਈ। ਥੁੜ੍ਹਾਂ ਅਤੇ ਤੰਗੀਆਂ ਦੇ ਪਰਛਾਵੇਂ ਉਸ ਨੂੰ ਆਪਣੇ ਚਾਰੇ ਪਾਸੇ ਘੇਰਦੇ ਦਿਸੇ। ਇਸ ਬਾਰੇ ਮੰਟੋ ਨੇ ਖੁਦ ਲਿਖਿਆ ਹੈ: 'ਆਰਥਕ ਹਾਲਤ ਪਹਿਲਾਂ ਹੀ ਮਾੜੀ ਸੀ, ਨੇੜੇ-ਤੇੜੇ ਦੇ ਮਾਹੌਲ ਨੇ ਹੋਰ ਵੀ ਨਿਕੰਮਾ ਕਰ ਦਿੱਤਾ ਤਾਂ ਆਮਦਨੀ ਦੇ ਸੀਮਤ ਸਾਧਨ ਹੋਰ ਵੀ ਘਟ ਗਏ। ਇਸ ਤੋਂ ਧਿਆਨ ਹਟਾਉਣ ਲਈ ਮੈਂ ਕਸਰਤ ਛੱਡ ਕੇ ਸ਼ਰਾਬ ਪੀਣੀ ਸ਼ੁਰੂ ਕੀਤੀ। ਅਕਸਰ ਘਰੋਂ ਬਾਹਰ ਰਹਿੰਦਾ ਅਤੇ ਆਪਣੇ ਸ਼ਰਾਬੀ ਦੋਸਤਾਂ ਦੇ ਘਰ ਪਿਆ ਰਹਿੰਦਾ ਜਿਨ੍ਹਾਂ ਦਾ ਅਦਬ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਮੈਂ ਜਿਸਮਾਨੀ ਅਤੇ ਰੂਹਾਨੀ ਖੁਦਕੁਸ਼ੀ ਦੀ ਕੋਸ਼ਿਸ਼ ਵਿਚ ਰੁਝਾ ਹੋਇਆ ਸੀ।' ਦਰਅਸਲ, ਉਸ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਸੀ।

ਅੱਬਾ ਦੀ ਮੌਤ ਮੰਟੋ ਲਈ ਡੂੰਘਾ ਸਦਮਾ ਸੀ। ਉਸ ਨੂੰ ਸਮਝ ਨਹੀਂ ਸੀ ਆਉਂਦਾ ਕਿ ਉਹ ਕਰੇ ਤਾਂ ਕੀ ਕਰੇ? ਘਰ ਚਲਾਉਣ ਵਿਚ ਮਾਂ ਦੀ ਮਦਦ ਕਿਵੇਂ ਕਰੇ? ਅਖਬਾਰਾਂ ਨਾਲ ਜੁੜੇ ਹੋਣ ਨਾਲ ਉਸ ਨੂੰ ਪ੍ਰਸਿਧੀ ਮਿਲ ਰਹੀ ਸੀ, ਪਰ ਪ੍ਰਸਿਧੀ ਕਮਾਈ ਦਾ ਜ਼ਰੀਆ ਨਹੀਂ ਸੀ ਬਣ ਰਹੀ। ਪੂਰਾ ਪਰਿਵਾਰ ਦੂਜਿਆਂ ਦਾ ਮੁਥਾਜ ਬਣਨ ਲਈ ਮਜਬੂਰ ਸੀ। ਉਸ ਦੇ ਦੋ ਵੱਡੇ ਭਰਾ ਘਰ ਚਲਾਉਣ ਲਈ ਚਾਲੀ ਰੁਪਏ ਮਹੀਨਾ ਦੇਣ ਲੱਗੇ। ਉਸ ਦੀ ਮਾਂ ਜਿਵੇਂ-ਕਿਵੇਂ ਘਰ-ਪਰਿਵਾਰ ਦਾ ਗੁਜ਼ਾਰਾ ਚਲਾਉਂਦੀ। ਸਿਲਾਈ-ਕਢਾਈ ਦੀ ਕਲਾ, ਜਿਸ ਵਿਚ ਉਹ ਮਾਹਿਰ ਸੀ, ਉਨ੍ਹਾਂ ਦਿਨਾਂ ਵਿਚ ਬਹੁਤ ਕੰਮ ਆਈ ਤੇ ਆਰਥਕ ਹਾਲਤ ਹੌਲੀ ਹੌਲੀ ਸੰਭਲਣ ਲੱਗੀ।



*ਸਆਦਤ ਹਸਨ ਮੰਟੋ ਦੇ ਮਾਪੇ: ਗੁਲਾਮ ਹਸਨ ਮੰਟੋ ਤੇ ਸਰਦਾਰ ਬੇਗਮ*

ਮੰਟੋ ਵੱਡੇ ਲੇਖਕਾਂ ਦੇ ਅਨੁਭਵਾਂ ਨਾਲ ਤੇਜ਼ੀ ਨਾਲ ਜੁੜਿਆ ਅਤੇ ਨਵੇਂ ਵਿਚਾਰਾਂ ਤੋਂ ਜਾਗਰੂਕ ਹੋਣ ਲੱਗਾ। ਇਨ੍ਹਾਂ ਦਿਨਾਂ ਵਿਚ ਉਸ ਅੰਦਰ ਅੱਗੇ ਵਧਣ ਦੀ ਤੀਬਰ ਇੱਛਾ ਪੈਦਾ ਹੋਈ। ਹੋ ਸਕਦਾ ਹੈ ਕਿ ਜਮਾਤੀਆਂ ਦੇ ਖਿਝਾਉਣ ਅਤੇ ਉਕਸਾਉਣ ਕਾਰਨ ਹੀ ਉਸ ਦਾ ਝੁਕਾਅ ਬੀ. ਏ. ਕਰਨ ਵੱਲ ਹੋਇਆ ਹੋਵੇ। ਉਸ ਦਾ ਦੋਸਤ ਅਬੂ ਸਈਦ ਕੁਰੈਸ਼ੀ ਵੀ ਚਾਹੁੰਦਾ ਸੀ ਕਿ ਅੱਗੇ ਪੜ੍ਹਿਆ ਜਾਏ। ਅਲੀਗੜ੍ਹ ਯੂਨੀਵਰਸਿਟੀ ਦਾ ਉਨ੍ਹੀਂ ਦਿਨੀਂ ਬੜਾ ਦਬਦਬਾ ਸੀ। ਉਘੇ ਲੇਖਕ ਅਬਦੁੱਲ ਬਾਰੀ ਨੇ ਵੀ ਉਥੋਂ ਹੀ ਸਿੱਖਿਆ ਪ੍ਰਾਪਤ ਕੀਤੀ ਸੀ। ਉਨ੍ਹਾਂ ਭੈਣ ਨਾਲ ਗੱਲ ਕੀਤੀ ਤਾਂ ਔਖੇ ਦਿਨਾਂ ਦੇ ਬਾਵਜੂਦ ਉਹ ਉਸ ਦੀ ਇੱਛਾ ਪੂਰੀ ਕਰਨ ਦੇ ਪੱਖ ਵਿਚ ਆ ਖੜ੍ਹੀ ਹੋਈ। ਬੀਬੀ ਜਾਨ ਨੂੰ ਉਸ ਨੇ ਖੁਦ ਮਨਾ ਲਿਆ, ਇਉਂ ਉਹ ਅਬੂ ਸਈਦ ਕੁਰੈਸ਼ੀ ਨਾਲ 1935 ਵਿਚ ਅਲੀਗੜ੍ਹ ਯੂਨੀਵਰਸਿਟੀ ਆ ਗਿਆ ਜੋ ਉਸ ਵੇਲੇ ਉਚ ਸਿੱਖਿਆ, ਬੌਧਿਕ ਵਿਚਾਰਾਂ ਅਤੇ ਰਾਜਨੀਤੀ ਦਾ ਗੜ੍ਹ ਸੀ। ਪ੍ਰਗਤੀਸ਼ੀਲ ਅੰਦੋਲਨ ਜ਼ੋਰਾਂ ਉਤੇ ਸੀ। ਇਥੇ ਉਸ ਦੀ ਮੁਲਾਕਾਤ ਅਲੀ ਸਰਦਾਰ ਜਾਫਰੀ, ਹਯਾਤ-ਉਲ੍ਹਾ ਅੰਸਾਰੀ, ਅਖਤਰ ਰਾਮਪੁਰੀ, ਮਜਾਜ਼ ਅਤੇ ਜਾਂਨਿਸਾਰ ਅਖਤਰ ਨਾਲ ਹੋਈ।

ਡਾ. ਅਸ਼ਰਫ ਅਤੇ ਡਾ. ਅਬਦੁਲ ਸਲੀਮ ਉਸ ਦੇ ਪ੍ਰੋਫੈਸਰ ਸਨ। ਸ਼ਾਹਿਦ ਲਤੀਫ ਜਿਸ ਨਾਲ ਬਾਅਦ ਵਿਚ ਇਸਮਤ ਚੁਗਤਾਈ ਦਾ ਵਿਆਹ ਹੋਇਆ, ਨਾਲ ਵੀ ਉਨ੍ਹਾਂ ਦੀ ਇਥੇ ਹੀ ਮੁਲਾਕਾਤ ਹੋਈ। ਉਸ ਨੂੰ ਉਹ ਮਜ਼ਾਹ ਦੇ ਤੌਰ 'ਤੇ ਚਿਪਕੂ ਕਹਿੰਦੇ। ਇਥੇ ਰਹਿੰਦਿਆਂ ਮੰਟੋ ਨੇ ਸਿਆਸੀ ਸਰਗਰਮੀਆਂ ਵਿਚ ਸਿੱਧੇ ਢੰਗ ਨਾਲ ਹਿੱਸਾ ਤਾਂ ਨਹੀਂ ਲਿਆ, ਪਰ ਇਥੋਂ ਦੇ ਮਾਹੌਲ ਨੇ ਉਸ ਦੇ ਕ੍ਰਾਂਤੀਕਾਰੀ ਵਿਚਾਰਾਂ ਅਤੇ ਸਾਹਿਤਕ ਰੁਚੀਆਂ ਨੂੰ ਤਿੱਖਾ ਜ਼ਰੂਰ ਕੀਤਾ। ਸਰਦਾਰ ਜਾਫਰੀ ਨੇ ਉਨ੍ਹਾਂ ਦਿਨਾਂ ਨੂੰ ਯਾਦ ਕਰਦਿਆਂ ਲਿਖਿਆ ਹੈ: 'ਇਕ ਮੁਸ਼ਾਇਰੇ ਵਿਚ ਹਿੱਸਾ ਲੈ ਕੇ ਜਦੋਂ ਮੈਂ ਬਾਹਰ ਨਿਕਲਿਆ ਤਾਂ ਮੈਨੂੰ ਚਮਕੀਲੀਆਂ ਅੱਖਾਂ ਅਤੇ ਬਿਮਾਰ ਚਿਹਰੇ ਵਾਲਾ ਵਿਦਿਆਰਥੀ ਮਿਲਿਆ। ਉਹ ਮੈਨੂੰ ਆਪਣੇ ਕਮਰੇ ਵਿਚ ਲੈ ਗਿਆ ਤੇ ਕਿਹਾ, 'ਮੈਂ ਵੀ ਕ੍ਰਾਂਤੀਕਾਰੀ ਹਾਂ...।' ਇਹ ਲੜਕਾ ਸਆਦਤ ਹਸਨ ਮੰਟੋ ਸੀ। ਉਸ ਨੇ ਮੈਨੂੰ ਭਗਤ ਸਿੰਘ ਬਾਰੇ ਆਪਣੇ ਕੁਝ ਲੇਖ ਪੜ੍ਹਨ ਨੂੰ ਦਿੱਤੇ ਤੇ ਵਿਕਟਰ ਹਿਊਗੋ ਅਤੇ ਗੋਰਕੀ ਬਾਰੇ ਮੇਰੀ ਜਾਣਕਾਰੀ ਵਧਾਈ।'

ਸਰਦਾਰ ਜਾਫਰੀ ਦਾ ਇਹ ਕਥਨ ਮੰਟੋ ਦੀ ਨੌਜਵਾਨ ਸ਼ਖਸੀਅਤ ਦੇ ਕਈ ਵਿਚਾਰਕ, ਸਮਾਜਿਕ ਅਤੇ ਸਿਰਜਣਾਤਮਕ ਪਹਿਲੂਆਂ ਵੱਲ ਸੰਕੇਤ ਕਰਦਾ ਹੈ। ਕ੍ਰਾਂਤੀ ਦੇ ਜਜ਼ਬੇ ਨਾਲ ਉਹ ਉਨ੍ਹੀਂ ਦਿਨੀਂ ਭਰਿਆ ਪਿਆ ਸੀ। ਭਗਤ ਸਿੰਘ ਬਾਰੇ ਉਸ ਦੇ ਕਈ ਲੇਖ ਛਪ ਚੁਕੇ ਸਨ ਜਿਨ੍ਹਾਂ ਦਾ ਹਵਾਲਾ ਸਰਦਾਰ ਜਾਫਰੀ ਨੇ ਦਿੱਤਾ ਹੈ। ਵਿਕਟਰ ਹਿਊਗੋ ਅਤੇ ਗੋਰਕੀ ਦਾ ਉਨ੍ਹਾਂ ਦੇ ਕੰਮ ਕਾਰਨ ਹੀ ਲੋਕ ਉਨ੍ਹਾਂ ਦਾ ਸਨਮਾਨ ਕਰਦੇ ਸਨ ਤੇ ਉਨ੍ਹਾਂ ਤੋਂ ਪ੍ਰੇਰਿਤ ਹੋਏ ਮਹਿਸੂਸ ਕਰਦੇ ਸਨ।

ਅਲੀਗੜ੍ਹ ਵਿਚ ਮੰਟੋ ਨੌਂ ਮਹੀਨੇ ਰਿਹਾ। ਇਥੇ ਰਹਿੰਦਿਆਂ ਉਸ ਨੇ ਕਹਾਣੀ 'ਇਨਕਲਾਬ ਪਸੰਦ' ਲਿਖੀ ਜੋ ਮਾਰਚ 1935 ਵਿਚ ਅਲੀਗੜ੍ਹ ਮੈਗਜ਼ੀਨ ਵਿਚ ਪ੍ਰਕਾਸ਼ਿਤ ਹੋਈ ਤੇ ਖੂਬ ਸਲਾਹੀ ਗਈ। ਆਪਣੇ ਵਿਚਾਰਾਂ, ਵਤੀਰੇ ਅਤੇ ਲੇਖਣੀ ਦੇ ਜ਼ੋਰ 'ਤੇ ਮੰਟੋ ਕੁਝ ਦਿਨਾਂ ਵਿਚ ਹੀ ਇਥੋਂ ਦੇ ਸਾਹਿਤਕ ਅਤੇ ਬੌਧਿਕ ਮਾਹੌਲ ਦਾ ਅਟੁੱਟ ਹਿੱਸਾ ਬਣ ਗਿਆ। ਇਕ ਵਾਰ ਫਿਰ ਮੰਟੋ ਦੇ ਸੀਨੇ ਵਿਚ ਤੇਜ਼ ਦਰਦ ਹੋਇਆ ਤੇ ਉਸ ਦੀ ਸਿਹਤ ਵਿਗੜਨ ਲੱਗੀ। ਦਿੱਲੀ ਜਾ ਕੇ ਐਕਸਰੇ ਕਰਵਾਇਆ ਤਾਂ ਫੇਫੜਿਆਂ 'ਤੇ ਧੱਬੇ ਜਿਹੇ ਦਿਸੇ। ਡਾਕਟਰਾਂ ਨੇ ਮੁਆਇਨਾ ਕਰ ਕੇ ਉਸ ਨੂੰ ਤਪਦਿਕ (ਟੀ. ਬੀ.) ਦਾ ਰੋਗੀ ਦੱਸਿਆ ਅਤੇ ਯੂਨੀਵਰਸਿਟੀ ਅਧਿਕਾਰੀਆਂ ਨੇ ਵੀ ਜਲਦਬਾਜ਼ੀ ਵਿਚ ਬਿਮਾਰੀ ਦੀ ਚੰਗੀ ਤਰ੍ਹਾਂ ਜਾਂਚ ਕੀਤੇ ਬਿਨਾ ਉਸ ਨੂੰ ਯੂਨੀਵਰਸਿਟੀ ਛੱਡ ਦੇਣ ਦਾ ਹੁਕਮ ਦੇ ਦਿੱਤਾ, ਹਾਲਾਂਕਿ ਅੱਗੇ ਚਲ ਕੇ ਡਾਕਟਰਾਂ ਦੀ ਰਾਇ ਗਲਤ ਸਾਬਤ ਹੋਈ। ਖੈਰ! ਤਪਦਿਕ ਦੇ ਡਰੋਂ ਉਹ ਤਤਕਾਲ ਅੰਮ੍ਰਿਤਸਰ ਪਹੁੰਚਿਆ। ਪਰਿਵਾਰ ਵਾਲਿਆਂ ਨੂੰ ਜਦੋਂ ਉਸ ਦੇ ਰੋਗ ਦਾ ਪਤਾ ਲੱਗਾ ਤਾਂ ਉਨ੍ਹਾਂ ਦਾ ਫਿਕਰਮੰਦ ਹੋਣਾ ਸੁਭਾਵਕ ਸੀ।



*ਸਆਦਤ ਹਸਨ ਮੰਟੋ ਦੀ ਪੇਂਟਿੰਗ*

ਮੰਟੋ ਦੇ ਅਲੀਗੜ੍ਹ ਛੱਡ ਕੇ ਅੰਮ੍ਰਿਤਸਰ ਚਲੇ ਜਾਣ ਤੋਂ ਛੇਤੀ ਬਾਅਦ, ਦਸੰਬਰ 1935 ਵਿਚ ਅਬੂ ਸਈਦ ਕੁਰੈਸ਼ੀ ਵੀ ਲਾਹੌਰ ਆ ਗਿਆ। ਮੰਟੋ ਦੀ ਉਨ੍ਹਾਂ ਦਿਨਾਂ ਦੀ ਹਾਲਤ ਦਾ ਅਬੂ ਸਈਦ ਨੇ ਇਉਂ ਬਿਆਨ ਕੀਤਾ ਹੈ: 'ਸੀਨੇ ਵਿਚ ਤੇਜ਼ ਦਰਦ ਹੁੰਦਾ ਤੇ ਉਹ ਕਦੇ ਟਿੰਕਚਰ ਆਇਓਡੀਨ ਮਲਦਾ ਤੇ ਕਦੇ ਰਾਈ ਦਾ ਪਲਸਤਰ ਲਾ ਕੇ ਪਿਆ ਰਹਿੰਦਾ, ਪਰ ਦਰਦ ਨਾ ਰੁਕਦਾ। ਤਕਲੀਫ ਜ਼ਿਆਦਾ ਹੁੰਦੀ ਤਾਂ ਐਨਕ ਲਾਹ ਕੇ ਇਕ ਪਾਸੇ ਰੱਖ ਦਿੰਦਾ। ਲੱਤਾਂ ਇਕੱਠੀਆਂ ਕਰ ਕੇ ਸੀਨੇ ਨਾਲ ਲਾ ਲੈਂਦਾ। ਉਸ ਦੀਆਂ ਵੱਡੀਆਂ ਵੱਡੀਆਂ ਅੱਖਾਂ ਫੈਲਦੀਆਂ ਜਾਂਦੀਆਂ ਤੇ ਮੰਸਿਫ ਸਾਹਿਬ ਦੀ ਤਸਵੀਰ ਨੂੰ ਜਿਵੇਂ ਗੁੱਸੇ ਵਿਚ ਕਹਿ ਰਹੀਆਂ ਹੋਣ, 'ਮੈਨੂੰ ਤੁਹਾਡੇ ਰਹਿਮ ਦੀ ਲੋੜ ਨਹੀਂ, ਮੈਂ ਆਪਣਾ ਦਰਦ ਬਰਦਾਸ਼ਤ ਕਰ ਸਕਦਾ ਹਾਂ।' ਦਰਦ ਨੂੰ ਦਬਾਉਣ ਲਈ ਉਸ ਨੇ ਦੇਸੀ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਬੋਤਲ ਉਸ ਦੇ ਕਮਰੇ ਦੇ ਉਚੇ ਥਾਂ ਕੈਲੰਡਰ ਦੇ ਪਿੱਛੇ ਲੁਕੀ ਰਹਿੰਦੀ, ਪਰ ਇਹ ਦਰਦ ਦਾ ਇਲਾਜ ਨਹੀਂ ਸੀ।

ਕਈ ਮਹੀਨੇ ਮੰਟੋ ਨੇ ਫਾਲਤੂ ਦੇ ਇਲਾਜ ਕਰਦਿਆਂ ਗੁਜ਼ਾਰ ਦਿੱਤੇ, ਪਰ ਜਦੋਂ ਪਾਣੀ ਸਿਰ ਉਤੋਂ ਲੰਘਣ ਲੱਗਾ ਤਾਂ ਡਾਕਟਰਾਂ ਨੂੰ ਦਿਖਾਇਆ। ਰੋਗ ਦੇ ਲੱਛਣਾਂ ਨੂੰ ਦੇਖਦਿਆਂ ਡਾਕਟਰਾਂ ਨੂੰ ਟੀ. ਬੀ. ਦਾ ਸ਼ੱਕ ਹੋਇਆ। ਉਨ੍ਹਾਂ ਦੀ ਸਲਾਹ ਸੀ ਕਿ ਮਰੀਜ਼ ਨੂੰ ਛੇਤੀ ਹੀ ਕਿਸੇ ਸਿਹਤ ਸੁਧਾਰਕ ਥਾਂ 'ਤੇ ਲਿਜਾਇਆ ਜਾਏ। ਉਸ ਦੀ ਮਾਂ ਅਤੇ ਭੈਣ ਇਕਬਾਲ ਨੇ ਜਿਵੇਂ-ਕਿਵੇਂ ਕੁਝ ਪੈਸਿਆਂ ਦਾ ਪ੍ਰਬੰਧ ਕੀਤਾ ਅਤੇ ਉਹ ਰੋਗ ਤੋਂ ਛੁਟਕਾਰਾ ਪਾਉਣ ਲਈ ਬਨਿਹਾਲ (ਕਸ਼ਮੀਰ) ਨੇੜੇ ਬਟੌਤ ਨਾਮੀ ਕਸਬੇ ਵਿਚ ਚਲਾ ਗਿਆ। ਇਥੇ ਤਿੰਨ ਮਹੀਨੇ ਰੁਕਿਆ, ਜਿਸ ਦੌਰਾਨ ਉਸ ਦੀ ਮੁਲਾਕਾਤ ਅੱਲ੍ਹੜ ਖੂਬਸੂਰਤ ਪੇਂਡੂ ਪਹਾੜੀ ਮੁਟਿਆਰ ਬੇਗੂ ਨਾਲ ਹੋਈ। ਮੰਟੋ ਨੇ ਬੇਗੂ ਨਾਲ ਆਪਣੇ ਪ੍ਰੇਮ ਪ੍ਰਸੰਗ ਦਾ ਜ਼ਿਕਰ ਕਈ ਕਹਾਣੀਆਂ (ਏਕ ਖਤ, ਮੌਸਮ ਕੀ ਸ਼ਰਾਰਤ, ਬੇਗੂ, ਲਾਲਟੇਨ ਅਤੇ ਚੁਗਦ) ਵਿਚ ਕੀਤਾ ਹੈ। ਇਨ੍ਹਾਂ ਕਹਾਣੀਆਂ ਵਿਚ ਪ੍ਰੇਮ ਪ੍ਰਸੰਗ ਦੀ ਵੰਨਗੀ ਨੂੰ ਜਿਸ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਉਸ ਤੋਂ ਨੌਜਵਾਨ ਮੰਟੋ ਦੇ ਪ੍ਰੇਮ ਪ੍ਰਸੰਗ ਦਾ ਆਪ-ਬੀਤੀ ਵਰਗਾ ਸ਼ਿੱਦਤ ਭਰਿਆ ਅਹਿਸਾਸ ਹੁੰਦਾ ਹੈ।

'ਏਕ ਖਤ', 'ਲਾਲਟੇਨ' ਅਤੇ 'ਬੇਗੂ' ਜਿਹੀਆਂ ਕਹਾਣੀਆਂ ਵਿਚ ਇਹ ਬਿਰਤਾਂਤ ਕਾਫੀ ਹੱਦ ਤਕ ਲੇਖਕ ਦਾ ਨਿਜੀ ਲੱਗਦਾ ਹੈ। ਕ੍ਰਿਸ਼ਨ ਚੰਦਰ ਨੇ ਜਦੋਂ ਬਟੌਤ ਦੇ ਦਿਨਾਂ ਨਾਲ ਜੁੜੀ ਮੰਟੋ ਦੀ ਕਹਾਣੀ 'ਲਾਲਟੇਨ' ਪੜ੍ਹੀ ਤਾਂ ਉਸ ਨੂੰ ਕਹਾਣੀ ਦਾ ਬਹੁਤਾ ਹਿੱਸਾ ਮੰਟੋ ਦੀ ਜ਼ਿੰਦਗੀ ਨਾਲ ਸਬੰਧਤ ਲੱਗਾ: 'ਉਸ ਕਹਾਣੀ ਦੇ ਵੇਰਵਿਆਂ ਅਤੇ ਆਖਰੀ ਵਾਕ ਵਿਚ ਜੋ ਪੀੜ ਤੇ ਕਰੁਣਾ ਹੈ, ਉਹ ਖੁਦ ਰੋਮਾਨੀ ਮੰਟੋ ਦੀ ਜ਼ਿੰਦਗੀ ਦਾ ਅੰਗ ਪ੍ਰਤੀਤ ਹੁੰਦੀ ਹੈ।' ਕਹਾਣੀਆਂ ਅੰਦਰ ਝਾਕ ਕੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਬੇਗੂ ਕਿੰਨੀ ਅਵਾਰਾ ਚਾਲਚਲਨ ਵਾਲੀ ਅਤੇ ਸਰੀਰਕ ਲੱਜ਼ਤਾਂ 'ਤੇ ਮੋਹਿਤ ਰਹੀ ਹੋਵੇਗੀ, ਪਰ ਅਬੂ ਸਈਦ ਕੁਰੈਸ਼ੀ ਦੇ ਸ਼ਬਦਾਂ ਵਿਚ: 'ਉਸੇ ਵਿਚ ਮੰਟੋ ਨੂੰ ਪਵਿਤਰ ਆਤਮਾ ਦੇ ਦਰਸ਼ਨ ਹੋਏ।' ਉਸ ਵਿਚ ਅਜਿਹਾ ਅਜੀਬ ਆਕਰਸ਼ਣ ਸੀ ਕਿ ਮੰਟੋ ਉਥੇ ਤਿੰਨ ਮਹੀਨੇ ਟਿਕਿਆ ਰਿਹਾ। ਮੰਟੋ ਦੀ ਜ਼ਿੰਦਗੀ ਵਿਚ ਇਸ ਪ੍ਰੇਮ ਪ੍ਰਸੰਗ ਤੋਂ ਇਲਾਵਾ ਕਿਸੇ ਹੋਰ ਪ੍ਰੇਮ ਪ੍ਰਸੰਗ ਦਾ ਜ਼ਿਕਰ ਨਹੀਂ ਮਿਲਦਾ। ਚੰਗਾ ਹੀ ਹੋਇਆ, ਉਹ ਰੋਮਾਨੀਅਤ ਦੇ ਦੌਰ ਤੋਂ ਬਾਹਰ ਆ ਗਿਆ ਅਤੇ ਹਕੀਕਤ ਦੀਆਂ ਕੌੜੀਆਂ ਸੱਚਾਈਆਂ ਅਤੇ ਆਧੁਨਿਕ ਜੀਵਨ ਦੀਆਂ ਵਿਸੰਗਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੋ ਗਿਆ।

ਮੰਟੋ ਦੇ ਤਪਦਿਕ ਦੇ ਮਰੀਜ਼ ਹੋਣ ਦੀ ਗੱਲ ਝੂਠੀ ਸਿੱਧ ਹੋਈ ਅਤੇ ਉਹ ਸਿੱਧਾ ਬਟੌਤ ਤੋਂ ਅੰਮ੍ਰਿਤਸਰ ਆ ਗਿਆ। ਉਸ ਦੀ ਭੈਣ ਨਾਸਿਰਾ ਇਕਬਾਲ ਦਾ ਵਿਆਹ ਹੋ ਚੁਕਾ ਸੀ ਅਤੇ ਉਹ ਮੁੰਬਈ ਜਾ ਚੁਕੀ ਸੀ। ਮੰਟੋ ਦੇ ਸ਼ਬਦਾਂ ਵਿਚ, 'ਜਿਹੜੀ ਜਮ੍ਹਾਂ-ਪੂੰਜੀ ਸੀ, ਉਹ ਮੇਰੀ ਸਰਲ ਅਤੇ ਨੇਕ ਦਿਲ ਮਾਂ ਨੇ ਮੇਰੇ ਜੀਜੇ ਦੇ ਹਵਾਲੇ ਕਰ ਦਿੱਤੀ ਸੀ।'

ਅੰਮ੍ਰਿਤਸਰ ਆਉਂਦਿਆਂ ਹੀ ਉਸ ਦਾ ਦਿਲ ਤੇ ਦਿਮਾਗ ਬਹੁਤ ਪ੍ਰੇਸ਼ਾਨ ਹੋ ਗਿਆ। ਉਹ ਚਾਹੁੰਦਾ ਸੀ ਕਿ ਕਿਤੇ ਦੌੜ ਜਾਵੇ, ਜਾਂ ਖੁਦਕੁਸ਼ੀ ਕਰ ਲਵੇ। ਮਜ਼ਬੂਤ ਇਰਾਦੇ ਦਾ ਮਾਲਕ ਹੁੰਦਾ ਤਾਂ ਉਸ ਨੇ ਜ਼ਰੂਰ ਹੀ ਖੁਦਕੁਸ਼ੀ ਕਰ ਲਈ ਹੁੰਦੀ। ਪੂਰੇ ਘਰ ਨੂੰ ਆਰਥਕ ਔਕੜਾਂ ਨਾਲ ਜੂਝਦੇ ਦੇਖਣਾ ਅਤੇ ਕੁਝ ਨਾ ਕਰ ਸਕਣਾ ਉਸ ਲਈ ਦਮ ਘੋਟੂ ਹੀ ਸੀ।

ਇਨ੍ਹੀਂ ਦਿਨੀਂ ਲਾਹੌਰ ਦੇ ਉਸ ਦੇ ਦੋਸਤਾਂ ਨੇ ਖਬਰ ਦਿੱਤੀ ਕਿ ਆਗਾ ਹਸਨ ਕਸ਼ਮੀਰੀ ਦਾ ਦੇਹਾਂਤ (1935) ਹੋ ਗਿਆ ਹੈ। ਇਹ ਖਬਰ ਸੁਣ ਕੇ ਉਹ ਬਹੁਤ ਉਦਾਸ ਹੋ ਗਿਆ। ਮਹਿਜ ਇਸ ਲਈ ਨਹੀਂ ਕਿ ਉਹ ਕਸ਼ਮੀਰੀ ਸੀ, ਜਾਂ ਇਸ ਲਈ ਨਹੀਂ ਗਲੀ ਵਕੀਲਾਂ ਵਿਚ ਉਸ ਦਾ ਬਚਪਨ ਬੀਤਿਆ ਸੀ; ਦਰਅਸਲ ਉਹ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਯਾਦਾਂ ਵਿਚ ਘਿਰ ਗਿਆ ਸੀ ਜਿਥੇ ਉਹ ਆਗਾ ਹਸਨ ਕਸ਼ਮੀਰੀ ਨੂੰ ਮਿਲਦਾ ਰਿਹਾ ਸੀ। ਉਸ ਨੂੰ ਯਾਦ ਆਇਆ, ਜਦੋਂ ਉਹ ਪਹਿਲੀ ਵਾਰ ਆਗਾ ਹਸਨ ਕਸ਼ਮੀਰੀ ਨੂੰ ਅੰਮ੍ਰਿਤਸਰ ਵਿਚ ਮਿਲਿਆ ਸੀ। ਉਨ੍ਹਾਂ ਦੇ ਰੰਗ-ਢੰਗ, ਅਨੋਖੇ ਪਹਿਰਾਵੇ ਨੂੰ ਦੇਖਿਆ ਸੀ ਤੇ ਨਾਟਕ-ਰੰਗਮੰਚ ਬਾਰੇ ਉਨ੍ਹਾਂ ਦੇ ਵਿਚਾਰ ਜਾਣੇ ਸਨ। ਉਸ ਤੋਂ ਬਾਅਦ ਲਾਹੌਰ ਵਿਚ ਜਿਥੇ ਉਹ ਆਉਂਦਾ-ਜਾਂਦਾ ਰਹਿੰਦਾ ਸੀ, ਵੀ ਉਨ੍ਹਾਂ ਨਾਲ ਕਈ ਵਾਰ ਮੁਲਾਕਾਤ ਹੋਈ ਸੀ। ਉਸ ਨੂੰ ਯਾਦ ਆਇਆ ਕਿ ਉਸ ਨੇ ਲਾਹੌਰ ਵਿਚ ਆਗਾ ਹਸਨ ਕਸ਼ਮੀਰੀ ਤੋਂ ਆਟੋਗ੍ਰਾਫ ਬੁਕ 'ਤੇ ਆਟੋਗ੍ਰਾਫ ਲਿਆ ਸੀ। ਕੰਬਦੇ ਹੱਥਾਂ ਨਾਲ ਉਨ੍ਹਾਂ ਨਾਲ ਆਪਣਾ ਨਾਂ ਲਿਖਦਿਆਂ ਕਿਹਾ ਸੀ, 'ਇਕ ਜ਼ਮਾਨੇ ਬਾਅਦ ਮੈਂ ਇਹ ਸ਼ਬਦ ਲਿਖੇ ਹਨ।' ਇਕ ਪਾਸੇ ਯਾਦਾਂ ਦਾ ਸਿਲਸਿਲਾ, ਦੂਜੇ ਪਾਸੇ ਨੌਕਰੀ ਦੀ ਤਲਖ ਹਕੀਕਤ, ਉਹ ਯਾਦਾਂ ਤੋਂ ਮੂੰਹ ਮੋੜ ਕੇ ਨੌਕਰੀ ਦੀ ਭਾਲ ਵਿਚ ਜੁਟ ਗਿਆ।

ਨੌਕਰੀ ਦੀ ਭਾਲ ਵਿਚ ਉਹ ਇਧਰ-ਉਧਰ ਭਟਕਦਾ ਰਿਹਾ। ਛੋਟੇ-ਮੋਟੇ ਕੰਮ ਮਿਲਦੇ, ਪਰ ਕੋਈ ਪੱਕਾ ਇੰਤਜ਼ਾਮ ਨਾ ਹੁੰਦਾ। ਕੰਮ ਦੀ ਭਾਲ ਵਿਚ ਉਹ ਲਾਹੌਰ ਚਲਾ ਗਿਆ। ਉਹਨੇ ਸੋਚਿਆ ਸੀ ਕਿ ਬਾਰੀ ਸਾਹਿਬ ਕੋਈ ਕੰਮ ਦਿਵਾ ਦੇਣਗੇ, ਪਰ ਉਦੋਂ ਤਕ ਬਾਰੀ ਸਾਹਿਬ ਰੰਗੂਨ ਜਾ ਚੁਕੇ ਸਨ। ਹਾਂ, ਕਰਮ ਚੰਦ ਦੇ 'ਪਾਰਸ' ਅਖਬਾਰ ਵਿਚ ਉਸ ਨੂੰ ਚਾਲੀ ਰੁਪਏ ਮਹੀਨਾ 'ਤੇ ਕੰਮ ਮਿਲ ਗਿਆ। ਸੀਨੇ ਦੇ ਦਰਦ ਅਤੇ ਖੰਘ ਦੇ ਬਾਵਜੂਦ ਉਹ ਸਿਗਾਰ ਪੀਂਦਾ ਰਿਹਾ। ਅਬੂ ਸਈਦ ਕੁਰੈਸ਼ੀ ਤੇ ਹੋਰ ਦੋਸਤਾਂ ਨਾਲ ਉਸ ਦੀ ਮੁਲਾਕਾਤ 'ਅਰਬ' ਹੋਟਲ ਵਿਚ ਹੁੰਦੀ ਜੋ ਉਦੋਂ ਅਖਬਾਰ ਨਵੀਸਾਂ ਦਾ ਅੱਡਾ ਸੀ। ਕਰਮ ਚੰਦ ਅਖਬਾਰ ਨੂੰ ਸਨਸਨੀਖੇਜ਼ ਬਣਾਉਣਾ ਚਾਹੁੰਦਾ ਸੀ ਜੋ ਮੰਟੋ ਨੂੰ ਮਨਜ਼ੂਰ ਨਹੀਂ ਸੀ। ਸੋ, ਉਸ ਨੇ ਉਹ ਕੰਮ ਛੱਡ ਦਿੱਤਾ। ਉਦੋਂ ਹੀ ਨਜ਼ੀਰ ਲੁਧਿਆਣਵੀ ਜੋ ਹਫਤਾਵਾਰੀ 'ਮੁਸੱਵਿਰ' ਦਾ ਮਾਲਕ ਸੀ, ਨੇ ਮੰਟੋ ਨੂੰ ਬਤੌਰ ਸੰਪਾਦਕ ਮੁੰਬਈ ਆਉਣ ਦਾ ਸੱਦਾ ਦਿੱਤਾ ਜਿਸ ਨੂੰ ਉਸ ਨੇ ਬਿਨਾ ਕਿਸੇ ਨਾਂਹ-ਨੁੱਕਰ ਦੇ ਸਵੀਕਾਰ ਕਰ ਲਿਆ ਅਤੇ ਉਥੇ ਜਾਣ ਵਿਚ ਜ਼ਰਾ ਵੀ ਦੇਰੀ ਨਹੀਂ ਕੀਤੀ।

#



*ਨੌਜਵਾਨ ਸਆਦਤ ਹਸਨ ਮੰਟੋ*



*ਸਆਦਤ ਹਸਨ ਮੰਟੋ ਦੀਆਂ ਧੀਆਂ ਨਾਲ ਅਦਾਕਾਰਾ ਨੰਦਿਤਾ ਦਾਸ (ਸੱਜਿਓਂ ਦੂਜੀ)*

# ਮੇਰਾ ਪਹਿਲਾ ਪਿਆਰ

**'ਪੰਜਾਬ ਟਾਈਮਜ਼' ਦੇ ਪੰਨਿਆਂ ਉਤੇ ਗਾਹੇ-ਬਗਾਹੇ ਛਪਦੇ ਰਹਿੰਦੇ ਲਿਖਾਰੀ ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਨੇ ਆਪਣੇ ਇਸ ਲੇਖ 'ਮੇਰਾ ਪਹਿਲਾ ਪਿਆਰ' ਵਿਚ ਉਨ੍ਹਾਂ ਕੁਝ ਖਾਸ ਪਲਾਂ ਨੂੰ ਫੜ੍ਹਨ ਦਾ ਯਤਨ ਕੀਤਾ ਹੈ ਜੋ ਸਾਰੀ ਉਮਰ ਬੰਦੇ ਦੇ ਨਾਲ ਨਾਲ ਚੱਲਦੇ ਹਨ। ਫਲਸਫੇ ਦੀ ਚਾਸ਼ਣੀ ਵਿਚ ਡੋਬੀਆਂ ਉਨ੍ਹਾਂ ਦੀਆਂ ਇਹ ਗੱਲਾਂ ਸੂਖਮ ਤਾਂ ਹਨ ਹੀ, ਇਨ੍ਹਾਂ ਅੰਦਰ ਜੀਵਨ ਦਾ ਸੱਚ ਵੀ ਸਮੋਇਆ ਹੋਇਆ ਹੈ। ਇਹ ਗੱਲਾਂ ਪਾਠਕ ਦੀ ਉਂਗਲ ਫੜ੍ਹ ਕੇ ਉਸ ਨੂੰ ਆਪਣੇ ਨਾਲ ਲੈ ਤੁਰਦੀਆਂ ਹਨ। -ਸੰਪਾਦਕ**

ਪਿਤਾ ਜੀ ਤਿੰਨ ਸਾਲ ਦੇ ਸਨ, ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਚਲਾਣਾ ਕਰ ਗਏ। ਉਨ੍ਹਾਂ ਦਾ ਕੋਈ ਭੈਣ-ਭਰਾ ਨਹੀਂ ਸੀ। ਮਾਤਾ ਜੀ ਦਾ ਇਕ ਭਾਈ ਉਨ੍ਹਾਂ ਤੋਂ ਕਾਫੀ ਛੋਟਾ ਸੀ ਅਤੇ ਉਨ੍ਹਾਂ ਦੇ ਪਿਤਾ ਵੀ ਮਾਤਾ ਜੀ ਦੇ ਵਿਆਹ ਤੋਂ ਕਈ ਸਾਲ ਪਹਿਲਾਂ ਪ੍ਰਲੋਕ ਸਿਧਾਰ ਗਏ ਸਨ। ਮੈਨੂੰ ਕਿਸੇ ਦਾਦਾ-ਦਾਦੀ, ਨਾਨਾ-ਨਾਨੀ, ਭੂਆ, ਮਾਸੀ ਅਤੇ ਚਾਚੀ-ਤਾਈ ਦਾ ਪਿਆਰ ਨਹੀਂ ਮਿਲਿਆ।

ਮਾਂ-ਬਾਪ ਦਾ ਪਿਆਰ ਰਸਮੀ ਸੀ। ਭੈਣਾਂ-ਭਰਾਵਾਂ, ਨਜ਼ਦੀਕੀ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਦਾ ਲਾਸਾਨੀ ਪਿਆਰ ਮੁਕਾਬਲੇ ਦੀ

ਬ੍ਰਿਜਿੰਦਰ ਸਿੰਘ ਸਿੱਧੂ
ਫੋਨ: 925-683-1982

ਦੁਨੀਆਂ ਵਿਚ ਕਈ ਵਾਰ ਈਰਖਾ ਦੀ ਚਾਦਰ ਹੇਠ ਕੁਮਲਾ ਜਾਂਦਾ ਰਿਹਾ। ਇਸ ਪਿਆਰ ਨੂੰ ਕਿਸ ਨਾਮ ਨਾਲ ਪੁਕਾਰੀਏ, ਕੋਈ ਸਮਝ ਨਹੀਂ ਆਈ। ਨਾਨਕੇ, ਨਾਨਾ-ਨਾਨੀ ਨਾਲ ਹੀ ਹੁੰਦੇ ਹਨ। ਅਜੇ ਤਕ ਕਿਸੇ ਨੇ ਵੀ ਮਾਮਕੇ ਸ਼ਬਦ ਦਾ ਇਜ਼ਹਾਰ ਨਹੀਂ ਕੀਤਾ। ਸ਼ਾਇਦ ਇਸ ਲਈ ਕਿ ਮਾਮੇ-ਮਾਮੀ ਦੀਆਂ ਕਈ ਮਾਰੂ ਨੀਤੀਆਂ ਚਰਚਾ ਦਾ ਵਿਸ਼ਾ ਬਣੀਆਂ ਹਨ।

ਪਹਿਲਾ ਪਿਆਰ ਕਿਸ ਬਲਾ ਦਾ ਨਾਮ ਹੈ। ਮੇਰੀ ਪਕੜ ਵਿਚ ਕਦੇ ਨਾ ਆਇਆ। ਪਿੰਡ ਰਹਿੰਦਿਆਂ ਦਸਵੀਂ ਜਮਾਤ ਤਕ ਮੈਂ ਕੋਈ ਫਿਲਮ ਨਹੀਂ ਸੀ ਦੇਖੀ। ਸੋਚਿਆ, ਜਮਾਤੀ ਮੇਰੇ ਉਪਰ ਹੱਸਣਗੇ ਕਿ ਇਸ ਨੂੰ ਤਾਂ ਮੂਵੀ ਦਾ ਵੀ ਪਤਾ ਨਹੀਂ, ਕੀ ਹੁੰਦੀ ਹੈ? ਇਸ ਖਿਆਲ ਅਧੀਨ ਮੈਂ ਫਿਲਮ ਦੇਖਣ ਦਾ ਮਨ ਬਣਾ ਲਿਆ। 'ਲਾਹੌਰ' ਨਾਂ ਦੀ ਮੂਵੀ ਵਿਚ ਕਰਨ ਦੀਵਾਨ ਅਤੇ ਨਰਗਿਸ ਦਾ ਮੁੱਖ ਰੋਲ ਸੀ। ਕਹਾਣੀ ਦੇ ਵਿਸਥਾਰ ਵਿਚ ਨਾ ਜਾਂਦਿਆਂ ਇਤਨਾ ਦੱਸਣਾ ਹੀ ਕਾਫੀ ਹੈ ਕਿ ਬਚਪਨ ਦੇ ਪਿਆਰ ਵਿਚ ਦੀਵਾਨੀ ਹੋਈ ਇਹ ਜੋੜੀ 1947 ਦੀ ਵੰਡ ਵਿਚ ਇਕ ਦੂਜੇ ਤੋਂ ਵਿਛੜ ਜਾਂਦੀ ਹੈ। ਤਸਵੀਰਾਂ ਦੀ ਇਹ ਖੇਡ ਮੇਰੇ ਅੱਲ੍ਹੜ ਮਨ ਨੂੰ ਬੇਤਾਬ ਕਰ ਦਿੰਦੀ ਹੈ ਅਤੇ ਮੇਰੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਹਨ। ਬਾਅਦ ਵਿਚ ਪਟਿਆਲੇ ਮਹਿੰਦਰਾ ਕਾਲਜ ਵਿਚ ਪੜ੍ਹਦਿਆਂ ਰਾਜ ਕਪੂਰ ਦੀਆਂ ਫਿਲਮਾਂ ਵਿਚ ਨਰਗਿਸ ਨੂੰ ਪਿਆਰ ਦੀਆਂ ਪੀਂਘਾਂ ਵਿਚ ਹੁਲਾਰੇ ਲੈਂਦਿਆਂ ਵੇਖ ਕੇ ਮਨ ਵਿਚ ਉਸ ਦੇ ਪਹਿਲੇ ਪਿਆਰ ਦਾ ਜਜ਼ਬਾ ਤਿਤਰ-ਬਿਤਰ ਹੋ ਗਿਆ।

ਮੈਂ ਦੇਰ ਰਾਤ ਵਾਲੀ ਫਿਲਮ ਕਦੇ ਨਹੀਂ ਵੇਖੀ, ਸਾਫ ਸੁਥਰੀ ਅਤੇ ਚੰਗੀ ਕਹਾਣੀ ਵਾਲੀ ਫਿਲਮ ਮੇਰੇ ਮਨ ਨੂੰ ਭਾਉਂਦੀ ਹੈ। ਉਰਦੂ ਜ਼ੁਬਾਨ ਦੀ ਮਿਠਾਸ ਮੈਨੂੰ ਚੰਗੀ ਲਗਦੀ ਹੈ, ਪਰ ਔਖੀ ਵਾਰਤਕ 'ਤੇ ਮੇਰਾ ਕੰਟਰੋਲ ਨਹੀਂ। ਫਿਰ ਵੀ 'ਤਲਖੀਆਂ' (ਸਾਹਿਰ) ਦਾ ਇਹ ਸ਼ਿਅਰ 'ਅਭੀ ਨ ਛੇੜ ਮੁਹੱਬਤ ਕੇ ਗੀਤ ਐ ਮੁਤਰਿਬ, ਅਭੀ ਹਯਾਤ ਕਾ ਮਾਹੌਲ ਖ਼ੁਸ਼ਗਵਾਰ ਨਹੀਂ' ਇਤਨਾ ਅਰਥ ਭਰਪੂਰ ਹੈ ਕਿ ਅੱਜ ਵੀ ਯਾਦ ਹੈ। ਅੱਜ ਤਕ ਮਾਹੌਲ ਖ਼ੁਸ਼ਗਵਾਰ ਨਹੀਂ ਹੋਇਆ। ਪਹਿਲਾ ਪਿਆਰ ਜਾਂ ਹੋਰ ਕੋਈ ਪਿਆਰ ਕਦੇ ਚਿੱਤ-ਚੇਤੇ ਨਹੀਂ ਆਇਆ।

ਇਕ ਹੋਰ ਗੀਤ ਦੇ ਬੋਲ ਹਨ, "ਭੂਖ ਔਰ ਪਿਆਸ ਕੀ ਮਾਰੀ ਹੁਈ ਇਸ ਦੁਨੀਆਂ ਮੇਂ, ਇਸ਼ਕ ਹੀ ਏਕ ਹਕੀਕਤ ਨਹੀਂ ਕੁਛ ਔਰ ਭੀ ਹੈ।" ਸੋਚਦਾ ਹਾਂ ਕਿ ਅੱਜ ਵੀ ਦੁਨੀਆਂ ਭੁਖਮਰੀ ਨਾਲ ਹਾਲੋਂ ਬੇਹਾਲ ਹੈ। ਦੁਨੀਆਂ ਦੇ ਦਰਦ ਨੂੰ ਦਿਲ ਦੇ ਕਿਸੇ ਕੋਨੇ ਵਿਚ ਹਰ ਸਮੇਂ ਰੱਖਣ ਵਾਲੇ ਜਜ਼ਬਾਤੀ ਬੰਦਿਆਂ ਨੂੰ ਇਸ਼ਕ ਅਤੇ ਦੀਵਾਨਗੀ ਵਾਲੇ ਪਿਆਰ ਲਈ ਵਿਹਲ ਕਿਥੇ? ਇਸ ਦੇ ਬਾਵਜੂਦ ਪਹਿਲੇ ਪਿਆਰ 'ਤੇ ਆਧਾਰਤ ਫਿਲਮਾਂ ਦੇ ਅਸਰ ਅਧੀਨ ਕਈ ਹਸਦੇ- ਵਸਦੇ ਘਰਾਂ ਦਾ ਉਜਾੜਾ ਸੁਣਿਆ ਹੈ। ਹਾਰਡੀ ਦਾ ਨਾਵਲ 'ਟੈੱਸ' ਪੜ੍ਹਿਆ। ਨਾਇਕਾ ਦਾ ਕੋਈ ਕਸੂਰ ਨਹੀਂ, ਹਾਰਡੀ ਨੇ ਉਸ ਨੂੰ ਪਿਓਰ ਵੂਮਨ ਕਿਹਾ ਹੈ। ਫਿਰ ਇਸ ਨਾਵਲ 'ਤੇ ਬਣੀ ਫਿਲਮ 'ਦੁਲਹਨ ਏਕ ਰਾਤ ਕੀ' ਵਿਚ ਨਾਇਕ, ਨਾਇਕਾ ਨੂੰ ਕੋਈ ਚਿੱਠੀ ਪੜ੍ਹ ਕੇ ਠੁਕਰਾ ਦਿੰਦਾ ਹੈ, ਜਿਸ ਵਿਚ 'ਪਿਓਰ ਵੂਮਨ' ਨੇ ਕਿਸੇ ਬਦਤਮੀਜ਼ ਦੀ ਬਦਤਮੀਜ਼ੀ ਦਾ ਇਜ਼ਹਾਰ ਕੀਤਾ ਸੀ। ਉਸ ਵਿਚਾਰੀ ਦਾ ਕੋਈ ਕਸੂਰ ਨਹੀਂ ਸੀ। ਇਹੋ ਜਿਹੀਆਂ ਫਿਲਮਾਂ ਨੇ ਪਹਿਲੇ ਪਿਆਰ ਨੂੰ ਮੇਰੇ ਲਈ ਕੌੜੀ-ਕਸੈਲੀ ਬੁਝਾਰਤ ਬਣਾ ਦਿੱਤਾ।

ਸਭ ਸ਼੍ਰੇਣੀ ਦੇ ਮਰਦਾਂ ਅਤੇ ਔਰਤਾਂ ਨਾਲ ਗੱਲ ਕਰਨ ਵਿਚ ਮੈਨੂੰ ਕਦੇ ਝਿਜਕ ਜਾਂ ਹਿਚਕਚਾਹਟ ਮਹਿਸੂਸ ਨਹੀਂ ਹੋਈ। ਸ਼ਾਇਦ ਇਸ ਦਾ ਕਾਰਨ ਇਹ ਹੋਵੇ ਕਿ ਮੇਰੇ ਮਨ ਵਿਚ ਗੱਲ ਕਰਨ ਵੇਲੇ ਨਾ ਤਾਂ ਕੋਈ ਨਿਜੀ ਸੁਆਰਥ ਹੁੰਦਾ ਹੈ ਅਤੇ ਨਾ ਹੀ ਕਿਸੇ ਖੋਟ ਦਾ ਅੰਸ਼ ਹੁੰਦਾ ਹੈ। ਹਾਂ, ਫੱਕਰਾਂ ਦੀਆਂ ਸਿੱਧੀਆਂ ਸਾਦੀਆਂ ਗੱਲਾਂ ਮੈਨੂੰ ਮਨ ਪਰਚਾਵੇ ਲਈ ਬਹੁਤ ਚੰਗੀਆਂ ਲਗਦੀਆਂ ਹਨ। ਸ਼ੁਰੂ ਤੋਂ ਹੀ ਮੈਂ ਮਹਿਸੂਸ ਕਰਦਾ ਹਾਂ ਕਿ ਔਰਤਾਂ ਦਾ ਹਿਰਦਾ ਮਰਦਾਂ ਨਾਲੋਂ ਕੋਮਲ ਹੁੰਦਾ ਹੈ। ਉਹ ਪਿਆਰ ਬਾਬਤ ਆਦਮੀਆਂ ਨਾਲੋਂ ਜ਼ਿਆਦਾ ਭਾਵੁਕ ਹੁੰਦੀਆਂ ਹਨ।

ਪਹਿਲੇ ਪਿਆਰ ਦੀ ਤਾਂਘ ਨੇ ਮੈਨੂੰ ਕਦੇ ਵੀ ਤੜਫਾਇਆ ਨਹੀਂ, ਪਰ ਇਸ ਦੀ ਉਤਸੁਕਤਾ ਸਦਾ ਕਾਇਮ ਰਹੀ। ਸੋਚਿਆ, ਬੀਬੀਆਂ ਨੂੰ ਇਹ ਸਵਾਲ ਕੀਤਾ ਜਾਵੇ। ਇਕ ਦਿਨ ਕਾਲਜ ਦੇ ਇਮਤਿਹਾਨਾਂ ਵਿਚ ਵਿਹਲੇ ਸਮੇਂ ਉਨ੍ਹਾਂ ਕੋਲ ਜਾ ਬੈਠਾ। ਇੰਚਾਰਜ ਹੋਣ ਕਰ ਕੇ ਮੇਰਾ ਉਨ੍ਹਾਂ ਵਿਚ ਬੈਠਣਾ ਸਾਧਾਰਨ ਗੱਲ ਸੀ। ਬੀਬੀਆਂ ਨੂੰ ਚੰਗੇ ਮੂਡ ਵਿਚ ਵੇਖ ਕੇ ਪੁੱਠਾ ਜਿਹਾ ਸਵਾਲ ਕਰ ਦਿੱਤਾ, "ਇਹ ਪਹਿਲਾ ਪਿਆਰ ਕੀ ਹੁੰਦਾ ਹੈ? ਕ੍ਰਿਪਾ ਕਰ ਕੇ ਇਸ ਨੂੰ ਜ਼ਾਤੀ ਨਹੀਂ, ਕੇਵਲ ਅਕੈਡਮਿਕ ਗੱਲ ਹੀ ਸਮਝਣਾ।" ਪਹਿਲੀ ਨੇ ਜਵਾਬ ਦਿੱਤਾ, "ਇਹ ਹਾਰਮੋਨਜ਼ ਦਾ ਫਤੂਰ ਹੈ।" ਦੂਜੀ ਝੱਟ ਬੋਲੀ, "ਇਹ ਹਾਰਮੋਨਜ਼ ਦਾ ਫਤੂਰ ਨਹੀਂ, ਇਹ ਤਾਂ ਚੜ੍ਹਦੀ ਉਮਰ ਦਾ ਸਰੂਰ ਹੈ।" ਤੀਜੀ ਜ਼ਰਾ ਗੰਭੀਰ ਹੋ ਕੇ ਬੋਲੀ, "ਇਹ ਸਭ ਬਕਵਾਸ ਹੈ।" ਚੌਥੀ ਨੇ ਕਿਹਾ, "ਨਹੀਂ ਨਹੀਂ, ਇਹ ਨੰਨ੍ਹੀ ਉਮਰ ਲਈ ਧਰਵਾਸ ਹੈ। ਬਚਪਨ ਲਈ ਖ਼ੂਬਸੂਰਤ ਅਹਿਸਾਸ ਹੈ।" ਮੇਰਾ ਹਾਸਾ ਨਿਕਲ ਗਿਆ ਅਤੇ ਪਹਿਲਾ ਪਿਆਰ ਹੋਰ ਵੀ ਗੁੰਝਲਦਾਰ ਬਣ ਗਿਆ।

ਸਮਾਂ ਆਪਣੀ ਚਾਲ ਚਲਦਾ ਗਿਆ। ਇਕ ਸਵੇਰ ਇਸ ਨੇ ਐਸੀ ਕਰਵਟ ਲਈ ਕਿ ਮਨ ਨਿਹਾਲ ਹੋ ਗਿਆ। ਹੋਇਆ ਕੀ, ਕਿ ਸਵੇਰੇ ਸਵੇਰੇ ਦਰੱਖਤ ਦੇ ਪੱਤਿਆਂ ਉਤੇ ਸ਼ਬਨਮ (ਤਰੇਲ) ਦੇ ਤੁਪਕੇ ਐਸੀ ਤਰਤੀਬ ਨਾਲ ਚਿਪਕੇ ਹੋਏ ਸਨ ਕਿ ਵੱਡੇ ਤੋਂ ਵੱਡਾ ਆਰਟਿਸਟ ਵੀ ਐਸਾ ਚਿੱਤਰ ਖਿੱਚਣ ਦੇ ਅਸਮਰੱਥ ਲੱਗਿਆ। ਕੁਦਰਤ ਦੇ ਕ੍ਰਿਸ਼ਮੇ ਨੇ ਰੂਹ ਨਸ਼ਿਆ ਦਿੱਤੀ। ਜਿਸਮ ਵਿਚ ਥਰਥਰਾਹਟ ਮਹਿਸੂਸ ਹੋਈ। ਇਹ ਖ਼ੂਬਸੂਰਤ ਨਜ਼ਾਰਾ ਰਗ ਰਗ ਵਿਚ ਸਮਾ ਗਿਆ ਅਤੇ ਪਹਿਲੇ ਪਿਆਰ ਦਾ ਸੁਨੇਹਾ ਦੇ ਗਿਆ।

**ਮੇਰੇ ਲਈ ਮੇਰਾ ਪਹਿਲਾ ਪਿਆਰ, ਕਬਜ਼ਾ ਨਹੀਂ ਪਛਾਣ ਹੈ। ਇਹ ਪਛਾਣ ਵਕਤ ਅਤੇ ਕਿਸੇ ਖਾਸ ਚੀਜ਼ ਦੀ ਮੁਥਾਜ ਨਹੀਂ। ਕਦੇ ਇਹ ਠੰਢੀ ਹਵਾ ਦੇ ਬੁੱਲੇ ਰਾਹੀਂ, ਕਦੇ ਕਿਸੇ ਮਾਸੂਮ ਦੇ ਚਿਹਰੇ ਰਾਹੀਂ ਸਾਹਮਣੇ ਆ ਜਾਂਦੀ ਹੈ। ਗਿਣੇ-ਮਿਥੇ ਅੰਦਾਜ਼ ਨਾਲ ਇਸ ਦਾ ਵਾਹ-ਵਾਸਤਾ ਨਹੀਂ। ਇਹ ਤਾਂ ਅਰਸ਼ੋਂ ਉਤਰੀ ਕੁਦਰਤ ਦੀ ਰਹਿਮਤ ਹੈ।**

ਬਚਪਨ ਨੂੰ ਚੇਤੇ ਕਰਦਿਆਂ ਕੱਤਕ ਦੀ ਪੂਰਨਮਾਸ਼ੀ ਅਕਸਰ ਯਾਦ ਆਉਂਦੀ ਹੈ। ਖੇਤਾਂ ਵਿਚ ਕਿਸਾਨ ਭਾਈ ਕਣਕ ਲਈ ਜ਼ਮੀਨ ਤਿਆਰ ਕਰਨ ਖਾਤਰ ਇਸ ਰਾਤ ਦਾ ਆਸਰਾ ਲੈਂਦੇ ਸਨ। ਠੰਢੀ ਅਤੇ ਦੁਧੀਆ ਰੌਸ਼ਨੀ ਵਿਚ ਕੰਮ ਕਰਦੇ ਕਿਸਾਨ ਕਲੀਆਂ (ਗੀਤ) ਗਾਉਂਦੇ ਕਦੇ ਥਕਦੇ ਨਹੀਂ ਸਨ। ਜਦੋਂ ਵੀ ਇਹ ਨਜ਼ਾਰਾ ਯਾਦ ਆਉਂਦਾ ਹੈ ਤਾਂ ਸੋਚਦਾ ਹਾਂ ਕਿ ਨਿਆਣੀ ਉਮਰ ਦੀ ਇਹ ਅਭੁੱਲ ਯਾਦ ਮੇਰੇ ਪਹਿਲੇ ਪਿਆਰ ਦਾ ਬੁਲਾਵਾ ਸੀ।

ਕੁਦਰਤ ਦੇ ਕ੍ਰਿਸ਼ਮਿਆਂ ਦਾ ਇਹ ਪਿਆਰ, ਇਵਜ਼ ਵਿਚ ਕੁਝ ਨਹੀਂ ਮੰਗਦਾ। ਦੁਨਿਆਵੀ ਪਿਆਰ ਕਦਮ ਕਦਮ 'ਤੇ ਹਿਸਾਬ ਮੰਗਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਇਹ ਪਿਆਰ ਵਕਤ ਨਾਲ ਫਿੱਕਾ ਪੈ ਜਾਂਦਾ ਹੈ। ਸੰਗੀਤ ਦੀ ਦੁਨੀਆਂ ਦੇ ਤਾਂ ਕੀ ਕਹਿਣੇ! ਚੰਗੇ ਭਾਗਾਂ ਨਾਲ ਹੀ ਇਸ ਦਾ ਰਸ ਮਾਣਿਆ ਜਾ ਸਕਦਾ ਹੈ। ਮੈਨੂੰ ਰਾਗਾਂ ਦੀ ਸੂਝ ਨਹੀਂ, ਫਿਰ ਵੀ ਰਸਭਿੰਨਾ ਸੰਗੀਤ ਮੇਰੀ ਰੂਹ ਨੂੰ ਤਸਕੀਨ ਬਖਸ਼ਦਾ ਹੈ। ਇਕ ਵਾਰ ਚੰਡੀਗੜ੍ਹ ਦੇ ਡੀ.ਏ.ਵੀ. ਕਾਲਜ ਵਿਚ ਦੁਨੀਆਂ ਭਰ ਵਿਚ ਮਸ਼ਹੂਰ ਸਰੋਦਵਾਦਕ ਉਸਤਾਦ ਅਮਜ਼ਦ ਅਲੀ ਖਾਨ ਦਾ ਸਮਾਗਮ ਸੀ। ਅਖੀਰ ਵਿਚ ਕਿਸੇ ਸੰਗੀਤ ਪ੍ਰੇਮੀ ਨੇ ਸਵਾਲ ਕੀਤਾ, 'ਇਹ ਪੱਕਾ ਰਾਗ ਕੀ ਹੁੰਦਾ ਹੈ?' ਉਸਤਾਦ ਅਮਜ਼ਦ ਅਲੀ ਖਾਨ ਨੇ ਜਵਾਬ ਦਿੱਤਾ ਕਿ ਬਹੁਤੀਆਂ ਤਕਨੀਕੀ ਗਹਿਰਾਈਆਂ ਵਿਚ ਜਾਣ ਦੀ ਲੋੜ ਨਹੀਂ, ਜਿਹੜਾ ਸੰਗੀਤ ਮਨ ਨੂੰ ਸ਼ਾਂਤੀ ਦੇਵੇ, ਉਹੀ ਪੱਕਾ ਰਾਗ ਹੁੰਦਾ ਹੈ।

ਮੈਨੂੰ ਤਸੱਲੀਬਖਸ਼ ਜਵਾਬ ਮਿਲ ਗਿਆ। ਮੈਂ ਕਈ ਵਾਰ ਸੁਣਿਆ ਸੀ ਕਿ ਸੰਗੀਤ ਤਾਂ ਬਿਨਾ ਬੱਦਲ ਬਰਸਾਤ ਲਿਆ ਸਕਦਾ ਹੈ। ਸੋਚਿਆ, ਐਸਾ ਕਿਸ ਤਰ੍ਹਾਂ ਹੋ ਸਕਦਾ ਹੈ? ਪਰ ਕਮਾਲ ਹੋ ਗਈ। ਦੋ ਸਾਲ ਪਹਿਲਾਂ ਚੰਡੀਗੜ੍ਹ ਆਪਣੇ ਨਿੱਕੇ ਜਿਹੇ ਘਰ ਵਿਚ ਕੀਰਤਨ ਸਮਾਗਮ ਕੀਤਾ। ਦੋਸਤ-ਮਿੱਤਰ ਆਏ। ਗਰਮੀ ਕਾਫੀ ਸੀ, ਬੱਦਲਾਂ ਦਾ ਨਾਮੋ-ਨਿਸ਼ਾਨ ਨਹੀਂ ਸੀ। ਸਮਾਪਤੀ ਪਿਛੋਂ ਭੋਜਨ ਛਕਣ ਵੇਲੇ ਮੈਂ ਚੁੱਪਚਾਪ ਮਾਹੌਲ ਵੇਖਦਿਆਂ ਭਾਈ ਨਿਰਮਲ ਸਿੰਘ ਦੀ ਟੇਪ ਲਾ ਦਿੱਤੀ, 'ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ।। ਮੇਘੈ ਨੋ ਫੁਰਮਾਨੁ ਹੋਆ ਬਰਸਹੁ ਕਿਰਪਾ ਧਾਰਿ।।'

ਯਕੀਨ ਕਰਿਓ! ਕੁਝ ਹੀ ਪਲਾਂ ਵਿਚ ਬਾਰਿਸ਼ ਨੇ ਛਹਿਬਰ ਲਾ ਦਿੱਤੀ। ਮਹਿਮਾਨ ਹੈਰਾਨ ਹੋ ਗਏ। ਮੈਂ ਉਨ੍ਹਾਂ ਵਿਚ ਨੱਚਦਾ ਫਿਰਾਂ, ਉਹ ਮੇਰੇ ਘਰ ਦੀ ਰੌਣਕ ਵਧਾਉਂਦੇ ਰਹੇ। ਮੈਨੂੰ ਇਸ ਚਮਤਕਾਰ ਨੇ ਵਿਸਮਾਦ ਵਿਚ ਲੈ ਆਂਦਾ। ਮੇਰੇ ਪਹਿਲੇ ਪਿਆਰ ਦੀ ਨਵੀਂ ਨਰੋਈ ਗਠੜੀ ਝੋਲੀ ਨੂੰ ਲਬਾਲਬ ਭਰ ਗਈ। ਮੇਰੇ ਮੂੰਹੋਂ ਮੱਲੋਮੱਲੀ ਇਹ ਸ਼ਬਦ ਫੁੱਟ ਪਏ, 'ਸ਼ੁਕਰੀਆ ਪਹਿਲੇ ਪਿਆਰ, ਤੇਰਾ ਸ਼ੁਕਰੀਆ!'

ਇਕ ਵਾਰ ਪੰਜਾਬ ਅਤੇ ਚੰਡੀਗੜ੍ਹ ਤੋਂ ਵਾਪਸ ਆਉਣ ਵੇਲੇ ਜਦੋਂ ਟੈਕਸੀ ਏਸ਼ੀਆ ਦੀ ਸਭ ਤੋਂ ਵੱਡੀ, ਦਿੱਲੀ ਦੀ ਰਿੰਗ ਰੋਡ 'ਤੇ ਆ ਰਹੀ ਸੀ। ਕੁਝ ਸਮੇਂ ਲਈ ਮੈਂ ਦਿੱਲੀ ਦਾ ਪ੍ਰਦੂਸ਼ਣ ਭੁਲ ਗਿਆ। ਬਹੁਤ ਸੋਹਣੀ ਥਾਂ 'ਤੇ ਨਜ਼ਰ ਮਾਰਦਿਆਂ ਸਾਹਮਣੇ ਟੀ.ਵੀ. ਟਾਵਰ ਬਹੁਤ ਖ਼ੂਬਸੂਰਤ ਲੱਗਾ। ਕੁਝ ਦਿਨ ਪਹਿਲਾਂ ਹੀ ਟੋਰਾਂਟੋ (ਕੈਨੇਡਾ) ਦਾ ਸੀ.ਐਨ. ਟਾਵਰ ਵੇਖਿਆ ਸੀ, ਉਹ ਯਾਦ ਆ ਗਿਆ। ਮੇਰੀ ਰੂਹ ਰੁਸ਼ਨਾਈ ਗਈ। ਏਅਰ ਪੋਰਟ 'ਤੇ ਪਹੁੰਚ ਕੇ ਡਰਾਈਵਰ ਨੂੰ ਬਣਦੇ ਰੇਟ ਵਿਚ ਆਪਣੀ ਵਿਤ ਅਨੁਸਾਰ ਵਾਧਾ ਕਰ ਦਿੱਤਾ ਜੋ ਉਸ ਦਾ ਇਨਾਮ ਸੀ। ਉਹ ਛੋਟਾ ਰਸਤਾ ਛੱਡ ਕੇ ਮੇਰੇ ਪਹਿਲੇ ਪਿਆਰ ਦੀ ਪੂਰਤੀ ਕਰ ਗਿਆ ਸੀ।

ਇਸ ਪਿਆਰ ਦੀ ਹੱਲਾਸ਼ੇਰੀ ਲਈ ਕੁਦਰਤ ਮੇਰੇ 'ਤੇ ਸਦਾ ਮਿਹਰਬਾਨ ਰਹਿੰਦੀ ਹੈ। ਪਹਿਲੀ ਜਨਵਰੀ 2018 ਨੂੰ ਸਵੇਰੇ ਸਾਡਾ ਜਹਾਜ਼ ਸਿਓਲ (ਦੱਖਣੀ ਕੋਰੀਆ) ਪਹੁੰਚਿਆ। ਪਿਛਲੇ ਸਾਲਾਂ ਦੌਰਾਨ ਕਦੇ ਵੀ ਪਹਿਲੀ ਜਨਵਰੀ ਸੰਘਣੀ ਬਰਫ ਤੋਂ ਸੱਖਣੀ ਨਹੀਂ ਸੀ ਹੁੰਦੀ, ਪਰ ਇਸ ਵਾਰ ਬਰਫ ਦਾ ਨਾਮੋ-ਨਿਸ਼ਾਨ ਨਹੀਂ ਸੀ। ਚੜ੍ਹਦੇ ਸੂਰਜ ਦੀ ਲਾਲੀ ਦੇਖ ਕੇ ਮਨ ਨਸ਼ਿਆ ਗਿਆ ਅਤੇ 'ਰੂਪ ਕੁਆਰੀ ਦਾ, ਜਿਉਂ ਚੜ੍ਹਦੇ ਦੀ ਲਾਲੀ' ਅੱਖੀਂ ਦੇਖ ਲਿਆ।

ਸ਼ਾਮ ਪੰਜ ਵਜੇ ਹੋਟਲ ਤੋਂ ਵਾਪਸ ਆਉਣ



ਵੇਲੇ ਸੂਰਜ ਡੁੱਬ ਰਿਹਾ ਸੀ ਅਤੇ ਇਸ ਦਿਸ਼ਾ ਦਾ ਸੁਰਖ ਰੰਗ ਢਲਦੀ ਅਵਸਥਾ ਵਿਚ ਦੁਨੀਆਂ ਦੀਆਂ ਸਰਦ ਰੁੱਤ ਦੀਆਂ ਖੇਡਾਂ ਵਾਲੇ ਮੈਦਾਨਾਂ ਵਿਚ ਅੱਖ-ਮਟੱਕਾ ਕਰ ਰਿਹਾ ਸੀ। ਮੈਂ ਆਪਣੀ ਪਤਨੀ, ਜੋ ਪਾਠ ਕਰਨ ਵਿਚ ਮਗਨ ਸੀ, ਨੂੰ ਹਲੂਣਿਆ ਅਤੇ ਕਿਹਾ, "ਦੇਖ ਮੇਰਾ ਪਹਿਲਾ ਪਿਆਰ ਸਾਹਮਣੇ ਨਜ਼ਰ ਆ ਰਿਹਾ ਹੈ।" ਵੈਨ ਵਿਚ ਨਾਲ ਬੈਠੇ ਸਾਥੀ ਮੇਰੀ ਸਵਰਗ ਦੇ ਝੂਟੇ ਲੈਣ ਵਾਲੀ ਅਵਸਥਾ ਤਾੜ ਗਏ। ਸਭ ਨੇ ਸੈਲਫੀਆਂ ਰਾਹੀਂ ਇਹ ਅਦਭੁਤ ਨਜ਼ਾਰਾ ਕੈਮਰਿਆਂ ਵਿਚ ਕੈਦ ਕਰ ਲਿਆ। ਮੇਰੇ ਕੋਲ ਕੋਈ ਕੈਮਰਾ ਨਹੀਂ ਸੀ, ਨਾ ਹੀ ਮੈਂ ਇਹੋ ਜਿਹੇ ਨਜ਼ਾਰੇ ਕੈਦ ਕਰਦਾ ਹਾਂ।

ਮੇਰੇ ਲਈ ਮੇਰਾ ਪਹਿਲਾ ਪਿਆਰ, ਕਬਜ਼ਾ ਨਹੀਂ ਪਛਾਣ ਹੈ। ਇਹ ਪਛਾਣ ਵਕਤ ਅਤੇ ਕਿਸੇ ਖਾਸ ਚੀਜ਼ ਦੀ ਮੁਥਾਜ ਨਹੀਂ। ਕਦੇ ਇਹ ਠੰਢੀ ਹਵਾ ਦੇ ਬੁੱਲੇ ਰਾਹੀਂ, ਕਦੇ ਕਿਸੇ ਮਾਸੂਮ ਦੇ ਚਿਹਰੇ ਰਾਹੀਂ ਸਾਹਮਣੇ ਆ ਜਾਂਦੀ ਹੈ। ਗਿਣੇ-ਮਿਥੇ ਅੰਦਾਜ਼ ਨਾਲ ਇਸ ਦਾ ਵਾਹ-ਵਾਸਤਾ ਨਹੀਂ। ਇਹ ਤਾਂ ਅਰਸ਼ੋਂ ਉਤਰੀ ਕੁਦਰਤ ਦੀ ਰਹਿਮਤ ਹੈ। ਕਈ ਵਾਰ ਸੈਰ ਕਰਦਿਆਂ ਦੂਰੋਂ ਹੀ ਕੋਈ ਚਿਹਰਾ ਅਜਨਬੀ ਹੁੰਦਿਆਂ ਵੀ ਜਾਣਿਆ-ਪਛਾਣਿਆ ਲਗਦਾ ਹੈ ਅਤੇ ਕੋਲ ਆਉਣ ਵੇਲੇ ਮੈਂ ਅਕਸਰ ਹੀ ਪੁੱਛ ਲੈਂਦਾ ਹਾਂ, "ਇਥੇ ਕਿਤੇ ਨੇੜੇ ਹੀ ਰਹਿੰਦੇ ਹੋ?" ਉਸ ਨੇ ਮਾਸੂਮ ਜਿਹੀ ਮੁਸਕਾਨ ਨਾਲ ਕਹਿਣਾ, "ਹਾਂ ਜੀ।" ਉਦੋਂ ਬਹੁਤ ਚੰਗਾ ਲਗਦਾ ਹੈ, ਤੇ ਇਹ ਪਰਾਇਆ ਦੇਸ ਆਪਣਾ ਲੱਗਣ ਲੱਗ ਜਾਂਦਾ ਹੈ। ਚਾਣਚੱਕ ਕੁਦਰਤ ਦੀ ਬਖ਼ਸ਼ੀ ਇਹ ਸਾਧਾਰਨ ਖੁਸ਼ੀ ਮੇਰੇ ਪਹਿਲੇ ਪਿਆਰ ਦਾ ਨਵਾਂ ਨਮੂਨਾ ਬਣ ਜਾਂਦੀ ਹੈ।

ਹੁਣੇ ਹੁਣੇ 'ਰੀਡਰਜ਼ ਡਾਈਜੈਸਟ' ਵਿਚ ਕੰਨਾਂ ਦੀ ਸੁਣਨ ਸ਼ਕਤੀ ਬਾਰੇ ਲੇਖ ਪੜ੍ਹਿਆ। ਪਤਾ ਲੱਗਾ ਕਿ ਜਦੋਂ ਕੋਈ ਉਚੀ ਆਵਾਜ਼ ਜਾਂ ਧਮਾਕਾ ਸੁਣਾਈ ਦਿੰਦਾ ਹੈ ਤਾਂ ਬਗੈਰ ਦੇਖਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਆਵਾਜ਼ ਕਿਸ ਦਿਸ਼ਾ ਵੱਲੋਂ ਆਈ ਹੈ। ਨੇਤਰਹੀਣਾਂ ਨੂੰ ਹੋਰ ਵੀ ਚੰਗੀ ਤਰ੍ਹਾਂ ਮਹਿਸੂਸ ਹੁੰਦਾ ਹੈ। ਕੁਦਰਤ ਵਲੋਂ ਦਿੱਤੀ ਹੋਈ ਇਹ ਸੂਝ ਮੇਰੇ ਮਨ ਨੂੰ ਭਾਅ ਗਈ, ਪਰ ਮੇਰੀ ਭੌਤਿਕ ਵਿਗਿਆਨ (ਫਿਜ਼ਿਕਸ) ਦੀ ਸਮਝ ਨੇ ਇਸ ਸੂਝ ਨੂੰ ਹੋਰ ਵੀ ਅਰਥ ਭਰਪੂਰ ਬਣਾ ਦਿਤਾ, ਜਦੋਂ ਅੱਗੇ ਪੜ੍ਹਿਆ ਕਿ ਸੱਜੇ ਕੰਨ ਤੋਂ ਖੱਬੇ ਕੰਨ ਤਕ ਪਹੁੰਚਣ ਲਈ ਆਵਾਜ਼ ਨੂੰ .0001 ਸੈਕਿੰਡ ਲਗਦੇ ਹਨ ਅਤੇ ਦਿਮਾਗ ਇਸ ਵਕਫੇ ਨੂੰ ਝੱਟ ਪਛਾਣ ਜਾਂਦਾ ਹੈ ਕਿ ਕਿਸ ਕੰਨ 'ਤੇ ਇਹ ਆਵਾਜ਼ ਪਹਿਲਾਂ ਟਕਰਾਈ ਸੀ, ਉਸੇ ਦਿਸ਼ਾ ਵੱਲੋਂ ਇਹ ਆਵਾਜ਼ ਆਈ ਹੈ। ਇਹੋ ਜਿਹਾ ਅਨੁਭਵ ਮੇਰੇ ਪਹਿਲੇ ਪਿਆਰ ਨੂੰ ਨਵੀਂ ਜ਼ਿੰਦਗੀ ਬਖ਼ਸ਼ ਕੇ ਤਰੋਤਾਜ਼ਾ ਕਰ ਦਿੰਦਾ ਹੈ।

ਹੁਣ ਤਾਂ ਇਕ ਹੀ ਤਮੰਨਾ ਹੈ ਕਿ ਜੀਵਨ ਦੇ ਆਖਰੀ ਪਲ ਤਕ ਪਹਿਲੇ ਪਿਆਰ ਦੇ ਕ੍ਰਿਸ਼ਮੇ ਮਾਣਦਾ ਰਹਾਂ ਅਤੇ ਅੰਤ ਵੇਲੇ ਧਰਮਰਾਜ ਨੂੰ ਬੜੇ ਸਤਿਕਾਰ ਨਾਲ ਕਹਾਂ, "ਮਿੱਤਰ ਪਿਆਰੇ, ਹੋਰ ਤਾਂ ਮੈਨੂੰ ਮੇਰੀ ਬਾਬਤ ਪਤਾ ਨਹੀਂ, ਮੈਂ ਕੀ ਗੁਨਾਹ ਕੀਤੇ, ਪਰ ਮੈਂ ਆਪਣਾ ਪਹਿਲਾ ਪਿਆਰ ਰੱਜ ਕੇ ਮਾਣਿਆ ਹੈ ਅਤੇ ਇਸ ਨੂੰ ਕਦੇ ਆਂਚ ਨਹੀਂ ਆਉਣ ਦਿੱਤੀ। ਤੇਰੀ ਮਰਜ਼ੀ ਹੈ, ਭਾਵੇਂ ਨਰਕ ਵਿਚ ਭੇਜ, ਚਾਹੇ ਸਵਰਗ ਵਿਚ, ਮੈਨੂੰ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਸਭ ਨੂੰ ਜੀਵਨ ਦੇਣ ਵਾਲੇ ਰੱਬ ਨੇ ਸੂਰਜ ਨੂੰ ਹਰ ਥਾਂ ਮਘਦੇ ਰਹਿਣ ਦੀ ਸਮਰਥਾ ਬਖ਼ਸ਼ੀ ਹੈ। ਉਹ ਆਪਣੀ ਰੋਸ਼ਨੀ ਫੁੱਲਾਂ ਨੂੰ ਵੀ ਦਿੰਦਾ ਹੈ ਅਤੇ ਉਸੇ ਪਿਆਰ ਨਾਲ ਰੂੜੀਆਂ 'ਤੇ ਵੀ ਨਿਛਾਵਰ ਕਰਦਾ ਹੈ।"

ਸੋ, ਮੈਂ ਕਿਤੇ ਵੀ ਹੋਵਾਂ, ਇਹ ਸੂਰਜ ਮੇਰੇ ਪਹਿਲੇ ਪਿਆਰ ਨੂੰ ਨਵਾਂ ਨਰੋਇਆ ਅਤੇ ਜਿਉਣ ਜੋਗਾ ਬਣਾਈ ਰੱਖਣ ਲਈ ਮੇਰੇ ਅੰਗ-ਸੰਗ ਰਹੇਗਾ। ਸਦਾ ਚਮਕਦੇ ਇਸ ਸੂਰਜ ਅਤੇ ਮੇਰੇ ਪਹਿਲੇ ਪਿਆਰ ਨੂੰ ਮੇਰਾ ਸਲਾਮ!

---

## ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ

ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਰੂਹ ਬਣ 'ਗੀ ਇੱਕ ਹਾਵਾ ਹੈ
ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ
ਜਿੱਥੇ ਕੈਦ ਅਣਖ ਦਾ ਲਾਵਾ ਹੈ
ਜਿੱਥੇ ਅਕਲ ਮਸੋਸੀ ਮੁੜ ਪਈ
ਖਾ ਰੋਜ਼ ਥਪੇੜੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਲੋਕ ਬੜੇ ਮਜਬੂਰ ਜਿਹੇ
ਦਿੱਲੀ ਦੇ ਦਿਲ ਤੋਂ ਦੂਰ ਜਿਹੇ
ਤੇ ਭੁੱਖਾਂ ਵਿਚ ਮਸ਼ਹੂਰ ਜਿਹੇ
ਜਿੱਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਹਾਰ ਮੰਨ ਲਈ ਚਾਵਾਂ ਨੇ
ਜਿੱਥੇ ਕੂੰਜ ਘੇਰ ਲਈ ਕਾਂਵਾਂ ਨੇ
ਜਿੱਥੇ ਅਣਵਿਆਹੀਆਂ ਹੀ ਮਾਂਵਾਂ ਨੇ
ਜਿੱਥੇ ਧੀਆਂ ਹੌਕੇ ਲੈਂਦੀਆਂ
ਅਸਮਾਨ ਜਡੇਰੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜੇ ਸੋਕਾ ਇਹ ਹੀ ਸੜਦੇ ਨੇ
ਜੇ ਡੋਬਾ ਇਹ ਹੀ ਮਰਦੇ ਨੇ
ਸਭ ਕਹਿਰ ਇਨ੍ਹਾਂ ਸਿਰ ਵਰਦੇ ਨੇ
ਜਿੱਥੇ ਫਸਲਾਂ ਨੇ ਛੱਡ ਜਾਂਦੀਆਂ
ਅਰਮਾਨ ਤਰੇੜੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿੱਥੇ ਰੋਟੀ ਵਿਚ ਮਨ ਘੁੱਟਿਆ ਹੈ
ਜਿੱਥੇ ਨੇਰ੍ਹਾ ਦੱਬ ਕੇ ਜੁਟਿਆ ਹੈ
ਜਿੱਥੇ ਗੈਰਤ ਦਾ ਤਗ ਟੁੱਟਿਆ ਹੈ
ਜਿੱਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਤੂੰ ਆਪਣਾ ਆਪ ਮਚਾਂਦਾ ਹੈਂ
ਪਰ ਆਪਾ ਹੀ ਰੁਸ਼ਨਾਂਦਾ ਹੈਂ
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

-ਸੰਤ ਰਾਮ ਉਦਾਸੀ

# ਔਰਤ ਤੇ ਗਧੇ ਦੇ ਯੌਨ-ਸਬੰਧ ਦਰਸਾਉਂਦੇ ਸ਼ਿਲਾਲੇਖ

ਗੱਲ ਆਪਣੇ ਹੀ ਸ਼ਿਅਰਾਂ ਨਾਲ ਸ਼ੁਰੂ ਕਰਦਾ ਹਾਂ:

ਰੌਸ਼ਨੀ ਪੁਸਤਕਾਂ 'ਚੋਂ ਝਰਦੀ ਹੈ,
ਕਿਉਂ ਨਾ ਆਖਾਂ ਮਸ਼ਾਲ ਸ਼ਬਦਾਂ ਨੂੰ।
ਵਕਤ ਦੀ ਗੋਦ ਵਿਚ ਨੇ ਜਾ ਸੁੱਤੇ,
ਹੋ ਸਕੇ ਤਾਂ ਉਠਾਲ ਸ਼ਬਦਾਂ ਨੂੰ।
ਰਾਜ਼ ਬੀਤੇ 'ਚੋਂ ਖੋਦ ਲੈਂਦੇ ਨੇ,
ਤਾਂ ਹੀ ਸਮਝਾਂ ਕੁਦਾਲ ਸ਼ਬਦਾਂ ਨੂੰ।

ਸਵਾਮੀ ਧਰਮਾ ਤੀਰਥਾ ਦੀ ਅੰਗਰੇਜ਼ੀ ਕਿਤਾਬ ਦਾ ਸੋਢੀ ਸੁਲਤਾਨ ਸਿੰਘ ਵਲੋਂ ਕੀਤਾ ਪੰਜਾਬੀ ਅਨੁਵਾਦ 'ਹਿੰਦੂ ਸਾਮਰਾਜਵਾਦ ਦਾ ਇਤਿਹਾਸ' ਪੜ੍ਹਦਿਆਂ



**ਸੁਰਿੰਦਰ ਸੋਹਲ**


ਅਸਿੱਧੇ ਤੌਰ 'ਤੇ ਅਣ-ਸੁਲਝੇ ਸਵਾਲ ਕਰਦੇ ਕੁਝ ਫਿਕਰੇ ਜ਼ਿਹਨ ਵਿਚ ਅਟਕੇ ਪਏ ਸਨ। ਪਿਛਲੇ ਦਿਨੀਂ ਬੀ. ਬੀ. ਸੀ. ਵਲੋਂ ਪੇਸ਼ ਕੀਤੀ ਗਈ ਰਿਪੋਰਟ ਵਿਚ ਦਿਲ ਹਿਲਾ ਦੇਣ ਵਾਲੇ ਹਵਾਲੇ ਪੜ੍ਹ ਕੇ ਇਨ੍ਹਾਂ ਸਵਾਲਾਂ ਦੇ ਜਿੰਦਿਆਂ ਦੀ ਕੁੰਜੀ ਹੱਥ ਆਉਂਦੀ ਨਜ਼ਰ ਆਈ ਹੈ।

'ਹਿੰਦੂ ਸਾਮਰਾਜਵਾਦ ਦਾ ਇਤਿਹਾਸ' ਵਿਚ ਸਵਾਮੀ ਧਰਮਾ ਤੀਰਥਾ ਨੇ ਜ਼ਿਕਰ ਕੀਤਾ ਹੈ, "...ਇਸ ਤਰ੍ਹਾਂ ਬ੍ਰਾਹਮਣ ਆਪਣੇ ਆਪ 'ਚ ਹੀ ਇਕ ਰਾਸ਼ਟਰ ਬਣ ਗਏ, ਜਿਨ੍ਹਾਂ ਦੀ ਦਿਲਚਸਪੀ ਧਾਰਮਕ ਅਤੇ ਸਮਾਜਕ ਸ਼ਾਸਨ ਦੇ ਨਾਲ-ਨਾਲ ਭਾਰਤੀ ਲੋਕਾਂ ਦਾ ਬੁਰੀ ਤਰ੍ਹਾਂ ਸ਼ੋਸ਼ਣ ਕਰਨ, ਉਨ੍ਹਾਂ ਨੂੰ ਦਬਾਉਣ, ਗੁਲਾਮ ਬਣਾਉਣ 'ਚ ਸੀ। ਉਨ੍ਹਾਂ ਦਾ ਇਹ ਲਾਭ ਧਰਮ-ਪ੍ਰਚਾਰ ਨਹੀਂ ਸੀ ਕਰਦਾ, ਬਲਕਿ ਇਸ ਨੂੰ ਗੁਪਤ ਰੱਖ ਕੇ ਅਜਾਰੇਦਾਰੀ ਕਾਇਮ ਕਰਨ 'ਚ ਯਕੀਨ ਰੱਖਦਾ ਸੀ।" (ਪੰਨਾ 104-105)

"ਸੱਤਵੀਂ ਸਦੀ ਤੋਂ ਵਿਕਸਿਤ ਹੋ ਕੇ ਲੋਕਾਂ ਨੂੰ ਮੂਰਖ ਅਤੇ ਪਾਗਲ ਬਣਾਉਣ ਵਾਲਾ ਤਾਂਤਰਿਕਵਾਦ ਗਿਆਰਵੀਂ ਸਦੀ 'ਚ ਐਨ ਸਿਖਰ 'ਤੇ ਜਾ ਪੁੱਜਾ, ਜੋ ਧਾਰਮਕ ਆਧਾਰ 'ਤੇ ਜਾਦੂਗਰੀ, ਅੰਧ-ਵਿਸ਼ਵਾਸਾਂ, ਜਾਦੂ-ਟੂਣਿਆਂ ਨੂੰ ਮਨੁੱਖੀ ਜ਼ਿੰਦਗੀ ਦੇ ਅਟੁੱਟਵੇਂ ਅੰਗ, ਰੀਤੀ-ਰਿਵਾਜ ਮੰਨਦਾ ਸੀ।" (ਪੰਨਾ 150)

"8ਵੀਂ ਸਦੀ ਤੋਂ ਲੈ ਕੇ 10ਵੀਂ ਸਦੀ ਤੱਕ ਦਾ ਉਤਰ ਭਾਰਤ ਦਾ ਸਮਾਂ ਅਜਿਹੇ ਪੂਰੀ ਤਰ੍ਹਾਂ ਸੀਲ-ਬੰਦ ਲਿਫਾਫੇ 'ਚ ਬੰਦ ਪਿਆ ਸਮਾਂ ਹੈ, ਜੋ ਮਾਨਵੀ ਬੁੱਧੀ ਦੀ ਪਹੁੰਚ ਤੋਂ ਬਾਹਰ ਦਾ ਹਨੇਰਾ ਹੈ ਅਤੇ ਜਿਸ ਤੱਕ ਹੁਣ ਪਹੁੰਚਣ ਦਾ ਕੋਈ ਰਸਤਾ ਵੀ ਨਹੀਂ ਹੈ।" (ਪੰਨਾ 175)

ਬੀ. ਬੀ. ਸੀ. ਦੀ ਰਿਪੋਰਟ ਪੜ੍ਹਨ ਤੋਂ ਬਾਅਦ 'ਹਿੰਦੂ ਸਾਮਰਾਜਵਾਦ ਦਾ ਇਤਿਹਾਸ' ਪੁਸਤਕ ਦੁਬਾਰਾ ਪੜ੍ਹੀ। ਆਪਣੇ ਵਲੋਂ ਥਾਂ-ਥਾਂ ਨਿਸ਼ਾਨ ਲਾ ਕੇ 'ਹਾਈ-ਲਾਈਟ' ਕੀਤੇ ਹਵਾਲੇ ਪੜ੍ਹ ਕੇ ਹੈਰਾਨੀ ਹੋਈ ਕਿ ਇਹ ਪੁਸਤਕ ਜਿਸ ਵਰਤਾਰੇ ਭਾਵ ਆਮ ਲੋਕਾਂ ਦੇ ਸ਼ੋਸ਼ਣ, ਅੰਧ-ਵਿਸ਼ਵਾਸ, ਦੱਬੇ ਪਏ




ਇਤਿਹਾਸ ਵੱਲ ਇਸ਼ਾਰੇ ਕਰਦੀ ਹੈ, ਉਨ੍ਹਾਂ ਰਹੱਸਾਂ ਬਾਰੇ ਹੀ ਤਾਂ ਬੀ. ਬੀ. ਸੀ. ਦੀ ਰਿਪੋਰਟ ਚਾਨਣਾ ਪਾਉਂਦੀ ਹੈ। ਇਨ੍ਹਾਂ ਦਾ ਸੁਮੇਲ ਭਾਵੇਂ ਦੇਖਣ ਨੂੰ ਓਪਰਾ ਲੱਗੇ ਪਰ ਇਨ੍ਹਾਂ ਦੀਆਂ ਮਹੀਨ ਤੰਦਾਂ ਆਪਸ 'ਚ ਸਾਂਝੀਆਂ ਹੋਣ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ।

ਮਹਾਰਾਸ਼ਟਰ ਵਿਚ ਬਹੁਤ ਹੀ ਘਿਨੌਣੇ ਚਿੱਤਰਾਂ ਵਾਲੇ ਸ਼ਿਲਾਲੇਖ ਮਿਲਣ ਬਾਰੇ ਬੀ. ਬੀ. ਸੀ. ਦੀ ਇਹ ਰਿਪੋਰਟ ਦਸਦੀ ਹੈ ਕਿ ਇਨ੍ਹਾਂ ਸ਼ਿਲਾਲੇਖਾਂ ਵਿਚ ਔਰਤ ਨਾਲ ਗਧੇ ਨੂੰ ਯੌਨ-ਸਬੰਧ ਬਣਾਉਂਦੇ ਦਰਸਾਇਆ ਗਿਆ ਹੈ। ਇਹ ਸ਼ਿਲਾਲੇਖ 10ਵੀਂ ਤੇ 11ਵੀਂ ਸਦੀ ਦੇ ਮੰਨੇ ਗਏ ਹਨ। ਪੁਰਾਤੱਤਵ-ਵਿਗਿਆਨੀ ਇਨ੍ਹਾਂ ਬਾਰੇ ਖੋਜ ਕਰ ਰਹੇ ਹਨ ਅਤੇ ਇਨ੍ਹਾਂ ਦੇ ਅਰਥਾਂ ਦੀ ਗਹਿਰਾਈ ਤੱਕ ਪਹੁੰਚਣ ਦਾ ਯਤਨ ਕਰ ਰਹੇ ਹਨ। 'ਗਧੇਗਾਲ' ਨਾਂ ਨਾਲ ਜਾਣੇ ਜਾਂਦੇ ਇਨ੍ਹਾਂ ਸ਼ਿਲਾਲੇਖਾਂ ਬਾਰੇ ਕਿਹਾ ਗਿਆ ਹੈ ਕਿ ਇਹ ਕੋਈ 'ਰੁਮਾਨੀਅਤ' ਨਹੀਂ, ਸਗੋਂ ਅਜਿਹਾ ਕਰਨ ਦਾ ਔਰਤ ਨੂੰ ਹੁਕਮ ਦਿੱਤਾ ਜਾਂਦਾ ਸੀ ਅਤੇ ਔਰਤ ਦੇ ਪਰਿਵਾਰ ਲਈ ਇਹ ਇਕ ਤਰ੍ਹਾਂ ਦੀ ਸਜ਼ਾ ਸੀ।

ਇਹ ਸ਼ਿਲਾਲੇਖ ਦਰਸਾਉਂਦੇ ਹਨ ਕਿ ਜੇ ਰਾਜੇ ਦਾ ਹੁਕਮ ਨਾ ਮੰਨਿਆ ਤਾਂ ਪਰਿਵਾਰ ਦੀ ਔਰਤ ਨਾਲ ਅਜਿਹਾ ਵਰਤਾਓ ਕੀਤਾ ਜਾ ਸਕਦਾ ਹੈ। ਪੁਰਾਤੱਤਵ-ਵਿਗਿਆਨੀਆਂ ਦਾ ਕਹਿਣਾ ਹੈ ਕਿ ਭਾਵੇਂ ਅਜਿਹੀ ਸਜ਼ਾ ਦੇਣ ਦਾ ਕੋਈ ਸਬੂਤ ਨਹੀਂ, ਫਿਰ ਵੀ ਇਸ ਨਾਲ ਔਰਤਾਂ ਦੇ ਹਾਸ਼ੀਏ 'ਤੇ ਹੋਣ ਦੀ ਗੱਲ ਸਾਹਮਣੇ ਆਉਂਦੀ ਹੈ।

ਰਿਪੋਰਟ ਮੁਤਾਬਕ ਮੱਧਕਾਲੀਨ ਦੌਰ ਦੇ ਮੰਦਿਰ, ਤਾਮਰ-ਪੱਤਰ ਅਤੇ ਮਰਾਠੀ ਭਾਸ਼ਾ ਵਿਚ ਕਈ ਦਸਤਾਵੇਜ਼ ਇਸ ਅਣਕਹੇ ਇਤਿਹਾਸ ਨੂੰ ਉਜਾਗਰ ਕਰਦੇ ਨੇ। ਵਿਸ਼ੇਸ਼ ਤੌਰ 'ਤੇ ਬਲੈਕ ਬੇਸਲਟ ਵਿਚ ਬਣੇ ਮੰਦਿਰ ਅਤੇ ਸ਼ਿਲਾਲੇਖ ਨਾ ਸਿਰਫ ਉਸ ਦੌਰ ਦਾ ਇਤਿਹਾਸ ਸਾਡੇ ਸਾਹਮਣੇ ਲਿਆਉਂਦੇ ਨੇ ਸਗੋਂ ਉਸ ਵੇਲੇ ਦੇ ਸਮਾਜਕ, ਰਾਜਨੀਤਕ ਅਤੇ ਆਰਥਕ ਹਾਲਾਤ ਵੀ ਦਰਸਾਉਂਦੇ ਨੇ।

ਰਿਪੋਰਟ ਮੁਤਾਬਕ 'ਗਧੇਗਾਲ' ਨਾਮੀ ਸ਼ਿਲਾਲੇਖ ਇਸ ਗੱਲ ਦਾ ਪੁਖਤਾ ਸਬੂਤ ਹਨ। ਇਹ ਸ਼ਿਲਾਲੇਖ 10ਵੀਂ ਸਦੀ ਵਿਚ ਮਹਾਰਾਸ਼ਟਰ ਦੇ ਸ਼ਿਲਾਹਾਰ ਸਮਰਾਜ ਨਾਲ ਸਬੰਧ ਰਖਦੇ ਹਨ। ਇਹ ਇਕ ਤਰ੍ਹਾਂ ਨਾਲ ਇਸ ਗੱਲ ਦਾ ਲਿਖਤੀ ਸਬੂਤ ਹੈ ਕਿ ਉਸ ਦੌਰ ਵਿਚ ਰਾਜੇ ਦਾ ਹੁਕਮ ਅਤੇ ਸਮਾਜ ਵਿਚ ਔਰਤਾਂ ਦੀ ਸਥਿਤੀ ਕਿਹੋ ਜਿਹੀ ਸੀ।

ਬੰਬਈ 'ਚ ਰਹਿਣ ਵਾਲੀ ਨੌਜਵਾਨ ਪੁਰਾਤੱਤਵ-ਵਿਗਿਆਨੀ ਹਰਸ਼ਦਾ ਵਿਰਕਤ 'ਗਧੇਗਾਲ' ਵਿਸ਼ੇ 'ਤੇ ਪੀਐਚ. ਡੀ. ਕਰ ਰਹੀ ਹੈ। ਉਹ ਪਿਛਲੇ ਕੁਝ ਸਾਲਾਂ ਤੋਂ ਮਹਾਰਾਸ਼ਟਰ ਤੇ ਹੋਰ ਸੂਬਿਆਂ ਵਿਚ ਮਿਲਣ ਵਾਲੇ ਗਧੇਗਾਲ ਸ਼ਿਲਾਲੇਖਾਂ 'ਤੇ ਖੋਜ ਕਰ ਰਹੀ ਹੈ।

ਉਸ ਦਾ ਕਹਿਣਾ ਹੈ, "ਗਧੇਗਾਲ ਇਕ ਪ੍ਰਕਾਰ ਦਾ ਸ਼ਿਲਾਲੇਖ ਹੈ। ਇਹ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਉਪਰਲੇ ਹਿੱਸੇ ਵਿਚ ਚੰਦ, ਸੂਰਜ ਅਤੇ ਕਲਸ਼ ਬਣਿਆ ਹੋਇਆ ਹੈ। ਵਿਚਕਾਰਲੇ ਹਿੱਸੇ ਵਿਚ ਇਕ ਲਿਖਤ ਹੁੰਦੀ ਹੈ। ਹੇਠਲੇ ਭਾਗ ਵਿਚ ਇਕ ਚਿੱਤਰ ਉਕਰਿਆ ਹੁੰਦਾ ਹੈ, ਜਿਸ ਵਿਚ ਔਰਤ ਅਤੇ ਗਧੇ ਦੇ ਯੌਨ ਸਬੰਧ ਦਰਸਾਏ ਜਾਂਦੇ ਹਨ...।"

"ਸ਼ਿਲਾਲੇਖ ਦੇ ਵਿਚਕਾਰਲੇ ਹਿੱਸੇ 'ਚ ਦਰਜ ਲਿਖਤ ਤੇ ਹੇਠਲੇ ਹਿੱਸੇ ਵਿਚ ਬਣੇ ਚਿੱਤਰ ਕਾਰਨ ਹੀ ਇਸ ਨੂੰ 'ਗਧੇਗਾਲ' ਕਿਹਾ ਜਾਂਦਾ ਹੈ। ਜਦੋਂ ਕੋਈ ਵਿਅਕਤੀ ਰਾਜੇ ਦਾ ਹੁਕਮ ਨਹੀਂ ਸੀ ਮੰਨਦਾ ਤਾਂ ਉਸ ਦੇ ਪਰਿਵਾਰ ਦੀ ਕਿਸੇ ਔਰਤ ਨੂੰ ਦੁੱਖ ਦਿੱਤਾ ਜਾਂਦਾ ਸੀ। ਇਹ ਇਕ ਤਰ੍ਹਾਂ ਦੀ ਸਜ਼ਾ ਸੀ।"

ਗਧੇਗਾਲ ਦੇ ਉਪਰਲੇ ਹਿੱਸੇ ਵਿਚ ਬਣੇ ਚੰਦ-ਸੂਰਜ ਬਾਰੇ ਉਸ ਦਾ ਕਹਿਣਾ ਹੈ, "ਇਹ ਤਸਵੀਰਾਂ ਦੱਸਦੀਆਂ ਨੇ ਕਿ ਰਾਜੇ ਦਾ ਹੁਕਮ ਉਦੋਂ ਤੱਕ ਮੰਨਿਆ ਜਾਵੇਗਾ, ਜਦੋਂ ਤੱਕ ਸੂਰਜ-ਚੰਦ ਰਹਿਣਗੇ।"

ਹਰਸ਼ਦਾ ਮੁਤਾਬਕ "ਸਭ ਤੋਂ ਪਹਿਲਾ ਗਧੇਗਾਲ ਸ਼ਿਲਾਲੇਖ ਮਹਾਰਾਸ਼ਟਰ ਵਿਚ ਲੱਭਾ ਸੀ, ਜਿਸ ਦਾ ਸਮਾਂ 934 ਈ. ਤੋਂ 1012 ਈ. ਵਿਚਕਾਰ ਹੈ। ਸਭ ਤੋਂ ਪਹਿਲਾਂ ਸ਼ਿਲਾਹਾਰ ਦੇ ਰਾਜੇ ਕਾਸ਼ੀਦੇਵ ਨੇ ਗਧੇਗਾਲ ਬਣਵਾਇਆ ਸੀ ਜੋ ਮਹਾਰਾਸ਼ਟਰ ਦੇ ਰਾਇਗੜ੍ਹ ਜ਼ਿਲ੍ਹੇ ਵਿਚ ਸੀ। ਲਗਪਗ 50 ਪ੍ਰਤੀਸ਼ਤ ਗਧੇਗਾਲ ਸ਼ਿਲਾਲੇਖ ਸ਼ਿਲਾਹਾਰ ਰਾਜਵੰਸ਼ ਵੇਲੇ ਹੀ ਬਣਵਾਏ ਗਏ। 30 ਪ੍ਰਤੀਸ਼ਤ ਗਧੇਗਾਲ ਯਾਦਵ, ਕਦੰਬ, ਚਾਲੁਕਿਆ ਅਤੇ ਬਹਿਮਨੀ ਸਾਮਰਾਜਾਂ ਵੇਲੇ ਬਣਵਾਏ ਗਏ।"

ਹਰਸ਼ਦਾ ਅਨੁਸਾਰ "150 ਤੋਂ ਵੱਧ ਗਧੇਗਾਲ ਸ਼ਿਲਾਲੇਖਾਂ 'ਤੇ ਖੋਜ ਕਰਨ ਤੋਂ ਬਾਅਦ ਮੈਨੂੰ ਇਹ ਸੱਚ ਪਤਾ ਲੱਗਾ ਕਿ ਗਧੇਗਾਲ ਦਾ ਸਬੰਧ ਔਰਤ ਦੀ ਸਮਾਜਕ ਸਥਿਤੀ ਬਾਰੇ ਹੈ।...ਜੇ ਗਧੇਗਾਲ ਨੂੰ ਸਮਝਣਾ ਹੈ ਤਾਂ ਉਸ ਵੇਲੇ ਦੇ ਹਾਲਾਤ ਨੂੰ ਸਮਝਣਾ ਪਏਗਾ। ਉਸ ਵੇਲੇ ਸਮਾਜ ਦੇ ਹਾਲਾਤ ਬਹੁਤ ਬੁਰੇ ਸਨ। ਸਾਮਰਾਜਾਂ ਵਿਚ ਸੱਤਾ ਵਾਸਤੇ ਯੁਧ ਹੋ ਰਹੇ ਸਨ। ਸਾਮੰਤਵਾਦੀ ਰਾਜੇ ਆਪਣੀ ਤਾਕਤ ਵਧਾਉਣਾ ਚਾਹੁੰਦੇ ਸਨ ਅਤੇ ਲੋਕਾਂ 'ਤੇ ਆਪਣੀ ਸੱਤਾ ਕਾਬਜ਼ ਕਰਨ ਦੇ ਯਤਨਾਂ ਵਿਚ ਸਨ।"


"ਸਮਾਜ ਵਿਚ ਜਾਤੀਵਾਦ ਅਤੇ ਵਰਣ-ਵਿਵਸਥਾ ਫੈਲੀ ਹੋਈ ਸੀ। ਅੰਧਵਿਸ਼ਵਾਸ ਆਪਣੀ ਚਰਮ-ਸੀਮਾ 'ਤੇ ਸੀ। ਇਸ ਹਾਲਾਤ ਵਿਚ ਔਰਤ ਦੀ ਹਾਲਤ ਬਹੁਤ ਬਦਤਰ ਸੀ।...ਔਰਤਾਂ ਨੂੰ ਭਾਵੇਂ ਮਾਂ, ਪਤਨੀ, ਭੈਣ, ਇੱਥੋਂ ਤੱਕ ਕਿ ਦੇਵੀ ਦੇ ਰੂਪ ਵਿਚ ਵੀ ਦੇਖਿਆ ਜਾਂਦਾ ਸੀ, ਪਰ ਸਮਾਜ ਵਿਚ ਉਸ ਦਾ ਕੋਈ ਸਥਾਨ ਨਹੀਂ ਸੀ। ਇਹੀ ਵਜ੍ਹਾ ਹੈ ਕਿ ਔਰਤਾਂ ਦੀ ਇਸ ਤਰ੍ਹਾਂ ਦੀ ਛਬੀ ਸ਼ਿਲਾਲੇਖਾਂ 'ਤੇ ਉਕਰੀ ਗਈ।"

"ਇਹ ਮੰਨਿਆ ਜਾਂਦਾ ਸੀ ਕਿ ਜੇ ਕਿਸੇ ਪਰਿਵਾਰ ਦੀ ਔਰਤ ਨਾਲ ਅਜਿਹਾ ਘਿਨੌਣਾ ਵਿਹਾਰ ਕੀਤਾ ਜਾਵੇਗਾ ਤਾਂ ਸਮਾਜ ਵਿਚ ਉਸ ਪਰਿਵਾਰ ਦੀ ਇੱਜਤ-ਅਣਖ ਮਿੱਟੀ ਵਿਚ ਮਿਲ ਜਾਏਗੀ। ਇਹੀ ਕਾਰਨ ਹੈ ਕਿ ਕੋਈ ਵੀ ਰਾਜੇ ਦਾ ਹੁਕਮ ਮੰਨਣ ਤੋਂ ਇਨਕਾਰ ਨਹੀਂ ਸੀ ਕਰ ਸਕਦਾ। ਸਾਨੂੰ ਇਹ ਤਾਂ ਨਹੀਂ ਪਤਾ ਕਿ ਇਸ ਤਰ੍ਹਾਂ ਦੀ ਸਜ਼ਾ ਕਦੇ ਦਿੱਤੀ ਵੀ ਗਈ ਕਿ ਨਹੀਂ, ਪਰ ਇਹ ਰਾਜੇ ਵਲੋਂ ਦਿੱਤੀ ਗਈ ਖੁੱਲ੍ਹੀ ਧਮਕੀ ਸੀ।"

ਰਿਪੋਰਟ ਮੁਤਾਬਕ ਅਜਿਹੇ ਸ਼ਿਲਾਲੇਖ ਸਿਰਫ ਮਹਾਰਾਸ਼ਟਰ ਵਿਚ ਹੀ ਨਹੀਂ ਸਗੋਂ ਬਿਹਾਰ ਅਤੇ ਉਤਰ ਭਾਰਤ ਦੇ ਹੋਰਾਂ ਸੂਬਿਆਂ ਵਿਚ ਵੀ ਮਿਲਦੇ ਹਨ, ਭਾਵੇਂ ਇਹ ਸ਼ਿਲਾਲੇਖ ਗਧੇਗਾਲ ਵਰਗੇ ਨਹੀਂ ਪਰ ਉਨ੍ਹਾਂ ਵਿਚ ਵੀ ਰਾਜੇ ਵਲੋਂ ਆਮ ਲੋਕਾਂ ਨੂੰ ਡਰਾਉਣ-ਧਮਕਾਉਣ ਦੇ ਸੰਦੇਸ਼ ਮਿਲਦੇ ਹਨ।

ਇਸ ਵਿਸ਼ੇ ਬਾਰੇ ਡਾ. ਕੁਰੁਸ਼ ਦਲਾਲ ਦੱਸਦੇ ਹਨ, "ਇਸ ਗਧੇਗਾਲ ਸ਼ਿਲਾਲੇਖ ਨਾਲ ਕਈ ਅੰਧਵਿਸ਼ਵਾਸ ਘੜੇ ਗਏ। ਕੁਝ ਲੋਕਾਂ ਨੇ ਤਾਂ ਇਸ ਨੂੰ ਅਪਸ਼ਗਨ ਨਾਲ ਜੋੜ ਕੇ ਦੇਖਿਆ ਤਾਂ ਕੁਝ ਨੇ ਇਨ੍ਹਾਂ ਦੀ ਪੂਜਾ ਕਰਨ ਦੀ ਸੋਚੀ। ਕਈ ਲੋਕਾਂ ਨੂੰ ਲੱਗਿਆ ਕਿ ਇਹ ਸ਼ਿਲਾਲੇਖ ਦੇਵੀ-ਦੇਵਤਿਆਂ ਨੂੰ ਦਰਸਾ ਰਹੇ ਨੇ। ਕੁਝ ਲੋਕਾਂ ਨੇ ਇਨ੍ਹਾਂ ਨੂੰ ਤੋੜ ਵੀ ਸੁਟਿਆ ਕਿਉਂਕਿ ਇਹ ਕੋਈ ਸ਼ੁਭ ਸੰਦੇਸ਼ ਨਹੀਂ ਸਨ ਦਿੰਦੇ।"

ਸਵਾਮੀ ਧਰਮਾ ਤੀਰਥਾ ਦੀ ਪੁਸਤਕ ਵਿਚ ਜਿਸ ਸਮੇਂ ਨੂੰ ਸੀਲ-ਬੰਦ ਲਿਫਾਫੇ ਵਿਚ ਪਿਆ ਕਿਹਾ ਗਿਆ ਸੀ, ਇਸ ਰਿਪੋਰਟ ਨਾਲ ਉਨ੍ਹਾਂ ਸੀਲਾਂ ਨੂੰ ਨਾ ਸਿਰਫ ਜ਼ਰਬ ਆਈ ਹੈ, ਸਗੋਂ ਉਨ੍ਹਾਂ ਅੰਦਰ ਪਏ ਭੇਤ ਨਰਸਿੰਘ ਵਾਂਗ ਅਤੀਤ ਦਾ ਥੰਮ



ਪਾੜ ਕੇ ਬਾਹਰ ਆਉਣੇ ਸ਼ੁਰੂ ਹੋ ਗਏ ਹਨ, ਉਹ ਵੀ ਉਸ ਸਮੇਂ ਜਦੋਂ ਭਾਰਤ ਦੀ ਰਾਜਨੀਤੀ ਨੂੰ ਖਾਸ ਰੰਗ ਵਿਚ ਰੰਗਿਆ ਜਾ ਰਿਹਾ ਹੈ।

ਮੁਨੱਵਰ ਰਾਣਾ ਠੀਕ ਹੀ ਕਹਿੰਦੇ ਨੇ:

ਹੁਕੂਮਤ ਕੀ ਤਵੱਜੋ ਚਾਹਤੀ ਹੈ
ਯੇ ਜਲੀ ਬਸਤੀ,
ਅਦਾਲਤ ਪੂਛਨਾ ਚਾਹੇ ਤੋ
ਮਲਬਾ ਬੋਲ ਸਕਤਾ ਹੈ।

---

## ਕਾਵਿ ਜਗਤ

### ਵਕਤ ਦਾ ਕਾਇਦਾ

ਹਰ ਕੋਈ ਕੰਡੇ ਰਾਹਾਂ 'ਚ ਸੁੱਟਦਾ ਏ
ਮਿੱਤਰਾ ਸੰਭਲ-ਸੰਭਲ ਕੇ ਤੁਰਨਾ।
ਅੱਖੀਆਂ ਇੰਜ ਹੀ ਨਾ ਮਟਕਦੀਆਂ
ਹੱਡਾਂ ਨੂੰ ਪੀਸ ਕੇ ਬਣਦਾ ਸੁਰਮਾ।
ਮਲਾਈਆਂ ਦੁੱਧ ਤੋਂ ਬਣਨ ਲਈ
ਪੈਂਦਾ ਅੱਗ ਦੇ ਸੇਕ 'ਤੇ ਕੜ੍ਹਨਾ।
ਵਕਤਾਂ ਦੇ ਕਾਇਦੇ ਨੂੰ ਸੱਜਣਾ ਹੁਣ
ਪਊ ਵਰਕਾ-ਵਰਕਾ ਕਰ ਪੜ੍ਹਨਾ।

ਲੱਗੀ ਜਿਸਮਾਂ ਦੀ ਮੰਡੀ 'ਚ
ਇਨ੍ਹਾਂ ਤੇਰੀ ਕੀਮਤ ਪਾਉਣੀ ਧੇਲਾ।
ਲੋਟੂ-ਲੁੱਚਿਆਂ ਲਈ ਸਿੰਘਾਸਣ ਨੇ
ਹੁੰਦੀਆਂ ਕਿਰਤੀਆਂ ਦੇ ਲਈ ਜੇਲ੍ਹਾਂ।
ਹੱਕ ਕੋਈ ਕਿਸੇ ਨੂੰ ਦਿੰਦਾ ਨਹੀਂ
ਹੱਕਾਂ ਲਈ ਪੈਂਦਾ ਮੈਦਾਨ 'ਚ ਲੜਨਾ...।

ਜਾਤ-ਪਾਤ ਤੇ ਧਰਮ ਦੇ ਨਾਂ ਉਤੇ
ਸਾਡੇ ਵਿਚ ਆਏ ਪਾਉਂਦੇ ਵੰਡੀਆਂ।
ਹੁਣ ਹੋਰ ਨਫਰਤ ਵਿਚ ਡੁੱਬਣਾ ਨਹੀਂ
ਸਮਝੋ ਚਲਦੇ ਚਾਲਾਂ ਏ ਗੰਦੀਆਂ।
ਡਰਦਿਆਂ ਨੂੰ ਡਰਾਉਂਦੇ ਨੇ
ਹੁਣ ਫੜ੍ਹਨੀਆਂ ਪੈਣੀਆਂ ਸੰਘੀਆਂ।
ਜੇ ਜੁਲਮ ਦੇਖ ਅੱਖਾਂ ਬੰਦ ਕਰ ਲਈਆਂ
ਇਨ੍ਹਾਂ ਸਾਡੇ ਸਿਰ 'ਤੇ ਪੈਰਾਂ ਨੂੰ ਧਰਨਾ।
ਵਕਤਾਂ ਦੇ ਕਾਇਦੇ ਨੂੰ ਸੱਜਣਾ ਹੁਣ
ਪਊ ਵਰਕਾ-ਵਰਕਾ ਕਰ ਪੜ੍ਹਨਾ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

---

### ਸਰਹੱਦ

ਸਭ ਪਾਸੇ ਕੰਡਿਆਲੀਆਂ ਤਾਰਾਂ
ਕੌਣ ਖੜ੍ਹਾ ਕਿਸ ਪਾਸੇ।
ਅੱਗ ਦੇ ਦਰਿਆ ਨੇ ਵਗਦੇ
ਪਾਣੀ ਵੀ ਅੱਜ ਪਿਆਸੇ।

ਬੋਲ ਅੱਜ ਬੁੱਲ੍ਹਾਂ ਵਿਚ ਫਸ ਗਏ
ਹੰਝੂ ਵੀ ਅੱਖਾਂ ਵਿਚ ਸੁੱਕ ਗਏ
ਸੜ੍ਹ ਮੋਏ ਸਾਰੇ ਹਾਸੇ।

ਕਾਂ ਚਿੜੀਆਂ ਹੁਣ ਰੁੱਸੇ ਲਗਦੇ
ਗੂੰਗੇ ਹੋ ਕੇ ਉਡਦੇ ਫਿਰਦੇ
ਭੁੱਲ ਗਏ ਦੇਣੇ ਦਿਲਾਸੇ।

ਕਿਸ 'ਤੇ ਗੁੱਸਾ, ਕਿਸ 'ਤੇ ਸ਼ਿਕਵਾ
ਕਿਸ ਨੇ ਕਿਸ ਨੂੰ ਦਿੱਤਾ ਧੋਖਾ,
ਸਮਿਆਂ ਨੇ ਜੋ ਲਿਖੇ ਸੀ ਅੱਖਰ
ਲੱਭ ਰਹੇ ਨੇ ਅਰਥ ਉਹ ਆਪਣੇ
ਹੱਥ ਵਿਚ ਫੜ੍ਹ ਕੇ ਕਾਸੇ।

ਕਿੰਨੀਆਂ ਵਿੱਥਾਂ, ਕਿੰਨੀਆਂ ਵਾਟਾਂ
ਨਜ਼ਰ ਵਕਤ ਦੀ ਪਈ ਏ ਮਿਣਦੀ,
ਹਰ ਕੋਈ ਅਗਰ ਸਰਹੱਦਾਂ ਉਕਰੇ,
ਆਦਿ ਅੰਤ ਦੀ ਕਿਹੜੀ ਸੀਮਾ
ਹਾਰੇ ਸਭ ਕਿਆਸੇ।

ਹਰ ਸ਼ਾਖ 'ਤੇ ਉਲੂ ਦਾ ਡੇਰਾ
ਮੋੜ ਮੋੜ 'ਤੇ ਛੁਪੇ ਲੁਟੇਰੇ,
ਐਵੇਂ ਕਾਂਵਾਂ ਰੌਲੀ ਪਾ ਕੇ
ਬੋਚਣ ਲਈ ਰੋਟੀ ਦੇ ਟੁਕੜੇ
ਰੱਜ ਕੇ ਆਪਣੀ ਖੇਹ ਉਡਾ ਕੇ
ਸੜਕ, ਰੇਲ 'ਤੇ ਧਰਨੇ ਲਾ ਕੇ
ਖੂਬ ਰਹਿਮ ਕਰੋ ਝੂਠੇ ਝਾਂਸੇ।

*-ਦਿਲਜੋਧ ਸਿੰਘ*
*ਮੇਨਾਮੋਣੀ ਫਾਲਜ਼, ਵਿਸਕਾਨਸਿਨ*
*diljodh@yahoo.com*

---

### ਗ਼ਜ਼ਲ

ਰੱਖੀਆਂ ਸਨ ਬਾਰੀਆਂ,
ਤਾਜ਼ੀ ਹਵਾ ਦੇ ਆਉਣ ਨੂੰ।
ਗੰਢ ਲਈਆਂ ਦੁਸ਼ਮਣਾਂ ਨੇ,
ਭੇਦ ਘਰ ਦਾ ਪਾਉਣ ਨੂੰ।
ਧਰਮ ਦਿੰਦਾ ਸੇਧ ਹੈ,
ਜੀਵਨ ਸੁਚੱਜਾ ਜੀਣ ਦੀ,
ਵਰਤਿਆ ਇਹ ਜਾ ਰਿਹਾ ਹੈ,
ਲੜਨ-ਲੜਾਉਣ ਨੂੰ।

ਕਾਤਲਾਂ ਦਾ ਹੁਣ ਦਬਾਅ ਹੈ,
ਦੇ ਰਹੇ ਨੇ ਧਮਕੀਆਂ,
ਜ਼ੋਰ ਲਾਇਆ ਹੈ, ਗਵਾਹ ਨੂੰ
ਹੱਕ ਵਿਚ ਭੁਗਤਾਉਣ ਨੂੰ।
ਹੁਣ ਮਨਾਂ ਵਿਚ ਵਸ ਗਈ ਹੈ,
ਵਾਸ਼ਨਾ ਹੀ ਵਾਸ਼ਨਾ,
ਫਸ ਗਏ ਨੇ ਕਾਮ ਅੰਦਰ,
ਸੀ ਤੁਰੇ ਰੱਬ ਪਾਉਣ ਨੂੰ।

ਜੰਡ ਵਾਲੀ ਥਾਂ ਬਣੀ ਹੈ,
ਹੁਣ ਲੜਾਈ ਦੀ ਵਜ੍ਹਾ,
ਕੁਝ ਤੁਰੇ ਬਣਾਉਣ ਮੰਦਿਰ,
ਕੁਝ ਤੁਰੇ ਨੇ ਢਾਹੁਣ ਨੂੰ।

ਸੀਸ ਦੇ ਕੇ ਤੈਂ ਸੀ ਬਚਾਇਆ,
ਤਿਲਕ ਜੰਞੂ ਜੋ ਕਦੀ,
ਪਾ ਰਿਹਾ ਹੈ ਹੱਥ ਉਹੀਓ,
ਵੇ ਅੱਜ ਸਾਡੀ ਧੌਣ ਨੂੰ।
ਸੱਚ ਦਿਆਂ ਬੋਲਾਂ 'ਤੇ,
'ਠਾਕਰ' ਬੰਦਿਸ਼ਾਂ ਹੀ ਬੰਦਿਸ਼ਾਂ,
ਹੱਲਾਸ਼ੇਰੀ ਦੇ ਰਹੇ ਨੇ,
ਉਹ ਨਫਰਤਾਂ ਫੈਲਾਉਣ ਨੂੰ।

*-ਠਾਕਰ ਪ੍ਰੀਤ ਰਾਊਕੇ*
*ਫੋਨ: 519-913-0873*

---

### ਪੱਥਰ

ਜ਼ਹਿਨ ਪੇ ਜਬ ਹੋਂ ਛਾਏ ਪੱਥਰ
ਸਭ ਫੂਲ, ਕਲੀ ਨਜ਼ਰ ਆਏ ਪੱਥਰ।
ਹੈ ਜਬ ਭੀ, ਹੱਕ ਕੀ ਬਾਤ ਕਹੀ
ਚਾਰੋਂ ਅਤਰਾਫ ਸੇ ਆਏ ਪੱਥਰ।
ਮਜ਼ਲੂਮੋਂ ਕੇ ਹੱਕ ਕੀ ਖਾਤਿਰ
ਅਹਿਲੇ-ਕਲਮ ਨੇ ਉਠਾਏ ਪੱਥਰ।
ਉਨਕੇ ਦਿਲ ਹੋਂ ਨਰਮ ਭਲਾ ਕਿਉਂ?
ਜਜ਼ਬਾਤ ਪੇ ਜਿਨਕੇ ਛਾਏ ਪੱਥਰ।
ਫਲ, ਫੂਲ, ਲਕੜੀ ਸਾਯਾ ਦੇ ਕਰ
ਸ਼ਜਰ ਨੇ ਸਰ ਪੇ ਖਾਏ ਪੱਥਰ।
ਸੱਚ ਕਹਿਨਾ ਨਹੀਂ ਛੋੜੇਗਾ ਹੱਕ
ਕਿਤਨੇ ਹੀ ਬਾਤਿਲ, ਬਰਸਾਏ ਪੱਥਰ।
ਹੱਦ ਸੇ ਬੜ੍ਹੀ ਜਬ ਬਦ ਕਿਰਦਾਰੀ
ਤਬ ਆਸਮਾਂ ਨੇ ਹੈਂ ਬਰਸਾਏ ਪੱਥਰ।
ਆਈਨਾ ਬਨੇ ਹਮ, ਜਬ ਸੇ ਐ ਦੋਸਤ
ਅਹਿਬਾਬ ਨੇ ਭੀ ਹੈਂ ਬਰਸਾਏ ਪੱਥਰ।

ਡਿਜੀਟਲ ਬਨਤੇ, ਇਸ ਮੁਲਕ ਕੇ ਬੀਚ
ਗਰੀਬ ਬੇਚਾਰਾ! ਕਯਾ ਖਾਏ ਪੱਥਰ?
ਹੈ ਵਹੀ ਸੱਚਾ ਇਨਸਾਂ ਅਸਲ ਮੇਂ
ਬੀਚ ਰਸਤੇ ਸੇ ਜੋ ਹਟਾਏ ਪੱਥਰ।
ਚੱਟਾਨੋਂ ਸੰਗ ਲੜਤੇ, ਭਿੜ੍ਹਤੇ
ਹਾਏ ਇਨਸਾਂ, ਬਨ ਜਾਏ ਪੱਥਰ।
ਫੂਲ ਕਹਾਂ! ਫਿਰ ਮੂੰਹ ਸੇ ਗਿਰਤੇ
ਹੋਂ ਜਬ ਜ਼ਹਿਨ ਪੇ ਛਾਏ ਪੱਥਰ।
ਹਮਰਾਹ, ਜੋ ਫੂਲੋਂ ਕੇ ਚਲੇ ਹਮ
ਸੰਗ ਕਾਂਟੋਂ ਕੇ ਹੈਂ ਖਾਏ ਪੱਥਰ।
ਹੋਂ ਜੇਰੇ-ਕਦਮ ਜਿਨ ਕੇ ਫੂਲ ਬਿਛਾਏ
ਰਸਤੇ ਹਮਾਰੇ ਉਸ ਨੇ ਬਿਖਰਾਏ ਪੱਥਰ।
ਅਸ਼ਕ ਆਂਖੋਂ ਸੇ ਨਹੀਂ ਫਿਰ ਬਹਿਤੇ
ਆਦਮੀ ਕਾ ਦਿਲ ਜਬ ਹੋ ਜਾਏ ਪੱਥਰ।
ਹਿਲਾਲ-ਅ-ਹਰਾਮ ਕੀ ਤਮੀਜ਼ ਕਹਾਂ ਫਿਰ
'ਅੱਬਾਸ' ਜ਼ਮੀਰ ਜੋ ਬਨ ਜਾਏ ਪੱਥਰ।

*-ਮੁਹੰਮਦ ਅੱਬਾਸ ਧਾਲੀਵਾਲ*
*ਮਲੇਰਕੋਟਲਾ।*
*ਫੋਨ: 91-98552-59650*

---

**ਨੋਟ:** ਜ਼ਹਿਨ (ਬੁੱਧੀ, ਦਿਮਾਗ), ਅਤਰਾਫ (ਦਿਸ਼ਾ), ਅਹਿਲੇ-ਕਲਮ (ਲੇਖਕ), ਸ਼ਜਰ (ਦਰਖਤ), ਬਾਤਿਲ (ਝੂਠ), ਅਹਿਬਾਬ (ਮਿੱਤਰ), ਅਸ਼ਕ (ਹੰਝੂ)।

ਕਹਾਣੀ

# ਦਾਵਾਨਲ

*ਕਹਾਣੀਕਾਰ ਕਰਮ ਸਿੰਘ ਮਾਨ ਦੀ ਕਹਾਣੀ 'ਦਾਵਾਨਲ' ਦਾ ਮੁੱਖ ਪਾਤਰ ਸੱਚਮੁੱਚ ਭਾਂਬੜ ਵਾਂਗ ਮੱਚ ਰਿਹਾ ਹੈ। ਜਦੋਂ ਇਖਲਾਕੀ ਕਹਿਰ ਤੇ ਜ਼ਬਰ ਜ਼ੁਲਮ ਦੀ ਹੱਦ ਹੋ ਗਈ ਤਾਂ ਉਸ ਦੇ ਅੰਦਰੋਂ ਦਾਵਾਨਲ ਫੁੱਟ ਉਠਿਆ। ਲੇਖਕ ਨੇ ਜੰਗਲ ਵਿਚ ਲੱਗੀ ਅੱਗ ਦੀ ਤਸ਼ਬੀਹ ਨਾਲ ਮੁਖ ਪਾਤਰ ਦੀ ਗਾਥਾ ਸੁਣਾਈ ਹੈ। ਇਉਂ ਮੱਚ ਰਿਹਾ ਕੋਈ ਜੀਵ ਹੀ ਤਬਾਹੀ ਦੇ ਮੰਜ਼ਰ ਦੇਖ ਕੇ ਹੱਸ ਸਕਦਾ ਹੈ। ਕਹਾਣੀਕਾਰ ਨੇ ਇਸ ਪਾਤਰ ਦਾ ਭੇਤ ਇਕ ਇਕ ਕਰਕੇ ਖੋਲ੍ਹਿਆ ਹੈ। ਜਿਉਂ ਜਿਉਂ ਭੇਤ ਖੁੱਲ੍ਹਦੇ ਹਨ, ਪਾਠਕ ਦੇ ਮਨ ਅੰਦਰ ਉਥਲ-ਪੁਥਲ ਹੋਣ ਲਗਦੀ ਹੈ ਅਤੇ ਉਹ ਮੁੱਖ ਪਾਤਰ ਬਾਰੇ ਹੋਰ ਢੰਗ ਨਾਲ ਸੋਚਣ ਲੱਗਦਾ ਹੈ। -ਸੰਪਾਦਕ*

ਹੁਣ ਫੇਰ ਜੰਗਲ ਨੂੰ ਅੱਗ ਲੱਗ ਗਈ ਹੈ। ਪਿਛਲੇ ਦਸ ਸਾਲਾਂ ਵਿਚ ਦਸਵੀਂ ਵਾਰ। ਅੱਗ ਦੀਆਂ ਲਾਟਾਂ। ਸੰਘਣਾ ਗਰਮ ਧੂੰਆਂ। ਪਹਾੜਾਂ ਦੀ ਹਿੱਕ 'ਤੇ ਪਈ ਬਰਫ ਵੀ ਇਸ ਨਾਲ ਭਾਫ ਬਣ ਕੇ ਉਡ ਰਹੀ ਹੈ। ਹਵਾ ਦੇ ਮੋਢਿਆਂ 'ਤੇ ਚੜ੍ਹੀ, ਤਾਂਡਵ ਨਾਚ ਨੱਚਦੀ, ਇਹ ਅੱਗ ਅੱਗੇ ਈ ਅੱਗੇ ਵਧਦੀ ਰੁਕਣ ਦਾ ਨਾਂ ਈ ਨਹੀਂ ਲੈ ਰਹੀ। ਕੁਝ ਨ੍ਹੀਂ ਬਚਿਆ, ਨਾ ਰੁੱਖ ਨਾ ਟਾਹਣ, ਨਾ ਪੱਤਾ, ਨਾ ਰੁੱਖਾਂ 'ਤੇ ਪਏ ਆਲ੍ਹਣੇ, ਨਾ ਘਾਹ-ਫੂਸ, ਨਾ ਖੱਡਾਂ, ਘੋਰਨੇ, ਨਾ ਹਿਰਨ, ਨਾ ਬਘਿਆੜ, ਚੀਤੇ। ਸਭ ਨੂੰ ਅੱਗ ਦੀ ਡੈਣ ਭਸਮ ਕਰ ਗਈ ਹੈ।

ਸਾਰੇ ਫਰੀ ਵੇ, ਹਾਈ ਵੇ ਅਤੇ ਲੋਕਲ ਸੜਕਾਂ ਬੰਦ ਹਨ। ਅੱਗ ਬਝਾਉਣ ਵਾਲੇ ਦਸਤੇ ਟਨਾਂ ਦੇ ਟਨ ਰਸਾਇਣਕ ਪਦਾਰਥ ਛਿੜਕਦੇ, ਹੈਲੀਕਾਪਟਰ ਪਾਣੀ ਦੇ ਟੈਂਕਾਂ ਦੇ ਟੈਂਕ ਮੂਧੇ ਕਰਦੇ ਹਾਰੀ ਫੌਜ ਵਾਂਗੂ ਇਸ ਮੂਹਰੇ ਹਥਿਆਰ ਸੁੱਟੀ

## ਕਰਮ ਸਿੰਘ ਮਾਨ

ਖੜ੍ਹੇ ਹਨ। ਇਸ ਵਾਰ ਪੁਲਿਸ ਦਾ ਵਿਚਾਰ ਹੈ ਕਿ ਇਹ ਅੱਗ ਨਾ ਤਾ ਕਿਸੇ ਬਿਜਲੀ ਦਾ ਸਰਕਟ ਲੀਕ ਹੋਣ ਨਾਲ, ਜਾਂ ਅਸਮਾਨੀ ਬਿਜਲੀ ਡਿਗਣ ਨਾਲ ਜਾਂ ਸੁੱਕੇ ਘਾਹ ਜਾਂ ਕਿਸੇ ਹੋਰ ਕਾਰਨ ਲੱਗੀ ਹੈ ਅਤੇ ਨਾ ਹੀ ਇਹ ਮਨੁੱਖੀ ਗਲਤੀ ਨਾਲ ਲੱਗੀ ਲਗਦੀ ਹੈ, ਇਹ ਤਾਂ ਕਿਸੇ ਦੀ ਲਾਈ ਲਗਦੀ ਹੈ।

ਪੁਲਿਸ ਨੇ ਇਕ ਅਜਨਬੀ ਦੀ ਪਛਾਣ ਕੀਤੀ ਹੈ। ਲੰਬਾ ਕੱਦ, ਖੁੱਲ੍ਹੀ ਮੂੰਹਪਾੜ, ਬਘਿਆੜ ਵਾਂਗ ਝਾਕਦੀਆਂ, ਛੋਟੀਆਂ-ਛੋਟੀਆਂ ਨੀਲੀਆਂ ਵੱਢ ਖਾਣੀਆਂ ਅੱਖਾਂ, ਝੁਰੜੀਆਂ ਭਰਿਆ ਮੱਥਾ, ਤਣਿਆ ਚਿਹਰਾ, ਮਤੀਰੇ ਵਾਂਗ ਮੁੰਨਿਆ ਸਿਰ, ਪੈਰਾਂ ਵਿਚ ਭਾਰੀ ਬੂਟ, ਚਿੱਬ-ਖੜੱਬੀ ਫੋਰਡ ਕਾਰ।

ਅੱਗ ਜੰਗਲ ਦੇ ਪੂਰਬ ਵਾਲੇ ਪਾਸੇ ਤੋਂ ਚੱਲੀ ਸੀ, ਉਦੋਂ ਇਹ ਅਜਨਬੀ ਪੂਰਬ ਵਾਲੇ ਪਾਸੇ ਸੀ। ਅੱਗ ਪੱਛਮ ਵਾਲੇ ਪਾਸੇ ਨੂੰ ਵਧੀ, ਉਦੋਂ ਉਹ ਪੱਛਮ ਵਾਲੇ ਪਾਸੇ ਦਿਸਦਾ ਹੈ। ਚਾਰੇ ਪਾਸੇ ਮਾਤਮ ਛਾਇਆ ਹੈ, ਪਰ ਇਹ ਅਜਨਬੀ ਠਹਾਕਾ ਮਾਰ ਕੇ ਹਸਦਾ ਹੈ, ਹੱਸੀ ਜਾਂਦਾ ਹੈ। 'ਅੱਗ ਲਾਈ ਚੱਲੋ, ਇੰਧਨ ਪਾਈ ਚੱਲੋ' ਉਹ ਗਾਈ ਜਾਂਦਾ ਹੈ, ਠਹਾਕਾ ਮਾਰ-ਮਾਰ ਹੱਸੀ ਜਾਂਦਾ ਹੈ।

ਪੁਲਿਸ ਇਸ ਦੀ ਫੋਟੋ ਲੈਂਦੀ ਹੈ। ਪਿਛਲੀਆਂ ਲੱਗੀਆਂ ਅੱਗਾਂ ਦੇ ਨੇੜੇ ਦੇ ਹੋਟਲਾਂ-ਮੋਟਲਾਂ, ਕਾਰਨਰ ਸਟੋਰਾਂ ਤੇ ਗੈਸ ਸਟੇਸ਼ਨਾਂ ਅਤੇ ਅਖਬਾਰਾਂ ਵਿਚ ਪਿਛਲੇ ਸਮੇਂ ਵਿਚ ਛਪੀਆਂ ਤਸਵੀਰਾਂ ਗਹੁ ਨਾਲ ਵੇਖਦੀ ਹੈ। ਉਨ੍ਹਾਂ ਵਿਚ ਇਸ ਆਦਮੀ ਨਾਲ ਮਿਲਦੀਆਂ ਜੁਲਦੀਆਂ ਤਸਵੀਰਾਂ ਹਨ। ਪੁਲਿਸ ਪੁੱਛ ਗਿੱਛ ਕਰਨ ਲਈ ਉਸ ਨੂੰ ਠਾਣੇ ਜਾਣ ਲਈ ਆਖਦੀ ਹੈ। ਉਹ ਵਿਰੋਧ ਕਰਦਾ ਹੈ। ਘਸੁੰਨ ਵਟਦਾ ਹੈ, ਠੁੱਡੇ ਮਾਰਦਾ ਹੈ, ਪਰ ਪੁਲਿਸ ਉਸ 'ਤੇ ਕਾਬੂ ਪਾ ਲੈਂਦੀ ਹੈ, ਉਸ ਦੇ ਹੱਥ ਪਿੱਛੇ ਬੰਨ੍ਹ ਕੇ, ਧੱਕਾ ਮਾਰ ਕੇ ਵੈਨ ਵਿਚ ਸੁੱਟ ਲੈਂਦੀ ਹੈ। ਉਹ ਬੰਨ੍ਹਿਆ ਹੋਇਆ ਚੰਘਿਆੜਦਾ ਹੈ ਤੇ ਦੰਦ ਪੀਂਹਦਾ ਹੈ।

ਜਾਮਾਤਲਾਸ਼ੀ ਲੈਣ ਸਮੇਂ ਸਾਰਜੈਂਟ ਨੂੰ ਉਸ ਦੇ ਬੈਲਟ ਵਿਚੋਂ ਉਸ ਦਾ ਡਰਾਈਵਿੰਗ ਲਾਈਸੈਂਸ ਤੇ ਇਕ ਨੌਜਵਾਨ ਔਰਤ ਦੀ ਤਸਵੀਰ ਮਿਲ ਜਾਂਦੀ ਹੈ। ਤਿੰਨ ਹੋਰ ਅਖਬਾਰਾਂ 'ਚੋਂ ਕੱਟੀਆਂ ਤਸਵੀਰਾਂ ਹਨ, ਜਿਨ੍ਹਾਂ ਨੂੰ ਖਰਾਬ ਹੋਣੋਂ ਬਚਾਉਣ ਲਈ ਉਸ ਨੇ ਉਨ੍ਹਾਂ ਉਪਰ ਦੀ ਪਾਰਦਰਸ਼ੀ ਪੇਪਰ ਚੜ੍ਹਾਇਆ ਹੋਇਆ ਹੈ। ਡਰਾਈਵਿੰਗ ਲਾਈਸੈਂਸ ਤੇ ਉਸ ਦਾ ਨਾਂ ਡੇਵਿਡ ਹੈ, ਸਰਨੇਮ ਕੋਈ ਨਹੀਂ ਹੈ।

"ਮਿਸਟਰ ਡੇਵਿਡ ਜੰਗਲ ਸੜ ਰਿਹਾ ਹੈ। ਬਿਲੀਅਨ ਡਾਲਰਾਂ ਦਾ ਮਾਲੀ ਤੇ ਜਾਨੀ ਨੁਕਸਾਨ ਹੋਇਆ ਹੈ, ਤੈਨੂੰ ਹਾਸਾ ਆਉਂਦਾ ਹੈ, ਕਿਉਂ?" ਪੁਲਿਸ ਸਾਰਜੈਂਟ ਮਾਈਕ ਨੇ ਸਖਤੀ ਨਾਲ ਪੁੱਛਿਆ।

"ਬਾਹਰ ਅੱਗ! ਅੰਦਰ ਅੱਗ।" ਉਹ ਫਿਰ ਉਚੀ ਠਹਾਕਾ ਮਾਰ ਕੇ ਹਸਦਾ ਹੈ। ਪਰ ਛੇਤੀ ਹੀ ਹਸਦੇ-ਹਸਦੇ ਦਾ ਉਸ ਦਾ ਚਿਹਰਾ ਤਣਿਆ ਜਾਂਦਾ ਹੈ। ਪੁੜਪੜੀਆਂ ਦੀਆਂ ਨਾੜਾਂ ਖੜ੍ਹੀਆਂ ਹੋ ਜਾਂਦੀਆਂ ਹਨ। ਅੱਖਾਂ ਵਿਚ ਜਵਾਲਾ ਮਚਦੀ ਹੈ। ਉਹ ਮੋਢੇ ਛੰਡਦਾ ਹੈ। ਪੈਰ ਕਸ ਕੇ ਫਰਸ਼ 'ਤੇ ਮਾਰਦਾ ਹੈ। ਸਾਰਜੈਂਟ ਮਾਈਕ ਦੇ ਠੁੱਡਾ ਮਾਰਨ ਜਾਂਦਾ ਹੈ। ਉਹ ਚੌੜਾ ਮੂੰਹ ਖੋਲ੍ਹਦਾ ਹੈ, ਉਸ ਦਾ ਖੁੱਲ੍ਹਾ ਮੂੰਹ ਵੇਖ ਕੇ ਇੰਜ ਲਗਦਾ ਹੈ ਜਿਵੇਂ ਉਹ ਸਾਰਜੈਂਟ ਮਾਈਕ ਨੂੰ ਚੱਬ ਜਾਣਾ ਚਾਹੁੰਦਾ ਹੋਵੇ।

"ਅੱਗ, ਠੰਢ।" ਇਹ ਕਹਿੰਦਾ ਉਹ ਪਿੰਜਰੇ ਪਏ ਸ਼ੇਰ ਵਾਂਗ ਦਹਾੜਦਾ ਹੈ। ਮਾਈਕ ਤੇ ਸਾਥੀ ਉਸ ਨੂੰ ਵਿਸ਼ੇਸ਼ ਸੈਲ ਵਿਚ ਬੰਦ ਕਰ ਦਿੰਦੇ ਹਨ। ਮਾਈਕ ਇਕ ਪਲ ਉਸ ਨੂੰ ਪਾਗਲ ਸਮਝਦਾ ਹੈ। ਦੂਜੇ ਪਲ ਉਸ ਨੂੰ ਸਨਕੀ ਅਤੇ ਤੀਜੇ ਪਲ ਘੋਰ ਅਪਰਾਧੀ। ਉਹ ਸਾਰੀ ਰਾਤ ਉਸ ਨੂੰ ਠੰਢੇ ਸੈਲ ਵਿਚ ਬੰਦ ਰਖਦੇ ਹਨ। ਸਾਰੀ ਰਾਤ ਜਾਗਦਾ ਰਖਦੇ ਹਨ, ਸੌਣ ਨਹੀਂ ਦਿੰਦੇ। ਉਸ ਦੇ ਮੂੰਹ 'ਤੇ ਤੇਜ ਲਾਈਟਾਂ ਸੁਟਦੇ ਹਨ। ਉਸ 'ਤੇ ਕਿਸੇ ਗੱਲ ਦਾ ਅਸਰ ਨਹੀਂ ਹੁੰਦਾ-ਨਾ ਨੀਂਦ, ਨਾ ਠੰਢ ਤੇ ਨਾ ਹੀ ਤੇਜ ਲਾਈਟਾਂ ਦਾ।

ਮਾਈਕ ਅਗਲੀ ਸਵੇਰ ਉਸ ਨੂੰ ਫੋਟੋ ਵਿਖਾ ਕੇ ਕਹਿੰਦਾ ਹੈ, "ਕਿੰਨੀ ਸੋਹਣੀ ਏ ਫੋਟੋ। ਮਾਸੂਮ ਚਿਹਰਾ। ਸਧਰਾਈਆਂ ਅੱਖਾਂ। ਇਸ ਫੋਟੋ ਬਾਰੇ ਦੱਸ।" ਉਹ ਮਾਈਕ ਤੋਂ ਫੋਟੋ ਖੋਹਣ ਨੂੰ ਪੈਂਦਾ ਹੈ। ਫੋਟੋ ਬਾਰੇ ਕੁਝ ਨਹੀਂ ਦਸਦਾ।

"ਇਹ ਤੇਰੀ ਸਪਾਊਜ਼ ਹੈ, ਤੇਰੀ ਗਰਲ ਫਰੈਂਡ ਹੈ।" ਮਾਈਕ ਸਖਤੀ ਨਾਲ ਪੁੱਛਦਾ ਹੈ। ਮਾਈਕ ਦੇ ਬੋਲੇ ਇਹ ਸ਼ਬਦ ਉਸ ਦੇ ਅੰਦਰਲੀ ਅੱਗ 'ਤੇ ਤੇਲ ਪਾ ਗਏ ਹਨ। ਉਹ ਇਹ ਸ਼ਬਦ ਸੁਣ ਕੇ ਤਿਲਮਿਲਾ ਉਠਦਾ ਹੈ। ਪਹਿਲਾਂ ਹੀ ਉਸ ਦੀਆਂ ਲਾਲ-ਪੀਲੀਆਂ ਅੱਖਾਂ 'ਚ ਹੋਰ ਖੂਨ ਉਤਰ ਆਉਂਦਾ ਹੈ। ਉਨ੍ਹਾਂ ਵਿਚ ਅੱਗ ਦੇ ਹੋਰ ਭਾਂਬੜ ਮਚਦੇ ਹਨ। ਉਹ ਬਘਿਆੜ ਫਿਰ ਦਹਾੜਦਾ ਹੈ। ਗੁੱਸੇ ਨਾਲ ਚੀਕਦਾ ਹੈ। ਉਸ ਦੀ ਚੀਕ ਪੁਲਿਸ ਸਟੇਸ਼ਨ ਦੀਆਂ ਕੰਧਾਂ ਨਾਲ ਟਕਰਾਉਂਦੀ ਸਾਰੇ ਵਾਤਾਵਰਣ ਨੂੰ ਭਿਆਨਕ ਬਣਾ ਦਿੰਦੀ ਹੈ।

"ਮਾਮ ਹੈ ਮੇਰੀ ਮਾਮ! ਯੂ ਬਾਸਟਰਡ!" ਉਹ ਚੀਕਦਾ ਹੈ। ਉਸ ਦਾ ਆਪਣਾ ਆਪਾ ਹੁਣ ਕਾਬੂ ਤੋਂ ਬਾਹਰ ਸੀ। ਉਸ ਦੇ ਜਜ਼ਬਾਤ ਉਸ ਦੇ ਕੀਤੇ ਅਪਰਾਧ ਤੇ ਉਸ ਦੇ ਮਨ ਦਾ ਬਚਦਾ-ਖੁਚਦਾ ਨਜ਼ਾਮ ਭੰਨ ਕੇ ਬਾਹਰ ਆ ਰਹੇ ਸਨ। ਪਰ ਸ਼ਬਦ ਉਸ ਦੇ ਜਜ਼ਬਾਤ ਦਾ ਸਾਥ ਨਹੀਂ ਸਨ ਦੇ ਰਹੇ। "ਰਾਸਕਲ! ਰਾਸਕਲ ਨਿਕਸਨ!" ਉਸ ਦੇ ਮਨ ਦੀ ਘ੍ਰਿਣਾ ਇਨ੍ਹਾਂ ਸ਼ਬਦਾਂ 'ਚ ਉਤਰ ਗਈ।

ਮਾਈਕ ਆਪਣੇ ਸਹਾਇਕ ਨੂੰ ਉਥੇ ਛੱਡ ਕੇ ਅੰਦਰ ਆ ਜਾਂਦਾ ਹੈ। ਪੰਜ ਮਿੰਟ ਪਿੱਛੋਂ ਇਕ ਫਾਈਲ ਲੈ ਕੇ ਫਿਰ ਬਾਹਰ ਆਉਂਦਾ ਹੈ।

"ਤੇਰੀ ਮਾਮ ਗਰੇਸੀ ਥਾਮਸਨ- ਵਿਚਾਰੀ ਫਿਰਦੀ ਰਹੀ ਰਾਬਰਟ ਰਾਬਰਟ ਕਰਦੀ। ਤੂੰ ਰਾਬਰਟ ਏਂ, ਉਹਦਾ ਪੁੱਤਰ?"

"ਹਾਂ, ਮੈਂ ਰਾਬਰਟ ਹਾਂ, ਉਹਦਾ ਪੁੱਤਰ।" ਉਸ ਦੀਆਂ ਲਾਲ ਸੂਹੀਆਂ ਅੱਖਾਂ ਵਿਚੋਂ ਹੰਝੂ ਸਿੰਮ ਆਏ।

"ਰਾਬਰਟ, ਤੂੰ ਬਚ ਕੇ ਨਿਕਲ ਗਿਆ ਸੀ, ਉਸ ਮਚਦੇ ਘਰ 'ਚੋਂ? ਨਿਕਸਨ ਵੀ ਬਚ ਕੇ ਨਿਕਲ ਗਿਆ ਸੀ? ਤੁਸੀਂ ਦੋਵੇਂ ਬਚ ਗਏ ਸੀ?"

"ਝੂਠਾ! ਮੈਂ ਘੰਡੀ ਵੱਢੀ ਸੀ ਉਹਦੀ। ਭੁੰਨ ਦਿੱਤਾ ਸੀ ਉਹਨੂੰ ਘਰ 'ਚ ਅੱਗ ਲਾ ਕੇ।" ਰਾਬਰਟ ਨੇ ਨਿਕਸਨ ਦੇ ਕਤਲ ਦਾ ਦੋਸ਼ ਇਕਬਾਲ ਕਰ ਲਿਆ।

"ਤੇਰਾ ਇਹ ਬਿਆਨ ਕੋਰਟ 'ਚ ਵਰਤਿਆ ਜਾਣਾ ਹੈ? ਤੈਨੂੰ ਵਕੀਲ ਲੈਣ ਦਾ ਪੂਰਾ ਹੱਕ ਹੈ। ਮੈਂ ਵਕੀਲ ਦਾ ਪ੍ਰਬੰਧ ਕਰ ਦਿਆਂ?"

"ਵਕੀਲ! ਕਾਨੂੰਨ! ਸਜ਼ਾ!" ਇਹ ਕਹਿੰਦਾ ਉਹ ਫਿਰ ਖੁੱਲ੍ਹ ਕੇ ਹੱਸਿਆ। ਚਿਹਰੇ ਦੀਆਂ ਕਸੀਆਂ ਨਸਾਂ ਢਿੱਲੀਆਂ ਹੋ ਗਈਆਂ। ਮਾਈਕ ਦਫਤਰ 'ਚ ਜਾਂਦਾ ਹੈ। ਉਹ ਪਾਦਰੀਆਂ ਨਾਲ ਸਬੰਧਤ ਫਾਈਲਾਂ ਦੇ ਢੇਰ 'ਚੋਂ ਇੱਕ ਫਾਈਲ ਚੁੱਕੀ ਵਾਪਸ ਆ ਜਾਂਦਾ ਹੈ।

"ਰਾਬਰਟ, ਤੁਹਾਡੇ ਗੁਆਂਢ 'ਚ ਇੱਕ ਪਾਦਰੀ ਨਿਕਸਨ ਰਹਿੰਦਾ ਸੀ। ਉਸ ਦੇ ਘਰ ਨੂੰ ਵੀ ਅੱਗ ਲੱਗੀ ਸੀ। ਉਹਨੂੰ ਤੈਂ ਲਾਈ ਸੀ ਅੱਗ?" ਰਾਬਰਟ ਦੇ ਬੋਲਣ ਤੋਂ ਸਾਰਜੈਂਟ ਮਾਈਕ ਨੂੰ ਸ਼ੱਕ ਪਈ ਸੀ।

"ਨਿਕਸਨ! ਰਾਸਕਲ। ਮਚਾ 'ਤਾ ਸੀ, ਬਣਾ 'ਤਾ ਸੀ ਮੈਂ ਭੁਰੀਆਂ ਹੱਡੀਆਂ ਦਾ ਭੁਰਦਾ ਪਿੰਜਰ।"

"ਨਿਕਸਨ ਨੂੰ ਕਤਲ ਕਰਨ ਦਾ ਕਾਰਨ?" ਕੈਪਟਨ ਨੇ ਪੁੱਛਿਆ।

"ਪਾਦਰੀ ਨਿਕਸਨ। ਰਾਸਕਲ! ਸਾਡੇ ਘਰ ਆਉਂਦਾ ਸੀ ਉਹ। ਦਸਦਾ ਪਾਦਰੀ ਜਤੀ-ਸਤੀ ਹੁੰਦੇ ਹਨ, ਵਿਆਹ ਨ੍ਹੀਂ ਕਰਾਉਂਦੇ। ਉਹ ਮੈਨੂੰ ਅਤੇ ਟੀਨਾ ਨੂੰ ਬਹੁਤ ਪਿਆਰ ਕਰਦਾ ਦਿਖਾਉਂਦਾ। ਉਹ ਕ੍ਰਿਸਮਸ 'ਤੇ ਸਾਨੂੰ ਗਿਫਟ ਦਿੰਦਾ। ਕਿਤੇ ਕਿਤੇ ਪਿਕਨਿਕ 'ਤੇ ਬਾਹਰ ਲੈ ਜਾਂਦਾ। ਟੀਨਾ ਨੂੰ ਤਾਂ ਉਹ ਧੀ ਕਹਿੰਦਾ। ਟੀਨਾ ਪਹਿਲਾਂ ਤਾਂ ਉਸ ਨਾਲ ਬਾਹਰ ਚਲੀ ਜਾਂਦੀ ਹੁੰਦੀ ਸੀ। ਫਿਰ ਜਾਣੋ ਹਟ 'ਗੀ। ਟੀਨਾ ਪੰਦਰਾਂ ਸਾਲਾਂ ਦੀ ਸੀ, ਜਦੋਂ ਉਹ ਘਰੋਂ ਮੂਵ ਹੋ 'ਗੀ। ਕੁਝ ਸਮਾਂ ਉਸ ਦਾ ਫੋਨ ਆਇਆ, ਫਿਰ ਆਉਣੋਂ ਹਟ ਗਿਆ।" ਰਾਬਰਟ ਬੋਲਦਾ ਰਿਹਾ।

"ਉਦੋਂ ਮੈਂ ਤੇਰਾ ਸਾਲ ਦਾ ਹੋਊਂ, ਨਿਕਸਨ ਪੱਚੀ-ਤੀਹ ਸਾਲ ਦਾ ਹੋਣੈ। ਨਿਕਸਨ ਮੈਨੂੰ ਆਪਣੇ ਘਰ ਲੈ ਗਿਆ। ਉਸ ਨੇ ਮੈਨੂੰ ਕਰਾਊਨ ਰੀਗਲ ਵਿਸਕੀ ਦਾ ਪੈਗ ਪਿਆਇਆ। ਮੈਂ ਘਰ ਜਾਣਾ ਚਾਹਿਆ। ਉਸ ਨੇ ਹੋਰ ਪਿਆ ਦਿੱਤੀ। ਮੈਂ ਘਰ ਜਾਣ ਜੋਗਾ ਨਾ ਰਿਹਾ ਤੇ ਬੇਸੁਰਤ ਹੋ ਗਿਆ। ਜਦੋਂ ਮੈਨੂੰ ਸੁਰਤ ਆਈ, ਮੈਂ ਕਰਾਹ ਉਠਿਆ। ਮੈਂ ਖਾਲੀ ਬੋਤਲ ਚੁੱਕ ਕੇ ਕੰਧ ਵਿਚ ਮਾਰੀ। ਉਸ ਦਾ ਕੀਤਾ ਕੁਕਰਮ ਮੈਨੂੰ ਚੀਰ ਗਿਆ। ਮੈਂ ਜ਼ਖਮੀ ਬਘਿਆੜ ਵਾਂਗ ਕਰਾਹੁੰਦਾ ਘਰੇ ਆ ਗਿਆ। ਉਸ ਤੋਂ ਬਾਅਦ ਡਰਦਾ ਮਾਰਾ ਪਾਦਰੀ ਨਿਕਸਨ ਉਥੋਂ ਮੂਵ ਹੋ ਗਿਆ।"

"ਮੇਰਾ ਗੁੱਸਾ ਕਾਬੂ ਵਿਚ ਨਾ ਰਿਹਾ। ਮੈਂ ਨਿੱਕੀ-ਨਿੱਕੀ ਗੱਲ 'ਤੇ ਸਕੂਲ ਦੇ ਮੁੰਡਿਆਂ ਨਾਲ ਲੜ ਪੈਂਦਾ। ਅਧਿਆਪਕਾਂ ਨਾਲ ਦੁਰਵਿਹਾਰ



ਕਰਦਾ। ਸ਼ਰਾਰਤਾਂ ਕਰਦਾ ਤੇ ਭੰਨ-ਤੋੜ ਕਰਦਾ। ਮੈਨੂੰ ਵਿਗੜਿਆ ਕਹਿ ਕੇ ਸਕੂਲ 'ਚੋਂ ਕੱਢ ਦਿੱਤਾ ਗਿਆ। ਹੁਣ ਮੈਂ ਅਵਾਰਾ ਘੁੰਮਦਾ ਰਹਿੰਦਾ।"

"ਦੋ ਸਾਲ ਬਾਅਦ ਭੈਣ ਟੀਨਾ ਦਾ ਫੋਨ ਆਇਆ ਸੀ। ਉਸ ਨੇ ਵੀ ਮੈਨੂੰ ਆਪਣੀ ਗੱਲ ਦੱਸੀ। ਉਸ ਨੂੰ ਵੀ ਨਿਕਸਨ ਨੇ...। ਉਸ ਨੇ ਭੈਣ ਨੂੰ ਧਮਕਾਇਆ ਤੇ ਡਰਾਇਆ ਕਿ ਜੇ ਉਨ੍ਹੇ ਗੱਲ ਕੀਤੀ ਤਾਂ ਉਹ ਸਾਰੇ ਪਰਿਵਾਰ ਨੂੰ ਖਤਮ ਕਰ ਦੇਵੇਗਾ। ਇਹ ਟੀਨਾ ਦਾ ਆਖਰੀ ਫੋਨ ਸੀ। ਉਸ ਤੋਂ ਬਾਅਦ ਕੋਈ ਫੋਨ ਨਾ ਆਇਆ। ਨੀਨਾ ਨਾਲ ਕੀ ਵਾਪਰੀ, ਮੈਨੂੰ ਕੋਈ ਪਤਾ ਨਹੀਂ।"

ਸਾਰਜੈਂਟ ਨੇ ਉਸ ਨੂੰ ਪਾਣੀ ਦਾ ਗਲਾਸ ਪੀਣ ਨੂੰ ਦਿੱਤਾ। ਨਾਂਹ-ਨੁੱਕਰ ਕਰਦੇ ਨੂੰ ਸਾਰਜੈਂਟ ਨੇ ਪਾਣੀ ਪਿਆ ਹੀ ਦਿੱਤਾ।

"ਮੈਂ ਘਰੋਂ ਮੂਵ ਹੋ ਕੇ ਫਾਰਮ ਹਾਊਸ 'ਚ ਰਹਿਣ ਲੱਗ ਗਿਆ। ਫਾਰਮ ਵਿਚ ਪੰਜ ਦਿਨ ਕੰਮ ਕਰਨਾ, ਦੋ ਦਿਨ ਨਿਕਸਨ ਦੀ ਭਾਲ ਕਰਨੀ। ਪਤਾ ਕਰ ਲਿਆ ਕਿ ਨਿਕਸਨ ਕਿੱਥੇ ਰਹਿੰਦਾ ਹੈ। ਮੈਂ ਵੀ ਉਥੋਂ ਨੇੜੇ ਇਕ ਫਾਰਮ ਹਾਊਸ 'ਚ ਰਹਿਣ ਲੱਗਾ। ਇਕ ਰਾਤ ਮੈਂ ਕਿਚਨ ਦੀ ਜਾਲੀ ਕੱਟੀ ਤੇ ਬਾਰੀ ਰਾਹੀਂ ਘਰ ਦੇ ਅੰਦਰ ਦਾਖਲ ਹੋ ਗਿਆ। ਨਿਕਸਨ ਸੋਫੇ 'ਤੇ ਸੁੱਤਾ ਘਰਾੜੇ ਮਾਰ ਰਿਹਾ ਸੀ। ਚਾਕੂ ਨਾਲ ਉਸ ਦੀ ਸ਼ਾਹ ਰਗ ਵੱਢ ਦਿੱਤੀ। ਕਿਚਨ ਵਿਚੋਂ ਗੈਸ ਦੇ ਚੁੱਲਿਆਂ ਦੀਆਂ ਚਾਰੇ ਸੁੱਚਾਂ ਖੋਲ੍ਹੀਆਂ ਅਤੇ ਤਾਕੀ ਰਾਹੀਂ ਨਿਕਲਦੇ ਨੇ ਬਲਦੀ ਤੀਲੀ ਅੰਦਰ ਸੁੱਟ ਦਿੱਤੀ। ਆਪ ਬਦਾਮਾਂ ਦੇ ਬੂਟਿਆਂ ਅਤੇ ਰੁੱਖਾਂ ਦੇ ਹਨੇਰੇ 'ਚ ਦੀ ਹੁੰਦਾ ਹੋਇਆ ਉਡਦੇ ਧੂੰਏਂ ਦੇ ਬੱਦਲ ਤੇ ਮਚਦੇ ਘਰ ਵੱਲ ਵੇਖਦਾ ਦੋ ਏਕੜ ਦੀ ਵਿੱਥ 'ਤੇ ਚਲਿਆ ਗਿਆ। ਜ਼ੋਰਦਾਰ ਭੜਾਕੇ ਨਾਲ ਘਰ ਦੇ ਜਲਣ ਤੋਂ ਪਹਿਲਾਂ ਮੈਂ ਆਪਣੇ ਟਿਕਾਣੇ 'ਤੇ ਪੁੱਜ ਗਿਆ। ਬਾਹਰ ਲਟਲਟ ਕਰਦੀ ਅੱਗ ਦੇ ਭਾਂਬੜ ਮਚਦੇ, ਮੇਰੇ ਅੰਦਰ ਪਾਣੀ ਦੇ ਫੁਹਾਰੇ ਛੁਟਦੇ। ਸਵੇਰ ਵੇਲੇ ਫਾਇਰ ਬ੍ਰਿਗੇਡ ਦੇ ਆਉਣ ਤੋਂ ਪਹਿਲਾਂ ਘਰ ਮੱਚ ਕੇ ਸੁਆਹ ਹੋ ਗਿਆ ਸੀ ਤੇ ਨਿਕਸਨ ਹੱਡੀਆਂ ਦਾ ਭੁਰਿਆ ਪਿੰਜਰ।"

ਸਾਰਜੈਂਟ ਮਾਈਕ ਨੇ ਉਸ ਦੇ ਬਟੂਏ ਵਿਚੋਂ ਤਿੰਨ ਤਸਵੀਰਾਂ ਅਖਬਾਰ ਦੇ ਕੋਨਿਆਂ 'ਤੇ ਛਪੀਆਂ ਵੇਖੀਆਂ-ਇਕ 'ਚ ਗਰੇਸੀ ਭੀੜ ਵੱਲ ਡੌਰ-ਭੌਰ ਝਾਕਦੀ, ਦੂਜੀ 'ਚ ਵਾਲ ਪੁੱਟਦੀ ਤੇ ਮੁੱਕੀਆਂ ਨਾਲ ਆਪਣਾ ਸਿਰ ਭੰਨਦੀ ਅਤੇ ਤੀਜੀ 'ਚ ਕੰਧ ਨਾਲ ਟੱਕਰਾਂ ਮਾਰਦੀ ਨਜ਼ਰ ਆਉਂਦੀ ਸੀ।

ਸਾਰਜੈਂਟ ਨੇ ਪੁੱਛਿਆ, "ਰਾਬਰਟ, ਹੋਰ ਕੌਣ ਰਹਿੰਦਾ ਸੀ, ਤੇਰੇ ਘਰ?"

ਉਹ ਸੜਦੀਆਂ ਸੀਖਾਂ ਦੀ ਅੱਗ ਦੇ ਭੰਬੂਕੇ ਵਾਗੂੰ ਭੜਕ ਪਿਆ, "ਮੈਂ, ਮੇਰੀ ਮਾਮ, ਟੋਨੀ ਅਤੇ ਹੈਨਰੀ ਥਾਮਸਨ। ਥਾਮਸਨ ਸਾਨੂੰ ਬਹੁਤ ਪਿਆਰ ਕਰਦਾ ਪਰ ਉਹ ਮਾਮ ਨੂੰ ਬਹੁਤ ਹੀ ਡਰਾਉਂਦਾ ਤੇ ਧਮਕਾਉਂਦਾ। ਮਾਮ ਉਸ ਨੂੰ ਅਬਾ-ਤਬਾ ਬੋਲਦੀ। ਦੌਰੇ ਵਿਚ ਉਸ ਦੇ ਚੱਕ ਵੱਢਦੀ, ਉਸ ਦਾ ਮੂੰਹ ਨਹੁੰਦਰਾਂ ਮਾਰ ਕੇ ਛਿੱਲ ਦਿੰਦੀ। ਉਹ ਉਸ ਨੂੰ ਤੋੜ ਕੇ ਵਗਾਹ ਮਾਰਦਾ। ਮਾਮ ਆਪਣੇ ਢਿਡ 'ਚ ਮੁੱਕੀਆਂ ਮਾਰਦੀ ਬੇਹੋਸ਼ ਹੋ ਜਾਂਦੀ। ਉਸ ਨੂੰ ਦੰਦਲ ਪੈ ਜਾਂਦੀ। ਕਾਫੀ ਸਮੇਂ ਬਾਅਦ ਉਸ ਨੂੰ ਹੋਸ਼ ਆਉਂਦੀ।"

ਉਸ ਨੇ ਗਾਰਬੇਜ਼ ਕੇਨ ਵਿਚ ਥੁੱਕਿਆ। ਇੰਜ ਲੱਗਿਆ ਜਿਵੇਂ ਉਹ ਥੋੜ੍ਹਾ ਸਹਿਜ ਹੋ ਗਿਆ ਹੋਵੇ।

"ਮੈਂ ਮਾਮ ਤੋਂ ਡੈਡੀ ਬਾਰੇ ਪੁਛਦਾ, ਉਹ ਦਸਦੀ ਕਿ ਟੀਨਾ ਉਦੋਂ ਤਿੰਨ ਸਾਲ ਦੀ ਸੀ ਅਤੇ ਮੈਂ ਅਜੇ ਜੰਮਿਆ ਵੀ ਨਹੀਂ ਸੀ। ਇਹ ਦੱਸਦੀ ਉਹ ਕੰਬਣ ਲੱਗ ਜਾਂਦੀ ਅਤੇ ਬੇਹੋਸ਼ ਹੋ ਜਾਂਦੀ। ਫਿਰ ਅਸੀਂ ਉਸ ਨੂੰ ਪੁੱਛਣਾ ਹੀ ਛੱਡ ਦਿੱਤਾ।

ਮੈਂ ਨਿਕਸਨ ਨੂੰ ਮਚਾ ਕੇ ਮੁੜ ਘਰੇ ਰਹਿਣ ਲੱਗ ਪਿਆ।

ਮੇਰੀ ਮਾਮ ਇੱਕ ਦਿਨ ਹੈਨਰੀ ਥਾਮਸਨ ਨਾਲ ਲੜ ਕੇ ਸਟੋਰ ਚਲੀ ਗਈ। ਸਟੋਰ ਨੂੰ ਜਾਂਦੀ ਦਾ ਉਸ ਦਾ ਐਕਸੀਡੈਂਟ ਹੋ ਗਿਆ। ਦੋ ਦਿਨ ਬਾਅਦ ਉਹਨੂੰ ਸੁਰਤ ਆਈ। ਅਸੀਂ ਉਸ ਦਾ ਪਤਾ ਲੈ ਕੇ ਘਰੇ ਆਏ। ਨਾਨੇ (ਥਾਮਸਨ) ਦੇ ਜ਼ੋਰ ਪਾਉਣ 'ਤੇ ਮੈਂ ਉਸ ਨਾਲ ਸ਼ਰਾਬ ਪੀਣ ਲੱਗਿਆ। ਨਾਨਾ ਛੇਤੀ ਹੀ ਸ਼ਰਾਬੀ ਹੋ ਗਿਆ। ਮੈਂ ਉਸ ਨੂੰ ਕਿਹਾ ਕਿ ਉਹ ਮੈਨੂੰ ਡੈਡੀ ਬਾਰੇ ਦੱਸ ਦਏ ਤਾਂ ਕਿ ਉਸ ਨੂੰ ਮੰਮੀ ਬਾਰੇ ਦੱਸ ਦੇਈਏ। ਉਹ ਕੁਝ ਦੱਸਣ ਦੀ ਥਾਂ ਮਾਮ ਨੂੰ ਬੜਾ ਭੈੜਾ ਬੋਲਿਆ। ਡੈਡੀ ਬਾਰੇ ਵੀ ਅਸ਼ਲੀਲ ਬੋਲਿਆ। ਉਸ ਦੇ ਬੋਲਾਂ ਨਾਲ ਮੇਰੇ ਅੰਦਰ ਭਾਂਬੜ ਮੱਚ ਉਠੇ। ਕਿਚਨ ਵਿਚੋਂ ਮੈਂ ਚਾਕੂ ਚੁੱਕਿਆ। ਉਸ ਦੇ ਦੋ ਘਸੁੰਨ ਮਾਰੇ ਤੇ ਉਹ ਲੜਖੜਾ ਕੇ ਡਿੱਗ ਪਿਆ। ਮੈਂ ਉਸ ਦੇ ਸਿਰ, ਢਿੱਡ ਵਿਚ ਉਨਾ ਚਿਰ ਚਾਕੂ ਮਾਰਦਾ ਰਿਹਾ ਜਿੰਨਾ ਚਿਰ ਹਫ ਨਾ ਗਿਆ। ਚਾਕੂ ਨਾਲ ਉਸ ਦੀ ਸ਼ਾਹ ਰਗ ਵੱਢ ਦਿੱਤੀ ਤੇ ਘਰ ਨੂੰ ਅੱਗ ਲਾ ਕੇ ਫਰਾਰ ਹੋ ਗਿਆ।" ਇਹ ਦਸਦਿਆਂ ਉਸ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ।

"ਮਾਂ ਨੇ ਮੈਨੂੰ ਵੀ ਘਰ ਵਿਚ ਮੱਚ ਕੇ ਮਰਿਆ ਸਮਝ ਲਿਆ। ਉਹ ਮੇਰੇ ਦੁੱਖ 'ਚ ਪਾਗਲ ਹੋ ਗਈ, ਆਖਰ ਮਰ ਗਈ ਵਿਚਾਰੀ ਅਪਾਰਟਮੈਂਟ ਤੋਂ ਡਿੱਗ ਕੇ। ਮੈਂ ਹਰ ਸਾਲ ਭੈੜੇ ਮੌਸਮ ਵਿਚ ਆਪਣੀ ਮਾਂ ਦੀ ਕਬਰ 'ਤੇ ਫੁੱਲ ਚੜ੍ਹਾ ਆਉਂਦਾ।"

"ਰਾਬਰਟ, ਕੀ ਤੂੰ ਪੀਜ਼ਾ ਹੱਟ 'ਤੇ ਕੰਮ ਕਰਦਾ ਸੀ? ਉਥੇ ਤੇਰੇ ਬੌਸ ਦਾ ਪਿਉ ਵੀ ਅੱਗ 'ਚ ਮੱਚ ਗਿਆ ਸੀ, ਕੀ ਉਹਨੂੰ ਵੀ ਤੂੰ ਅੱਗ ਲਾਈ ਸੀ?"

"ਹਾਂਅ! ਹਾਂਅ!!" ਉਹ ਠਹਾਕਾ ਮਾਰ ਕੇ ਹੱਸਿਆ, "ਉਹ ਰਾਸਕਲ ਦੋ ਘੰਟੇ ਵਿਚ ਭੁੱਜ ਗਿਆ ਸੀ, ਆਲੂਆਂ ਵਾਂਗ। ਮਚਾ 'ਤਾ ਸੀ ਮੈਂ ਉਹ। ਮੇਰੇ ਮਨ 'ਚ ਅੱਗ ਮਚਦੀ ਰਹਿੰਦੀ। ਓਵਨ ਦੀਆਂ ਲਾਲ ਸਲਾਖਾਂ ਵੇਖ ਕੇ ਮੇਰੇ ਮਨ ਨੂੰ ਸ਼ਾਤੀ ਮਿਲਦੀ। ਮੇਰਾ ਦਿਲ ਕਰਦਾ ਕਿ ਕੋਈ ਮਿਲੇ ਉਸ ਨੂੰ ਓਵਨ ਵਿਚ ਭੁੰਨ ਦਿਆਂ।"

"ਇਸ ਤੋਂ ਪਿੱਛੋਂ ਤੂੰ ਕਿੱਥੇ ਰਿਹਾ?" ਮਾਈਕ ਸਵਾਲ 'ਤੇ ਸਵਾਲ ਪੁੱਛ ਰਿਹਾ ਸੀ।

ਰਾਬਰਟ ਊਰੀ ਵਾਂਗ ਉਧੜ ਰਿਹਾ ਸੀ, "ਹੁਣ ਮੈਂ ਕਿਸੇ ਹੋਰ ਸ਼ਹਿਰ 'ਚ ਮੁਰਦੇ ਸਾੜਨ ਵੱਲੀ ਭੱਠੀ (ਕਰੀਮਟੋਰੀਅਮ) ਵਿਚ ਮੁਰਦੇ ਸਾੜਨ ਦਾ ਕੰਮ ਕਰਨ ਲੱਗਾ। ਇਸ ਤਰ੍ਹਾਂ ਮੇਰਾ ਸਮਾਂ ਵਧੀਆ ਲੰਘਦਾ। ਸਵੇਰੇ ਉਠਣ ਸਮੇਂ ਮੇਰਾ ਮਨ ਥੋੜ੍ਹਾ ਉਦਾਸ ਰਹਿੰਦਾ। ਮਰਿਆ ਬੰਦਾ ਵੇਖ ਕੇ ਮੇਰਾ ਮਨ ਖੁਸ਼ੀ ਨਾਲ ਨੱਚ ਉਠਦਾ। ਚਿਮਨੀ ਦੀ ਲਾਟ ਵਿਚ ਮੈਨੂੰ ਨਿਕਸਨ ਅਤੇ ਹੈਨਰੀ ਥਾਮਸਨ ਮਚਦੇ ਦਿਸਦੇ। ਭੱਠੀ ਵਿਚੋਂ ਉਠਦੀ ਲਾਟ ਮੇਰੇ ਜ਼ਿਹਨ 'ਚ ਵੱਡੀ ਰਾਤ ਤੱਕ ਮਚਦੀ ਰਹਿੰਦੀ। ਇਸ ਸੀਨ ਨਾਲ ਮੇਰਾ ਮਨ ਚੈਨ ਨਾਲ ਜਾਗਦਾ ਅਤੇ ਚੈਨ ਨਾਲ ਸੌਂਦਾ।"

"ਜੇ ਤੂੰ ਬੁੱਸਿਆ ਜਿਹਾ ਮੂੰਹ ਬਣਾ ਨ੍ਹੀਂ ਸਕਦਾ, ਘੱਟੋ ਘੱਟ ਹੱਸਿਆ ਤਾਂ ਨਾ ਕਰ। ਇਹ ਗੱਲਾਂ ਕਲਾਇੰਟ ਨੂੰ ਗੁੱਸੇ ਕਰਦੀਆਂ।"

"ਮੈਂ ਆਪਣੇ ਬੌਸ ਨੂੰ ਕਿਵੇਂ ਦੱਸਾਂ ਕਿ ਮੇਰੇ ਖੁੱਲ੍ਹ ਕੇ ਹੱਸਣ ਦਾ ਸਮਾਂ ਇਹੀ ਹੈ। ਬੌਸ ਦੀ ਤਾੜਨਾ ਦੇ ਬਾਵਜੂਦ ਮੇਰੇ ਸੁਭਾਅ 'ਚ ਕੋਈ ਫਰਕ ਨਾ ਪਿਆ।" ਉਸ ਨੇ ਦੱਸਿਆ।

"ਛੇ ਸਾਲ ਬਾਅਦ ਮੈਨੂੰ ਫਾਇਰ ਕਰ ਦਿੱਤਾ। ਹੁਣ ਫਿਰ ਮੇਰੀ ਬੇਚੈਨੀ ਵਧਣ ਲੱਗੀ, ਨਸਾਂ ਤਣੀਆਂ ਰਹਿਣ ਲੱਗੀਆਂ। ਗੁੱਸਾ ਕਾੜ੍ਹਨੀ 'ਚ ਕੜ੍ਹਦੇ ਦੁੱਧ ਵਾਂਗ ਬਾਹਰ ਨੂੰ ਉਛਾਲਾ ਮਾਰਨ ਨੂੰ ਫਿਰਦਾ। ਮੈਂ ਕੰਮ ਛੱਡ ਕੇ ਇਸ ਹਰੇ-ਭਰੇ ਜੰਗਲ ਦੇ ਨੇੜੇ ਡੇਰੇ ਆ ਲਾਏ। ਇੱਕ ਚਿਕਨ ਫਾਰਮ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹਨੇਰੇ ਵਿਚ ਮੁਰਗੇ ਫੜ-ਫੜਾਉਂਦੇ ਬੈਲਟ 'ਤੇ ਸੁੱਟੀ ਜਾਣੇ। ਪੰਜ ਦਿਨ ਇੱਥੇ ਕੰਮ ਕਰਦਾ। ਬਾਕੀ ਦੇ ਦੋ ਦਿਨ ਜੰਗਲ ਵਿਚ ਸ਼ਿਕਾਰ ਕਰਦਾ। ਜਾਨਵਰ ਫੁੰਡ ਕੇ ਤੜਫਦਿਆਂ ਨੂੰ ਅੱਗ ਵਿਚ ਸੁੱਟ ਦਿੰਦਾ। ਅੱਗ 'ਚ ਖਿੱਲਾਂ ਵਾਂਗ ਭੁਜਦੇ ਜਾਨਵਰ ਮੈਨੂੰ ਸ਼ਾਂਤੀ ਦਿੰਦੇ। ਇਲਲੋ ਹੁਨਗਏਰ ਮੇ ਦੁਪਲਚਿਅਟਏ ਟਪਿ।।।" ਉਸ ਨਵੇਂ ਕੰਮ ਤੋਂ ਮਿਲਦੀ ਖੁਸ਼ੀ ਬਾਰੇ ਦੱਸਿਆ।

"ਕਿਤੇ ਕਿਤੇ ਮੈਨੂੰ ਇੰਜ ਲਗਦਾ, ਜਿਵੇਂ ਨਿਕਸਨ ਤੇ ਹੈਨਰੀ ਜਿਉਂਦੇ ਫਿਰਦੇ ਹਨ। ਜਿੱਥੇ ਵੀ ਨਿਕਸਨ ਵਰਗਾ ਨੀਲੀਆਂ ਅੱਖਾਂ ਵਾਲਾ ਬੰਦਾ ਦਿਸਦਾ, ਜੇ ਮੈਨੂੰ ਲਗਦਾ ਬਈ ਮੈਂ ਬਚ ਕੇ ਨਿਕਲ ਸਕਦਾਂ ਤਾਂ ਮੈਂ ਸਣੇ ਘਰ ਹੀ ਉਸ ਨੂੰ ਸਾੜ ਸੁੱਟਦਾ।"

ਉਸ ਨੇ ਕਈ ਹੋਰ ਮਚਾਏ ਘਰਾਂ, ਜੰਗਲ ਨੂੰ ਲਾਈਆਂ ਅੱਗਾਂ ਬਾਰੇ ਦੱਸਣ ਲਈ ਸੰਕੇਤ ਦਿਤੇ।

ਉਸ ਦੱਸਿਆ ਕਿ ਹੁਣ ਮੈਨੂੰ ਅਮਲੀ ਦੇ ਅਮਲ ਵਧਣ ਵਾਂਗ ਮਾੜੀ ਮੋਟੀ ਅੱਗ ਸ਼ਾਂਤ ਨਾ ਕਰਦੀ। ਮਾਨਸਿਕ ਬੇਚੈਨੀ ਮੈਨੂੰ ਰੋਹੀਏ ਚਾੜ੍ਹੀ ਰੱਖਦੀ। ਅੱਗ ਦੇ ਬਦਲੇ ਉਚੇ ਉਚੇ ਭਾਂਬੜ ਸ਼ਾਂਤ ਕਰਦੇ।

"ਨਿਕਸਨ ਨੂੰ ਕਤਲ ਕਰਨ ਦੀ ਸਮਝ ਤਾਂ ਪੈਂਦੀ ਹੈ। ਉਹ ਤੇਰਾ ਤੇ ਤੇਰੀ ਭੈਣ ਦਾ ਗੁਨਾਹਗਾਰ ਸੀ। ਤੈਂ ਆਪਣੇ ਨਾਨੇ ਹੈਨਰੀ ਨੂੰ ਕਿਉਂ ਕਤਲ ਕੀਤਾ?" ਕੈਪਟਨ ਦਾ ਸਵਾਲ ਸੀ।

ਉਹ ਸੁਣ ਕੇ ਠਹਾਕਾ ਮਾਰ ਕੇ ਹੱਸਿਆ। ਉਸ ਦੀਆਂ ਨਸਾਂ ਤਣੀਆਂ ਗਈਆਂ ਤੇ ਉਸ ਨੇ ਫਰਸ਼ 'ਤੇ ਠੁੱਡਾ ਮਾਰਿਆ। ਉਸ ਦੀਆਂ ਅੱਗ ਨਾਲ ਲਾਲ ਅੱਖਾਂ 'ਚ ਜਵਾਲਾ ਲਟ ਲਟ ਕਰਕੇ ਬਲਣ ਲੱਗੀ।


"ਮੇਰੀ ਮਾਂ ਦਾ ਡੈਡੀ ਹੈਨਰੀ ਥਾਮਸਨ, ਮੇਰਾ ਡੈਡੀ ਵੀ ਹੈਨਰੀ ਥਾਮਸਨ।" ਇਹ ਕਹਿੰਦਾ ਉਹ ਗੁੱਸੇ 'ਚ ਕੰਬਣ ਲੱਗ ਪਿਆ।

# ਮੇਰੀ ਮਲਾਇਆ ਯਾਤਰਾ

***ਸਾਲ 1924 ਵਿਚ ਸਾਹਿਤਕ ਪਰਚਾ 'ਫੁਲਵਾੜੀ' ਕੱਢਣ ਵਾਲੇ ਗਿਆਨੀ ਹੀਰਾ ਸਿੰਘ ਦਰਦ (ਫਰਵਰੀ 1887-25 ਜੂਨ 1965) ਦਾ ਪੰਜਾਬੀ ਸਾਹਿਤ ਜਗਤ ਵਿਚ ਮੁਕਾਮ ਬੜਾ ਨਿਵੇਕਲਾ, ਨਰੋਆ ਅਤੇ ਨਿਆਰਾ ਹੈ। ਖੁਦ ਬਣਾਈ ਕੇਂਦਰੀ ਪੰਜਾਬੀ ਸਾਹਿਤ ਸਭਾ ਦੇ ਉਹ ਪਹਿਲੇ ਜਨਰਲ ਸਕੱਤਰ ਸਨ। ਮੁੱਖ ਰੂਪ ਵਿਚ ਉਨ੍ਹਾਂ ਕਹਾਣੀਆਂ ਲਿਖੀਆਂ ਪਰ ਕਵਿਤਾ ਤੇ ਵਾਰਤਕ ਵੀ ਲਿਖੀ। 'ਮੇਰੀ ਮਲਾਇਆ ਯਾਤਰਾ' ਉਨ੍ਹਾਂ ਦਾ ਆਪਣੀ ਪਹਿਲੀ ਪਰਦੇਸ ਯਾਤਰਾ ਬਾਬਤ ਲੇਖ ਹੈ। ਇਸ ਲੇਖ ਦੇ ਸ਼ਬਦ ਜੋੜਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਤਾਂ ਕਿ ਪਾਠਕ ਜਾਣ ਸਕਣ ਕਿ ਉਨ੍ਹਾਂ ਵੇਲਿਆਂ ਵਿਚ ਪੰਜਾਬੀ ਕਿੰਜ ਲਿਖੀ ਜਾਂਦੀ ਸੀ। -ਸੰਪਾਦਕ***

ਮੇਰੇ ਦਿਲ ਵਿਚ ਪ੍ਰਦੇਸ਼ ਯਾਤਰਾ ਦਾ ਚਾਉ ਬਚਪਨ ਤੋਂ ਹੀ ਉਛਾਲੇ ਮਾਰਦਾ ਰਹਿੰਦਾ ਸੀ, ਪਰ ਆਰਥਕ ਰੁਕਾਵਟਾਂ ਤੇ ਘਰੋਗੀ ਬੰਧਨਾਂ ਨੇ ਮੈਨੂੰ ਜਵਾਨੀ ਢਲਣ ਦੀ 48 ਸਾਲ ਦੀ ਉਮਰ ਤੱਕ ਹਿੰਦੁਸਤਾਨ ਤੋਂ ਬਾਹਰ ਪੈਰ ਧਰਨ ਦਾ ਮੌਕਾ ਨਾ ਦਿੱਤਾ। ਸੈਲਾਨੀ ਤਬੀਅਤ ਹੋਣ ਕਰਕੇ ਅਤੇ 'ਫੁਲਵਾੜੀ' ਦੀ ਜਾਣ ਪਛਾਣ ਦੀ ਮਦਦ ਨਾਲ ਮੈਂ ਹਿੰਦੁਸਤਾਨ ਦੇ ਕਰੀਬ ਸਭ ਵੱਡੇ ਸ਼ਹਿਰਾਂ ਦੀ ਸੈਰ ਕਰ ਲਈ ਸੀ ਪਰ ਬਰਮਾ, ਮਲਾਇਆ, ਸਿਆਮ, ਕੈਨੇਡਾ, ਅਮਰੀਕਾ ਆਦਿ ਦੇਸਾਂ ਦੀ ਯਾਤਰਾ ਦੀ ਸੱਧਰ ਮੇਰੇ ਦਿਲ ਦੀ ਕੋਠੜੀ ਵਿਚ ਇਕ ਕੈਦੀ ਵਾਂਗ ਬੰਦੀਵਾਨ ਬਣੀ ਤੜਫਦੀ ਰਹਿੰਦੀ ਸੀ। ਮੇਰੀ ਆਰਥਕ ਤੇ ਸਮਾਜਕ ਹਾਲਤ ਅਜਿਹੀ ਨਹੀਂ ਸੀ ਕਿ ਮਨ ਵਿਚ ਉਬਾਲ ਉਠਦਿਆਂ ਹੀ, ਜਦ ਤੇ ਜਿਧਰ ਨੂੰ ਮੈਂ ਚਾਹਵਾਂ, ਉਠ ਤੁਰਾਂ ਅਤੇ ਜੋ ਚਾਹਵਾਂ ਕਰ ਲਵਾਂ।

ਮੈਂ ਆਪਣੇ ਹਾਲਾਤ ਦਾ ਮੁਥਾਜ ਸੀ। 1937 ਵਿਚ ਨਵੇਂ ਇੰਡੀਆ ਐਕਟ ਮੁਤਾਬਕ ਕਾਂਗਰਸ ਨੇ ਪਹਿਲੀ ਵੇਰ ਪੰਡਤ ਜਵਾਹਰ ਲਾਲ ਜੀ ਦੀ ਰਹਿਨੁਮਾਈ ਵਿਚ ਚੋਣਾਂ ਲੜੀਆਂ ਅਤੇ ਪ੍ਰਾਂਤਾਂ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕਰ ਲਈ। ਜਿਥੇ ਬਹੁਸੰਮਤੀ ਪ੍ਰਾਪਤ ਕੀਤੀ, ਉਥੇ ਕਾਂਗਰਸੀ ਹਕੂਮਤਾਂ ਵੀ ਬਣਾ ਲਈਆਂ।



ਹੀਰਾ ਸਿੰਘ ਦਰਦ

ਇਨ੍ਹਾਂ ਦਿਨਾਂ ਵਿਚ ਕਾਂਗਰਸ ਦਾ ਇਕ ਉਘਾ ਵਰਕਰ ਹੋਣ ਕਰਕੇ ਚੋਣ ਘੋਲ ਵਿਚ ਮੈਂ ਸਰਗਰਮ ਹਿੱਸਾ ਲਿਆ ਸੀ, ਜਿੱਤ ਦੀ ਖੁਸ਼ੀ ਨੇ ਮੇਰੇ ਦਿਲ ਵਿਚ ਉਛਾਲਾ ਮਾਰਿਆ ਕਿ ਇਸ ਵਾਰੀ ਕਿਸੇ ਨਾ ਕਿਸੇ ਦੇਸ਼ ਦੀ ਜ਼ਰੂਰ ਯਾਤਰਾ ਕਰਾਂ ਅਤੇ ਪਰਦੇਸੀ ਭਰਾਵਾਂ ਨੂੰ ਇਕ ਤਾਂ ਕੌਮੀ ਜਿੱਤ ਦੇ ਪ੍ਰਸੰਨਤਾ ਭਰੇ ਸੰਦੇਸ਼ੇ ਸੁਣਾਵਾਂ, ਦੂਜੇ ਪਰੇਦਸੀ ਹਿੰਦੀ ਵੀਰਾਂ ਦੇ ਹਾਲ ਆਪਣੀ ਅੱਖੀਂ ਵੇਖ ਕੇ ਉਨ੍ਹਾਂ ਦੀਆਂ ਤਕਲੀਫਾਂ ਤੇ ਮੰਗਾਂ ਨੂੰ ਸਮਝਾਂ ਤੇ 'ਫੁਲਵਾੜੀ' ਦੀ ਵੀ ਮਹਿਕ ਖਿੰਡਾਵਾਂ।

ਸਬੱਬ ਅਜਿਹਾ ਬਣ ਗਿਆ ਕਿ ਗਿਆਨੀ ਹਰਬੰਸ ਸਿੰਘ ਮੇਰਾ ਸੈਲਾਨੀ ਮਿੱਤਰ ਖਾਲਸਾ ਹਾਈ ਸਕੂਲ ਕੈਰੋਂ ਦੀ ਉਗਰਾਹੀ ਕਰਨ ਲਈ ਮਲਾਇਆ ਗਿਆ ਹੋਇਆ ਸੀ। ਉਸ ਦੀਆਂ ਚਿੱਠੀਆਂ ਮੈਨੂੰ ਨਿੱਤ ਆਉਂਦੀਆਂ ਰਹਿੰਦੀਆਂ ਸਨ। ਉਸ ਨੇ ਲਿਖਿਆ ਸੀ ਕਿ ਬਾਬੂ ਬੁਧ ਸਿੰਘ ਜੀ ਕੁਆਲਾਲੰਪਰ, ਡਾਕਟਰ ਜਗਤ ਸਿੰਘ ਪੀਨਾਂਗ ਤੇ ਬਾਬੂ ਚੰਦਾ ਸਿੰਘ ਭਸੌੜੀਏ ਕੁਆਲਾਲੰਪਰ ਵਾਲੇ ਆਦਿਕ ਕਈ ਸੱਜਣ 'ਫੁਲਵਾੜੀ' ਰਾਹੀਂ ਮੇਰੇ ਬੜੇ ਪ੍ਰਸ਼ੰਸਕ ਬਣੇ ਹੋਏ ਸਨ ਤੇ ਬੜੇ ਚਾਹਵਾਨ ਹਨ ਕਿ ਇਕ ਵੇਰਾਂ ਮੈਂ ਵੀ ਮਲਾਇਆ ਯਾਤਰਾ ਕਰਕੇ ਉਨ੍ਹਾਂ ਨਾਲ ਪ੍ਰੇਮ ਮਿਲਣੀਆਂ ਕਰਾਂ। ਮਲਾਇਆ ਅਮਰੀਕਾ, ਕੈਨੇਡਾ ਨਾਲੋਂ ਬਹੁਤ ਨੇੜੇ ਵੀ ਹੈ ਤੇ ਇਥੋਂ ਦਾ ਪਾਸਪੋਰਟ ਵੀ ਨਹੀਂ ਸੀ। ਇਸ ਵਾਸਤੇ ਮੈਂ ਤੁਰੰਤ ਮਲਾਇਆ ਜਾਣ ਦਾ ਫੈਸਲਾ ਕਰਕੇ ਤਿਆਰੀ ਅਰੰਭ ਦਿੱਤੀ।

ਦਸੰਬਰ 1937 ਦੇ ਆਖਰੀ ਹਫਤੇ ਵਿਚ ਮੈਂ ਕਲਕਤੇ ਪਹੁੰਚ ਗਿਆ। ਹਫ਼ਤਾ ਕੁ ਕਲਕਤੇ ਦੀ ਸੈਰ ਕੀਤੀ। ਕਈ ਪੁਰਾਣੇ ਜੇਲ੍ਹ ਸਾਥੀ ਵੀ ਮਿਲੇ। ਇਥੇ ਵੀ ਮਲਾਇਆ ਤੋਂ ਖਤ ਤੇ ਸੱਦੇ ਪਹੁੰਚੇ। ਮੈਂ ਖਾਲਸਾ ਸ਼ਿਪਿੰਗ ਏਜੰਸੀ ਹੈਰੀਸਨ ਰੋਡ ਦੇ ਦਫ਼ਤਰ ਵਿਚ ਸਰਦਾਰ ਹਰੀ ਸਿੰਘ ਨੂੰ ਜਾ ਮਿਲਿਆ। ਇਨ੍ਹਾਂ ਦੀ ਸਪੁੱਤਰੀ ਬੀਬੀ ਅਮਰ ਕੌਰ ਮੇਰੀ ਚੰਗੀ ਜਾਣੂ ਪਛਾਣੂ ਸੀ। ਉਹ ਕਵਿਤਾ ਵੀ ਲਿਖਦੀ ਸੀ। ਇਹ ਪ੍ਰਸਿਧ ਪੁਰਾਣੇ ਅਖਬਾਰ-ਨਵੀਸ ਭਾਈ ਜੀਵਨ ਸਿੰਘ ਐਡੀਟਰ 'ਖਾਲਸਾ ਸੇਵਕ' ਦੀ ਸਪੁੱਤਰੀ ਸੀ। ਕਵੀ ਤੇ ਲੇਖਕ ਹੋਣ ਕਰਕੇ 1912 ਤੋਂ ਮੇਰਾ ਭਾਈ ਜੀਵਨ ਸਿੰਘ ਨਾਲ ਸਬੰਧ ਬਣ ਗਿਆ ਸੀ। ਅਮਰ ਕੌਰ ਨੇ ਆਪਣੇ ਸੁਰਗਵਾਸੀ ਪਿਤਾ ਦਾ ਮਿੱਤਰ ਹੋਣ ਕਰਕੇ ਵੀ ਮੇਰੇ ਨਾਲ ਬੜਾ ਸਨੇਹ ਪ੍ਰਗਟ ਕੀਤਾ। ਇਨ੍ਹਾਂ ਪਾਸੋਂ ਤਸੱਲੀ ਭਰਪੂਰ ਜਹਾਜ਼ੀ ਵਾਕਫੀ ਤੇ ਪਰੋਗਰਾਮ ਦਾ ਪਤਾ ਲੱਗ ਗਿਆ। ਉਨ੍ਹਾਂ ਦੱਸਿਆ ਕਿ ਇਹ ਮੌਸਮ ਬੜਾ ਚੰਗਾ ਤੇ ਸਫਰ ਦੇ ਅਨੁਕੂਲ ਹੈ। ਇਨ੍ਹੀਂ ਦਿਨੀਂ ਸਮੁੰਦਰ ਵਿਚ ਤੂਫ਼ਾਨ ਦਾ ਕੋਈ ਖਤਰਾ ਨਹੀਂ। 16 ਦਸੰਬਰ ਨੂੰ ਬ੍ਰਿਟਿਸ਼ ਨੈਵੀਗੇਸ਼ਨ ਸਟੀਰਸ਼ਿਪ ਕੰਪਨੀ ਦਾ ਇਕ ਚੰਗਾ ਜਹਾਜ਼ ਐਸ.ਐਸ. ਈਗਰਾ ਬਰਮਾ ਜਾਣ ਵਾਲਾ ਹੈ। ਰੰਗੂਨ ਪਹੁੰਚਦਿਆਂ ਹੀ ਦੂਜੇ ਦਿਨ ਮਲਾਇਆ ਦਾ ਜਹਾਜ਼ ਮਿਲ ਜਾਏਗਾ। ਉਨ੍ਹਾਂ ਦੀ ਸਲਾਹ ਮੰਨ ਕੇ ਮੈਂ ਉਸੇ ਵੇਲੇ 31 ਰੁਪਏ ਦੇ ਕੇ ਪੀਨਾਂਗ ਦਾ ਡੈਕ ਦਾ ਟਿਕਟ ਲੈ ਲਿਆ। ਸੈਕੰਡ ਕਲਾਸ ਉਤੇ ਦੁੱਗਣਾ ਖਰਚ ਕਰਨਾ ਅਤੇ ਆਮ ਮੁਸਾਫਰਾਂ ਤੋਂ ਨਿਖੜ ਕੇ ਤਿਆਗੀ ਜਿਹਾ ਹੋ ਬੈਠਣਾ ਮੈਨੂੰ ਪਸੰਦ ਨਹੀਂ ਸੀ। ਮੈਂ ਆਮ ਲੋਕਾਂ ਵਿਚ ਵਿਚਰਨਾ ਤੇ ਉਨ੍ਹਾਂ ਦੀਆਂ ਗੱਲਾਂ ਸੁਣਨੀਆਂ ਵਧੇਰੇ ਪਸੰਦ ਕਰਦਾ ਸੀ। ਮੈਂ ਮਲਾਇਆ ਦੇ ਸੱਜਣਾਂ ਮਿੱਤਰਾਂ ਨੂੰ ਆਪਣੇ ਆਉਣ ਦੀਆਂ ਹਵਾਈ ਡਾਕ ਰਾਹੀਂ ਚਿੱਠੀਆਂ ਵੀ ਪਾ ਦਿੱਤੀਆਂ ਸਨ।

26 ਜਨਵਰੀ ਨੂੰ ਕਲਕਤੇ ਤੋਂ ਸੁਆਰ ਹੋ ਕੇ, ਇਕ ਦਿਨ ਰਸਤੇ ਵਿਚ ਰੰਗੂਨ ਠਹਿਰਦਾ ਹੋਇਆ ਮੈਂ 9 ਦਿਨਾਂ ਮਗਰੋਂ 2 ਜਨਵਰੀ ਨੂੰ ਪੀਨਾਂਗ ਖਾੜੀ ਵਿਚ ਪਹੁੰਚ ਗਿਆ। ਸਮੁੰਦਰੀ ਸਫ਼ਰ ਵਿਚ ਕਈ ਮੁਸਾਫਰਾਂ ਦਾ ਦਿਲ ਕੱਚਾ ਹੋ ਕੇ ਕੈਆਂ ਆਉਣ ਲੱਗ ਪੈਂਦੀਆਂ ਸਨ ਤੇ ਬੜਾ ਬੁਰਾ ਹਾਲ ਹੁੰਦਾ ਹੈ। ਮੈਂ ਕਲਕਤੇ ਤੋਂ ਚਲਣ ਸਮੇਂ ਹੀ ਨਿੰਬੂ, ਸੰਗਤਰੇ, ਕੇਲੇ ਤੇ ਕੁਝ ਬਿਸਕੁਟ ਆਦਿ ਸਮਾਨ ਖਰੀਦ ਲਿਆ ਸੀ ਅਤੇ ਰਾਹ ਵਿਚ ਮਾੜਾ ਜਿਹਾ ਤੂਫਾਨ ਵੀ ਆ ਗਿਆ ਸੀ, ਪਰ ਮੇਰਾ ਸਫਰ ਬੜੇ ਆਰਾਮ ਨਾਲ ਕਟਿਆ ਗਿਆ। ਮੈਂ ਡੈਕ ਉਪਰ ਜਹਾਜ਼ ਦੇ ਕਿਨਾਰੇ ਕਿਨਾਰੇ ਫਿਰ ਕੇ ਸਮੁੰਦਰੀ ਨਜ਼ਾਰੇ ਵੇਖ ਕੇ ਬੜੀ ਪ੍ਰਸੰਨਤਾ ਮਹਿਸੂਸ ਕਰਦਾ ਸਾਂ।

ਡੈਕ ਦੇ ਮੁਸਾਫ਼ਰਾਂ ਨੂੰ ਨਾ-ਵਾਕਫੀ ਦੇ ਕਾਰਨ ਜਹਾਜ਼ ਤੋਂ ਉਤਰਨ ਸਮੇਂ ਕਈ ਤਰ੍ਹਾਂ ਦੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ। ਡਾਕਟਰ ਜਗਤ ਸਿੰਘ ਜੀ ਨੇ ਪੀਨਾਂਗ ਵਿਚ ਅਜਿਹਾ ਪ੍ਰਬੰਧ ਕੀਤਾ ਹੋਇਆ ਸੀ ਕਿ ਪੰਜਾਬੀ ਮੁਸਾਫਰਾਂ ਦੀ ਆਪ ਜ਼ਿੰਮੇਵਾਰੀ ਲੈ ਕੇ ਉਤਾਰ ਕੇ ਸੰਭਾਲ ਕੇ ਲੈਂਦੇ ਅਤੇ ਫਿਰ ਮਲਾਇਆ ਵਿਚੋਂ ਉਸ ਦੇ ਕਿਸੇ ਮਿੱਤਰ ਜਾਂ ਰਿਸ਼ਤੇਦਾਰ ਨੂੰ ਮੰਗਾ ਕੇ ਉਸ ਦੇ ਸਪੁਰਦ ਕਰਦੇ।

ਜਹਾਜ਼ ਉਤੇ ਪੁੱਛ ਪੜਤਾਲ ਤੇ ਡਾਕਟਰੀ ਮੁਆਇਨਾ ਸ਼ੁਰੂ ਹੀ ਹੋਇਆ ਸੀ ਕਿ ਪੀਨਾਂਗ ਗੁਰਦੁਆਰੇ ਦਾ ਸਕੱਤਰ ਡਾ. ਜੋਧ ਸਿੰਘ ਮੈਨੂੰ ਲੈਣ ਲਈ ਆ ਗਿਆ ਤੇ ਬੜੇ ਆਰਾਮ ਤੇ ਸਤਿਕਾਰ ਨਾਲ ਮੈਨੂੰ ਪੀਨਾਂਗ ਗੁਰਦੁਆਰੇ ਵਿਚ ਲੈ ਗਿਆ।

ਜਹਾਜ਼ ਦੇ ਵਿਚੋਂ ਹੀ ਪੀਨਾਂਗ ਦੀ ਝਾਕੀ ਬੜੀ ਸੁੰਦਰ ਤੇ ਮਨਮੋਹਣੀ ਦਿਸ ਰਹੀ ਸੀ, ਪਰ ਜਦ ਮੈਂ ਸ਼ਹਿਰ 'ਚ ਦਾਖਲ ਹੋਇਆ, ਇਸ ਦੀ ਸਫਾਈ, ਸੁੰਦਰਤਾ, ਸੁੰਦਰ ਬਿਲਡਿੰਗਾਂ ਤੇ ਸਜਾਵਟ ਵੇਖ ਕੇ ਦੰਗ ਰਹਿ ਗਿਆ। ਹਿੰਦੁਸਤਾਨ ਦਾ ਕੋਈ ਸ਼ਹਿਰ ਇਸ ਦੀ ਸੁੰਦਰਤਾ ਦਾ ਟਾਕਰਾ ਨਹੀਂ ਕਰ ਸਕਦਾ। ਬਲਕਿ ਏਸ਼ੀਆ ਵਿਚ ਇਸ ਦੀ ਗਿਣਤੀ ਸਭ ਤੋਂ ਸੁੰਦਰ ਸ਼ਹਿਰਾਂ ਵਿਚੋਂ ਕੀਤੀ ਜਾਂਦੀ ਹੈ। ਕਈ ਤਾਂ ਪੀਨਾਂਗ ਨੂੰ ਏਸ਼ੀਆ ਦਾ ਵੀਨਸ ਕਹਿੰਦੇ ਹਨ।

ਗੁਰਦੁਆਰੇ ਵਿਚ ਹੀ ਮੈਨੂੰ ਡਾ. ਜਗਤ ਸਿੰਘ ਪਰਧਾਨ ਗੁਰਦੁਆਰਾ ਪੀਨਾਂਗ ਤੇ ਖਾਲਸਾ ਦੀਵਾਨ ਮਲਾਇਆ, ਸ. ਨਰੈਣ ਸਿੰਘ ਸਕੱਤਰ ਖਾਲਸਾ ਦੀਵਾਨ ਮਲਾਇਆ, ਸ. ਜਗਜੀਤ ਸਿੰਘ ਤੇ ਫੌਜਾ ਸਿੰਘ ਆਦਿਕ ਮਲਾਇਆ ਦੇ ਮੁਖੀ ਸੱਜਣ ਬੜੇ ਪਰੇਮ ਨਾਲ ਮਿਲੇ। ਦੇਸ ਦੀਆਂ ਰਾਜਸੀ ਤੇ ਭਾਈਚਾਰਕ ਗੱਲਾਂ ਪੁੱਛਣ 'ਤੇ ਮਲਾਇਆ ਸਬੰਧੀ ਬਹੁਮੁਲੀ ਵਾਕਫੀ ਦੱਸਣ ਮਗਰੋਂ ਉਨ੍ਹਾਂ ਨੇ ਮਲਾਇਆ ਦੇ ਪ੍ਰਸਿਧ ਸ਼ਹਿਰਾਂ ਤੇ ਇਲਾਕਿਆਂ ਵਿਚ ਮੇਰੀ ਯਾਤਰਾ ਦਾ ਪ੍ਰੋਗਰਾਮ ਬਣਾ ਕੇ ਸਭ ਨੂੰ ਇਤਲਾਹ ਦੇਣ ਦਾ ਪ੍ਰਬੰਧ ਕਰ ਦਿੱਤਾ। ਹੁਣ ਮੈਨੂੰ ਖਰਚ ਜਾਂ ਸਫ਼ਰ ਦੇ ਪ੍ਰਬੰਧ ਤੇ ਪ੍ਰੋਗਰਾਮ ਦਾ ਕੋਈ ਫ਼ਿਕਰ ਨਾ ਰਿਹਾ।

2 ਜਨਵਰੀ 10 ਮਈ 1939 ਤੱਕ ਲਗਪਗ ਸਾਡੇ ਚਾਰ ਮਹੀਨੇ ਮੈਂ ਮਲਾਇਆ ਵਿਚ ਰਿਹਾ। ਲਗਪਗ ਸਭ ਪ੍ਰਸਿਧ ਸ਼ਹਿਰਾਂ ਤੇ ਇਲਾਕਿਆਂ ਦੀ ਬੜੀ ਰੀਝ ਨਾਲ ਰੱਜ ਕੇ ਸੈਰ ਕੀਤੀ। ਹਿੰਦੀਆਂ, ਖਾਸ ਕਰਕੇ ਪੰਜਾਬੀਆਂ, ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਮਿਲ ਕੇ ਇਨ੍ਹਾਂ ਦੀ ਸਮਾਜਕ ਆਰਥਕ ਤੇ ਰਾਜਸੀ ਹਾਲਾਤ ਦਾ ਮੁਤਾਲਿਆ ਕੀਤਾ। ਜਿਸ ਨਿੱਘੇ ਪਰੇਮ ਨਾਲ ਥਾਂ ਥਾਂ ਉਤੇ ਹਿੰਦੀ ਅਤੇ ਖਾਸ ਕਰਕੇ ਪੰਜਾਬੀ ਵੀਰਾਂ ਨੇ ਸੁਆਗਤ ਕੀਤਾ, ਚਾਹ ਪਾਰਟੀਆਂ ਕੀਤੀਆਂ ਤੇ ਮਾਨ ਪੱਤਰ ਦਿੱਤੇ, ਇਸ ਨੇ ਮੇਰੇ ਦਿਲ ਉਤੇ ਮਲਾਇਆ ਦੇ ਪਰੇਮ ਦੀ ਡੂੰਘੀ ਮੁਹਰ ਲਗਾ ਦਿੱਤੀ। ਮੈਂ ਸਮੁੰਦਰ ਵਿਚ ਤਾਰੀਆਂ ਲਾਈਆਂ, ਦਰਿਆਵਾਂ, ਪਹਾੜਾਂ, ਕੰਦਰਾਂ, ਗਰਮ ਚਸ਼ਮਿਆਂ ਤੇ ਗੁਫਾਵਾਂ ਦੀ ਸੈਰ ਕੀਤੀ ਤੇ ਮਲਾਇਆ ਦੀ ਸਾਰੀ ਤਸਵੀਰ ਦਿਲ ਦੇ ਸ਼ੀਸ਼ੇ ਉਤੇ ਚਿੱਤਰ ਦਿੱਤੀ।

ਮਲਾਇਆ ਦੇਸ ਧਰਤੀ ਦਾ ਇਕ ਨਹਾਇਤ ਸੁੰਦਰ ਟੁਕੜਾ ਹੈ, ਮੌਸਮ ਲਗਪਗ ਇਕ ਸਾਰ ਰਹਿੰਦਾ ਹੈ, ਨਾ ਬਹੁਤ ਸਰਦੀ ਨਾ ਬਹੁਤ ਗਰਮੀ। ਸਰਦੀਆਂ ਵਿਚ ਵੀ ਗਰਮ ਕੱਪੜੇ ਵੀ ਘੱਟ ਵੱਧ ਹੀ ਲੋੜ ਪੈਂਦੀ ਹੈ। ਬਰਖਾ ਆਮ ਹੁੰਦੀ ਰਹਿੰਦੀ ਹੈ ਤੇ ਹਰ ਪਾਸੇ ਹਰਿਆਵਲ ਹੀ ਹਰਿਆਵਲ ਦਿਸਦੀ ਹੈ। ਸਰਸਬਜ਼ ਪਹਾੜ, ਫ਼ਲਦਾਰ ਜੰਗਲ, ਸੁਹਾਵਣੀਆਂ ਵਾਦੀਆਂ, ਮਖਮਲ ਵਰਗੇ ਘਾਹਦਾਰ ਮੈਦਾਨ, ਝੀਲਾਂ ਤੇ ਦਰਿਆ, ਜਿਧਰ ਜਾਓ ਕੁਦਰਤੀ ਸੁੰਦਰ ਨਜ਼ਾਰਿਆਂ ਦੀਆਂ ਝਾਕੀਆਂ ਹੀ ਨਜ਼ਰ ਆਉਣਗੀਆਂ, ਮਲਾਇਆ ਦੇਸ ਨੂੰ ਜਿਥੇ ਕੁਦਰਤ ਨੇ ਆਪਣੀਆਂ ਸਭ ਦਾਤਾਂ ਨਾਲ ਮਾਲੋਮਾਲ ਕੀਤਾ ਹੈ, ਉਥੇ ਇਸ ਨੂੰ ਨਵੇਂ ਜ਼ਮਾਨੇ ਦੀਆਂ ਲੋੜਾਂ ਮੁਤਾਬਕ ਆਵਾਜਾਈ ਦੇ ਸਾਧਨਾਂ, ਰੇਲਾਂ, ਤਾਰਾਂ ਤੇ ਪੱਕੀਟਾਂ ਸੜਕਾਂ, ਮੋਟਰ ਬੱਸਾਂ, ਟਰੇਨਾਂ ਤੇ ਜਹਾਜ਼ਾਂ ਅਤੇ ਰਿਹਾਇਸ਼ੀ ਸਥਾਨਾਂ ਨਾਲ ਵੀ ਹਰ ਤਰ੍ਹਾਂ ਸੁਖਦਾਈ ਬਣਾਉਣ ਵਿਚ ਕਸਰ ਨਹੀਂ ਛੱਡੀ। ਮਲਾਇਆ ਦੀਆਂ ਸਾਫ਼ ਤੇ ਸੁੰਦਰ ਸੜਕਾਂ ਕਿਧਰੇ ਰਬੜ ਦੀਆਂ ਬਣੀਆਂ ਹਨ, ਕਿਧਰੇ ਲੁਕ ਦੀਆਂ ਤੇ ਕਿਧਰੇ ਸੀਮਿੰਟ ਦੀਆਂ। ਇਹ ਦੁਨੀਆਂ ਭਰ ਦੀਆਂ ਸੁੰਦਰ, ਸਾਫ ਤੇ ਪੱਕੀਆਂ ਸੜਕਾਂ ਦਾ ਟਾਕਰਾ ਕਰ ਸਕਦੀਆਂ ਹਨ। ਆਵਾਜਾਈ ਅਰੋਗਤਾ, ਡਾਕ, ਹਸਪਤਾਲ, ਰੇਲਵੇ, ਜੇਹਲਖਾਨੇ ਪੁਲਿਸ, ਸਕੂਲਾਂ ਤੇ ਕਾਲਜਾਂ ਅਤੇ ਹੋਰ ਕਈ ਮਹਿਕਮਿਆਂ ਦੇ ਪ੍ਰਬੰਧ ਹਰ ਇਕ ਯਾਤਰੂ ਦਾ ਧਿਆਨ ਆਪਣੇ ਵਲ ਖਿੱਚ ਲੈਂਦੇ ਹਨ। ਜਦ ਮੈਂ ਹਿੰਦ ਨਾਲ ਮਲਾਇਆ ਦਾ ਮੁਕਾਬਲਾ ਕਰਕੇ ਵੇਖਦਾ ਤਾਂ ਮੈਂ ਹੈਰਾਨ ਰਹਿ ਜਾਂਦਾ ਹਾਂ। ਭਾਵੇਂ ਮਲਾਇਆ ਰਾਜਸੀ ਤੌਰ 'ਤੇ ਅੰਗਰੇਜ਼ਾਂ ਦਾ ਵਧੇਰੇ ਗੁਲਾਮ ਹੈ ਪਰ ਆਰਥਕ ਤੇ ਸਭਿਆਚਾਰ ਤੌਰ ਤੇ ਇਹ ਵਧੇਰੇ ਖੁਸ਼ਹਾਲ ਦਿਸਦਾ ਸੀ। ਇਕ ਸੌਝੀਵਾਨ ਹਿੰਦੀ ਯਾਤਰੂ ਇਸ ਤੋਂ ਕਈ ਚੰਗੀਆਂ ਸਿਖਿਆਵਾਂ ਗ੍ਰਹਿਣ ਕਰ ਸਕਦਾ ਹੈ।

ਗੱਡੀ ਦੇ ਸਫ਼ਰ ਨੂੰ ਹੀ ਲੈ ਲਓ। ਚਲਦੀ ਗੱਡੀ ਉਤੇ ਬਿਨਾਂ ਟਿਕਟ ਚੜ੍ਹ ਜਾਓ। ਗਾਰਡ ਬੱਸਾਂ ਵਾਂਗ ਗੱਡੀ ਵਿਚ ਵੀ ਟਿਕਟ ਦੇ ਦੇਂਦੇ ਹਨ। ਸਾਡੀਆਂ ਰੇਲਾਂ ਵਾਂਗ ਕੁਝ ਦੀ ਵਾਧੂ ਚਾਰਜ ਨਹੀਂ ਕੀਤਾ ਜਾਂਦਾ। "ਤੁਸੀਂ ਕਿਥੋਂ ਸੁਆਰ ਹੋਏ ਹੋ?" ਮੁਸਾਫਰ ਕਹਿੰਦਾ ਹੈ- ਫਲਾਣੇ ਸਟੇਸ਼ਨ ਤੋਂ ਅਤੇ (ਅਗਲਾ) ਕਿਰਾਇਆ ਦੇ ਕੇ ਟਿਕਟ ਲੈ ਲੈਂਦਾ ਹੈ। ਮੁਸਾਫਰ ਦੇ ਕਥਨ ਉਤੇ ਬਿਲਕੁਲ ਬੇ-ਇਤਬਾਰੀ ਨਹੀਂ ਕੀਤੀ ਜਾਂਦੀ। ਕੋਈ ਜੁਰਮਾਨਾ ਨਹੀਂ ਲਿਆ ਜਾਂਦਾ। ਥਰਡ ਕਲਾਸ ਲਈ ਵੀ ਰਾਤ ਨੂੰ ਸੌਣ ਦਾ ਪ੍ਰਬੰਧ ਹੈ। ਜਿਥੇ ਉਤਰਨਾ ਹੋਵੇ, ਗਾਰਡ ਜਗਾ ਦੇਂਦਾ ਹੈ।

ਡਾਕਖਾਨੇ ਵਿਚ ਕਿਸੇ ਜ਼ੁਬਾਨ ਵਿਚ ਐਡਰੈਸ ਲਿਖਿਆ ਹੋਇਆ ਖਤ ਆ ਜਾਵੇ, ਪਤਾ ਗਲਤ ਹੋਵੇ, ਅਧੂਰਾ ਹੋਵੇ, ਡਾਕਖਾਨੇ ਵਾਲੇ ਪੂਰੀ ਖੋਜ ਨਾਲ ਖਤ ਪਹੁੰਚਾਣਾ ਆਪਣਾ ਫ਼ਰਜ਼ ਸਮਝਦੇ ਹਨ। ਕਿਸੇ ਪੰਜਾਬੀ ਦੀ ਚਿੱਠੀ ਹੋਵੇ, ਸ਼ਹਿਰ ਤੇ ਮੁਹੱਲਾ ਗਲਤ ਲਿਖਿਆ ਹੋਵੇ, ਉਹ ਪੰਜਾਬੀ ਸਭਾ ਸੁਸਾਇਟੀਆਂ ਦੇ ਜ਼ਿੰਮੇਵਾਰਾਂ ਤੋਂ ਪੁੱਛਗਿੱਛ ਕਰਕੇ ਚਿੱਠੀ ਪਹੁੰਚਾਉਣ ਦਾ ਪੂਰਾ ਜਤਨ ਕਰਨਗੇ। ਸਾਡੇ ਪੰਜਾਬ ਵਾਂਗ ਤੁਰੰਤ ਡੈਡ-ਲੈਟਰ ਆਫਸ ਵਿਚ ਨਹੀਂ ਭੇਜ ਦੇਣਗੇ।

ਮੈਨੂੰ ਇਕ ਸਿੱਖ ਪੋਸਟ ਮਾਸਟਰ ਨੇ ਦੱਸਿਆ ਸੀ ਕਿ ਮਨੀਆਰਡਰ ਤੇ ਰਜਿਸਟਰੀਆਂ ਵੰਡਣ ਸਮੇਂ ਵੀ ਵਾਕਫ਼ੀਆਂ ਤੇ ਗਵਾਹੀਆਂ ਲੈਣ ਦੀ ਬਾਹਲੀ ਲੋੜ ਨਹੀਂ ਸਮਝੀ ਜਾਂਦੀ। ਲੋਕਾਂ ਦੀ ਈਮਾਨਦਾਰੀ ਉਤੇ ਬੜਾ ਭਰੋਸਾ ਕੀਤਾ ਜਾਂਦਾ ਹੈ। ਕੋਈ ਵਿਰਲਾ ਹੀ ਅਜਿਹਾ ਕੇਸ ਹੁੰਦਾ ਹੈ ਕਿ ਝੂਠ ਬੋਲ ਕੇ ਕਿਸੇ ਦਾ ਕੋਈ ਮਨੀਆਰਡਰ ਵਸੂਲ ਕਰ ਲਵੇ।

ਸਾਢੇ ਚਾਰ ਮਹੀਨੇ ਦੀ ਯਾਤਰਾ ਵਿਚ ਮਲਾਇਆ ਦੇਸ ਦੇ ਅਸਲੀ ਵਸਨੀਕਾਂ ਤੇ ਪਰਦੇਸਾਂ ਤੋਂ ਜਾ ਕੇ ਵਸੇ ਲੋਕਾਂ ਦੀ ਸਮਾਜਕ ਤੇ ਰਾਜਸੀ ਅਵਸਥਾ ਬਾਰੇ ਜੋ ਬਹੁਮੁੱਲੀ ਵਾਕਫੀ ਮੈਂ ਪ੍ਰਾਪਤ ਕੀਤੀ ਹੈ, ਉਸ ਨੂੰ ਇਕ ਛੋਟੇ ਜਿਹੇ ਲੇਖ ਵਿਚ ਦੱਸਣਾ ਅਸੰਭਵ ਹੈ। ਕੇਵਲ ਪੰਖ-ਦ੍ਰਿਸ਼ਟੀ ਅਨੁਸਾਰ ਕੁਝ ਪੱਖਾਂ ਉਤੇ ਹੇਠਾਂ ਚਾਨਣਾ ਪਾਣ ਦਾ ਜਤਨ ਕਰਦਾ ਹਾਂ।

ਮਲਾਇਆ ਦੇਸ ਟਾਪੂ ਨਹੀਂ, ਜਿਹਾ ਕਿ ਕਈ ਖਿਆਲ ਕਰਦੇ ਹਨ। ਇਹ ਇਕ ਜਜ਼ੀਰਾਨੁਮਾ ਹੈ। ਜ਼ਮੀਨ ਦੀ ਇਕ ਨੋਕ ਦੂਰ ਤੱਕ ਸਮੁੰਦਰ ਵਿਚ ਖੁੱਭੀ ਹੋਈ ਦਿਸਦੀ ਹੈ। ਇਸ ਦੇ ਤਿੰਨ ਪਾਸੇ ਪਾਣੀ ਹੈ ਤੇ ਇਕ ਪਾਸੇ ਧਰਤੀ ਹੈ। ਬਰਮਾ ਤੋਂ ਹੇਠਾਂ, ਸਿਆਮ ਤੋਂ ਥੱਲੇ ਜਾ ਕੇ ਇਸ ਦੀ ਧਰਤੀ ਚੌੜੀ ਹੋ ਜਾਂਦੀ ਹੈ। ਫੇਰ ਹੇਠਾਂ ਸਿੰਗਾਪੁਰ ਤੱਕ ਪਤਲੀ ਬਣਦੀ ਜਾਂਦੀ ਹੈ। ਨਕਸ਼ਾ ਵੇਖੀਏ ਤਾਂ ਇਸ ਦੀ ਸ਼ਕਲ ਗੁੱਲੀ ਵਰਗੀ ਦਿਸਦੀ ਹੈ। ਵਿਚਕਾਰੋਂ ਚੌੜੀ ਤੇ ਦੋਹਾਂ ਸਿਰਿਆਂ ਦੀਆਂ ਨੋਕਾਂ ਨਿਕਲੀਆਂ ਹੋਈਆਂ।

ਇਸ ਦੇ ਚੜ੍ਹਦੇ ਬੰਨੇ ਚੀਨ ਸਾਗਰ ਤੇ ਪੱਛਮ ਵਲ ਮਲਾਕਾ ਸਟੇਟ ਦੇ ਪਾਣੀ ਹਨ। ਦੱਖਣ ਦੀ ਸਿਰੇ ਉਤੇ ਸਿੰਗਾਪੁਰ ਟਾਪੂ ਹੈ ਤੇ ਉਤਰ ਵਲ ਸਿਆਮ ਹੈ।

ਇਸ ਦੇ ਕਿਨਾਰੇ ਕਿਨਾਰੇ ਜੇ ਪੈਰਲਸ ਤੋਂ ਜਹਾਜ਼ ਵਿਚ ਬੈਠ ਕੇ ਸ਼ਫਰ ਕਰੀਏ ਤਾਂ ਸਾਰਾ ਘੇਰਾ 1200 ਮੀਲ ਦਾ ਬਣ ਜਾਂਦਾ ਹੈ। ਇਸ ਦੇ ਗੁਆਂਢ ਰਤਾ ਹੇਠਾਂ ਵਲ ਜਾਵਾ ਸਮਾਟਰਾ ਦੇ ਟਾਪੂ ਹਨ ਜਿਨ੍ਹਾਂ ਵਿਚ ਜਵਾਲਾ ਮੁਖੀ ਪਹਾੜ ਵੀ ਉਬਲਦੇ ਰਹਿੰਦੇ ਹਨ। ਮਲਾਇਆ ਵਿਚ ਬੜੇ ਪਹਾੜ ਹਨ ਪਰ ਜਵਾਲਾ ਮੁਖੀ ਕੋਈ ਨਹੀਂ, ਹਾਂ ਗਰਮ ਚਸ਼ਮੇ ਕਈ ਹਨ ਜਿਥੇ ਗੋਰੇ ਗੋਰੀਆਂ ਤੇ ਚੀਨੇ ਚੀਨਣਾਂ ਬੜੇ ਚਾਉ ਨਾਲ ਨਹਾਉਂਦੇ ਹਨ। ਸਰਦ ਮੌਸਮ ਵਿਚ ਗਰਮ ਚਸ਼ਮਿਆਂ ਦਾ ਅਸ਼ਨਾਨ ਬੜਾ ਅਨੰਦਦਾਇਕ ਹੁੰਦਾ ਹੈ। ਕੁਆਲਾਲੰਪਰ ਰਹਿੰਦਿਆਂ ਮੈਂ ਵੀ ਗਰਮ ਚਸ਼ਮਿਆਂ 'ਤੇ ਅਸ਼ਨਾਨ ਕਰਨ ਜਾਂਦਾ ਰਿਹਾ ਸਾਂ।

ਇਹ ਦੇਸ ਸੁੰਦਰ ਤੇ ਹਰੀਆਂ ਭਰੀਆਂ ਵਾਦੀਆਂ ਨਾਲ ਭਰਪੂਰ ਹੈ। ਕੇਡਾਹ ਤੋਂ ਲੈ ਕੇ ਮਲਾਕਾ ਤੱਕ ਹੇਠਾਂ ਵਲ ਪੰਜ ਪਹਾੜੀਆਂ ਹਨ। ਦੋ ਠੰਡੀਆਂ ਪਹਾੜੀਆਂ ਖਾਸ ਤੌਰ ਉਤੇ ਬਹੁਤ ਪ੍ਰਸਿਧ ਹਨ। ਇਕ ਤਾਂ ਨਾਂ ਹੈ ਕੈਮਰਨ ਹਾਈਲੈਂਡਜ਼ ਜੋ ਲਗਪਗ 5000 ਫੁੱਟ ਸਮੁੰਦਰੀ ਤਲ ਤੋਂ ਉਚੀ ਹੈ। ਅਤੇ ਦੂਜੀ ਦਾ ਨਾਂ ਹੈ ਫ੍ਰੇਜ਼ਰ ਹਿਲ। ਇਹ 4000 ਫੁੱਟ ਦੇ ਕਰੀਬ ਉਚੀ ਹੈ। ਇਥੇ ਅੰਗਰੇਜ਼ ਅਫਸਰ ਤੇ ਧਨੀ ਲੋਕ ਜਾ ਕੇ ਰਹਿੰਦੇ ਹਨ।

ਭੂਗੋਲਕ ਤੌਰ 'ਤੇ ਜਿਸ ਦੇਸ ਦਾ ਨਾਂ ਮਲਾਇਆ ਹੈ, ਉਹ ਈਸਟ ਇੰਡੀਜ਼ ਦਾ ਇਕ ਛੋਟਾ ਜਿਹਾ ਹਿੱਸਾ ਹੈ। ਭਾਵੇਂ ਇਹ ਹੈ ਤਾਂ ਇਕ ਛੋਟਾ ਜਿਹਾ ਦੇਸ ਪਰ ਇਸ ਦੀ ਰਾਜਸੀ ਵੰਡ ਬੜੀ ਗੁੰਝਲਦਾਰ ਹੈ। ਸਾਰੇ ਦੇਸ ਦਾ ਰਾਜ ਪ੍ਰਬੰਧ ਇਕ ਤਰ੍ਹਾਂ ਦਾ ਨਹੀਂ। ਕੁਝ ਇਲਾਕੇ ਤਾਂ ਸਿੱਧੇ ਅੰਗਰੇਜ਼ੀ ਰਾਜ ਦੇ ਪ੍ਰਬੰਧ ਹੇਠ ਹਨ। ਇਨ੍ਹਾਂ ਨੂੰ ਸਟ੍ਰੇਟਸ ਸੈਟਲਮੈਂਟਸ (ਐਸ.ਐਸ.) ਕਹਿੰਦੇ ਹਨ। ਇਸ ਵਿਚ ਪੀਨਾਂਗ ਤੇ ਸਿੰਗਾਪੁਰ ਦੇ ਦੋ ਟਾਪੂ ਤੇ ਮਲਾਕਾ ਤੇ ਪ੍ਰਾਵਿਨਸ ਵੈਲਜ਼ਲੀ ਵੱਡੀ ਧਰਤੀ ਦੇ ਹਿੱਸੇ ਸ਼ਾਮਲ ਹਨ।

ਦੂਜਾ ਹਿੱਸਾ ਫੈਡਰੇਟਿਡ ਮਲਾਇਆ ਸਟੇਟਸ (ਐਫ਼.ਐਮ.ਐਸ.) ਦਾ ਹੈ। ਇਸ ਵਿਚ ਚਾਰ ਰਿਆਸਤਾਂ ਸ਼ਾਮਲ ਹਨ। ਪੇਰਾਕ, ਸੈਲੰਗੋਰ, ਨਗਰੀਸ-ਮਿਲਨ ਤੇ ਪਾਹਾਂਗ। ਇਹ ਚਾਰ ਰਿਆਸਤਾਂ ਵੱਖ ਵੱਖ ਰਾਜਿਆਂ ਦੇ ਅਧੀਨ ਹਨ ਤੇ ਇਉਂ ਇਨ੍ਹਾਂ ਦੇ ਸਿਰ ਉਪਰ ਅੰਗਰੇਜ਼ੀ ਰਾਜ ਦਾ ਕੁੰਡਾ ਹੈ।

ਤੀਜਾ ਇਲਾਕਾ ਅਨਫੈਡੇਰੇਟਿਡ ਮਲਾਇਆ ਸਟੇਟਸ ਦਾ ਹੈ। ਇਸ ਵਿਚ ਇਹ ਵੱਖ ਵੱਖ ਰਿਆਸਤਾਂ ਹਨ- ਜੌਹਰ, ਕੇਡਾਹ, ਪੈਰਲਸ, ਕਿਲੰਤਨ ਤੇ ਟ੍ਰੈਗਨੋ। ਇਹ ਫੈਡਰੇਸ਼ਨ ਵਿਚ ਸ਼ਾਮਲ ਨਹੀਂ। ਵੱਖਰੇ ਤੌਰ 'ਤੇ ਅੰਗਰੇਜ਼ਾਂ ਦੇ ਹੁਕਮ ਹੇਠਾਂ ਚਲਦੀਆਂ ਹਨ। ਇਕ ਛੋਟੇ ਜਿਹੇ ਦੇਸ ਨੂੰ ਵੱਖ ਵੱਖ ਰਾਜਿਆਂ ਦੇ ਰਾਜ ਪ੍ਰਬੰਧ ਹੇਠਾਂ ਰੱਖ ਕੇ ਆਪ ਦੇ ਹਿਤ ਅਨੁਸਾਰ ਚਲਣਾ ਹੀ ਸਾਮਰਾਜਸ਼ਾਹੀ ਲਈ ਲਾਭਦਾਇਕ ਹੈ। ਇਸ ਤਰ੍ਹਾਂ ਇਨ੍ਹਾਂ ਵਿਚ ਕੌਮੀ ਏਕਤਾ ਪੈਦਾ ਨਹੀਂ ਹੁੰਦੀ, ਪਰ ਖਾਨਾਂ ਤੇ ਰਬੜ ਸਟੇਸ਼ਨਾਂ 'ਚ ਸਭ ਇਲਾਕਿਆਂ ਦੇ ਮਿਹਨਤੀ ਮਜ਼ਦੂਰ ਰਲ ਕੇ ਕੰਮ ਕਰਦੇ ਹਨ। ਇਨ੍ਹਾਂ ਵਿਚ ਕੌਮੀ ਏਕਤਾ ਤੇ ਜਾਗਰਤੀ ਵਧ ਰਹੀ ਹੈ।

ਮਲਾਇਆ ਦੀਆਂ ਇਨ੍ਹਾਂ ਸਾਰੀਆਂ ਬਸਤੀਆਂ ਦਾ ਰਕਬਾ ਲਗਪਗ 51 ਹਜ਼ਾਰ ਮੁਰੱਬਾ ਮੀਲ ਹੈ। ਪਰ ਧਰਤੀ ਬੜੀ ਉਪਜਾਊ ਤੇ ਧਨਵਾਨ ਹੈ। ਇਥੋਂ ਦਾ ਸਭ ਤੋਂ ਵੱਧ ਧਨ ਅੰਗਰੇਜ਼ ਸਰਮਾਏਦਾਰ ਲੁੱਟ ਰਹੇ ਹਨ। ਇਥੇ ਰਬੜ ਤੇ ਧਾਤਾਂ ਦੀ ਪੈਦਾਵਾਰ ਬੜੀ ਕੀਤੀ ਜਾਂਦੀ ਹੈ।

ਮਲਾਇਆ ਦੀ ਵਸੋਂ 1931 ਦੀ ਮਨੁੱਖ ਗਿਣਤੀ ਮੁਤਾਬਕ ਲਗਪਗ 44 ਲੱਖ ਸੀ। ਪੰਜਾਬ ਦੀ ਵਸੋਂ ਨਾਲੋਂ ਪੰਜਵੇਂ ਹਿੱਸੇ ਤੋਂ ਕੁਝ ਵੱਧ। ਜਿਸ ਵਿਚ ਇਥੋਂ ਦੇ ਅਸਲੀ ਵਸਨੀਕ ਮਲਾਇਆ ਦੀ ਗਿਣਤੀ 37.5 ਫੀਸਦੀ, ਚੀਨਿਆਂ ਦੀ ਗਿਣਤੀ 39 ਫੀਸਦੀ, ਹਿੰਦੀਆਂ ਦੀ ਗਿਣਤੀ 14 ਫੀਸਦੀ ਅਤੇ ਬਾਕੀ ਹੋਰ ਕੌਮਾਂ ਹਨ। ਹਿੰਦੀਆਂ ਵਿਚੋਂ ਲਗਪਗ 30 ਹਜ਼ਾਰ ਸਿੱਖਾਂ ਦੀ ਗਿਣਤੀ ਹੈ, ਜੋ ਵਧੇਰੇ ਸਿੰਗਾਪੁਰ, ਕੁਆਲਾਲੰਪਰ, ਈਪੋ, ਸਰੰਬਨ

***(ਬਾਕੀ ਅਗਲੇ ਸਫੇ 'ਤੇ)***


***ਡੈਕ ਦੇ ਮੁਸਾਫ਼ਰਾਂ ਨੂੰ ਨਾ-ਵਾਕਫੀ ਦੇ ਕਾਰਨ ਜਹਾਜ਼ ਤੋਂ ਉਤਰਨ ਸਮੇਂ ਕਈ ਤਰ੍ਹਾਂ ਦੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ। ਡਾਕਟਰ ਜਗਤ ਸਿੰਘ ਜੀ ਨੇ ਪੀਨਾਂਗ ਵਿਚ ਅਜਿਹਾ ਪ੍ਰਬੰਧ ਕੀਤਾ ਹੋਇਆ ਸੀ ਕਿ ਪੰਜਾਬੀ ਮੁਸਾਫਰਾਂ ਦੀ ਆਪ ਜ਼ਿੰਮੇਵਾਰੀ ਲੈ ਕੇ ਉਤਾਰ ਕੇ ਸੰਭਾਲ ਕੇ ਲੈਂਦੇ ਸਨ ਅਤੇ ਫਿਰ ਮਲਾਇਆ ਵਿਚੋਂ ਉਸ ਦੇ ਕਿਸੇ ਮਿੱਤਰ ਜਾਂ ਰਿਸ਼ਤੇਦਾਰ ਨੂੰ ਮੰਗਾ ਕੇ ਉਸ ਦੇ ਸਪੁਰਦ ਕਰਦੇ ਸਨ। ਜਹਾਜ਼ ਉਤੇ ਪੁੱਛ ਪੜਤਾਲ ਤੇ ਡਾਕਟਰੀ ਮੁਆਇਨਾ ਸ਼ੁਰੂ ਹੀ ਹੋਇਆ ਸੀ ਕਿ ਪੀਨਾਂਗ ਗੁਰਦੁਆਰੇ ਦਾ ਸਕੱਤਰ ਡਾ. ਜੋਧ ਸਿੰਘ ਮੈਨੂੰ ਲੈਣ ਲਈ ਆ ਗਿਆ ਤੇ ਬੜੇ ਆਰਾਮ ਤੇ ਸਤਿਕਾਰ ਨਾਲ ਮੈਨੂੰ ਪੀਨਾਂਗ ਗੁਰਦੁਆਰੇ ਵਿਚ ਲੈ ਗਿਆ।***



***ਮਲਾਇਆ ਦੇ ਸ਼ਹਿਰ ਪੀਨਾਂਗ ਵਿਚ ਸਥਿਤ ਇਕ ਗੁਰਦੁਆਰੇ ਦੀ ਝਲਕ।***

# ਟੂਲ ਲੱਗਣਾ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਛੋਟੇ ਹੁੰਦੇ ਗੁੱਲੀ ਡੰਡੇ ਦੀ ਖੇਡ ਖੇਡਿਆ ਕਰਦੇ ਸਾਂ। ਇਹ ਖੇਡ ਦੋ ਕੁ ਫੁੱਟ ਦੇ ਡੰਡੇ ਅਤੇ ਅੱਧੇ ਕੁ ਫੁੱਟ ਦੀ ਗੁੱਲੀ ਨਾਲ ਖੇਡੀ ਜਾਂਦੀ ਸੀ। ਗੁੱਲੀ ਨੂੰ ਦੋਵਾਂ ਪਾਸਿਆਂ ਤੋਂ ਘੜ ਘੜ ਕੇ ਨੁਕੀਲੀ ਬਣਾਇਆ ਹੁੰਦਾ ਸੀ। ਗੁੱਲੀ ਘੜਨ ਵਾਲੇ ਤਰਖਾਣ ਨੂੰ ਕਈ ਜਾਤਪ੍ਰਸਤ ਲੋਕ ਹਿਕਾਰਤ ਨਾਲ ਗੁੱਲੀ-ਘੜ ਆਖਿਆ ਕਰਦੇ ਸਨ।

ਗੁੱਲੀ ਡੰਡੇ ਦੀ ਖੇਡ ਭਾਰਤ ਤੋਂ ਬਿਨਾ ਹੋਰ ਵੀ ਕਈ ਦੇਸ਼ਾਂ ਵਿਚ ਪ੍ਰਚਲਿਤ ਹੈ ਇਸ ਲਈ ਇਸ ਦੀਆਂ ਕਈ ਵੰਨਗੀਆਂ ਹਨ। ਪਿੱਠੂ ਗਰਮ ਅਤੇ ਗੁੱਲੀ ਡੰਡਾ ਮੈਨੂੰ ਕ੍ਰਿਕਟ ਅਤੇ ਬੇਸਬਾਲ ਜਿਹੀਆਂ ਖੇਡਾਂ ਹੀ ਲਗਦੀਆਂ ਹਨ। ਮੈਂ ਆਪਣੇ ਇਲਾਕੇ ਵਿਚ ਪ੍ਰਚਲਿਤ ਇਸ ਖੇਡ ਦੀ ਵੰਨਗੀ ਦਾ ਕੁਝ ਵਰਣਨ ਕਰਦਾ ਹਾਂ। ਜੇ ਤਿੰਨ ਜਣਿਆਂ ਤੋਂ ਵੱਧ ਖੇਡਣ ਵਾਲੇ ਹੋਣ ਤਾਂ ਦੋ ਧਿਰਾਂ ਬਣਾ ਲਈਆਂ ਜਾਂਦੀਆਂ ਸਨ, ਦੋ ਜਣੇ ਹੀ ਹੋਣ ਤਾਂ ਦੋਨੋਂ ਇਕ ਦੂਜੇ ਦੇ ਵਿਰੋਧੀ ਹੁੰਦੇ ਸਨ। ਇਕ ਜਣਾ ਵਾਰੀ ਪੁਗਦਾ ਸੀ। ਖੁੱਲ੍ਹੇ ਮੈਦਾਨ ਵਿਚ ਇਕ ਪਿੜੀ (ਜਾਂ ਪੀੜੀ=ਪਰਿਧੀ) ਵਾਹ ਲਈ ਜਾਂਦੀ ਸੀ। ਫਿਰ ਪੁੱਗਣ ਵਾਲੀ ਧਿਰ ਦਾ ਇਕ ਜਣਾ ਹੱਥ ਵਿਚ ਗੁੱਲੀ ਫੜ੍ਹੀ ਉਸ ਉਤੇ ਸਾਰੇ ਜ਼ੋਰ ਨਾਲ ਡੰਡੇ ਦੀ ਚੋਟ ਕਰਕੇ ਗੁੱਲੀ ਨੂੰ ਦੂਰ ਸੁੱਟਣ ਦਾ ਯਤਨ ਕਰਦਾ। ਇਸ ਨੂੰ ਰਾਬ ਦੇਣੀ ਕਿਹਾ ਜਾਂਦਾ ਸੀ। ਇਕ ਹੋਰ ਤਰੀਕੇ ਅਨੁਸਾਰ ਗੁੱਲੀ ਨੂੰ ਇਕ ਖੁੱਤੀ ਵਿਚ ਟਿਕਾ ਕੇ ਅਤੇ ਡੰਡੇ ਦੇ ਇਕ ਸਿਰੇ ਨੂੰ ਗੁੱਲੀ ਦੇ ਹੇਠਾਂ ਅੜੇਸ ਕੇ ਤੁਲ ਦੀ ਤਰ੍ਹਾਂ ਗੁੱਲੀ ਨੂੰ ਦੂਰ ਵਗਾਹਿਆ ਜਾਂਦਾ ਸੀ। ਇਸ ਤਰ੍ਹਾਂ ਵਗਾਹੀ ਗੁੱਲੀ ਨੂੰ ਜੇ ਵਿਰੋਧੀ ਧਿਰ ਦਾ ਖਿਡਾਰੀ ਬੁੱਚ ਲੈਂਦਾ ਤਾਂ ਪੁੱਗਣ ਵਾਲੇ ਦੀ ਵਾਰੀ ਖਤਮ।

ਜੇ ਗੁੱਲੀ ਬੁੱਚੀ ਨਾ ਜਾ ਸਕਦੀ ਤਾਂ ਵਾਰੀ ਲੈ ਰਿਹਾ ਖਿਡਾਰੀ ਖੇਡ ਨੂੰ ਅੱਗੇ ਵਧਾਉਂਦਾ ਹੋਇਆ ਪਿੜੀ ਦੇ ਬਾਹਰ ਜਮੀਨ 'ਤੇ ਗੁੱਲੀ ਟਿਕਾ ਕੇ ਉਸ ਦੇ ਦਣ 'ਤੇ ਡੰਡਾ ਮਾਰ ਕੇ ਇਸ ਨੂੰ ਉਛਾਲਦਾ ਅਤੇ ਫਿਰ ਇਸ ਉਛਲੀ ਹੋਈ ਗੁੱਲੀ ਉਤੇ ਪੂਰੇ ਤਾਣ ਨਾਲ ਡੰਡੇ ਦਾ ਵਾਰ ਕਰਦਾ। ਪੂਰੇ ਜ਼ੋਰ ਨਾਲ ਅਤੇ ਟਿਕਾ ਕੇ ਲਾਈ ਹੋਈ ਚੋਟ ਵਾਲੀ ਗੁੱਲੀ ਦੂਰ ਤੱਕ ਬੁੜ੍ਹਕਦੀ। ਇਸ ਕ੍ਰਿਆ ਨੂੰ ਟੁੱਲ ਲਾਉਣਾ ਕਹਿੰਦੇ ਸਨ। ਵਿਰੋਧੀ ਧਿਰ ਦਾ ਖਿਡਾਰੀ ਦੂਰ ਪਹੁੰਚ ਗਈ ਗੁੱਲੀ ਨੂੰ ਏਨੇ ਕੁ ਜ਼ੋਰ ਨਾਲ ਪਿਛੇ ਨੂੰ ਵਗਾਹ ਕੇ ਮਾਰਨ ਦੀ ਕੋਸ਼ਿਸ਼ ਕਰਦਾ ਕਿ ਗੁੱਲੀ ਪੀੜੀ ਵਿਚ ਜਾ ਪਵੇ। ਇਸ ਸੂਰਤ ਵਿਚ ਉਹ ਖੇਡਣ ਦੀ ਵਾਰੀ ਲੈ ਲੈਂਦਾ ਨਹੀਂ ਤਾਂ ਪਹਿਲੇ ਦੀ ਵਾਰੀ ਕਾਇਮ ਰਹਿੰਦੀ।

ਇਸ ਖੇਡ ਦੇ ਦੋ ਤਿੰਨ ਨੁਕਤੇ ਹੋਰ ਹਨ। ਅਸੂਲਨ ਟੁੱਲ ਦੋ ਵਾਰੀ ਲਾਏ ਜਾਂਦੇ ਸਨ ਪਰ ਜੇ ਪਹਿਲੇ ਟੁੱਲ ਵਿਚ ਹੀ ਗੁੱਲੀ ਬਹੁਤ ਦੂਰ ਵਗ ਜਾਵੇ ਤਾਂ ਟੁੱਲ ਲਾਉਣ ਵਾਲਾ ਉਦਾਰ ਹੁੰਦਿਆਂ ਦੂਜਾ ਮੁਆਫ ਕਰ ਦਿੰਦਾ, ਭਾਵ ਦੂਜਾ ਟੁੱਲ ਨਾ ਲਾਉਂਦਾ। ਜੇ ਗੁੱਲੀ ਪਿੜੀ ਵਿਚ ਨਾ ਡਿਗੇ ਤਾਂ ਪਿੜੀ ਤੋਂ ਲੈ ਕੇ ਗੁੱਲੀ ਦੇ ਮੁਕਾਮ ਤੱਕ ਡੰਡਿਆਂ ਨਾਲ ਦੂਰੀ ਮਿਣੀ ਜਾਂਦੀ ਤੇ ਇਹ ਪੁੱਗਣ ਵਾਲੇ ਦੇ ਪੁਆਇੰਟ ਹੁੰਦੇ। ਵਾਰੀ ਲੈਣ ਵਾਲਾ ਮਾਹਰ ਖਿਡਾਰੀ ਟੁੱਲ ਮਾਰ ਕੇ ਪਹਿਲਾਂ ਗੁੱਲੀ ਨੂੰ ਡੰਡਿਆਂ 'ਤੇ ਟਪਾਉਂਦਾ ਤੇ ਜਿੰਨੇ ਟੱਪੇ ਮਾਰ ਸਕਦਾ, ਉਹ ਵੀ ਉਸ ਦੇ ਪੁਆਇੰਟਾਂ ਵਿਚ ਗਿਣੇ ਜਾਂਦੇ। ਅੰਤ ਵਿਚ ਜਿਸ ਦੇ ਵੱਧ ਪੁਆਇੰਟ ਹੁੰਦੇ, ਉਹ ਜੇਤੂ ਕਰਾਰ ਦਿੱਤਾ ਜਾਂਦਾ। ਖਿੱਦੋ-ਖੂੰਡੀ ਦੀ ਖੇਡ ਵਿਚ ਵੀ ਖਿੱਦੋ ਨੂੰ ਖੂੰਡੀ ਨਾਲ ਮਾਰੀ ਜਾਣ ਵਾਲੀ ਚੋਟ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ। ਮੈਂ ਆਪਣੇ ਬਚਪਨ ਵਿਚ ਹਰ ਕਿਸਮ ਦੀ ਖੇਡ ਵਿਚ ਫਾਡੀ ਹੀ ਰਿਹਾ। ਸੋ ਇਸ ਖੇਡ ਵਿਚ ਵੀ ਹਮੇਸ਼ਾ ਦੂਰ ਦੂਰ ਤੱਕ ਬੁੜ੍ਹਕਾਇਆ ਰਹਿੰਦਾ। ਜੇ ਕਿਤੇ ਮੇਰੀ ਵਾਰੀ ਆ ਜਾਂਦੀ ਤਾਂ ਮੈਂ ਘਟ ਹੀ ਟੁੱਲ ਲਾ ਸਕਦਾ। ਜ਼ਿੰਦਗੀ ਵਿਚ ਵੀ ਮੇਰਾ ਬਹੁਤਾ ਟੁੱਲ ਨਹੀਂ ਲੱਗਾ। 'ਟੁੱਲ ਲੱਗਣਾ' ਜਾਂ ਵੱਜ ਜਾਣਾ ਮੁਹਾਵਰਾ ਇਥੋਂ ਹੀ ਬਣਿਆ, ਜਿਸ ਦਾ ਅਰਥ ਇਕ ਕੋਸ਼ ਨੇ ਇਸ ਤਰ੍ਹਾਂ ਦਿੱਤਾ ਹੈ: ਦਾਅ ਲੱਗ ਜਾਣਾ, ਮੌਕਾ ਲੱਗ ਜਾਣਾ, ਤੀਰ ਨਿਸ਼ਾਨੇ 'ਤੇ ਲੱਗ ਜਾਣਾ। ਇਕੱਲੇ ਟੁੱਲ ਦਾ ਅਰਥ ਜ਼ੋਰ, ਤ੍ਰਾਣ ਵੀ ਲਿਖਿਆ ਮਿਲਦਾ ਹੈ। ਸ਼ਾਇਦ ਟਿੱਲ ਇਸੇ ਦਾ ਰੁਪਾਂਤਰ ਹੈ, ਅਜੇ ਕੁਝ ਨਹੀਂ ਕਹਿ ਸਕਦਾ।



ਕੀ ਹੈ ਇਹ ਟੁੱਲ ਜੋ ਮੇਰੇ ਨਸੀਬਾਂ ਵਿਚ ਨਹੀਂ ਲਿਖਿਆ ਗਿਆ? ਹੁਣ ਤੱਕ ਦੀ ਚਰਚਾ ਤੋਂ ਇਹ ਅਨੁਮਾਨ ਲਗਦਾ ਹੈ ਕਿ ਟੁੱਲ ਦਾ ਅਰਥ ਡੰਡਾ ਹੋਵੇਗਾ, ਟੁੱਲ ਲੱਗਣਾ, ਮਾਰਨਾ ਜਾਂ ਵੱਜਣਾ ਅਰਥਾਤ ਡੰਡਾ ਲੱਗਣਾ, ਮਾਰਨਾ ਜਾਂ ਵੱਜਣਾ। ਪਰ ਕਦੀ ਕਿਸੇ ਨੇ ਡੰਡੇ ਨੂੰ ਟੁੱਲ ਨਹੀਂ ਕਿਹਾ। ਟੁੱਲ ਸ਼ਬਦ ਅਸਲ ਵਿਚ ਤੁੱਲ ਤੋਂ ਬਣਿਆ ਹੈ, ਸਿਰਫ 'ਤ' ਧੁਨੀ 'ਟ' ਵਿਚ ਬਦਲ ਗਈ ਹੈ, ਇਸੇ ਕ੍ਰਿਆ ਨਾਲ ਤੁਰਨਾ ਟੁਰਨਾ ਬਣਿਆ। ਤੁੱਲ ਦਾ ਧਾਤੂ 'ਤੁਲ' ਹੈ ਜਿਸ ਵਿਚ ਉਪਰ ਚੁੱਕਣ, ਉਛਾਲਣ, ਟਪਾਉਣ ਦੇ ਭਾਵ ਹਨ। ਗੁੱਲੀ ਡੰਡੇ ਦੀ ਖੇਡ ਵਿਚ ਕਈ ਤਰ੍ਹਾਂ ਨਾਲ ਗੁੱਲੀ ਨੂੰ ਡੰਡੇ 'ਤੇ ਟਪਾਇਆ ਤੇ ਫਿਰ ਬੁੜ੍ਹਕਾਇਆ ਜਾਂਦਾ ਹੈ। ਇਹ ਖੇਡ ਤੁਲ ਚੁੱਕਣ ਦੀ ਕ੍ਰਿਆ ਵਰਗੀ ਹੀ ਹੈ। ਗੁੱਲੀ ਡੰਡੇ ਦੀ ਸਾਰੀ ਖੇਡ ਗੁੱਲੀ ਨੂੰ ਉਛਾਲਣ ਦੀ ਕ੍ਰਿਆ 'ਤੇ ਹੀ ਟਿਕੀ ਹੋਈ ਹੈ। ਇਸ ਨੂੰ ਉਛਾਲਣ ਲਈ ਹੀ ਇਸ ਦੇ ਸਿਰਿਆਂ ਨੂੰ ਘੜਿਆ ਜਾਂਦਾ ਹੈ। ਕਈ ਵਾਰੀ ਇਸ ਨੂੰ ਇਕ ਖੁੱਤੀ ਵਿਚ ਉਚਾ-ਨੀਵਾਂ ਰੱਖ ਕੇ ਇਕ ਸਿਰਾ ਉਪਰ ਉਠਾਇਆ ਜਾਂਦਾ ਹੈ। ਕਈ ਇਲਾਕਿਆਂ ਵਿਚ ਇਹੋ ਕ੍ਰਿਆ ਗੁੱਲੀ ਦੇ ਹੇਠਾਂ ਪੱਥਰ ਜਾਂ ਠੀਕਰੀ ਰੱਖ ਕੇ ਪੂਰੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਗੁੱਲੀ ਡੰਡੇ ਦੀ ਖੇਡ ਦੇ ਪ੍ਰਸੰਗ ਵਿਚ ਟੁੱਲ ਸ਼ਬਦ ਇਕ ਤਰ੍ਹਾਂ ਤੁਲ ਜਾਂ ਲੀਵਰ ਹੀ ਹੈ ਜੋ ਡੰਡੇ ਦੇ ਅਰਥਾਂ ਵਿਚ ਵੀ ਸਮਝਿਆ ਜਾ ਸਕਦਾ ਹੈ। ਅੰਗਰੇਜ਼ੀ ਵਿਚ ਇਸ ਖੇਡ ਨੂੰ Tipcat ਕਿਹਾ ਜਾਂਦਾ ਹੈ। ਇਸ ਸ਼ਬਦ ਵਿਚ ਕੈਟ ਦਾ ਅਰਥ ਗੁੱਲੀ ਹੈ ਅਤੇ ਟਿਪ ਦਾ ਅਰਥ ਹਲਕੀ ਚੋਟ ਲਾਉਣਾ ਹੁੰਦਾ ਹੈ। ਅੰਗਰੇਜ਼ੀ 'ਟਿਪ ਅਪ' ਦਾ ਮਤਲਬ ਹੈ, ਕਿਸੇ ਚੀਜ਼ ਦੇ ਇਕ ਪਾਸੇ ਨੂੰ ਉਪਰ ਚੁੱਕਣਾ।

ਟੁੱਲ ਸ਼ਬਦ ਦੇ ਹੋਰ ਭੇਦ ਹਨ-ਟੁੱਲਾ ਅਤੇ ਟੱਲਾ। 'ਟੁੱਲ\ਟੁੱਲਾ ਲਾਉਣਾ' ਮੁਹਾਵਰੇ ਵਿਚ ਅਟਾ-ਸਟਾ ਲਾਉਣ ਦਾ ਭਾਵ ਵੀ ਹੈ। ਧਿਆਨ ਦਿਉ, ਤੁਲ ਸ਼ਬਦ ਤੋਂ ਬਣੇ ਤੋਲ ਵਿਚ ਵੀ ਇਹ ਭਾਵ ਹੈ। 'ਪਰ ਤੋਲਣੇ' ਮੁਹਾਵਰੇ ਵਿਚ ਸ਼ਕਤੀ ਦਾ ਅਨੁਮਾਨ ਲਾਉਣ ਦਾ ਅਰਥ ਹੈ। 'ਪਹਿਲਾਂ ਤੋਲੋ ਫਿਰ ਬੋਲੋ' ਵਿਚ ਵੀ ਕਹੀ ਜਾਣ ਵਾਲੀ ਗੱਲ ਦੇ ਸੰਭਾਵੀ ਅਸਰ ਦਾ ਅਨੁਮਾਨ ਲਾਉਣ ਵਾਲੀ ਗੱਲ ਹੀ ਹੈ। 'ਤੁਲ' ਧਾਤੂ ਨਾਲ ਬਣਦੇ ਸ਼ਬਦਾਂ ਬਾਰੇ ਅਸੀਂ 'ਸਚੁ ਤਰਾਜੀ ਤੋਲੁ' ਵਾਲੇ ਲੇਖ ਵਿਚ ਕੁਝ ਵਿਸਥਾਰ ਨਾਲ ਲਿਖ ਆਏ ਹਾਂ ਪਰ ਪ੍ਰਸੰਗਵੱਸ ਕੁਝ ਦੁਹਰਾਓ ਜਰੂਰੀ ਹੈ। ਤੁਲ ਸ਼ਬਦ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲ ਜਾਂਦੇ ਹਨ। ਇਨ੍ਹਾਂ ਦਾ ਭਾਰੋਪੀ ਮੂਲ ਹੈ, 'Tele' ਤੇ ਅਰਥ ਹੈ, ਭਾਰ ਉਠਾਉਣਾ, ਚੁੱਕਣਾ। ਇਸ ਤੋਂ ਲਾਤੀਨੀ ਸ਼ਬਦ ਬਣਿਆ, Tolerare ਜਿਸ ਦਾ ਸ਼ਾਬਦਿਕ ਅਰਥ ਹੈ, ਭਾਰ ਚੁੱਕਣਾ, ਉਠਾਉਣਾ, ਧਾਰਨ ਕਰਨਾ ਪਰ ਵਿਕਸਿਤ ਅਰਥ ਬਣਿਆ ਬਰਦਾਸ਼ਤ ਕਰਨਾ, ਸਹਾਰਨਾ, ਝੱਲਣਾ ਆਦਿ। ਅੰਗਰੇਜ਼ੀ Tolerate, Toleration ਜਾਂ Tolerance ਇਸੇ ਤੋਂ ਬਣੇ ਹਨ।

ਇਹ ਸਮਝਣ ਵਾਲੀ ਗੱਲ ਹੈ ਕਿ (ਭਾਰ) ਚੁੱਕਣਾ ਦਾ ਭਾਵ ਬਰਦਾਸ਼ਤ ਕਰਨਾ ਵਿਚ ਕਿਵੇਂ ਵਿਕਸਿਤ ਹੋਇਆ ਹੋਵੇਗਾ। ਮਾੜੀ ਜਿਹੀ ਹੀ ਘੁੰਡੀ ਹੈ। ਬਰਦਾਸ਼ਤ ਕਰਨਾ ਵੀ ਇਕ ਤਰ੍ਹਾਂ ਮਾਨਸਿਕ ਬੋਝ ਚੁੱਕਣ ਵਾਲੀ ਗੱਲ ਹੀ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਜਦ ਅਸੀਂ ਕਿਸੇ ਭਾਰੀ ਚੀਜ਼ ਨੂੰ ਚੁੱਕਦੇ ਹਾਂ ਤਾਂ ਸਮਝੋ ਅਸੀਂ ਇਸ ਨੂੰ ਸਹਾਰਦੇ ਹੀ ਹਾਂ। ਸਹਾਰਾ ਸ਼ਬਦ ਹੀ ਲਵੋ। ਥੰਮੀ ਜੋ ਭਾਰ ਚੁੱਕਦੀ ਹੈ, ਇਕ ਤਰ੍ਹਾਂ ਸਹਾਰਾ ਹੀ ਹੈ। ਸਹਾਰੇ ਵਿਚ ਥੰਮੀ ਦੇ ਭਾਵ ਵੀ ਹਨ। ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਅਰਬੀ ਵਲੋਂ ਆਇਆ ਇਕ ਸ਼ਬਦ ਲੈਂਦੇ ਹਾਂ, 'ਤਹੱਮਲ' ਜਿਸ ਦਾ ਅਰਥ ਹੈ-ਧੀਰਜ, ਬਰਦਾਸ਼ਤ ਕਰਨ ਦੀ ਸ਼ਕਤੀ। ਅਰਬੀ ਵਿਚ ਇਸ ਸ਼ਬਦ ਦਾ ਅਰਥ 'ਭਾਰ ਚੁੱਕਣਾ' ਵੀ ਹੁੰਦਾ ਹੈ ਅਤੇ 'ਬਰਦਾਸ਼ਤ ਕਰਨਾ' ਵੀ। ਇਸ ਦਾ ਧਾਤੂ ਹੈ, 'ਹਮਲ' ਜਿਸ ਦੇ ਮਾਅਨੇ ਹਨ, ਭਾਰ ਚੁੱਕਣਾ। ਪੰਜਾਬੀ ਵਿਚ ਆਮ ਤੌਰ 'ਤੇ ਇਹ ਸ਼ਬਦ 'ਹਮਲ ਗਿਰਨਾ' ਉਕਤੀ ਵਿਚ ਵਰਤਿਆ ਜਾਂਦਾ ਹੈ, ਮਤਲਬ ਗਰਭ ਡਿਗਣਾ। ਗਰਭ ਵੀ ਭਾਰ ਹੀ ਹੁੰਦਾ ਹੈ। ਹਾਮਲਾ ਅਰਬੀ ਵਿਚ ਗਰਭਵਤੀ ਨੂੰ ਆਖਦੇ ਹਨ ਤੇ ਅਰਬੀ ਹੱਮਾਲ ਦੇ ਮਾਅਨੇ ਹਨ-ਭਾਰ ਢੋਣ ਵਾਲਾ, ਪਾਂਡੀ। ਸਮਾਨੰਤਰ ਵਿਕਾਸ ਦੀ ਇਕ ਹੋਰ ਮਿਸਾਲ ਪੇਸ਼ ਹੈ। ਅੰਗਰੇਜ਼ੀ ਸ਼ਬਦ Bear ਦਾ ਅਰਥ ਭਾਰ ਚੁੱਕਣਾ ਵੀ ਹੁੰਦਾ ਹੈ ਤੇ ਬਰਦਾਸ਼ਤ ਕਰਨਾ ਵੀ।

Tele ਮੂਲ ਤੋਂ ਬਣੇ ਅੰਗਰੇਜ਼ੀ ਦੇ ਸ਼ਬਦ Extoll ਦਾ ਮੁਢਲਾ ਅਰਥ ਤਾਂ ਉਪਰ ਚੁੱਕਣਾ ਹੀ ਹੈ ਪਰ ਵਿਕਸਿਤ ਅਰਥ ਹੈ-ਵਡਿਆਈ ਕਰਨਾ ਜਾਂ ਸਲਾਹੁਣਾ। ਵਡਿਆਈ ਕਰਨ ਵਿਚ ਕਿਸੇ ਨੂੰ ਉਚਾ ਚੁੱਕਣ ਦਾ ਹੀ ਆਸ਼ਾ ਹੈ। ਇਕ ਅੰਗਰੇਜ਼ੀ ਸ਼ਬਦ ਹੈ, Telamon ਜੋ ਆਦਮੀ ਦੀ ਸ਼ਕਲ ਦੇ ਥੰਮ ਨੂੰ ਆਖਦੇ ਹਨ। ਇਹ ਮਿਲਦੇ-ਜੁਲਦੇ ਗਰੀਕ ਸ਼ਬਦ ਤੋਂ ਬਣਿਆ ਹੈ, ਜਿਸ ਦਾ ਮੁਢਲਾ ਭਾਵ ਵੀ ਸਹਾਰਾ ਦੇਣ ਵਾਲਾ ਹੁੰਦਾ ਹੈ। ਅਸਮਾਨ ਦੇ ਥੰਮਾਂ ਨੂੰ ਚੁੱਕਣ ਵਾਲੇ ਗਰੀਕ ਦੈਂਤ (ਟਾਈਟਨ) 'ਐਟਲਸ' ਵਿਚ ਵੀ ਇਹੀ ਮੂਲ ਬੋਲਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ-ਅਸਮਾਨ ਨੂੰ ਚੁੱਕਣ ਵਾਲਾ। ਅਸਲ ਵਿਚ ਇਹ ਸ਼ਬਦ Telamon ਦਾ ਹੀ ਵਿਕਸਿਤ ਰੂਪ ਹੈ। ਅਸੀਂ ਐਟਲਸ ਨੂੰ ਨਕਸ਼ਿਆਂ ਦੀ ਕਿਤਾਬ ਵਜੋਂ ਜਾਣਦੇ ਹਾਂ ਪਰ ਇਸ ਅਰਥ ਵਿਚ ਇਹ ਸ਼ਬਦ ਇਸ ਲਈ ਪ੍ਰਚਲਿਤ ਹੋਇਆ ਕਿਉਂਕਿ 16ਵੀਂ ਸਦੀ ਵਿਚ ਪਹਿਲੀ ਵਾਰ ਦੁਨੀਆਂ ਦਾ ਐਟਲਸ ਛਪਵਾਉਣ ਵਾਲੇ ਨੇ ਇਹ ਸ਼ਬਦ ਵਰਤਿਆ ਸੀ। ਉਸ ਦੇ ਐਟਲਸ ਦੇ ਸਰਵਰਕ ਵਿਚ ਇਸ ਦਾਨਵ ਦਾ ਚਿੱਤਰ ਸੀ। ਮੌਰੀਟੇਨੀਆ (ਉਤਰ ਪੱਛਮੀ ਅਫਰੀਕਾ ਦਾ ਇਕ ਦੇਸ਼ ਜੋ ਐਟਲਾਂਟਿਕ ਸਾਗਰ ਦੇ ਨਾਲ ਲਗਦਾ ਹੈ) ਵਿਚ ਇਕ ਪਰਬਤ ਦਾ ਨਾਂ ਹੈ-ਮਾਊਂਟ ਐਟਲਸ। ਇਸ ਦੇ ਪ੍ਰਸੰਗ ਵਿਚ ਐਟਲਾਂਟਿਕ ਸ਼ਬਦ ਪ੍ਰਚਲਿਤ ਹੋਇਆ ਜੋ ਪਿਛੋਂ ਸਮੁੱਚੇ ਐਟਲਾਂਟਿਕ ਸਾਗਰ ਲਈ ਵਰਤਿਆ ਜਾਣ ਲੱਗਾ। ਅੰਗਰੇਜ਼ੀ ਤੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਦੇ ਬਹੁਤ ਸਾਰੇ ਜਾਣੇ-ਪਛਾਣੇ ਸ਼ਬਦ ਇਸ ਮੂਲ ਨਾਲ ਜਾ ਜੁੜਦੇ ਹਨ।

# ਮੇਰੀ ਮਲਾਇਆ ਯਾਤਰਾ

***(ਪਿਛਲੇ ਸਫੇ ਦੀ ਬਾਕੀ)***

ਤੇ ਪੀਨਾਂਗ ਆਦਿ ਸ਼ਹਿਰਾਂ ਵਿਚ ਵੱਸਦੇ ਹਨ। ਪੁਲਿਸ ਤੋਂ ਬਿਨਾਂ ਕੁਝ ਫੌਜਾਂ ਤੇ ਦਫ਼ਤਰਾਂ ਦੇ ਨੌਕਰ ਹਨ। ਬਹੁਤੀ ਗਿਣਤੀ ਜਾਗਿਆ (ਚੌਕੀਦਾਰਾਂ) ਦੀ ਹੈ। ਕਈ ਦੁਕਾਨਦਾਰੀ ਕਰਦੇ ਹਨ। ਕੁਝ ਲੋਕ ਰਬੜ ਦੀ ਖੇਤੀ ਤੇ ਬਿਉਪਾਰ ਵੀ ਕਰਦੇ ਹਨ। ਕੁਝ ਤਾਂ ਲੱਖਾਂਪਤੀ ਬਣ ਗਏ ਹਨ।

ਮਲਾਇਆ ਦੀ ਵੱਡੀ ਪੈਦਾਵਾਰ ਰਬੜ ਤੇ ਟਿਨ ਹੈ। ਅਨਾਜਾਂ ਵਿਚੋਂ ਚਾਵਲ ਬਹੁਤ ਪੈਦਾ ਕੀਤੇ ਜਾਂਦੇ ਹਨ। ਤੇਲ ਵੀ ਕਾਫੀ ਪੈਦਾ ਕੀਤਾ ਜਾਂਦਾ ਹੈ। ਫਲਾਂ ਵਿਚ ਅਨਾਨਾਸ, ਕੇਲਾ, ਦੁਰਿਆਨ, ਮਾਂਗਣੀਆਂ ਆਦਿਕ ਫਲ ਬਹੁਤ ਹੋਂਦੇ ਹਨ। ਕਸ਼ਮੀਰ ਤੇ ਪੰਜਾਬ ਵਰਗੇ ਆਮ ਫਲ ਇਥੇ ਨਹੀਂ ਹੁੰਦੇ। ਦੁਰਿਆਨ ਨੂੰ ਇਥੇ ਫਲਾਂ ਦਾ ਸਰਦਾਰ ਤੇ ਮਲਾਇਆ ਦਾ ਕੌਮੀ ਫਲ ਗਿਣਿਆ ਜਾਂਦਾ ਹੈ। ਇਹ ਬੜਾ ਸੁਆਦੀ ਤੇ ਬਲਵਰਧਕ ਮੰਨਿਆ ਜਾਂਦਾ ਹੈ।

ਹਿੰਦੀ ਤੇ ਪੰਜਾਬੀ ਪਹਿਲੇ ਪਹਿਲ ਦੁਰਿਆਨ ਦਾ ਫਲ ਨਹੀਂ ਖਾ ਸਕਦੇ। ਇਸ ਵਿਚੋਂ ਬੜੀ ਬਦਬੂ ਜਿਹੀ ਆਉਂਦੀ ਹੈ। ਪਰ ਸਹਿਜੇ ਸਹਿਜੇ ਇਹ ਬੜੇ ਸੁਆਦੀ ਲਗਣ ਲੱਗ ਪੈਂਦੇ ਹਨ। ਇਨ੍ਹਾਂ ਵਿਚੋਂ ਮਲਾਈ ਵਰਗਾ ਗੁੱਦਾ ਨਿਕਲਦਾ ਹੈ। ਅਤੇ ਮਲਾਈ ਵਰਗੀ ਹੀ ਤਾਕਤ ਰੱਖਦਾ ਹੈ।

ਪਹਿਲੇ ਪਹਿਲ ਜਦੋਂ ਗਿਆਨੀ ਹਰਬੰਸ ਸਿੰਘ ਨੇ ਪੀਨਾਂਗ ਵਿਚ ਇਕ ਦੁਰਿਆਨ ਤੋੜ ਕੇ ਮੇਰੇ ਅੱਗੇ ਲਿਆ ਰੱਖਿਆ ਤਾਂ ਮੈਂ ਨੱਕ ਬੰਦ ਕਰਕੇ ਬਾਹਰ ਨੱਸ ਗਿਆ। ਫਿਰ ਉਨ੍ਹਾਂ ਨੂੰ ਸੁਆਦ ਨਾਲ ਖਾਂਦਾ ਵੇਖ ਕੇ ਮੈਂ ਵੀ ਖਾਣ ਲੱਗ ਪਿਆ। ਮਗਰੋਂ ਮੈਂ ਜਿਥੇ ਜਾਂਦਾ, ਦੁਰਿਆਨ ਮੰਗਾ ਕੇ ਜ਼ਰੂਰ ਖਾਂਦਾ।

ਮਲਾਇਆ ਦੀ ਬੋਲੀ ਤੇ ਕਲਚਰ ਨੂੰ ਵੇਖ ਕੇ ਪਤਾ ਲੱਗਦਾ ਹੈ ਕਿ ਆਰੀਅਨ ਦਾ ਇਥੇ ਬੜਾ ਪ੍ਰਭਾਵ ਪਿਆ ਸੀ। ਕਈ ਸ਼ਬਦ ਤੇ ਰਿਵਾਜ ਮਿਲਦੇ ਹਨ। ਬੜੇ ਪੁਰਾਣੇ ਸਮੇਂ ਵਿਚ ਆਰੀਅਨ ਲੋਕ ਜਾਵਾ ਸਮਾਟਰਾ ਵਿਚ ਆਏ। ਮਲਯ ਪਹਾੜ ਨੂੰ ਕਹਿੰਦੇ ਹਨ। ਸਮਾਟਰਾ ਦੇ ਪਹਾੜਾਂ ਵਿਚ ਰਹਿਣ ਵਾਲੇ ਜੰਗਲੀ ਲੋਕਾਂ ਨੂੰ ਆਰੀਆ ਨੇ 'ਮਲਾਈ' ਕਹਿਣਾ ਸ਼ੁਰੂ ਕਰ ਦਿੱਤਾ। ਇਹ ਲੋਕ ਸਮਾਟਰਾ ਦੇ ਇਲਾਕੇ ਪਾਲਮਬੈਂਗ ਦੇ ਅਸਲੀ ਵਸਨੀਕ ਮੰਨੇ ਜਾਂਦੇ ਹਨ। ਕਿਸੇ ਸਮੇਂ ਕਿਸੇ ਕਾਰਨ ਉਥੋਂ ਧੱਕੇ ਹੋਏ, ਇਹ ਇਸ ਦੇਸ ਵਿਚ ਆ ਕੇ ਵਸ ਗਏ ਅਤੇ ਇਸ ਦੇਸ ਦਾ ਨਾਂ ਵੀ ਮਲਾਇਆ ਪੈ ਗਿਆ। ਮਲਾਇਆ ਦੇਸ ਦੇ ਅਸਲੀ ਵਸਨੀਕ 'ਸਾਕੇ' ਹਨ ਜੋ ਹੁਣ ਵੀ ਜੰਗਲਾਂ ਪਹਾੜਾਂ ਵਿਚ ਨੰਗੇ ਤੇ ਅਧਨੰਗੇ ਜੰਗਲੀ ਹਾਲਤ ਵਿਚ ਰਹਿੰਦੇ ਹਨ। ਸ਼ਿਕਾਰ ਕਰਕੇ ਗੁਜ਼ਾਰਾ ਕਰਦੇ ਹਨ। ਉਹ ਬਾਂਸ ਦੀ ਇਕ ਲੰਮੀ ਨਲੀ ਦੇ ਸਿਰੇ ਉਤੇ ਗੀਟਾ ਰੱਖ ਕੇ ਇਤਨੀ ਜ਼ੋਰ ਦੀ ਫੂਕ ਮਾਰਦੇ ਹਨ ਕਿ ਉਸ ਨਾਲ ਪੰਛੀ ਫੁੜਕਾ ਲੈਂਦੇ ਹਨ। ਉਨ੍ਹਾਂ ਦੀ ਬੋਲੀ ਤੇ ਰਸਮ ਰਿਵਾਜ ਵਖਰੇ ਹਨ। ਮਲਾਈ ਲੋਕ ਮੁਸਲਮਾਨ ਹਨ। ਇਨ੍ਹਾਂ ਵਿਚ ਚੀਨੀ, ਅਰਬੀ ਅਤੇ ਹਿੰਦੀ ਖੂਨ ਦਾ ਵੀ ਰਲਾ ਮਾਲੂਮ ਹੁੰਦਾ ਹੈ। ਛੋਟੇ ਕੱਦ, ਭੂਰਾ ਤੇ ਗੰਦਮੀ ਰੰਗ, ਚੌੜਾ ਮੂੰਹ, ਚਪਟਾ ਨੱਕ, ਮਜ਼ਬੂਤ ਤੇ ਚੁਸਤ ਜੁੱਸਾ। ਸਤਵੀਂ ਅਠਵੀਂ ਸਦੀ ਵਿਚ ਅਰਬੀ ਸੁਦਾਗਰ ਇਧਰ ਆਏ। ਓਦੋਂ ਇਸਲਾਮ ਵਿਚ ਨਵਾਂ ਨਵਾਂ ਜੋਸ਼ ਸੀ। ਉਨ੍ਹਾਂ ਨੇ ਇਨ੍ਹਾਂ ਨੂੰ ਮੁਸਲਮਾਨ ਬਣਾ ਲਿਆ।

ਪਰ ਇਹ ਵੇਖ ਕੇ ਬੜੀ ਹੀ ਖੁਸ਼ੀ ਹੋਈ ਕਿ ਮਲਾਈ ਮੁਸਲਮਾਨਾਂ ਵਿਚ ਹਿੰਦੀ ਮੁਸਲਮਾਨਾਂ ਵਰਗਾ ਮਜ਼ਹਬੀ ਪੱਖਪਾਤ ਉੱਕਾ ਨਹੀਂ। ਇਨ੍ਹਾਂ ਦੀਆਂ ਤੀਵੀਆਂ ਪਰਦਾ ਵੀ ਘੱਟ ਕਰਦੀਆਂ ਹਨ, ਐਵੇਂ ਅੱਧਾ ਕੁ ਮੂੰਹ ਕੱਜਦੀਆਂ ਹਨ। ਬੁਰਕਾ ਤਾਂ ਮੈਂ ਕਿਸੇ ਦੇ ਵੀ ਨਹੀਂ ਵੇਖਿਆ। ਇਨ੍ਹਾਂ ਦੀਆਂ ਗੁਆਂਢਣਾਂ ਚੀਨਣਾਂ, ਜਾਪਾਨਣਾਂ ਤੇ ਸਿਆਮਣਾਂ ਖੁੱਲ੍ਹੇ ਮੂੰਹ ਮਰਦਾਂ ਵਾਂਗ ਆਜ਼ਾਦ ਫਿਰਦੀਆਂ ਤੇ ਸਭ ਕੰਮ ਕਾਜ ਕਰਦੀਆਂ ਹਨ। ਇਨ੍ਹਾਂ ਦਾ ਡੂੰਘਾ ਅਸਰ ਇਨ੍ਹਾਂ ਉਤੇ ਪੈ ਰਿਹਾ ਹੈ। ਮਲਾਈ ਉਚ ਘਰਾਣਿਆਂ ਵਿਚ ਸੁੰਦਰਤਾ ਤੇ ਸ਼ਿੰਗਾਰ ਦਾ ਵੀ ਘਾਟਾ ਨਹੀਂ।

ਮਲਾਇਆ ਵਿਚ ਇਹ ਵੇਖ ਕੇ ਮੈਨੂੰ ਬੜੀ ਤਸੱਲੀ ਹੋਈ ਕਿ ਭਾਵੇਂ ਇਥੋਂ ਦੇ ਰਾਜੇ ਮੁਸਲਮਾਨ ਹਨ, ਅਸਲੀ ਵਸਨੀਕ ਮੁਸਲਮਾਨ ਹਨ ਪਰ ਗਊ, ਸੂਰ, ਝਟਕੇ ਹਲਾਲ ਅਤੇ ਮੰਦਰ ਮਸੀਤ ਦੇ ਝਗੜੇ ਦਾ ਕੋਈ ਸੁਆਲ ਹੀ ਨਹੀਂ।



***ਸਾਲ 1963 ਦੇ ਦਸੰਬਰ ਮਹੀਨੇ ਮਲਾਇਆ ਵਿਚ ਹੋਏ ਗੁਰਮਤਿ ਪ੍ਰਚਾਰ ਸੰਮੇਲਨ ਦੀ ਇਕ ਦੁਰਲੱਭ ਤਸਵੀਰ।***

ਮੈਂ ਆਪਣੀ ਅੱਖੀਂ ਜਾ ਕੇ ਵੇਖਿਆ ਕਿ ਇਕੋ ਬੁੱਚੜਖਾਨੇ ਵਿਚ ਇਕ ਪਾਸੇ ਬਕਰੇ ਤੇ ਸੂਰ ਮਸ਼ੀਨ ਨਾਲ ਮਾਰੇ ਜਾਂਦੇ ਹਨ, ਨਾਲ ਹੀ ਦੂਜੇ ਪਾਸੇ ਗਊਆਂ ਤੇ ਵੱਛੇ ਹਲਾਲ ਕੀਤੇ ਜਾਂਦੇ ਹਨ। ਮਾਰਕੀਟਾਂ ਵਿਚ ਕੋਲ ਕੋਲ ਹੀ ਸੂਰ, ਬਕਰੇ ਤੇ ਗਊ ਦਾ ਮਾਸ ਵਿਕਦਾ ਹੈ। ਕੋਈ ਕਿਸੇ ਉਤੇ ਇਤਰਾਜ਼ ਨਹੀਂ ਕਰਦਾ। ਜਦੋਂ ਇਹ ਲੋਕ ਪੰਜਾਬ ਦੀਆਂ ਝਟਕੇ ਹਲਾਲ ਦੇ ਝਗੜੇ ਦੀਆਂ ਖਬਰਾਂ ਸੁਣਦੇ ਹਨ ਤਾਂ ਹੱਸ ਕੇ ਕਹਿੰਦੇ ਹਨ- ਇਹ ਲੋਕ ਕਿੰਨੇ ਮੂਰਖ ਹਨ ਜਿਹੜੇ ਇਨ੍ਹਾਂ ਖਾਣ ਪੀਣ ਤੇ ਰਸਮੀ ਗੱਲਾਂ ਉਤੇ ਝਗੜ ਕੇ ਇਕ ਦੂਜੇ ਨੂੰ ਕਤਲ ਕਰ ਦੇਂਦੇ ਹਨ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਨੌਕਰਸ਼ਾਹੀ ਦੇ "ਪਾੜੋ ਤੇ ਰਾਜ ਕਰੋ" ਦੇ ਜਾਦੂ ਨੇ ਡੂੰਘਾ ਅਸਰ ਕੀਤਾ ਹੋਇਆ ਸੀ।

ਮਲਾਇਆ ਵਾਸੀ ਹਿੰਦੀਆਂ ਵਿਚ ਚੰਗੀ ਜਾਗਰਤੀ ਪੈਦਾ ਹੋ ਗਈ ਹੈ। ਉਨ੍ਹਾਂ ਨੇ ਹਿੰਦੀ ਐਸੋਸੀਏਸ਼ਨ ਅਤੇ ਮਲਾਇਅਨ ਕਾਂਗਰਸ ਨਾਂ ਦੀਆਂ ਸਾਂਝੀਆਂ ਕੌਮੀ ਜਥੇਬੰਦੀਆਂ ਬਣਾ ਲਈਆਂ ਹਨ। ਰਬੜ ਤੇ ਖਾਨਾਂ ਦੇ ਮਜ਼ਦੂਰਾਂ ਵਿਚ ਬੜੀ ਜਾਗਰਤੀ ਹੈ। ਉਨ੍ਹਾਂ ਨੇ ਆਪਣੀਆਂ ਯੂਨੀਅਨਾਂ ਜਥੇਬੰਦ ਕੀਤੀਆਂ ਹੋਈਆਂ ਹਨ। ਚੀਨੇ ਮਜ਼ਦੂਰ ਅਤੇ ਸਿਆਣੇ ਤੇ ਲੜਾਕੂ ਹਨ।

ਪਰ ਮਲਾਇਆ ਇਕ ਬ੍ਰਿਟਿਸ਼ ਕਾਲੋਨੀ ਹੈ। ਹਕੂਮਤ ਰਾਜਸੀ ਖਿਆਲਾਂ ਨੂੰ ਬੜੀ ਸਖਤੀ ਨਾਲ ਦਬਾਂਦੀ ਹੈ। ਥੋੜ੍ਹਾ ਵਿਚ ਹੋਇਆ ਪੰਡਤ ਜਵਾਹਰ ਲਾਲ ਜੀ ਦੌਰੇ ਉਤੇ ਗਏ ਸਨ। ਉਨ੍ਹਾਂ ਦੇ ਲੈਕਚਰਾਂ ਤੋਂ ਹਕੂਮਤ ਬੜੀ ਘਬਰਾਈ ਸੀ ਪਰ ਉਨ੍ਹਾਂ ਦੀ ਕੌਮਾਂਤਰੀ ਉਚ ਹਸਤੀ ਨੂੰ ਹੱਥ ਨਾ ਪਾ ਸਕੀ। ਮੈਂ ਜਿਥੇ ਵੀ ਜਾਂਦਾ ਸਾਂ, ਸਿੱਖ ਤੇ ਹੋਰ ਸਭ ਹਿੰਦੀ ਰਲ ਮਿਲ ਕੇ ਮੇਰਾ ਸੁਆਗਤ ਕਰਦੇ ਤੇ ਦੇਸ ਦੀ ਰਾਜਸੀ ਹਾਲਤ ਬਾਬਤ ਮੇਰੀਆਂ ਗੱਲਾਂ ਬੜੀ ਦਿਲਚਸਪੀ ਨਾਲ ਸੁਣਦੇ ਸਨ। ਮੈਂ ਕੇਵਲ ਪਿਛਲੀਆਂ ਚੋਣਾਂ ਵਿਚ ਕਾਂਗਰਸ ਨੂੰ ਪ੍ਰਾਪਤ ਹੋਈ ਜਿੱਤ ਤੇ ਉਸ ਦੇ ਹਿੰਦੀਆਂ ਉਤੇ ਪ੍ਰਭਾਵ ਬਾਰੇ ਚਾਨਣਾ ਪਾਂਦਾ। ਕੁਆਲਾਲੰਪਰ ਵਿਚ ਹਿੰਦੀ ਐਸੋਸੀਏਸ਼ਨ ਦੇ ਇਕ ਸਮਾਗਮ ਵਿਚ ਜਦੋਂ ਮੈਂ ਲੈਕਚਰ ਦੇ ਕੇ ਹਟਿਆ ਤਾਂ ਦੂਜੇ ਦਿਨ ਹੀ ਪੁਲਿਸ ਦਾ ਸੱਦਾ ਆ ਗਿਆ।

ਅੰਗਰੇਜ਼ ਪੁਲਿਸ ਸੁਪਰਿੰਟੈਂਡੈਂਟ ਨੇ ਮੈਨੂੰ ਤਾੜਨਾ ਕਰ ਦਿੱਤੀ ਕਿ ਅਜਿਹੇ ਰਾਜਸੀ ਲੈਕਚਰ ਮਲਾਇਆ ਵਿਚ ਨਾ ਦਿਓ, ਨਹੀਂ ਤਾਂ ਫੌਰਨ ਤੁਹਾਨੂੰ ਮਲਾਇਆ ਤੋਂ ਬਾਹਰ ਕੱਢ ਦਿੱਤਾ ਜਾਏਗਾ। ਸੈਰ ਨੂੰ ਮੁੱਖ ਰੱਖ ਕੇ ਅਤੇ ਮਲਾਇਆ ਵਾਸੀਆਂ ਨੂੰ ਮਿਲਣ ਦੀ ਤੀਬਰ ਖਾਹਸ਼ ਪੂਰੀ ਕਰਨ ਲਈ ਮੈਂ ਆਪਣੇ ਲੈਕਚਰ ਨਰਮ ਕਰ ਦਿੱਤੇ।

ਪੀਨਾਂਗ, ਈਪੂ, ਕੁਆਲਾਲੰਪਰ, ਸਰੰਬਨ, ਮਲਾਕਾ, ਜੋਹਰਬਾਰੂ ਸਿੰਗਾਪੁਰ, ਫ੍ਰੇਜ਼ਰ ਹਿਲ ਆਦਿਕ ਕਈ ਸ਼ਹਿਰਾਂ ਦੀ ਰੀਝ ਲਾਹ ਕੇ ਸੈਰ ਕੀਤੀ। ਹਿੰਦੀਆਂ ਦੀ ਅਤੇ ਖਾਸ ਕਰਕੇ ਸਿੱਖਾਂ ਅਤੇ ਮਲਾਈਆਂ ਤੇ ਚੀਨੀਆਂ ਦੇ ਰਾਜਸੀ ਤੇ ਆਰਥਕ ਹਾਲਾਤ ਦਾ ਮੁਤਾਲਿਆ ਕੀਤਾ ਅਤੇ ਮੈਂ ਇਸ ਸਿੱਟੇ ਉਤੇ ਪੁਜਾ ਕਿ ਮਲਾਇਆ ਵੀ ਹੁਣ ਬਹੁਤਾ ਚਿਰ ਗੁਲਾਮ ਨਹੀਂ ਰਹਿ ਸਕਦਾ। ਹਿੰਦ ਤੇ ਚੀਨ ਦੇ ਆਜ਼ਾਦ ਹੋਣ ਦੇ ਬਾਅਦ ਮਲਾਇਆ ਵੀ ਸਾਮਰਾਜੀ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਆਜ਼ਾਦ ਹੋ ਜਾਏਗਾ। ਮਲਾਇਆ ਵਾਸੀ ਪੰਜਾਬੀ ਵੀਰਾਂ ਦੇ ਦਿਲੀ ਪਰੇਮ ਦੀਆਂ ਸੁਗਾਤਾਂ ਨਾਲ ਦਿਲ ਦੀ ਪਟਾਰੀ ਭਰ ਕੇ ਮੈਂ ਮਈ ਵਿਚ ਵਾਪਸ ਪੰਜਾਬ ਆ ਗਿਆ।

# ਹਕੀਕਤ ਬਿਆਨ ਕਰਦੀ ਫਿਲਮ: ਟਰੈਫਿਕ ਸਿਗਨਲ

**ਸੁਖਵੰਤ ਹੁੰਦਲ**

ਜਦੋਂ ਤੁਸੀਂ ਹਿੰਦੁਸਤਾਨ ਦੇ ਕਿਸੇ ਸ਼ਹਿਰ ਵਿਚ ਟਰੈਫਿਕ ਸਿਗਨਲ ਉਤੇ ਰੁਕਦੇ ਹੋ ਤਾਂ ਬਹੁਤ ਸਾਰੇ ਲੋਕ ਤੁਹਾਡੀ ਗੱਡੀ ਕੋਲ ਪਹੁੰਚ ਤੁਹਾਡਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਲੋਕ ਤੁਹਾਡੇ ਕੋਲੋਂ ਭੀਖ ਮੰਗਦੇ ਹਨ ਅਤੇ ਕੁਝ ਆਪਣੀਆਂ ਚੀਜ਼ਾਂ ਵੇਚਣ ਦੀ ਕੋਸ਼ਿਸ਼ ਕਰਦੇ ਹਨ। ਫਿਲਮ 'ਟਰੈਫਿਕ ਸਿਗਨਲ' (ਨਿਰਦੇਸ਼ਕ ਮਧੁਰ ਭੰਡਾਰਕਰ) ਇਨ੍ਹਾਂ ਲੋਕਾਂ ਦੀ ਕਹਾਣੀ ਹੈ ਜੋ ਮੁੰਬਈ ਦੇ ਕਿਸੇ ਕਲਪਿਤ ਟਰੈਫਿਕ ਸਿਗਨਲ ਉਪਰ ਵਾਪਰਦੀ ਹੈ। ਇਸ ਟਰੈਫਿਕ ਸਿਗਨਲ ਉਪਰ ਕੰਮ ਕਰਦੇ ਮੰਗਤੇ, ਚੀਜ਼ਾਂ ਵੇਚਣ ਵਾਲੇ, ਔਰਤ ਅਤੇ ਮਰਦ ਵੇਸਵਾਵਾਂ, ਜੇਬ ਕੱਟੀ ਜਾਣ ਵਰਗਾ ਨਾਟਕ ਕਰ ਕੇ ਲੋਕਾਂ ਤੋਂ ਪੈਸੇ ਬਟੋਰਨ ਵਾਲੇ ਅਤੇ ਇਨ੍ਹਾਂ ਸਾਰੇ ਲੋਕਾਂ ਤੋਂ ਹਫਤਾ ਉਗਰਾਹੁਣ ਵਾਲੇ ਇਸ ਫਿਲਮ ਦੇ ਮੁੱਖ ਪਾਤਰ ਹਨ। ਉਸ ਟਰੈਫਿਕ ਸਿਗਨਲ ਤੋਂ ਰੋਜ਼ ਲੰਘਣ ਵਾਲੇ ਅਤੇ ਲਾਲ ਬੱਤੀ ਹੋਣ ਕਾਰਨ ਉਥੇ ਕੁਝ ਸਕਿੰਟਾਂ ਲਈ ਰੁਕਣ ਵਾਲੇ ਮੱਧ ਵਰਗੀ ਅਤੇ ਅਮੀਰ ਲੋਕ ਇਸ ਫਿਲਮ ਦੇ ਉਪ-ਪਾਤਰ ਹਨ।

ਫਿਲਮ ਦੇ ਪਹਿਲੇ 15-20 ਮਿੰਟਾਂ ਵਿਚ ਫਿਲਮਕਾਰ ਬਹੁਤ ਤੇਜ਼ ਰਫਤਾਰ ਸ਼ਾਟਾਂ ਨਾਲ ਟਰੈਫਿਕ ਸਿਗਨਲ ਦੁਆਲੇ ਵਸਦੀ ਜ਼ਿੰਦਗੀ ਦੇ ਵੱਖ ਵੱਖ ਦ੍ਰਿਸ਼ ਵਿਖਾ ਕੇ ਉਥੋਂ ਦੀ ਜ਼ਿੰਦਗੀ ਦੀ ਭਗਦੜ ਸਥਾਪਤ ਕਰਨ ਦਾ ਯਤਨ ਕਰਦਾ ਹੈ ਅਤੇ ਇਸ ਯਤਨ ਵਿਚ ਕਾਮਯਾਬ ਹੁੰਦਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਫਿਲਮਕਾਰ ਤੁਹਾਨੂੰ ਕਹਾਣੀ ਨਹੀਂ, ਸਗੋਂ ਅਨੇਕਾਂ ਕਹਾਣੀਆਂ ਦੱਸ ਰਿਹਾ ਹੈ- ਟਰੈਫਿਕ ਸਿਗਨਲ ਉਪਰ ਕੰਮ ਕਰਦੇ ਹਰ ਪਾਤਰ ਦੀ ਵੱਖਰੀ ਕਹਾਣੀ ਹੈ। ਸਮਾਂ ਬੀਤਣ ਨਾਲ ਜਿਥੇ ਇਹ ਵੱਖ ਵੱਖ ਕਹਾਣੀਆਂ ਹੋਰ ਸਪਸ਼ਟ ਅਤੇ ਮੁਕੰਮਲ ਹੋ ਜਾਂਦੀਆਂ ਹਨ, ਉਸ ਦੇ ਨਾਲ ਹੀ ਵੱਡੀ ਕਹਾਣੀ ਸਾਹਮਣੇ ਆਉਣੀ ਸ਼ੁਰੂ ਹੋ ਜਾਂਦੀ ਹੈ।

ਟਰੈਫਿਕ ਸਿਗਨਲ ਉਪਰ ਕੰਮ ਕਰਦੇ ਇਹ ਸਾਰੇ ਲੋਕ ਹਿੰਦੁਸਤਾਨ ਦੀ ਵੱਡੀ "ਅਨਿਯਮਤ ਆਰਥਿਕਤਾ" ਦਾ ਹਿੱਸਾ ਹਨ। ਇਸ ਅਨਿਯਮਤ ਆਰਥਿਕਤਾ ਵਿਚ ਕੰਮ ਕਰਨ ਵਾਲਿਆਂ ਦੇ ਕੋਈ ਮੁਢਲੇ ਹੱਕ ਨਹੀਂ। ਹੱਕਾਂ ਤੋਂ ਵਾਂਝੇ ਇਹ ਲੋਕ ਜਿਉਂਦਾ ਰਹਿਣ ਲਈ ਦਿਨ ਰਾਤ ਸਖਤ ਕੰਮ ਕਰਦੇ ਹਨ ਅਤੇ ਹਰ ਤਰ੍ਹਾਂ ਦਾ ਦੁਰਵਿਹਾਰ ਸਹਿੰਦੇ ਹਨ (ਇਹ ਵੀ ਸੱਚ ਹੈ ਕਿ ਉਨ੍ਹਾਂ ਵਿਚੋਂ ਕੁਝ ਲੋਕ ਕਈ ਵਾਰ ਟਰੈਫਿਕ ਸਿਗਨਲ ਤੋਂ ਲੰਘਣ ਵਾਲੇ ਲੋਕਾਂ ਨਾਲ ਧੋਖਾ ਕਰ ਕੇ ਪੈਸੇ ਬਟੋਰ ਲੈਂਦੇ ਹਨ)। ਸਿਤਮ ਦੀ ਗੱਲ ਇਹ ਹੈ ਕਿ ਇਸ ਤਰ੍ਹਾਂ ਦਾ ਕੰਮ ਕਰਨ ਬਦਲੇ ਉਨ੍ਹਾਂ ਨੂੰ ਮਾਫੀਆ ਦੇ ਬੌਸਾਂ ਨੂੰ ਹਫਤਾ ਦੇਣਾ ਪੈਂਦਾ ਹੈ। ਇਨ੍ਹਾਂ ਲੋਕਾਂ ਦੀ ਸਖਤ ਅਤੇ ਨਿਰਦਈ ਜ਼ਿੰਦਗੀ ਨੂੰ ਫਿਲਮ ਦਾ ਇਹ ਗੀਤ ਬਹੁਤ ਖੂਬਸੂਰਤੀ ਨਾਲ ਪ੍ਰਤੀਬਿੰਬਤ ਕਰਦਾ ਹੈ: ਯਹੀ ਜ਼ਿੰਦਗੀ ਹੈ, ਤੋ ਕਿਆ ਜ਼ਿੰਦਗੀ ਹੈ, ਕਹੀਂ ਰਾਖ ਬਣ ਕੇ ਸੁਲਘਤੀ ਰਹੀ, ਕਹੀਂ ਦਰਦੋਂ ਗਮ ਸੇ ਵਿਲਖਤੀ ਰਹੀ, ਕਹੀਂ ਅਸ਼ਕ ਬਨ ਕੇ ਬਰਸਤੀ ਰਹੀ, ਕਹੀਂ ਲਮਹਾ ਲਮਹਾ ਤਰਸਤੀ ਰਹੀ, ਯਹੀ ਜ਼ਿੰਦਗੀ ਹੈ ਤੋ ਕਿਆ ਜ਼ਿੰਦਗੀ ਹੈ।




ਫਿਲਮਕਾਰ ਨੇ ਜਿਥੇ ਇਨ੍ਹਾਂ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੀ ਕਰੂਰਤਾ ਨੂੰ ਬਹੁਤ ਵਿਸਥਾਰ ਵਿਚ ਦਿਖਾਇਆ ਹੈ, ਉਥੇ ਉਸ ਨੇ ਇਨ੍ਹਾਂ ਲੋਕਾਂ ਵਿਚਲੇ ਭਾਈਚਾਰੇ ਅਤੇ ਸਾਂਝ ਨੂੰ ਵੀ ਚੰਗੀ ਤਰ੍ਹਾਂ ਪੇਸ਼ ਕੀਤਾ ਹੈ। ਸ਼ਾਇਦ ਇਹ ਸਾਂਝ ਅਤੇ ਭਾਈਚਾਰਾ ਹੀ ਉਨ੍ਹਾਂ ਲਈ ਅਜਿਹੀ ਜ਼ਿੰਦਗੀ ਵਿਚੋਂ ਲੰਘਣ ਦਾ ਵੱਡਾ ਸਹਾਰਾ ਹੈ। ਟਰੈਫਿਕ ਸਿਗਨਲ ਤੋਂ ਆਪਣੀਆਂ ਗੱਡੀਆਂ ਜਾਂ ਆਵਾਜਾਈ ਦੇ ਹੋਰ ਸਾਧਨਾਂ ਰਾਹੀਂ ਲੰਘਣ ਵਾਲੇ ਲੋਕਾਂ, ਜਿਨ੍ਹਾਂ ਨੂੰ ਅਸੀਂ ਉਪਰ ਇਸ ਫਿਲਮ ਦੇ ਉਪ-ਪਾਤਰ ਕਿਹਾ ਹੈ, ਦੇ ਇਸ ਫਿਲਮ ਦੇ ਮੁੱਖ ਪਾਤਰਾਂ ਬਾਰੇ ਕੀ ਵਿਚਾਰ ਹਨ?

ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਹ ਇਨ੍ਹਾਂ ਲੋਕਾਂ ਬਾਰੇ ਕੁਝ ਵੀ ਜਾਣਨਾ ਨਹੀਂ ਚਾਹੁੰਦੇ। ਇਹ ਲੋਕ ਉਨ੍ਹਾਂ ਲਈ ਰੁਕਾਵਟ ਹਨ, ਸਿਰਦਰਦੀ ਹਨ। ਟਰੈਫਿਕ ਸਿਗਨਲ ਉਪਰ ਕੁਝ ਸਕਿੰਟਾਂ ਲਈ ਰੁਕੇ, ਆਪਣੀਆਂ ਆਪਣੀਆਂ ਗੱਡੀਆਂ ਜਾਂ ਦੂਸਰੇ ਸਾਧਨਾਂ ਵਿਚ ਬੈਠੇ ਉਹ ਲੋਕ ਕਿਸੇ ਤਰ੍ਹਾਂ ਵੀ ਇਨ੍ਹਾਂ ਲੋਕਾਂ ਨਾਲ ਦੋ ਚਾਰ ਨਹੀਂ ਹੋਣਾ ਚਾਹੁੰਦੇ, ਪਰ ਉਨ੍ਹਾਂ ਨੂੰ ਇਨ੍ਹਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ (ਇਥੇ ਇਹ ਵੀ ਸਹੀ ਹੈ ਕਿ ਟਰੈਫਿਕ ਸਿਗਨਲ ਤੋਂ ਲੰਘਣ ਵਾਲੇ ਕੁਝ ਲੋਕ, ਟਰੈਫਿਕ ਸਿਗਨਲ ਉਪਰ ਕੰਮ ਕਰਦੇ ਲੋਕਾਂ ਉਪਰ ਤਰਸ ਕਰਦੇ ਹਨ ਤੇ ਉਨ੍ਹਾਂ ਨੂੰ ਭੀਖ ਦਿੰਦੇ ਹਨ)।

ਸ਼ਾਇਦ ਫਿਲਮਕਾਰ ਟਰੈਫਿਕ ਸਿਗਨਲ ਉਪਰ ਅਜਿਹੀ ਸਥਿਤੀ ਦਿਖਾ ਕੇ ਹਿੰਦੁਸਤਾਨ ਦੀ ਸਮੁੱਚੀ ਸਥਿਤੀ ਉਪਰ ਟਿੱਪਣੀ ਕਰਨਾ ਚਾਹੁੰਦਾ ਹੈ ਕਿ ਹਿੰਦੁਸਤਾਨ ਦੇ ਮੱਧ ਵਰਗੀ ਅਤੇ ਅਮੀਰ ਲੋਕ ਗਰੀਬ ਲੋਕਾਂ ਨਾਲ ਕਿਸੇ ਤਰ੍ਹਾਂ ਦਾ ਵਾਹ ਨਹੀਂ ਰੱਖਣਾ ਚਾਹੁੰਦੇ। ਉਹ ਗਰੀਬ ਲੋਕਾਂ ਨੂੰ ਆਪਣੀ ਤਰੱਕੀ ਵਿਚ ਰੁਕਾਵਟ ਸਮਝਦੇ ਹਨ ਅਤੇ ਹਿੰਦੁਸਤਾਨ ਉਪਰ ਭਾਰ। ਅੱਜ ਹਰ ਪਾਸੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਹਿੰਦੁਸਤਾਨ ਦੁਨੀਆਂ ਵਿਚ ਵੱਡੀ ਆਰਥਿਕ ਤਾਕਤ ਬਣ ਰਿਹਾ ਹੈ, ਅਤੇ ਇਹ ਬਹੁਤ ਛੇਤੀ ਦੁਨੀਆਂ ਦੇ ਦੂਸਰੇ ਵਿਕਸਤ ਦੇਸ਼ਾਂ (ਅਮਰੀਕਾ ਵਗੈਰਾ ਲਈ) ਵੱਡੀ ਚੁਣੌਤੀ ਬਣ ਜਾਵੇਗਾ।

ਫਿਲਮ ਟਰੈਫਿਕ ਸਿਗਨਲ ਦੇਖ ਕੇ ਸਵਾਲ ਉਠਦਾ ਹੈ ਕਿ ਹਿੰਦੁਸਤਾਨ ਦੀ ਹੋ ਰਹੀ ਇਸ "ਆਰਥਿਕ ਤਰੱਕੀ" ਵਿਚ ਹਿੰਦੁਸਤਾਨ ਦੀ "ਅਨਿਯਮਤ ਆਰਥਿਕਤਾ" ਵਿਚ ਕੰਮ ਕਰਦੇ ਲੋਕਾਂ ਦਾ ਕੀ ਸਥਾਨ ਹੈ? ਕੀ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ, ਵਰਲਡ ਟਰੇਡ ਆਰਗੇਨਾਈਜੇਸ਼ਨ ਦੀਆਂ ਹਦਾਇਤਾਂ ਉਪਰ ਹਿੰਦੁਸਤਾਨ ਦੀ ਯੋਜਨਾਬੰਦੀ ਕਰਨ ਵਾਲੇ ਮਾਹਰਾਂ ਅਤੇ ਨੇਤਾਵਾਂ ਨੂੰ ਇਸ ਗੱਲ ਦਾ ਗਿਆਨ ਹੈ ਕਿ ਹਿੰਦੁਸਤਾਨ ਦੀ ਮੁੱਖ ਧਾਰਾ ਦੀ ਆਰਥਿਕਤਾ ਤੋਂ ਬਾਹਰ ਕਿੰਨੇ ਲੋਕ ਕੰਮ ਕਰ ਰਹੇ ਹਨ। ਕੀ ਉਹ ਆਪਣੀਆਂ ਯੋਜਨਾਵਾਂ ਵਿਚ ਇਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਸਰੋਕਾਰਾਂ ਨੂੰ ਧਿਆਨ ਵਿਚ ਰੱਖਦੇ ਹਨ? ਬਹੁਤ ਹੀ ਯਥਾਰਥਕ ਢੰਗ ਨਾਲ ਬਣਾਈ ਫਿਲਮ ਟਰੈਫਿਕ ਸਿਗਨਲ ਉਨ੍ਹਾਂ ਲੋਕਾਂ ਦੀਆਂ ਅੱਖਾਂ ਤੋਂ ਪਰਦਾ ਲਾਹੁਣ ਵਿਚ ਸਹਾਈ ਹੋਵੇਗੀ ਜੋ ਹਿੰਦੁਸਤਾਨ ਦੀ ਅਜੋਕੀ ਆਰਥਿਕ ਤਰੱਕੀ 'ਤੇ ਅੱਖਾਂ ਮੀਟੀ ਤਾੜੀਆਂ ਮਾਰ ਰਹੇ ਹਨ।

ਇਹ ਫਿਲਮ ਦੇਖਣ ਤੋਂ ਬਾਅਦ ਅਗਲਾ ਸਵਾਲ ਇਹ ਉਠਦਾ ਹੈ ਕਿ ਟਰੈਫਿਕ ਸਿਗਨਲ ਉਤੇ ਕੰਮ ਕਰਦੇ ਇਹ ਲੋਕ ਅਤੇ ਉਨ੍ਹਾਂ ਵਰਗੇ ਹੋਰ ਲੋਕ ਆਪਣੀ ਇਸ ਜ਼ਿੰਦਗੀ ਤੋਂ ਕਿਸ ਤਰ੍ਹਾਂ ਛੁਟਕਾਰਾ ਪਾ ਸਕਦੇ ਹਨ। ਹਿੰਦੁਸਤਾਨ ਦੇ ਸਿਆਸਤਦਾਨ ਉਨ੍ਹਾਂ ਲੋਕਾਂ ਦੀ ਕੋਈ ਮਦਦ ਨਹੀਂ ਕਰ ਸਕਦੇ। ਜਿਵੇਂ ਇਸ ਫਿਲਮ ਵਿਚ ਸਥਾਨਕ ਐਮ ਐਲ ਏ ਨੂੰ ਆਧਾਰ ਬਣਾ ਕੇ ਦਿਖਾਇਆ ਗਿਆ ਹੈ, ਉਹ ਤਾਂ ਪਹਿਲਾਂ ਹੀ ਵੱਡੇ ਮੁਜਰਮਾਂ ਅਤੇ ਪੈਸੇ ਵਾਲਿਆਂ ਕੋਲ ਵਿਕੇ ਹੋਏ ਹਨ। ਫਿਲਮ ਵਿਚ ਇਨ੍ਹਾਂ ਲੋਕਾਂ ਦੀ ਮਦਦ ਲਈ ਚੈਰੀਟੇਬਲ ਐਨ ਜੀ ਓ (ਗੈਰ ਸਰਕਾਰੀ ਸੰਸਥਾ) ਨੂੰ ਕੰਮ ਕਰਦੇ ਦਿਖਾਇਆ ਗਿਆ ਹੈ; ਪਰ ਇਹ ਸੰਸਥਾ ਇਨ੍ਹਾਂ ਲੋਕਾਂ ਦੀ ਸਿਰਫ ਸੰਕਟਕਾਲੀਨ ਸਥਿਤੀ ਵਿਚ ਹੀ ਮਦਦ ਕਰਦੀ ਹੈ ਤਾਂ ਕਿ ਮੁਸੀਬਤ ਸਮੇਂ ਇਨ੍ਹਾਂ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ, ਪਰ ਉਹ ਇਨ੍ਹਾਂ ਲੋਕਾਂ ਨੂੰ ਆਪਣੀ ਸਥਿਤੀ ਦੇ ਵੱਡੇ ਸਿਆਸੀ, ਆਰਥਿਕ ਕਾਰਨਾਂ ਬਾਰੇ ਕੁਝ ਨਹੀਂ ਸਮਝਾਉਂਦੀ ਜਾਂ ਉਨ੍ਹਾਂ ਵਿਰੁਧ ਲੜਨ ਦਾ ਸੰਕੇਤ ਨਹੀਂ ਕਰਦੀ।

ਇਸ ਤਰ੍ਹਾਂ ਜਾਪਦਾ ਹੈ ਕਿ ਇਨ੍ਹਾਂ ਲੋਕਾਂ ਦੀ ਅਸਲ ਆਜ਼ਾਦੀ ਲਈ ਇਹ ਗੈਰ-ਸਰਕਾਰੀ ਸੰਸਥਾ ਵੀ ਕੋਈ ਵੱਡੀ ਭੂਮਿਕਾ ਨਹੀਂ ਨਿਭਾਅ ਸਕਦੀ। ਫਿਰ ਇਹ ਲੋਕ ਆਪਣੀ ਆਜ਼ਾਦੀ ਕਿਸ ਤਰ੍ਹਾਂ ਪ੍ਰਾਪਤ ਕਰ ਸਕਦੇ ਹਨ, ਇਸ ਬਾਰੇ ਫਿਲਮ ਕੁਝ ਨਹੀਂ ਦੱਸਦੀ। ਸ਼ਾਇਦ ਇਹ ਇਸ ਫਿਲਮ ਦੀ ਵੱਡੀ ਕਮੀ ਹੈ। ਸਮੁੱਚੇ ਰੂਪ ਵਿਚ ਟਰੈਫਿਕ ਸਿਗਨਲ ਦੇਖਣਯੋਗ ਫਿਲਮ ਹੈ। ਇਹ ਫਿਲਮ ਦਰਸ਼ਕਾਂ ਨੂੰ ਨਵੀਂ ਸਚਾਈ ਤੋਂ ਜਾਣੂ ਕਰਵਾਉਂਦੀ ਹੈ ਅਤੇ ਦਰਸ਼ਕਾਂ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰਦੀ ਹੈ।

# ਪੰਜਾਬੀ ਸਿਨੇਮਾ ਦਾ ਇਨਸਾਈਕਲੋਪੀਡੀਆ

**ਬਲਬੀਰ ਸਿੰਘ ਕੰਵਲ**

ਭਾਰਤ ਦੀ ਪਹਿਲੀ ਬੋਲਦੀ ਫਿਲਮ 'ਆਲਮ ਆਰਾ' (1931) ਦੀ ਨੁਮਾਇਸ਼ ਦੇ ਚਾਰ ਸਾਲ ਬਾਅਦ 1935 ਵਿਚ ਹਿੰਦਮਾਤਾ ਸਿਨੇਟੋਨ ਕੰਪਨੀ, ਬੰਬੇ ਨੇ ਪੰਜਾਬੀ ਜ਼ੁਬਾਨ ਦੀ ਪ੍ਰਥਮ ਫਿਲਮ 'ਇਸ਼ਕ-ਏ-ਪੰਜਾਬ' ਬਣਾ ਕੇ ਪੰਜਾਬੀ ਫਿਲਮਾਂ ਦੀ ਬੁਨਿਆਦ ਤਾਮੀਰ ਕਰ ਦਿੱਤੀ ਸੀ। ਉਸ ਵਕਤ ਬੰਬੇ, ਕਲਕੱਤਾ, ਮਦਰਾਸ ਅਤੇ ਲਾਹੌਰ ਫਿਲਮ ਪ੍ਰੋਡਕਸ਼ਨ ਦੇ ਵੱਡੇ ਮਰਕਜ਼ (ਕੇਂਦਰ) ਸਨ, ਜਿਥੇ ਭਾਰਤ ਦੀਆਂ ਵੱਖ ਵੱਖ ਜ਼ੁਬਾਨਾਂ ਵਿਚ ਬਿਹਤਰੀਨ ਫਿਲਮਾਂ ਬਣੀਆਂ। ਬੰਗਲਾ, ਤਮਿਲ, ਤੈਲਗੂ, ਮਰਾਠੀ, ਗੁਜਰਾਤੀ ਆਦਿ ਭਾਸ਼ਾਵਾਂ ਦੀਆਂ ਫਿਲਮਾਂ ਅਤੇ ਸੰਗੀਤ ਨੂੰ ਉਥੋਂ ਦੇ ਲੋਕਾਂ ਜਾਂ ਸੰਗੀਤ-ਸ਼ੁਕੀਨਾਂ ਨੇ ਆਪਣਾ ਵਿਰਾਸਤੀ ਅਸਾਸਾ ਸਮਝ ਕੇ ਸਾਂਭ ਲਿਆ। ਐਪਰ ਅਫ਼ਸੋਸ ਅਤੇ ਹੈਰਤ ਦੀ ਗੱਲ ਹੈ, ਪੰਜਾਬੀ ਆਪਣੀ ਮਾਂ-ਬੋਲੀ ਦੀ ਤਰਜਮਾਨੀ ਕਰਦੇ ਫ਼ਿਲਮੀ ਸਰਮਾਏ ਨੂੰ ਸੰਜੋਣ ਤੋਂ ਮੂਲੋਂ ਹੀ ਖੁੰਝ ਗਏ। ਇਹ ਪੰਜਾਬ ਦੀ ਵੰਡ ਦੀ ਤ੍ਰਾਸਦੀ ਸੀ ਜਾਂ ਸਾਡੇ ਫ਼ਿਲਮਕਾਰਾਂ ਦੀ ਅਣਗਹਿਲੀ ਸੀ ਜਿਸ ਕਾਰਨ ਉਸ ਦੌਰ 'ਚ ਬਣੀਆਂ ਪੰਜਾਬੀ ਫ਼ਿਲਮਾਂ ਪਤਾ ਨੀ ਕਿੱਥੇ ਲੋਪ ਜਾਂ ਖਤਮ ਹੋ ਗਈਆਂ।

ਉਨ੍ਹੀਂ ਦਿਨੀਂ ਲਾਹੌਰ ਜਦੋਂ ਮਿਆਰੀ ਫ਼ਿਲਮਾਂ ਦਾ ਗੜ੍ਹ ਬਣ ਚੁੱਕਾ ਸੀ ਤਾਂ ਸਾਡੇ ਕੁਝ ਕੁ ਸੰਗੀਤ ਨਿਰਦੇਸ਼ਕਾਂ ਜਿਵੇਂ ਬਾਬਾ ਗੁਲਾਮ ਅਹਿਮਦ ਚਿਸ਼ਤੀ ਰਾਹੋਂ ਵਾਲੇ (17 ਅਗਸਤ 1905-25 ਦਸੰਬਰ 1994) 'ਛੱਤੀ ਦੀਆਂ ਚੁੰਨੀਆਂ ਮੈਂ ਮਲ ਮਲ ਧੋਨੀ ਆਂ, ਮਾਹੀ ਗਿਆ ਪ੍ਰਦੇਸ ਮੈਂ ਛਮ ਛਮ ਰੋਨੀ ਆਂ', ਮਾਸਟਰ ਗੁਲਾਮ ਹੈਦਰ ਰਬਾਬੀ (1906-1953), ਖੇਮ ਰਾਜ ਹੁਸਨ ਲਾਲ ਭਗਤ ਰਾਮ, ਹੰਸ ਰਾਜ ਬਹਿਲ, ਖ਼ਿਆਮ, ਸ਼ਿਆਮ ਸੁੰਦਰ, ਸਰਦੂਲ ਕਵਾਤੜਾ ਆਦਿ ਨੇ ਫ਼ਿਲਮਾਂ ਵਿਚ ਪੰਜਾਬ ਦੇ ਲੋਕ ਸੰਗੀਤ, ਮਾਹੀਏ, ਟੱਪੇ ਆਦਿ ਵਿਚ ਸ਼ਾਮਲ ਕਰ ਕੇ ਸਰੋਤਿਆਂ ਦੇ ਦਿਲਾਂ ਵਿਚ ਹਲਚਲ ਮਚਾ ਦਿੱਤੀ। ਮਾਸਟਰ ਗੁਲਾਮ ਹੈਦਰ ਨੇ ਫ਼ਿਲਮਾਂ ਵਿਚ ਠੇਠ ਢੋਲਕ ਅੰਗ ਨੂੰ ਅਜਿਹਾ ਪ੍ਰਚਿਤ ਕਰਵਾਇਆ ਕਿ ਸਮੂਹ ਦੇਸ਼ ਉਨ੍ਹਾਂ ਦੀਆਂ ਬਣਾਈਆਂ ਹੋਈਆਂ ਧੁਨਾਂ 'ਤੇ ਨ੍ਰਿਤ ਕਰਨ ਲੱਗ ਪਿਆ। ਹਰ ਪਾਸੇ ਦੁਹਾਈ ਪੈ ਗਈ।

ਮਾਸਟਰ ਜੀ 1935 ਤੋਂ ਲੈ ਕੇ 1944 ਤਕ ਲਾਹੌਰ ਰਹੇ। ਉਨ੍ਹੀਂ ਦਿਨੀਂ ਸਫ਼ਲ ਹੋਣ ਵਾਲੀਆਂ ਫ਼ਿਲਮਾਂ ਲਈ ਖ਼ੂਬਸੂਰਤ ਸੰਗੀਤ ਦਾ ਹੋਣਾ ਬੜਾ ਜ਼ਰੂਰੀ ਹੁੰਦਾ ਸੀ। ਜਿਹੜੀ ਫ਼ਿਲਮ ਦਾ ਸੰਗੀਤ ਹਿੱਟ ਹੋ ਗਿਆ, ਉਹ ਧੜਾਧੜ ਚੱਲ ਪਈ, ਨਹੀਂ ਤਾਂ ਠੁੱਸ। ਬੰਬਈ ਵਾਲਿਆਂ ਨੇ ਮਹਿਸੂਸ ਕੀਤਾ ਕਿ ਲਾਹੌਰ ਸਾਥੋਂ ਝੰਡੀ ਖੋਹੀ ਜਾ ਰਿਹਾ ਹੈ। ਗੁਲਾਮ ਹੈਦਰ ਨੂੰ ਉਥੋਂ ਪੁੱਟ ਕੇ ਬੰਬਈ ਲਿਆਉਣ ਦੀਆਂ ਸਾਜ਼ਿਸ਼ਾਂ ਸ਼ੁਰੂ ਹੋ ਗਈਆਂ। 1944 ਵਿਚ ਮਹਿਬੂਬ ਖ਼ਾਂ ਨੇ ਆਪਣੀ ਫ਼ਿਲਮ 'ਹਮਾਯੂੰ' ਵਿਚ ਸੰਗੀਤ ਦੇਣ ਲਈ ਮਾਸਟਰ ਜੀ ਕੋਲ ਪਹੁੰਚ ਕੀਤੀ ਤਾਂ ਉਨ੍ਹਾਂ ਭਲੇ ਸਮਿਆਂ ਵਿਚ ਇਕ ਲੱਖ ਰੁਪਿਆ ਮੰਗਿਆ, ਜਿਹੜਾ ਉਸ ਵੇਲੇ ਹੀ ਨਕਦ ਉਨ੍ਹਾਂ ਦੇ ਕਦਮਾਂ 'ਤੇ ਧਰ ਦਿੱਤਾ ਗਿਆ। ਹੁਣ ਤਕ ਕਿਸੇ ਵੀ ਮਿਊਜ਼ਿਕ ਡਾਇਰੈਕਟਰ ਨੂੰ ਦਿੱਤੀ ਗਈ ਇਹ ਸਭ ਤੋਂ ਵੱਡੀ ਰਕਮ ਸੀ। ਕੀ ਇਹ ਕੋਈ ਛੋਟਾ ਇਤਿਹਾਸ ਹੈ ਕਿ ਦੇਸ਼ ਦੀਆਂ ਤਿੰਨ ਚਾਰ ਸਭ ਤੋਂ ਵੱਡੀਆਂ ਗਾਉਣ ਵਾਲੀਆਂ ਤ੍ਰੀਮਤਾਂ ਜਿਵੇਂ ਸ਼ਮਸ਼ਾਦ ਬੇਗਮ, ਨੂਰ ਜਹਾਂ, ਲਤਾ ਮੰਗੇਸ਼ਕਰ, ਉਮਰਾਓ ਜਾਨ ਹੁਸ਼ਿਆਰਪੁਰ ਵਾਲੀ ਉਨ੍ਹਾਂ ਦੀਆਂ ਹੀ ਲੱਭਤਾਂ ਸਨ। ਸਰੋਤਿਆਂ ਦੀਆਂ ਰੂਹਾਂ ਨੂੰ ਧੂਹ ਪਾਉਣ ਵਾਲੇ ਨਗਮੇ, ਦਿਲਾਂ 'ਤੇ ਛੁਰੀਆਂ ਚਲਾਉਣ ਵਾਲੀਆਂ ਧੁਨਾਂ, ਉਹ ਸਮਾਂ ਸਾਡੀਆਂ ਫ਼ਿਲਮਾਂ ਦਾ ਸੁਨਹਿਰੀ ਜੁਗ ਇਸ ਲਈ ਕਿਹਾ ਜਾ ਸਕਦਾ ਸੀ ਕਿ ਉਨ੍ਹਾਂ ਵਿਚ ਨਾ ਸਿਰਫ਼ ਪੰਜਾਬੀ ਸੰਗੀਤ ਦੀ ਅਸਲ ਰੂਹ ਹੀ ਝਲਕਦੀ ਸੀ, ਸਗੋਂ ਉਹ ਸਾਡੀ ਰਹਿਤਲ, ਸਾਡੇ ਵਸੇਬ ਦੀ ਸਹੀ ਤਰਜਮਾਨੀ ਵੀ ਕਰਦੀਆਂ ਸਨ। ਇਹੋ ਜਿਹੀ ਸਥਿਤੀ ਨੂੰ ਮੁੱਖ ਰੱਖਦਿਆਂ ਦਿਲ ਵਿਚ ਹੌਲ ਉਠਦਾ ਹੈ ਕਿ ਅਸੀਂ ਪੰਜਾਬੀ ਆਪਣੇ ਇੰਨੇ ਅਮੀਰ ਵਿਰਸੇ ਨੂੰ ਕਿਉਂ ਨਾ ਸਾਂਭ ਸਕੇ?



ਇਸੇ ਹੌਲ, ਇਸੇ ਹੂਕ, ਇਸੇ ਕਸਕ, ਇਸੇ ਦਰਦ ਦੇ ਵਿੰਨ੍ਹੇ ਹੋਏ ਦੋ ਮਹਾਨ ਵਿਅਕਤੀ ਸ੍ਰੀ ਗਰਗ ਸਾਹਿਬ ਅਤੇ ਮਨਦੀਪ ਸਿੱਧੂ ਪੰਜਾਬੀ ਸਿਨੇਮਾ ਦਾ ਇਨਸਾਈਕਲੋਪੀਡੀਆ ਲਿਖਣ ਦਾ ਸੁਪਨਾ ਲੈ ਕੇ ਬਿਖੜੇ ਰਾਹਾਂ 'ਤੇ ਤੁਰ ਪਏ; ਪਰ ਛੇਤੀ ਹੀ ਅਨੁਭਵ ਹੋ ਗਿਆ ਕਿ ਪੰਜਾਬੀ ਫ਼ਿਲਮਾਂ ਨਾਲ ਵਾਬਸਤਾ ਨਾ ਤਾਂ ਕਿਧਰੇ ਕੋਈ ਪੁਖਤਾ ਦਸਤਾਵੇਜ਼ੀ ਸਬੂਤ ਹੈ, ਨਾ ਕੋਈ ਠੋਸ ਮਾਵਦ, ਨਾ ਸਰਕਾਰੀ ਅਦਾਰਿਆਂ ਕੋਲ, ਨਾ ਫ਼ਿਲਮ ਜਥੇਬੰਦੀਆਂ ਜਾਂ ਕਲਾ ਪ੍ਰੇਮੀਆਂ ਕੋਲ। ਹੁਣ ਕਿਧਰ ਨੂੰ ਜਾਈਏ? ਹਰ ਪਾਸੇ ਘੋਰ ਘੁੱਪ ਹਨੇਰਾ, ਕਾਲੀ ਬੋਲੀ ਸੁਰੰਗ; ਪਰ ਤਾਂ ਵੀ ਉਨ੍ਹਾਂ ਦੋਹਾਂ ਦੇ ਆਤਮ-ਵਿਸ਼ਵਾਸ ਨੇ ਉਨ੍ਹਾਂ ਨੂੰ ਡੋਲਣ ਨਾ ਦਿੱਤਾ, ਸਗੋਂ ਦੋਵਾਂ ਦੀ ਜਨੂੰਨੀ ਸੋਚ, ਇਸ਼ਕ ਅਤੇ ਹਮਖ਼ਿਆਲੀ ਨੇ ਉਨ੍ਹਾਂ ਨੂੰ ਆਪਣੀ ਮਾਦਰੀ ਜ਼ੁਬਾਨ ਵਿਚ ਬਣੀਆਂ ਫ਼ਿਲਮਾਂ ਦੇ ਇਤਿਹਾਸ ਦੀ ਖੋਜ ਦੇ ਹਮਰਾਹੀ ਬਣਾ ਦਿੱਤਾ। ਇਸ ਅਹਿਦ ਨੂੰ ਪੂਰਾ ਕਰਨ ਲਈ ਸਭ ਤੋਂ ਪਹਿਲਾਂ ਪੰਜਾਬੀ ਫ਼ਿਲਮਾਂ ਦੀ ਮੁਕੰਮਲ ਫ਼ਹਿਰਿਸਤ ਸੈਂਸਰ ਸਰਟੀਫ਼ਿਕੇਟ ਦੇ ਮੁਤਾਬਕ ਬਣਾਈ। ਇਸ ਨਾਲ ਵਾਬਸਤਾ ਫ਼ਿਲਮਾਂ, ਸੌਂਗ ਬੁੱਕਲੈਟ, ਪੋਸਟਰ, ਸਟਿਲ ਫ਼ੋਟੋਗ੍ਰਾਫ਼, ਲੌਬੀ ਕਾਰਡ, ਗ੍ਰਾਮੋਫ਼ੋਨ ਰਿਕਾਰਡ, ਆਡੀਓ ਕੈਸਟਾਂ ਵਗੈਰਾ ਦੀ ਤਲਾਸ਼ ਸ਼ੁਰੂ ਕੀਤੀ। ਕੁਝ ਚੀਜ਼ਾਂ ਆਸਾਨੀ ਨਾਲ ਮਿਲ ਗਈਆਂ ਅਤੇ ਬਾਕੀਆਂ ਵਾਸਤੇ ਬੇਹੱਦ ਤਰੱਦਦ ਕਰਨਾ ਪਿਆ।

ਦੋ ਦਹਾਕਿਆਂ ਤੋਂ ਮਜ਼ੀਦ ਸਮੇਂ ਦੌਰਾਨ ਫ਼ਿਲਮੀ ਹਸਤੀਆਂ ਨਾਲ ਮੁਲਾਕਾਤਾਂ, ਫ਼ਿਲਮ ਪ੍ਰੋਡਕਸ਼ਨ ਕੰਪਨੀਆਂ, ਰਾਸ਼ਟਰੀ ਫ਼ਿਲਮ ਆਰਕਾਈਵਜ਼, ਐਫ਼.ਟੀ.ਟੀ.ਆਈ. ਨਾਲ ਨਹਿਰੂ ਮੈਮੋਰੀਅਲ ਲਾਇਬਰੇਰੀ, ਨਵੀਂ ਦਿੱਲੀ ਅਤੇ ਟ੍ਰਿਬਿਊਨ ਅਖ਼ਬਾਰ ਦੇ ਭੰਡਾਰਾਂ ਦੀ ਖ਼ਾਕ ਛਾਣਦਿਆਂ ਉਨ੍ਹਾਂ ਨੇ ਆਪਣੇ ਸਿਰਜੇ ਸੁਫ਼ਨੇ ਨੂੰ ਸਾਕਾਰ ਕਰ ਦਿੱਤਾ। ਇਸ ਨੂੰ ਮੁਕੰਮਲ ਰੂਪ ਵਿਚ ਪੰਜਾਬੀ ਫ਼ਿਲਮ ਮੱਦਾਹਾਂ ਦੇ ਰੂ-ਬ-ਰੂ ਕਰਨ ਲਈ ਉਨ੍ਹਾਂ ਨੂੰ ਹਿਆਤੀ ਦੇ ਕਾਫ਼ੀ ਸਾਲ ਵਕਫ਼ ਕਰਨੇ ਪਏ। ਇਹ ਉਨ੍ਹਾਂ ਦੀ ਬੇਮਿਸਾਲ ਸਿਦਕ ਦਿਲੀ ਦਾ ਸਬੂਤ ਹੈ। ਹਾਸ਼ਮ ਵਰਗੇ ਮਹਾਨ ਸ਼ਾਇਰ ਤਾਂ ਅੱਜ ਤੋਂ ਬਹੁਤ ਸਮਾਂ ਪਹਿਲਾਂ ਹੀ ਫਰਮਾ ਗਏ ਸਨ- 'ਹਾਸ਼ਮ ਜਿੱਤ ਉਨ੍ਹਾਂ ਦੀ ਜਿਨ੍ਹਾਂ ਹਿੰਮਤ ਯਾਰ ਬਣਾਈ'। ਇਹੋ ਜਿਹਾ ਵੱਡਾ ਕਾਰਜ ਕੋਈ ਤਪੀਸਰ ਹੀ ਕਰ ਸਕਦਾ ਹੈ।

ਸੁਣ ਰਹੇ ਹਾਂ ਕਿ ਨਵੀਂ ਪੰਜਾਬ ਸਰਕਾਰ ਆਪਣੇ ਸਭਿਆਚਾਰ ਦੀ ਸਾਂਭ ਸੰਭਾਲ ਬਾਰੇ ਅੱਜ ਕੱਲ੍ਹ ਬੜੀ ਚਿੰਤਤ ਹੈ ਅਤੇ ਇਸ ਪ੍ਰਤੀ ਕੋਈ ਨਵੀਂ ਨੀਤੀ ਘੜਨ ਜਾ ਰਹੀ ਹੈ। ਚੰਗਾ ਹੋਵੇ ਜੇ ਸਰਕਾਰ ਫ਼ਿਲਮਾਂ ਦੇ ਮਹਾਨ ਪਿਤਾਮਾ, ਮਹਾਰਥੀਏ ਪ੍ਰਿਥਵੀ ਰਾਜ ਕਪੂਰ ਦੇ ਨਾਂ 'ਤੇ ਕੋਈ ਪੁਰਸਕਾਰ ਸਥਾਪਤ ਕਰ ਕੇ ਇਹੋ ਜਿਹੇ ਤਪੀਸਰਾਂ ਨੂੰ ਇਨਾਮ ਦੇਵੇ, ਜਿਹੜੇ ਪੰਜਾਬੀ ਸਭਿਆਚਾਰ ਨੂੰ ਬੜੀ ਸ਼ਿੱਦਤ ਨਾਲ ਪ੍ਰਨਾਏ ਹੋਏ ਹਨ। ਆਪਣੇ ਵੱਲੋਂ ਮੈਂ ਇਨ੍ਹਾਂ ਦੋਹਾਂ ਵਿਅਕਤੀਆਂ ਦੀ ਮਿਹਨਤ ਅਤੇ ਲਗਨ ਦਾ ਦਿਲੋਂ ਸਤਿਕਾਰ ਕਰਦਾ ਹਾਂ ਅਤੇ ਮੁਬਾਰਕਬਾਦ ਦਿੰਦਾ ਹਾਂ ਅਤੇ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਉਹ ਇਸ ਖ਼ੂਬਸੂਰਤ ਕਿਰਤ ਦਾ ਬਣਦਾ ਸਰਦਾ ਸਵਾਗਤ ਜ਼ਰੂਰ ਕਰਨਗੇ। ਰੱਬ ਰਾਖਾ!

# GLOBAL MULTI SERVICES

ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

## Truck Parking Available for 500+ Trucks

i5
TRUCK WASH AND REPAIR
GET A SHOWROOM SHINE, EVERY TIME

HOME OF ALL TRUCKING SERVICES
GLOBAL
TRUCK TERMINAL

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

Truck parking available.

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

Call Maneet Deol for more info : 209-982-9996

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Selling Homes from Gilroy to Sacramento, CA***

***Call us before visiting new model homes to save big time.***

***Time to buy new home in Tracy, Manteca, Lothrop and Stockton***

## Just Sold

1. 130973 Brae Burn Ave, Haywar, CA 94544
2. 210 Valmy St. Milpitas, CA 95035
3. 2131 Cabana Ln. Tracy CA 95377
4. 2810 Crow Canyon Rd. San Ramon, CA 94583
5. 56 Benmore Dr. Hayward, CA 94542
6. 640 Whetstone St. Manteca, CA 95337
7. 2496 Carente Way, Manteca, CA 95337
8. 3341 Innerwick Ln. San Jose, CA 95121
9. 4170 Glenwood Terrace #7 Union City, CA 94587
10. 1315 Radcliff Drive Hayward, CA 94545

**Call for Listing Special 2018**

Fremont Office:
86 Pilgrim Loop
Fremont CA 94539
Tel:510-440-9292
Fax:510-656-8941



**Jaswinder (Jassi) Gill**
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

***Follow us on zillow.com and trulia.com***

## Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

**Call Sukhveer (Sukhi) Gill** **Ph: 510-207-9067**
DHMS, Loan Broker
CA BRE Lic.#01180969
NMLS# 352095